Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

HELPING YOU BUY AND SELL HOMES
FROM SAN JOSE TO SALINAS
Jeet Singh Sangha
REALTOR & REAL ESTATE ADVISOR
CALL FOR FREE CONSULTATION:
408-840-3112
COLDWELL BANKER REALTY
CalRe:02014485
Speaks English, Hindi & Punjabi
JeetSangha.com
SERVING: SAN JOSE, MORGAN HILL, GILROY, HOLLISTER & SALINAS

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fourth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 41; October 14, 2023
20451 N. Plum Grove Rd., Palatine, IL 60074
Ph:847-359-0746, Fax:847-705-9388

# ਐਸ.ਵਾਈ.ਐਲ.- ਸਿਆਸੀ ਧਿਰਾਂ ਦੀ ਅਦਾਲਤ 'ਚ ਬੋਲੀ ਹੋਰ, ਬਾਹਰ ਹੋਰ

**ਚੰਡੀਗੜ੍ਹ:** ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਨੂੰ ਐਸ.ਵਾਈ.ਐਲ. ਨਹਿਰ ਦੇ ਨਿਰਮਾਣ ਸਬੰਧੀ ਸਰਵੇਖਣ ਕਰਨ ਦੇ ਹੁਕਮਾਂ ਤੋਂ ਬਾਅਦ ਪੰਜਾਬ ਦਾ ਸਿਆਸੀ ਪਾਰਾ ਚੜ੍ਹ ਗਿਆ ਹੈ। ਲੋਕ ਸਭਾ ਚੋਣਾਂ ਤੋਂ ਤਕਰੀਬਨ 5-6 ਮਹੀਨੇ ਪਹਿਲਾਂ ਭਖੇ ਇਸ ਮੁੱਦੇ ਨੂੰ ਰਿੜਕਣ ਵਿਚ ਸਿਆਸੀ ਧਿਰਾਂ ਕੋਈ ਕਸਰ ਨਹੀਂ ਛੱਡ ਰਹੀਆਂ। ਇਸ ਦੌਰਾਨ ਬਣ ਰਹੇ ਹਾਲਾਤ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਨੇ 20 ਅਤੇ 21 ਅਕਤੂਬਰ ਨੂੰ ਵਿਧਾਨ ਸਭਾ ਇਜਲਾਸ ਸੱਦ ਲਿਆ ਹੈ।

ਬੇਅਦਬੀ ਮਾਮਲੇ ਵਿਚ ਹਾਸ਼ੀਏ 'ਤੇ ਪੁੱਜੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਪੰਜਾਬ ਦੀ ਸਿਆਸਤ 'ਚ ਮੁੜ ਪੈਰ ਜਮਾਉਣ ਲਈ ਐਸ.ਵਾਈ.ਐੱਲ. ਦਾ ਮੁੱਦਾ ਉਭਾਰਨਾ ਸ਼ੁਰੂ ਕਰ ਦਿੱਤਾ ਹੈ। ਦਲ ਨੇ ਇਸ ਨਹਿਰ ਦੇ ਨੀਂਹ ਪੱਥਰ ਵਾਲੇ ਪਿੰਡ ਕਪੂਰੀ ਨੇੜੇ ਐਸ.ਵਾਈ.ਐਲ. ਕੰਢੇ ਰੈਲੀ ਕੀਤੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਮਸਲੇ ਉਤੇ ਬਹਿਸ ਲਈ ਵੰਗਾਰਿਆ। ਦਲ ਨੇ ਸਾਫ ਆਖਿਆ ਹੈ ਕਿ ਸੁਪਰੀਮ ਕੋਰਟ ਦਾ ਹੁਕਮ ਹੋਵੇ ਜਾਂ ਕੇਂਦਰ ਸਰਕਾਰ ਫੌਜ ਤਾਇਨਾਤ ਕਰ ਦੇਵੇ ਪਰ ਐਸ.ਵਾਈ.ਐਲ. ਲਈ ਸਰਵੇ ਕਰਨ ਆਉਣ ਵਾਲੀਆਂ ਟੀਮਾਂ ਨੂੰ ਅਕਾਲੀ ਵਰਕਰ ਇੱਥੇ ਫਟਕਣ ਨਹੀਂ ਦੇਣਗੇ। ਇਸੇ ਦੌਰਾਨ ਕਾਂਗਰਸ ਨੇ ਇਸ ਮਸਲੇ ਉਤੇ ਸਿਆਸੀ ਧਿਰਾਂ ਨੂੰ ਇਕਜੁੱਟ ਹੋਣ ਦੀ ਅਪੀਲ ਕੀਤੀ ਹੈ। ਪੰਜਾਬ ਭਾਜਪਾ ਵੀ ਸੂਬੇ ਦੇ ਪਾਣੀ ਦੀ ਇਕ ਬੂੰਦ ਵੀ ਬਾਹਰ ਨਾ ਜਾਣ ਦੇਣ ਦੇ ਨਾਅਰੇ ਮਾਰਨ ਲੱਗੀ ਹੈ।

ਸਿਆਸੀ ਧਿਰਾਂ ਦੇ ਇਸ ਰੌਲੇ-ਰੱਪੇ ਦੌਰਾਨ ਇਹ ਸਵਾਲ ਵੀ ਉਠ ਰਿਹਾ ਹੈ ਕਿ ਕਾਨੂੰਨੀ ਪੱਖੋਂ ਪੰਜਾਬ ਦਾ ਪੱਲੜਾ ਭਾਰੀ ਹੋਣ ਦੇ ਬਾਵਜੂਦ ਇਹ ਕੇਸ ਹਰਿਆਣਾ ਦੇ ਹੱਕ ਵਿਚ ਕਿਵੇਂ ਮੌੜਾ ਕੱਟ ਗਿਆ। ਅਦਾਲਤ ਦੇ ਬਾਹਰ ਪਾਣੀ ਦੀ ਇਕ ਬੂੰਦ ਵੀ ਵਾਧੂ ਨਾ ਹੋਣ ਦਾ ਦਾਅਵਾ ਕਰਨ ਵਾਲੀਆਂ ਸਿਆਸੀ ਧਿਰਾਂ ਸੱਤਾ ਵਿਚ ਹੁੰਦਿਆਂ ਅਦਾਲਤ ਵਿਚ ਪੰਜਾਬ ਦਾ ਪੱਖ ਮਜ਼ਬੂਤ ਕਰਨ ਵਿਚ ਨਾਕਾਮ ਕਿਉਂ ਰਹਿ ਗਈਆਂ?

ਦਰਅਸਲ, ਪੰਜਾਬ ਦੀ ਕਿਸੇ ਵੀ ਸਰਕਾਰ ਨੇ ਖੁੱਲ੍ਹ ਕੇ ਪਾਣੀਆਂ ਦੀ ਕਾਨੂੰਨੀ ਮਲਕੀਅਤ ਦਾ ਦਾਅਵਾ ਨਹੀਂ ਕੀਤਾ। ਕੌਮਾਂਤਰੀ ਰਾਇਪੇਰੀਅਨ ਕਾਨੂੰਨ ਅਨੁਸਾਰ ਜੋ ਦਰਿਆ, ਨਦੀਆਂ ਜਿਸ ਸੂਬੇ ਵਿਚ ਵਹਿੰਦੀਆਂ ਹਨ ਅਤੇ ਜਿਸ ਪਾਣੀ ਦਾ ਨੁਕਸਾਨ ਵੀ ਉਥੋਂ ਦੇ ਵਾਸੀ ਝੱਲਦੇ ਹਨ, ਉਸ ਪਾਣੀ ਉੱਤੇ ਉਸ ਸੂਬੇ ਦੀ ਕਾਨੂੰਨੀ ਮਲਕੀਅਤ ਹੁੰਦੀ ਹੈ। ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਤੋਂ ਬਾਅਦ ਪੰਜਾਬ ਵਿਚ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਦੀ ਕਾਨੂੰਨੀ ਚਾਰਾਜੋਈ ਢਿੱਲੀ ਹੀ ਰਹੀ ਹੈ।

ਯਾਦ ਰਹੇ ਕਿ ਪੰਜਾਬ ਦੀਆਂ ਦੋ ਮੁੱਖ ਧਿਰਾਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਸਤਲੁਜ ਯਮਨਾ ਲਿੰਕ ਨਹਿਰ (ਐਸ.ਵਾਈ.ਐਲ.) ਦਾ ਵਿਰੋਧ ਕਰਦੀਆਂ ਆ ਰਹੀਆਂ ਹਨ ਪਰ ਇਨ੍ਹਾਂ ਦੋਵੇਂ ਪਾਰਟੀਆਂ ਦੇ ਰਾਜ ਦੌਰਾਨ ਹੀ ਐਸ.ਵਾਈ.ਐਲ. ਦੇ ਨਿਰਮਾਣ ਦਾ ਮੁੱਢ ਬੱਝਿਆ ਸੀ। ਸਾਲ 1970 ਪੰਜਾਬ 'ਚ ਅਕਾਲੀ ਦਲ ਦੀ ਸਰਕਾਰ ਸਮੇਂ ਨਹਿਰ ਲਈ ਜ਼ਮੀਨ ਗ੍ਰਹਿਣ ਕਰਨ ਵਾਸਤੇ ਪਹਿਲਾ ਨੋਟੀਫਿਕੇਸ਼ਨ ਜਾਰੀ ਹੋਇਆ ਸੀ। ਇਸ ਤੋਂ ਇਲਾਵਾ ਕੇਂਦਰ ਦੀ ਕਾਂਗਰਸ ਸਰਕਾਰ ਨੇ 1976 'ਚ ਪਾਣੀਆਂ ਨੂੰ ਤਿੰਨ ਹਿੱਸਿਆਂ 'ਚ ਵੰਡਣ ਸਬੰਧੀ ਨੋਟਿਸ ਜਾਰੀ ਕੀਤਾ। ਪੰਜਾਬ 'ਚ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਦੌਰਾਨ 8 ਅਪਰੈਲ 1982 ਨੂੰ ਪ੍ਰਧਾਨ ਮੰਤਰੀ ਵਜੋਂ ਇੰਦਰਾ ਗਾਂਧੀ ਨੇ ਪਟਿਆਲਾ ਦੇ ਪਿੰਡ ਕਪੂਰੀ ਨੇੜੇ ਟੱਕ ਲਾ ਕੇ ਐਸ.ਵਾਈ.ਐੱਲ. ਦੇ ਨਿਰਮਾਣ ਦਾ ਨੀਂਹ ਪੱਥਰ ਰੱਖਿਆ। ਉਦੋਂ ਪਟਿਆਲਾ ਤੋਂ ਕਾਂਗਰਸ ਪਾਰਟੀ ਦੇ ਸੰਸਦ ਮੈਂਬਰ ਵਜੋਂ ਕੈਪਟਨ ਅਮਰਿੰਦਰ ਸਿੰਘ ਨੇ ਵੀ ਸ਼ਮੂਲੀਅਤ ਕੀਤੀ। 4 ਅਗਸਤ 1982 ਨੂੰ ਅਕਾਲੀ ਦਲ ਨੇ ਕਪੂਰੀ ਵਿਖੇ 'ਨਹਿਰ ਰੋਕੋ ਮੋਰਚਾ' ਸ਼ੁਰੂ ਕੀਤਾ ਜੋ ਬਾਅਦ 'ਚ ਅੰਮ੍ਰਿਤਸਰ ਵਿਖੇ ਤਬਦੀਲ ਕਰ ਦਿੱਤਾ ਜਿਸ ਦਾ ਨਾਮ ਧਰਮ ਯੁੱਧ ਮੋਰਚਾ ਰੱਖਿਆ ਗਿਆ। ਇਸ ਦੌਰਾਨ ਲੱਖਾਂ ਪੰਜਾਬੀਆਂ ਨੇ ਜੇਲ੍ਹਾਂ ਕੱਟੀਆਂ ਤੇ ਅਖੀਰ ਰਾਜੀਵ-ਲੌਂਗੋਵਾਲ ਸਮਝੌਤੇ ਦੇ ਰੂਪ 'ਚ ਇਹ ਮੋਰਚਾ ਸਮਾਪਤ ਹੋ ਗਿਆ ਪਰ 1985 ਵਿਚ ਅਕਾਲੀ ਦਲ ਦੀ ਸਰਕਾਰ ਸਮੇਂ ਨਹਿਰ ਦਾ ਨਿਰਮਾਣ ਕਾਰਜ ਸ਼ੁਰੂ ਹੋਇਆ। ਇਸੇ ਦਰਮਿਆਨ ਬਾਦਲ

*(ਬਾਕੀ ਸਫਾ 6 'ਤੇ)*



## ਕੇਂਦਰ ਦਾ ਝੁਕਾਅ ਹਰਿਆਣਾ ਵੱਲ

**ਨਵੀਂ ਦਿੱਲੀ:** ਅਦਾਲਤ ਵਿਚ ਤਾਜ਼ਾ ਸੁਣਵਾਈ ਦੌਰਾਨ ਕੇਂਦਰ ਦਾ ਝੁਕਾਅ ਹਰਿਆਣਾ ਵੱਲ ਸਾਫ ਨਜ਼ਰ ਆਇਆ। ਭਾਰਤ ਸਰਕਾਰ ਵੱਲੋਂ ਅਦਾਲਤ ਵਿਚ ਪੇਸ਼ ਹਲਫ਼ੀਆ ਬਿਆਨ ਅਤੇ ਵਧੀਕ ਸੌਲੀਸਿਟਰ ਜਨਰਲ ਦੀਆਂ ਦਲੀਲਾਂ ਵਿਚ ਸਾਫ ਫਰਕ ਨਜ਼ਰ ਆਇਆ। 3 ਅਕਤੂਬਰ ਨੂੰ ਅਦਾਲਤ ਵਿਚ ਪੇਸ਼ ਕੀਤੇ ਹਲਫ਼ੀਆ ਬਿਆਨ 'ਚ ਕਿਹਾ ਗਿਆ ਸੀ ਕਿ ਦੋਵੇਂ ਸੂਬੇ ਇਸ ਲੰਮੇ ਸਮੇਂ ਤੋਂ ਲਟਕ ਰਹੇ ਮੁੱਦੇ ਦੇ ਸੁਹਿਰਦ ਹੱਲ 'ਤੇ ਪਹੁੰਚਣ ਦੀ ਕੋਸ਼ਿਸ਼ ਕਰਨਗੇ ਅਤੇ ਦੋਵਾਂ ਧਿਰਾਂ ਦੀ ਸਹਾਇਤਾ ਕਰਨ ਦੀ ਗੱਲ ਵੀ ਕੀਤੀ ਗਈ ਸੀ। ਹੁਣ ਅਦਾਲਤ ਵਿਚ ਭਾਰਤ ਸਰਕਾਰ ਨੇ ਹਲਫ਼ੀਆ ਬਿਆਨ ਦੇ ਉਲਟ ਸਟੈਂਡ ਲਿਆ ਕਿ ਦੋਵੇਂ ਸੂਬਿਆਂ ਵਿਚ ਸਮਝੌਤੇ ਦੀ ਕੋਈ ਸੰਭਾਵਨਾ ਨਹੀਂ।

# ਪੰਜ ਸੂਬਿਆਂ 'ਚ ਵਿਧਾਨ ਸਭਾ ਚੋਣਾਂ ਦਾ ਬਿਗਲ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਲਈ ਮੰਚ ਤਿਆਰ ਕਰਦਿਆਂ ਪੰਜ ਰਾਜਾਂ- ਛੱਤੀਸਗੜ੍ਹ, ਮੱਧ ਪ੍ਰਦੇਸ਼, ਰਾਜਸਥਾਨ, ਤਿਲੰਗਾਨਾ ਤੇ ਮਿਜ਼ੋਰਮ ਲਈ ਚੋਣ ਤਰੀਕਾਂ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ ਪੰਜ ਰਾਜਾਂ ਦੀਆਂ ਅਸੈਂਬਲੀਆਂ ਲਈ 7 ਤੋਂ 30 ਨਵੰਬਰ ਦੌਰਾਨ ਵੱਖੋ-ਵੱਖਰੇ ਦਿਨਾਂ ਨੂੰ ਵੋਟਾਂ ਪੈਣਗੀਆਂ; ਵੋਟਾਂ ਦੀ ਗਿਣਤੀ ਤੇ ਨਤੀਜਿਆਂ ਦਾ ਐਲਾਨ ਇਕੋ ਦਿਨ 3 ਦਸੰਬਰ ਨੂੰ ਹੋਵੇਗਾ। ਛੱਤੀਸਗੜ੍ਹ ਵਿਚ ਦੋ ਪੜਾਵਾਂ (7 ਤੇ 17 ਨਵੰਬਰ) ਜਦੋਂਕਿ ਬਾਕੀ ਚਾਰ ਰਾਜਾਂ- ਮਿਜ਼ੋਰਮ (7 ਨਵੰਬਰ), ਮੱਧ ਪ੍ਰਦੇਸ਼ (17 ਨਵੰਬਰ), ਰਾਜਸਥਾਨ (23 ਨਵੰਬਰ) ਤੇ ਤਿਲੰਗਾਨਾ (30 ਨਵੰਬਰ) ਵਿਚ ਇਕਹਿਰੇ ਗੇੜ ਤਹਿਤ ਵੋਟਾਂ ਪੈਣਗੀਆਂ।

ਇਨ੍ਹਾਂ ਪੰਜਾਂ ਸੂਬਿਆਂ ਵਿਚ ਦੇਸ਼ ਦੇ ਕੁੱਲ ਵੋਟਰਾਂ ਦਾ ਛੇਵਾਂ ਹਿੱਸਾ ਵੱਸਦਾ ਹੈ ਜਿਸ ਕਾਰਨ ਇਨ੍ਹਾਂ ਚੋਣਾਂ ਦੇ ਨਤੀਜੇ 2024 ਵਿਚ ਹੋਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਸਬੰਧੀ ਵੱਡੇ ਸੰਕੇਤ ਦੇਣਗੇ। ਇਹ ਚੋਣ ਨਤੀਜੇ ਦੇਸ਼ ਦੇ ਸਿਆਸੀ ਸਮੀਕਰਨਾਂ ਨੂੰ ਵੀ ਪ੍ਰਭਾਵਿਤ ਕਰਨਗੇ ਕਿਉਂਕਿ ਗੈਰ-ਭਾਜਪਾ ਪਾਰਟੀਆਂ ਨੇ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਟੱਕਰ ਦੇਣ ਲਈ 'ਇੰਡੀਆ' ਗੱਠਜੋੜ ਬਣਾਇਆ ਹੈ। ਇਨ੍ਹਾਂ ਸੂਬਿਆਂ ਵਿਚੋਂ ਸਿਰਫ ਛੱਤੀਸਗੜ੍ਹ ਵਿਚ ਵੋਟਾਂ ਦੋ ਪੜਾਵਾਂ ਵਿਚ ਪੁਆਈਆਂ ਜਾਣਗੀਆਂ ਜਦੋਂਕਿ ਬਾਕੀ ਰਾਜਾਂ ਵਿਚ ਇਹ ਪ੍ਰਕਿਰਿਆ ਇਕੋ ਦਿਨ ਵਿਚ ਮੁਕੰਮਲ ਕਰ ਲਈ ਜਾਵੇਗੀ। ਇਸ ਮੌਕੇ ਕਾਂਗਰਸ ਦੀ ਕਾਰਗੁਜ਼ਾਰੀ ਉੱਤੇ ਖ਼ਾਸ ਨਜ਼ਰ ਰਹੇਗੀ ਕਿਉਂਕਿ ਚੋਣਾਂ ਵਿਚ ਇਸ ਪਾਰਟੀ ਦਾ ਬਹੁਤ ਕੁਝ ਦਾਅ 'ਤੇ ਲੱਗਾ ਹੋਇਆ ਹੈ।

Medicare Life & Health Insurance
DEC 7 ਤੋਂ ਪਹਿਲਾਂ ਕਾਲ ਕਰੋ !
Medicare Annual Enrollment Period: Oct. 15 - Dec. 7
Call: 510-459-7537
Bhupinder Singh Dev
bdev_99@yahoo.com
Lic# 0F86916
MEHAR INSURANCE


Raja SWEETS & CATERING
AUTHORIZED CATERER FOR MAJOR 5-STAR HOTELS
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloeda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS

17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਸ਼ਹੀਦ ਬਾਬਾ ਦੀਪ ਸਿੰਘ ਕਲੱਬ ਨੇ ਜਿੱਤਿਆ ਸੈਕਰਾਮੈਂਟੋ ਕਬੱਡੀ ਕੱਪ

## ਰੋਜ਼ਵਿਲ ਦੀ ਟੀਮ ਨੇ ਮੱਲੀ ਦੂਜੀ ਥਾਂ; ਮੱਖਣ ਮੱਖੀ ਬੈਸਟ ਰੇਡਰ ਤੇ ਯੋਧਾ ਸੁਰਖਪੁਰੀਆ ਬੈਸਟ ਜਾਫੀ ਬਣੇ

**ਸੈਕਰਾਮੈਂਟੋ:** ਹਰ ਵਰ੍ਹੇ ਵਾਂਗ ਐਤਕਾਂ ਵੀ ਸੈਕਰਾਮੈਂਟੋ ਦੇ ਸ਼ਹੀਦ ਬਾਬਾ ਦੀਪ ਸਿੰਘ ਕਲੱਬ ਵਲੋਂ ਕਰਵਾਏ ਗਏ ਕਬੱਡੀ ਕੱਪ ਦੌਰਾਨ ਰੌਚਕ ਮੁਕਾਬਲੇ ਦੇਖਣ ਨੂੰ ਮਿਲੇ ਭਾਵੇਂ ਕਿ ਦੋ ਟੀਮਾਂ ਨੂੰ ਨਿਯਮਾਂ ਦੀ ਪਾਲਣਾ ਨਾ ਕਰਨ ਬਦਲੇ ਪ੍ਰਬੰਧਕਾਂ ਵਲੋਂ ਬਾਹਰ ਦਾ ਰਾਸਤਾ ਦਿਖਾ ਦਿੱਤਾ ਗਿਆ।



ਇਸ ਕਬੱਡੀ ਕੱਪ ਦੌਰਾਨ ਓਪਨ 'ਚ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਦੀ ਟੀਮ ਨੇ ਪਹਿਲੇ ਥਾਂ ਰਹਿ ਕੇ ਟਰਾਫੀ ਜਿੱਤੀ ਤੇ 25 ਹਜ਼ਾਰ ਡਾਲਰ ਦਾ ਇਨਾਮ ਪ੍ਰਾਪਤ ਕੀਤਾ। ਇਨਾਮੀ ਨਕਦ ਰਾਸ਼ੀ ਚੜ੍ਹਦਾ ਪੰਜਾਬ ਕਲੱਬ ਰੋਜ਼ਵਿਲ ਵਲੋਂ ਦਿੱਤੀ ਗਈ। ਦੂਜੇ ਥਾਂ 'ਤੇ ਰਹੀ ਰੋਜ਼ਵਿਲ ਦੀ ਟੀਮ ਨੂੰ ਚੜ੍ਹਦੀ ਕਲਾ ਕਲੱਬ ਫੇਅਰਫੀਲਡ ਵਲੋਂ 22 ਹਜ਼ਾਰ ਦਾ ਨਗਦ ਇਨਾਮ ਦਿੱਤਾ ਗਿਆ। ਇਸੇ ਤਰ੍ਹਾਂ ਤੀਜੇ ਥਾਂ 'ਤੇ ਬਾਬ ਸੰਗ ਜੀ ਕਲੱਬ ਇੰਡੀਆਨਾ ਦੀ ਟੀਮ ਤੀਜੇ ਸਥਾਨ 'ਤੇ ਰਹੀ ਜਿਸਨੂੰ 18 ਹਜ਼ਾਰ ਦਾ ਇਨਾਮ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਵਲੋਂ ਦਿੱਤਾ ਗਿਆ। ਚੌਥੀ ਥਾਂ ਸੈਂਟਾ ਕਲੇਰਾ ਤੇ ਪੰਜਵੇਂ 'ਤੇ ਯੂਬਾ ਸਿਟੀ ਬ੍ਰਦਰਜ਼ ਦੀ ਟੀਮ ਰਹੀ।

ਇਸ ਕਬੱਡੀ ਕੱਪ ਵਿਚ ਗਵਰਨਰ ਲਈ ਚੋਣਾਂ ਲੜ ਰਹੀ ਏਲੀਨੀ ਕੌਨਾਲੇਕਸ ਮੁੱਖ ਮਹਿਮਾਨ ਵਜੋਂ ਹਾਜ਼ਰ ਰਹੀ। ਉਨ੍ਹਾਂ ਨੇ ਗਰਾਊਂਡ ਵਿਚ ਜਾ ਕੇ ਖਿਡਾਰੀਆਂ ਨਾਲ ਗੱਲ-ਬਾਤ ਦੌਰਾਨ ਹੱਲਾਸ਼ੇਰੀ ਵੀ ਦਿੱਤੀ। ਉਨ੍ਹਾਂ ਕਿਹਾ, 'ਮੈਂ ਅੱਜ ਇਸ ਭਾਈਚਾਰੇ ਦੇ ਖੇਡ ਸਮਾਗਮ 'ਚ ਆ ਕੇ ਮਾਣ ਮਹਿਸੂਸ ਕਰਦੀ ਹਾਂ ਤੇ ਪੰਜਾਬੀ ਭਾਈਚਾਰੇ ਨੇ ਕੈਲੀਫੋਰਨੀਆ ਦੀ ਤਰੱਕੀ 'ਚ ਅਹਿਮ ਰੋਲ ਅਦਾ ਕੀਤਾ ਹੈ, ਜਦੋਂ ਵੀ ਮੇਰੀ ਲੋੜ ਹੋਵੇ ਮੈਂ ਤੁਹਾਡੇ ਭਾਈਚਾਰੇ ਲਈ ਖੜੀ ਰਹਾਂਗੀ।' ਸ਼ਹੀਦ ਬਾਬਾ ਦੀਪ ਸਿੰਘ ਕਲੱਬ ਵਲੋਂ ਪ੍ਰਗਟ ਸਿੰਘ, ਮੇਅਰ ਗਾਲਟ ਸਿਟੀ ਤੇ ਗੁਰਦੁਆਰਾ ਬਰਾਡਸ਼ਾਅ ਰੋਡ ਦੀ ਪ੍ਰਬੰਧਕ ਕਮੇਟੀ ਵਲੋਂ ਉਨ੍ਹਾਂ ਨੂੰ ਪਲੇਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦੌਰਾਨ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ ਐਸ ਏ ਦੇ ਸੁਰਿੰਦਰ ਸਿੰਘ ਅਟਵਾਲ ਨੇ ਸਾਰੇ ਕਬੱਡੀ ਸਮਾਗਮ ਦੀ ਦੇਖ-ਰੇਖ ਕੀਤੀ। ਸੁਖਮਿੰਦਰ ਸਿੰਘ ਧਾਲੀਵਾਲ ਮੇਅਰ ਲੈਥਰੋਪ ਨੂੰ ਪਲੇਕ ਦੇ ਕੇ ਸਤਿਕਾਰ ਦਿੱਤਾ ਗਿਆ।

ਇਸ ਕਬੱਡੀ ਟੂਰਨਮੈਂਟ 'ਚ ਅੰਡਰ 21 ਦੇ ਵੀ ਫਸਵੇਂ ਮੈਚ ਹੋਏ ਜਿਨ੍ਹਾਂ ਦੇ ਜੇਤੂਆਂ ਨੂੰ ਵੀ ਨਗਦ ਇਨਾਮ ਦਿੱਤੇ ਗਏ। ਸਟੇਜ ਤੋਂ ਸੁਚੱਜੇ ਢੰਗ ਨਾਲ ਬੀਬੀ ਆਸ਼ਾ ਸ਼ਰਮਾ ਸਮਾਗਮ ਨੂੰ ਤਰਤੀਬ ਦਿੰਦੇ ਰਹੇ, ਮੁੱਖ ਮਹਿਮਾਨਾਂ ਨੂੰ ਰੂਬਰੂ ਕਰਵਾਉਂਦੇ ਰਹੇ। ਦੂਸਰੇ ਪਾਸੇ ਗਰਾਊਂਡ 'ਚ ਮੱਖਣ ਅਲੀ, ਸਵਰਨਜੀਤ, ਇਕਬਾਲ ਗਾਲਿਬ ਤੇ ਰੰਡਿਆਲੇ ਨੇ ਹਜ਼ਾਰਾਂ ਦਰਸ਼ਕਾਂ ਨੂੰ ਆਪਣੀ ਕੁਮੈਂਟਰੀ ਨਾਲ ਕਬੱਡੀ ਨਾਲ ਜੋੜੀ ਰੱਖਿਆ। ਇਸ ਮੌਕੇ ਬੈਸਟ ਜਾਫੀ ਵਜੋਂ ਯੋਧਾ ਸੁਰਖਪੁਰੀਆ ਤੇ ਬੈਸਟ ਰੇਡਰ ਵਜੋਂ ਮੱਖਣ ਮੱਖੀ ਨੂੰ ਚੁਣਿਆ ਗਿਆ। ਬੇ ਏਰੀਆ ਤੇ ਨਾਰਥ ਅਮਰੀਕਾ ਦੀ ਟੀਮ ਨੂੰ ਨਿਯਮਾਂ ਮੁਤਾਬਕ ਨਾ ਖੇਡਣ 'ਤੇ ਪ੍ਰਬੰਧਕਾਂ ਵਲੋਂ ਬਾਹਰ ਦਾ ਰਾਸਤਾ ਦਿਖਾ ਦਿੱਤਾ ਗਿਆ



ਜਿਸਦਾ ਐਲਾਨ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ ਐਸ ਏ ਦੇ ਸੁਰਿੰਦਰ ਸਿੰਘ ਅਟਵਾਲ ਨੇ ਕੀਤਾ। ਇਸ ਮੌਕੇ ਵਿੱਕੀ ਸ਼ਮੀਪੁਰੀਏ, ਤਾਰੀ ਡੱਬ ਤੇ ਕੁਲਵੰਤ ਧਾਮੀ ਨੇ ਪ੍ਰਬੰਧਕਾਂ ਨਾਲ ਸਟੈਂਡ ਲਿਆ।

ਪ੍ਰਬੰਧਕਾਂ 'ਚ ਪ੍ਰਗਟ ਸਿੰਘ ਸੰਧੂ, ਧੀਰਾ ਨਿੱਝਰ, ਗੁਰਮੀਤ ਵੜੈਚ, ਬਿੱਟੂ ਰੰਧਾਵਾ, ਨਰਿੰਦਰ ਸਿੰਘ ਥਾਂਦੀ, ਹੈਪੀ ਬਰਿਆਨਾ, ਹੈਰੀ ਸੰਘਾ, ਤਰਲੋਚਨ ਅਟਵਾਲ, ਗੋਲਡੀ ਲਾਲੀ, ਹੈਪੀ ਔਲਖ, ਸ਼ੇਰੂ ਭਾਟੀਆ, ਭੁਪਿੰਦਰ ਸੰਘੇੜਾ, ਭਿੰਦਾ ਚਾਹਲ, ਗੁਰਜੀਤ ਦਿਓਲ, ਲਾਡਾ ਕਾਹਲੋਂ, ਪੰਮਾ ਲਿੱਧੜ, ਬਲਵਿੰਦਰ ਸੰਧੂ, ਗੁਰਦੇਵ ਤੂਰ ਤੇ ਪਿਆਰਾ ਸੰਧੂ ਆਦਿ ਨੇ ਪ੍ਰਮੋਟਰਾਂ ਤੇ ਜੇਤੂਆਂ ਨੂੰ ਇਨਾਮ ਤਕਸੀਮ ਕੀਤੇ। ਇਸ ਮੌਕੇ ਚੜ੍ਹਦਾ ਪੰਜਾਬ ਕਲੱਬ ਦੇ ਬਲਜੀਤ ਬਾਸੀ ਨੂੰ ਸ਼ੇਰੂ ਭਾਟੀਆ ਤੇ ਤਰਲੋਚਨ ਅਟਵਾਲ ਨੇ ਤੇ ਲਾਈਵ ਕਬੱਡੀ ਦੇ ਪ੍ਰੋਡਿਊਸਰ ਗੁਰਜੋਤ ਮੈਨੀ ਨੂੰ ਬਲਜੀਤ ਬਾਸੀ ਨੇ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ। ਇਸ ਮੌਕੇ ਹਰੇਕ ਖਿਡਾਰੀ ਦਾ ਪ੍ਰਬੰਧਕਾਂ ਵਲੋਂ 11 ਸੌ ਡਾਲਰ ਦੇ ਕੇ ਸਨਮਾਨ ਵੀ ਕੀਤਾ ਗਿਆ। ਸੇਵਾ ਸਿੰਘ ਰੰਧਾਵਾ, ਗੁਰਮੇਲ ਸਿੰਘ, ਰੈਫਰੀ ਦਵਿੰਦਰ ਸਿੰਘ ਚਮਕੌਰ ਸਾਹਿਬ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਐਤਕਾਂ ਸਖ਼ਤ ਸਕਿਉਰਿਟੀ ਦਾ ਪ੍ਰਬੰਧ ਵੀ ਕੀਆ ਗਿਆ ਸੀ ਤੇ ਬੀਬੀਆਂ ਦਾ ਵੱਖਰੇ ਤੌਰ 'ਤੇ ਬੈਠਣ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਪ੍ਰਬੰਧਕਾਂ ਵਲੋਂ 29 ਸਤੰਬਰ 2024 ਨੂੰ ਅਗਲਾ ਕਬੱਡੀ ਕੱਪ ਕਰਵਾਏ ਜਾਣ ਦੇ ਐਲਾਨ ਨਾਲ ਇਹ ਕਬੱਡੀ ਕੱਪ ਸਮਾਪਤ ਹੋ ਗਿਆ।

# ਕਨੈਕਟੀਕਟ 'ਚ ਵਿਦਿਆਰਥੀਆਂ ਨੂੰ ਸਿੱਖ ਧਰਮ ਬਾਰੇ ਪੜ੍ਹਾਇਆ ਜਾਵੇਗਾ

## *ਸਿਲੇਬਸ ਵਿਚ ਸਿੱਖ ਧਰਮ ਨੂੰ ਸ਼ਾਮਲ ਕਰਨ ਵਾਲਾ ਅਮਰੀਕਾ ਦਾ 18ਵਾਂ ਸੂਬਾ ਬਣਿਆ ਕਨੈਕਟੀਕਟ*

**ਕਨੈਕਟੀਕਟ:** ਅਮਰੀਕਾ ਵਿਚ ਕਨੈਕਟੀਕਟ ਸਟੇਟ ਬੋਰਡ ਆਫ਼ ਐਜੂਕੇਸ਼ਨ ਨੇ ਆਪਣੇ ਨਵੇਂ ਸਮਾਜਿਕ ਅਧਿਐਨ ਮਿਆਰਾਂ ਵਿਚ ਸਿੱਖ ਧਰਮ ਨੂੰ ਸ਼ਾਮਲ ਕਰਨ ਲਈ ਕਦਮ ਚੁੱਕਿਆ ਹੈ। ਇਹ ਨਵੇਂ ਮਾਪਦੰਡ, ਰਾਜ ਵਿਚ ਪਹਿਲੀ ਵਾਰ, ਕਨੈਕਟੀਕਟ ਵਿਚ ਲਗਭਗ 5,14,000 ਵਿਦਿਆਰਥੀਆਂ ਨੂੰ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਦੇਣਗੇ।

ਜੂਨ ਵਿਚ ਵਾਸ਼ਿੰਗਟਨ ਨੇ ਸਕੂਲੀ ਪਾਠਕ੍ਰਮ ਵਿਚ ਸਿੱਖ ਧਰਮ ਨੂੰ ਸ਼ਾਮਲ ਕੀਤਾ ਸੀ। ਇਸ ਨਾਲ ਸੂਬੇ ਦੇ 25 ਕਰੋੜ ਤੋਂ ਵੱਧ ਵਿਦਿਆਰਥੀਆਂ ਨੂੰ ਵਧੇਰੇ ਸਮਾਵੇਸ਼ੀ ਅਤੇ ਸੰਪੂਰਨ ਸਿਖਿਆ ਪ੍ਰਦਾਨ ਕਰਨ ਦੀ



ਨੌਰਵਿਚ ਸਿਟੀ ਕੌਂਸਲਮੈਨ ਸਵਰਨਜੀਤ ਸਿੰਘ ਨੇ ਕਿਹਾ, "ਇਹ ਨਵੇਂ ਮਾਪਦੰਡ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਿੱਖਿਆ ਦੇ ਤਿੰਨੋਂ ਪੱਧਰਾਂ 'ਤੇ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਪ੍ਰਦਾਨ ਕਰਨਗੇ।" ਸਿੱਖ ਕੁਲੀਸ਼ਨ ਵੱਲੋਂ ਜਾਰੀ ਬਿਆਨ ਵਿਚ ਸਵਰਨਜੀਤ ਸਿੰਘ ਨੇ ਕਿਹਾ, "ਸਿੱਖ ਇਤਿਹਾਸ ਬਾਰੇ ਕਲਾਸ ਰੂਮ ਦੀਆਂ ਹਦਾਇਤਾਂ ਅਤੇ ਛੋਟੀ ਉਮਰ ਤੋਂ ਹੀ ਯੋਗਦਾਨ ਸਾਡੇ ਵਿਦਿਆਰਥੀਆਂ ਲਈ ਇੱਕ ਸੁਰੱਖਿਅਤ ਮਾਹੌਲ ਸਿਰਜਣ ਵਿਚ ਮਹੱਤਵਪੂਰਨ ਹਨ। ਆਉਣ ਵਾਲੇ ਸਾਲਾਂ ਵਿਚ ਨਵੇਂ ਮਾਪਦੰਡਾਂ ਨੂੰ ਲਾਗੂ ਕਰਨਾ ਸ਼ੁਰੂ ਹੋ ਜਾਵੇਗਾ।' ਇੱਕ ਮੀਡੀਆ ਰੀਲੀਜ਼ ਵਿਚ ਕਿਹਾ ਗਿਆ ਹੈ ਕਿ ਸਿੱਖ ਕੁਲੀਸ਼ਨ ਇਸ ਪ੍ਰਕਿਰਿਆ ਦੌਰਾਨ ਸਿੱਖਿਆ ਵਿਭਾਗ ਦੇ ਕਨੈਕਟੀਕਟ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖੇਗਾ। ਇਸ ਦੇ ਨਾਲ, ਕਨੈਕਟੀਕਟ ਅਠਾਰਵਾਂ ਰਾਜ ਬਣ ਗਿਆ ਹੈ ਜਿਸਨੇ ਸਿੱਖ ਕੁਲੀਸ਼ਨ ਨਾਲ ਮਿਲ ਕੇ ਆਪਣੇ ਸਕੂਲ ਸਿਲੇਬਸ ਵਿਚ ਸਿੱਖਾਂ ਬਾਰੇ ਸਹੀ ਜਾਣਕਾਰੀ ਸ਼ਾਮਲ ਕਰਨ ਲਈ ਕੰਮ ਕੀਤਾ ਹੈ।

ਪਹਿਲਕਦਮੀ ਨੂੰ ਹੁਲਾਰਾ ਮਿਲਿਆ। ਸਿੱਖ ਧਰਮ ਦੁਨੀਆਂ ਦੇ ਸੱਭ ਤੋਂ ਵੱਡੇ ਧਰਮਾਂ ਵਿਚੋਂ ਇਕ ਹੈ ਅਤੇ ਇਸ ਭਾਈਚਾਰੇ ਦੇ ਮੈਂਬਰਾਂ ਨੇ ਨਾਗਰਿਕ ਅਧਿਕਾਰਾਂ, ਰਾਜਨੀਤੀ, ਖੇਤੀਬਾੜੀ, ਇੰਜਨੀਅਰਿੰਗ ਅਤੇ ਦਵਾਈ ਦੇ ਖੇਤਰ ਵਿਚ 125 ਸਾਲਾਂ ਤੋਂ ਵੱਧ ਸਮੇਂ ਤੋਂ ਅਮਰੀਕੀ ਸਮਾਜ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸਵਰਨਜੀਤ ਸਿੰਘ ਖਾਲਸਾ ਨੇ ਨੌਰਵਿਚ ਸਿਟੀ ਕੌਂਸਲ ਮੈਂਬਰ ਨੇ ਨਵੇਂ ਸਮਾਜਿਕ ਅਧਿਐਨ ਪਾਠਕ੍ਰਮ ਨੂੰ ਮਨਜ਼ੂਰੀ ਦੇਣ ਲਈ ਸਟੇਟ ਡਿਪਾਰਟਮੈਂਟ ਆਫ ਐਜੂਕੇਸ਼ਨ ਦਾ ਧੰਨਵਾਦ ਕੀਤਾ। ਦੱਸਣਯੋਗ ਹੈ ਕਿ ਸਿੱਖ ਧਰਮ ਨੂੰ ਸ਼ਾਮਲ ਕਰਨ ਲਈ ਪਹਿਲੀ ਮੀਟਿੰਗ ਨੌਰਵਿਚ ਪਬਲਿਕ ਸਕੂਲਾਂ ਵਿਚ ਹੋਈ। ਸਿੱਖ ਕੁਲੀਸ਼ਨ ਕਨੈਕਟੀਕਟ ਦੇ ਸਿੱਖ ਭਾਈਚਾਰੇ ਦੇ ਨਾਲ 5 ਸਾਲਾਂ ਦੇ ਲਗਾਤਾਰ ਯਤਨਾਂ ਨੇ ਇਸ ਟੀਚੇ ਨੂੰ ਪ੍ਰਾਪਤ ਕਰਨ ਵਿਚ ਮਦਦ ਕੀਤੀ। *-ਹੁਸਨ ਲੜੋਆ ਬੰਗਾ*



# ਗਲੋਬਲ ਸਿੱਖ ਕੌਂਸਲ ਵੱਲੋਂ ਐਸਜੀਪੀਸੀ ਚੋਣਾਂ ਦਾ ਸੁਆਗਤ

### *ਚੋਣਾਂ ਵਿਚ 'ਵਿਦੇਸ਼ਾਂ ਵਿਚ ਵਸਦੇ ਪ੍ਰਵਾਸੀ ਸਿੱਖਾਂ' ਨੂੰ ਸ਼ਾਮਲ ਕਰਨ ਦੀ ਅਪੀਲ*

ਗਲੋਬਲ ਸਿੱਖ ਕੌਂਸਲ (ਜੀਐਸਸੀ) ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੀਆਂ ਚੋਣਾਂ ਸਬੰਧੀ ਹਾਲ ਹੀ ਵਿਚ ਕੀਤੇ ਗਏ ਐਲਾਨਾਂ ਅਤੇ ਇਸ ਮਹੱਤਵਪੂਰਨ ਸਮਾਗਮ ਦੀਆਂ ਤਿਆਰੀਆਂ ਦੀ ਸ਼ੁਰੂਆਤ ਦਾ ਨਿੱਘਾ ਸੁਆਗਤ ਕੀਤਾ ਹੈ। ਜੀਐਸਸੀ, ਐਸਜੀਪੀਸੀ ਚੋਣਾਂ ਦੀ ਮਹੱਤਤਾ ਨੂੰ ਪੂਰੀ ਤਰ੍ਹਾਂ ਸਮਝਦੀ ਹੈ ਅਤੇ ਸਿੱਖ ਭਾਈਚਾਰੇ ਲਈ ਇਸ ਦੇ ਡੂੰਘੇ ਅਤੇ ਖਾਸ ਪ੍ਰਭਾਵ ਦੀ ਮਾਨਤਾ ਨੂੰ ਵੀ ਸਵੀਕਾਰ ਕਰਦੀ ਹੈ। ਜ਼ਿਕਰਯੋਗ ਹੈ ਕਿ ਪਿਛਲੀਆਂ ਸ਼੍ਰੋਮਣੀ ਕਮੇਟੀ ਚੋਣਾਂ 2011 ਵਿਚ ਹੋਈਆਂ ਸਨ ਅਤੇ ਸਿੱਖ ਭਾਈਚਾਰਾ ਆਪਣੇ ਜਮਹੂਰੀ ਹੱਕਾਂ ਦੀ ਵਰਤੋਂ ਕਰਨ ਲਈ ਇਸ ਮੌਕੇ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਹੈ। ਜੀਐਸਸੀ, ਜੋ ਕਿ ਵਿਦੇਸ਼ਾਂ ਵਿਚ ਰਹਿੰਦੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਣ ਦੀ ਮਹੱਤਤਾ 'ਤੇ ਜ਼ੋਰ ਦਿੰਦੀ ਹੈ, ਨੇ ਰਾਜ ਸਰਕਾਰ, ਪੰਜਾਬ ਦੇ ਮੁੱਖ ਮੰਤਰੀ ਅਤੇ ਚੋਣ ਕਮਿਸ਼ਨ ਨੂੰ ਇਸ ਮਹੱਤਵਪੂਰਨ ਚੋਣ ਪ੍ਰਕਿਰਿਆ ਵਿਚ ਪ੍ਰਵਾਸੀ ਸਿੱਖਾਂ ਨੂੰ ਸ਼ਾਮਲ ਕਰਨ ਦੇ ਤਰੀਕਿਆਂ ਦੀ ਖੋਜ ਕਰਨ ਦੀ ਵੀ ਦਿਲੋਂ ਅਪੀਲ ਕੀਤੀ ਹੈ। ਇਸ ਤੋਂ ਪਹਿਲਾਂ ਮਈ ਵਿਚ ਗੁਰਦੁਆਰਾ ਚੋਣ ਕਮਿਸ਼ਨ ਦੇ ਮੁੱਖ ਕਮਿਸ਼ਨਰ ਐਸ.ਐਸ. ਸਾਰੋਂ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਰ ਸੂਚੀਆਂ ਤਿਆਰ ਕਰਨ ਦੀ ਅਪੀਲ ਕੀਤੀ ਸੀ। ਇਹ ਧਿਆਨ ਦੇਣ ਯੋਗ ਹੈ ਕਿ 1920 ਵਿਚ ਸਥਾਪਿਤ ਕੀਤੀ ਗਈ ਐਸਜੀਪੀਸੀ ਨੇ ਭਾਰਤ ਵਿਚ ਸਿੱਖ ਇਤਿਹਾਸਕ ਗੁਰਦੁਆਰਿਆਂ ਲਈ ਸਰਵਉੱਚ ਸੰਚਾਲਨ ਸੰਸਥਾ ਵਜੋਂ ਪ੍ਰਮੁੱਖ ਭੂਮਿਕਾ ਨਿਭਾਈ ਹੈ, ਸਮੇਂ ਦੇ ਨਾਲ ਇਸਦੇ ਅਧਿਕਾਰ ਖੇਤਰ ਵਿਚ ਮਹੱਤਵਪੂਰਨ ਤਬਦੀਲੀਆਂ ਵੇਖੀਆਂ ਗਈਆਂ ਹਨ। ਗਲੋਬਲ ਸਿੱਖ ਕੌਂਸਲ ਸਿੱਖ ਭਾਈਚਾਰੇ ਦੀ ਭਲਾਈ ਨੂੰ ਅੱਗੇ ਵਧਾਉਣ ਲਈ ਇਸ ਵਿਚ ਯੋਗਦਾਨ ਪਾਉਣ ਵਾਲੇ ਸਾਰੇ ਮੈਂਬਰਾਂ ਦਾ ਸਮਰਥਨ ਅਤੇ ਸਹਿਯੋਗ ਕਰਨ ਲਈ ਤਿਆਰ ਹੈ।

## ਬਰੈਂਪਟਨ: 'ਸੀਆਈਬੀਸੀ ਰੱਨ ਫ਼ਾਰ ਦ ਕਿਓਰ' ਵਿਚ ਟੀਪੀਏਆਰ ਕਲੱਬ ਦੇ ਮੈਂਬਰਾਂ ਨੇ ਲਿਆ ਹਿੱਸਾ

**ਬਰੈਂਪਟਨ:** ਕੈਨੇਡੀਅਨ ਕੈਂਸਰ ਸੋਸਾਇਟੀ ਦੇ ਸਹਿਯੋਗ ਨਾਲ ਕੈਨੇਡੀਅਨ ਇੰਪੀਰੀਅਲ ਬੈਂਕ ਆਫ਼ ਕਾਮਰਸ (ਸੀਆਈਬੀਸੀ) ਵੱਲੋਂ ਪਿਛਲੇ 25 ਸਾਲ ਤੋਂ ਹਰ ਸਾਲ ਅਕਤੂਬਰ ਮਹੀਨੇ ਦੇ ਪਹਿਲੇ ਐਤਵਾਰ 'ਸੀਆਈਬੀਸੀ ਰੱਨ ਫ਼ਾਰ ਦ ਕਿਓਰ' ਕਰਵਾਈ ਜਾਂਦੀ ਹੈ, ਜੋ 5 ਅਤੇ 1 ਕਿਲੋਮੀਟਰ ਦੂਰੀ ਦੀ ਹੁੰਦੀ ਹੈ। ਇਸ ਦੌੜ ਵਿਚ ਡੋਨੇਸ਼ਨ ਰਾਹੀਂ ਇਕੱਤਰ



ਹੋਈ ਰਾਸ਼ੀ ਕੈਨੇਡਾ ਵਿਚ ਕੈਂਸਰ ਸਬੰਧੀ ਖੋਜ ਕਰਵਾਉਣ ਵਾਲੀ ਸੰਸਥਾ 'ਕੈਨੇਡੀਅਨ ਕੈਂਸਰ ਸੋਸਾਇਟੀ' ਨੂੰ ਦਿੱਤੀ ਜਾਂਦੀ ਹੈ। ਇਸ ਸਾਲ ਪਹਿਲੀ ਅਕਤੂਬਰ ਨੂੰ ਹੋਈ ਦੌੜ ਸਮੇਂ ਇਸ ਪਵਿੱਤਰ ਕੰਮ ਲਈ 14.5 ਮਿਲੀਅਨ ਡਾਲਰ ਦੀ ਰਕਮ ਡੋਨੇਸ਼ਨ ਰਾਹੀਂ ਇਕੱਠੀ ਹੋਈ। ਸੀਆਈਬੀਸੀ ਦੇ ਹੋਰ ਉਪਰਾਲਿਆਂ ਅਤੇ ਵੱਖ-ਵੱਖ ਸਾਧਨਾਂ ਸਦਕਾ ਇਸ ਮਹਾਨ ਕਾਰਜ ਲਈ ਕੁਲ ਰਾਸ਼ੀ 73 ਮਿਲੀਅਨ ਇਕੱਤਰ ਹੋਈ।

'ਸੀਆਈਬੀਸੀ ਰੱਨ ਫ਼ਾਰ ਦ ਕਿਓਰ 2023' ਕੈਨੇਡਾ ਦੇ 53 ਸ਼ਹਿਰਾਂ ਵਿਚ ਆਯੋਜਿਤ ਕੀਤੀ ਗਈ ਸੀ। ਬਰੈਂਪਟਨ ਵਿਚ ਇਸ ਦੌੜ ਦਾ ਆਯੋਜਨ ਕੈਨੇਡੀ ਰੋਡ ਸਥਿਤ 'ਸਪੋਰਟਸ ਐਂਡ ਐਂਟਰਟੇਨਮੈਂਟ ਕੰਪਲੈਕਸ (ਸੀਏਈ)' ਦੇ ਸਾਹਮਣੇ ਖੁੱਲ੍ਹੀ ਜਗ੍ਹਾ 'ਤੇ ਕੀਤਾ ਗਿਆ। ਇਹ ਦੌੜ ਇਸ ਥਾਂ ਤੋਂ ਸਵੇਰੇ 10.00 ਵਜੇ ਆਰੰਭ ਹੋਈ ਅਤੇ ਦੌੜਾਕਾਂ ਵੱਲੋਂ ਵੱਖ-ਵੱਖ ਸੜਕਾਂ 'ਤੇ ਨਿਰਧਾਰਤ ਰੂਟ ਉੱਪਰ ਦੌੜਨ ਤੋਂ ਬਾਅਦ ਇਸ ਦੀ ਸਮਾਪਤੀ ਵੀ ਏਸੇ ਥਾਂ 'ਤੇ ਹੋਈ। ਇਸ ਦੌੜ ਲਈ ਪ੍ਰਬੰਧਕਾਂ ਵੱਲੋਂ ਸੁੱਚਜਾ ਪ੍ਰਬੰਧ ਕੀਤਾ ਗਿਆ ਸੀ। ਦੌੜ ਆਰੰਭ ਹੋਣ ਤੋਂ ਪਹਿਲਾਂ ਬਰੈਂਪਟਨ ਸਾਊਥ ਦੀ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਪ੍ਰਬੰਧਕਾਂ ਅਤੇ ਦੌੜਾਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੂੰ ਹੱਲਾਸ਼ੇਰੀ ਦਿੱਤੀ ਅਤੇ ਇਸ ਦੇ ਆਯੋਜਨ ਲਈ ਧੰਨਵਾਦ ਵੀ ਕੀਤਾ।

ਇਸ ਦੌੜ ਵਿਚ ਤਿੰਨ ਤਰ੍ਹਾਂ ਦੇ ਦੌੜਾਕ ਸ਼ਾਮਲ ਸਨ। ਗੁਲਾਬੀ ਰੰਗ ਦੀਆਂ ਟੀ-ਸ਼ਰਟਾਂ ਵਿਚ ਕੈਂਸਰ ਦੀ ਨਾ-ਮੁਰਾਦ ਬੀਮਾਰੀ ਨਾਲ ਜੂਝ ਰਹੇ ਜਾਂ ਇਸ ਬੀਮਾਰੀ ਤੋਂ ਮੁਕਤੀ ਪਾ ਚੁੱਕੇ ਵਿਅਕਤੀ (ਕੈਂਸਰ ਸਰਵਾਈਵਰਜ਼) ਸਨ, ਸਫ਼ੈਦ ਟੀ-ਸ਼ਰਟਾਂ ਵਿਚ ਇਸ ਬੀਮਾਰੀ ਨੂੰ ਦੂਰ ਕਰਨ ਵਾਲੇ ਕਾਰਜ ਨਾਲ ਜੁੜੇ ਹੋਏ ਲੋਕ ਸਨ ਅਤੇ ਲਾਲ ਰੰਗ ਦੀਆਂ ਟੀ-ਸ਼ਰਟਾਂ ਵਿਚ ਸੀਆਈਬੀਸੀ ਦੇ ਕਰਮਚਾਰੀ ਸਨ। ਬਰੈਂਪਟਨ ਵਿਚ ਪਿਛਲੇ 12 ਸਾਲ ਤੋਂ ਸਰਗਰਮ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀਪੀਏਆਰ ਕਲੱਬ) ਦੇ ਮੈਂਬਰਾਂ ਮਨਜੀਤ ਸਿੰਘ, ਸਿਮਰਤਪਾਲ ਭੁੱਲਰ, ਮਨਜੀਤ ਨੌਟਾ, ਕੁਲਦੀਪ ਗਰੇਵਾਲ, ਬਲਕਾਰ ਸਿੰਘ ਖਾਲਸਾ, ਧਰਮ ਸਿੰਘ ਰੰਧਾਵਾ, ਸੁਰਿੰਦਰ ਸਿੰਘ ਨਾਗਰਾ, ਕਮਲਜੀਤ ਬਾਜਵਾ, ਅਵਤਾਰ ਬੁੱਟਰ, ਭਰਮਿੰਦਰ ਜੱਸੀ ਅਤੇ ਨਰਿੰਦਰ ਕੌਰ ਨੇ ਕਲੱਬ ਦੀਆਂ ਸੰਤਰੇ ਰੰਗ ਦੀਆਂ ਟੀ-ਸ਼ਰਟਾਂ ਨਾਲ 5 ਕਿਲੋਮੀਟਰ ਦੌੜ ਵਿਚ ਭਾਗ ਲਿਆ। ਇਸ ਦੇ ਨਾਲ ਹੀ ਇਸ ਕਲੱਬ ਵੱਲੋਂ ਬੜੀ ਸੁਚੱਜਤਾ ਨਾਲ ਦੋ 'ਵਾਟਰ-ਸਟੇਸ਼ਨਾਂ' ਦਾ ਪ੍ਰਬੰਧ ਕੀਤਾ ਗਿਆ। ਇਨ੍ਹਾਂ ਵਿਚੋਂ ਇਕ ਤਾਂ ਦੌੜ ਦੇ ਆਰੰਭ ਅਤੇ ਸਮਾਪਤ ਹੋਣ ਵਾਲੀ ਥਾਂ ਦੇ ਬਿਲਕੁਲ ਨਜ਼ਦੀਕ ਸੀ ਅਤੇ ਦੂਸਰਾ ਦੌੜ ਦੇ ਰੂਟ ਦੇ ਅੱਧ-ਵਿਚਕਾਰ ਇਕ ਸੜਕ ਦੇ ਖੱਬੇ ਕਿਨਾਰੇ 'ਤੇ ਸਥਾਪਿਤ ਕੀਤਾ ਗਿਆ। ਇਨ੍ਹਾਂ ਦੋਹਾਂ ਥਾਵਾਂ 'ਤੇ ਦੌੜਾਕਾਂ ਦੀ ਪਾਣੀ ਨਾਲ ਸੇਵਾ ਕਰਨ ਵਾਲਿਆਂ ਵਿਚ ਕਲੱਬ ਦੇ ਮੈਂਬਰ ਹਰਭਜਨ ਸਿੰਘ ਗਿੱਲ, ਸੁਖਦੇਵ ਸਿਧਵਾਂ, ਹਰਜੀਤ ਸਿੰਘ, ਹਜ਼ੂਰਾ ਸਿੰਘ ਬਰਾੜ, ਅਵਤਾਰ ਸਿੱਧੂ, ਜੱਸੀ ਭੁੱਲਰ, ਸਰਬਜੀਤ ਸਿੰਘ, ਯੋਗੀ ਗੁਲਿਆਨੀ, ਜੰਗੀਰ ਸਿੰਘ ਸੈਂਹਬੀ, ਸੁਖਦੇਵ ਸਿੰਘ ਝੰਡ, ਹਰਚੰਦ ਸਿੰਘ ਬਾਸੀ, ਅਵਤਾਰ ਸਿੰਘ ਬਾਸੀ, ਅਮਰਜੀਤ ਸਿੰਘ, ਰਣਜੀਤ ਸਿੰਘ ਤੱਗੜ ਅਤੇ ਕਈ ਹੋਰ ਵਾਲੰਟੀਅਰ ਸ਼ਾਮਲ ਸਨ।

ਪਹਿਲੇ ਵਾਟਰ-ਸਟੇਸ਼ਨ ਦੀ ਅਗਵਾਈ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਅਤੇ 'ਔਨਲਾਈਟ ਕਿਡਜ਼' ਸੰਸਥਾ ਦੇ ਸੰਸਥਾਪਕ ਨਰਿੰਦਰਪਾਲ ਬੈਂਸ ਕਰ ਰਹੇ ਸਨ ਅਤੇ ਦੂਸਰੇ ਵਾਟਰ-ਸਟੇਸ਼ਨ ਦੀ ਅਗਵਾਈ ਦਾ ਭਾਰ ਤਜਿੰਦਰ ਗਰੇਵਾਲ ਅਤੇ ਜੰਗੀਰ ਸਿੰਘ ਸੈਂਹਬੀ ਦੇ ਮੋਢਿਆਂ 'ਤੇ ਸੀ। ਇਸ ਸਾਲ ਬਰੈਂਪਟਨ ਵਿਚ ਹੋਈ ਇਸ 'ਸੀਆਈਬੀਸੀ ਰੱਨ ਫ਼ਾਰ ਦ ਕਿਓਰ' ਵਿਚ ਟੀਪੀਏਆਰ ਕਲੱਬ ਦੇ ਦੌੜਾਕਾਂ ਵੱਲੋਂ ਇਸ ਵਿਚ ਦੌੜਨ ਦੀ ਅਤੇ ਇਸ ਦੇ ਵਾਲੰਟੀਅਰਾਂ ਵੱਲੋਂ ਦੌੜਾਕਾਂ ਨੂੰ ਪਾਣੀ ਦੀ ਸੇਵਾ ਦੀ ਦੂਹਰੀ ਭੂਮਿਕਾ ਬਾਖ਼ੂਬੀ ਨਿਭਾਈ ਗਈ। ਦੌੜ ਦੇ ਪ੍ਰਬੰਧਕਾਂ ਵੱਲੋਂ ਟੀਪੀਏਆਰ ਕਲੱਬ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। *-ਰਿਪੋਰਟ: ਡਾ. ਝੰਡ*

## ਡਫ਼ਰਨ-ਕੈਲੇਡਨ 'ਚ ਲਿਬਰਲ ਪਾਰਟੀ ਨੂੰ ਲੋਕਾਂ ਦਾ ਭਰਪੂਰ ਹੁੰਗਾਰਾ

**ਕੈਲੇਡਨ:** ਬੀਤੇ ਦਿਨੀਂ ਡਫ਼ਰਨ-ਕੈਲੇਡਨ ਚੋਣ ਹਲਕੇ ਵਿਚ ਲੋਕਾਂ ਵੱਲੋਂ ਉਤਸ਼ਾਹ ਨਾਲ ਨਵੀਂ ਟੀਮ ਦੀ ਚੋਣ ਕੀਤੀ ਗਈ। ਪਿਛਲੇ ਲੰਮੇ ਸਮੇਂ ਤੋਂ ਇਸ ਹਲਕੇ ਵਿਚ ਪੀ.ਸੀ. ਪਾਰਟੀ ਦਾ ਪੂਰਾ ਗੁਲਬਾ ਰਿਹਾ ਹੈ ਅਤੇ ਹੁਣ ਲਿਬਰਲ ਪਾਰਟੀ ਨੇ ਇੱਥੇ ਆਪਣੇ ਪੈਰ ਜਮਾਏ ਹਨ। ਇਹ 'ਕ੍ਰਿਸ਼ਮਾ' ਕੈਲੇਡਨ ਵਿਚ ਪੰਜਾਬੀ ਵਸੋਂ ਦੇ ਵਧਣ ਕਾਰਨ ਹੋਇਆ ਲੱਗਦਾ ਹੈ, ਕਿਉਂਕਿ ਪਿਛਲੇ ਸਾਲਾਂ ਵਿਚ ਪੰਜਾਬੀ ਕਮਿਊਨਿਟੀ ਦਾ ਝੁਕਾਅ ਵਧੇਰੇ ਕਰਕੇ ਲਿਬਰਲ ਪਾਰਟੀ ਵੱਲ ਹੀ ਰਿਹਾ ਹੈ।

ਇਸ ਵਾਰ ਚੋਣ ਵਿਚ ਪੰਜਾਬੀਆਂ ਨੇ ਸਲੇਟ ਦੀ ਚੋਣ ਵਿਚ ਬੜੀ ਸਰਗਰਮੀ ਨਾਲ ਹਿੱਸਾ ਲਿਆ ਅਤੇ ਸੀਨੀਅਰਜ਼ ਕਲੱਬਾਂ ਨੇ ਵਿਸ਼ੇਸ਼ ਕਰਕੇ ਇਸ ਚੋਣ-ਪ੍ਰਕਿਰਿਆ ਵਿਚ ਭਰਵੀਂ ਹਾਜ਼ਰੀ ਲਵਾਈ। ਇਸ ਚੋਣ ਵਿਚ ਚੇਅਰਪਰਨ ਦਮਿਤਰੋ ਬਾਸਮਤ ਦੀ ਸਲੇਟ ਵੱਡੇ ਬਹੁਮਤ ਨਾਲ ਕਾਮਯਾਬ ਹੋਈ।

ਜ਼ਿਕਰਯੋਗ ਹੈ ਕਿ ਗਿਆਰਾਂ ਮੈਂਬਰੀ ਸਲੇਟ ਵਿਚ ਤਿੰਨ ਪੰਜਾਬੀ ਚੁਣੇ ਗਏ ਹਨ, ਜਿਨ੍ਹਾਂ ਵਿਚ ਰਵਿੰਦਰ ਜੋਗਾ, ਹੁਨਰ ਕਾਹਲੋਂ ਅਤੇ ਨੌਜੁਆਨ ਬੀਬੀ ਕੋਰਨ ਡਡਵਾਲ ਸ਼ਾਮਲ ਹਨ। ਨਵੀਂ ਟੀਮ ਨੇ ਕੈਲੇਡਨ ਤੇ ਡਫ਼ਰਨ ਵਾਸੀਆਂ ਨੂੰ ਇਸ ਹਲਕੇ ਦੀ ਬੇਹਤਰੀ ਲਈ ਸਥਾਨਕ ਮੁੱਦੇ ਉਭਾਰਨ ਅਤੇ ਉਨ੍ਹਾਂ ਨੂੰ ਹੱਲ ਕਰਵਾਉਣ ਦਾ ਭਰੋਸਾ ਦਿਵਾਇਆ ਹੈ।


# Matrimonials

## ਲੜਕੀ ਦੀ ਲੋੜ ਹੈ

Gursikh family seeks a suitable match for their Amritdhari son, 36 years, 5'-11'', vegetarian, Software Manager in San Francisco, CA, USA, owns a house in San Francisco Bay-area, innocent divorcee (short marriage of 4 months). The girl should be well qualified, amritdhari, vegetarian and keski/dastar wearing (or willing to wear). Preference to girl living in USA or Canada. Caste no bar. Please send your biodata & recent picture to singhmat001@gmail.com or Call: +1-510-281-7065 or +91-98993-79442 (WhatsApp).

40-43

Wanted suitable girl for Ivy League MBA Jatt Sikh divorced 40 years old 5'10" man settled in the Bay Area (California). Homeowner and working as a Sr Product Manager in big tech. Moved from Chandigarh (India) to the US 12 years ago. Looking in the US only. Caste no bar. dhillonravi1983@gmail.com or 408-859-5613.

36-39

U.S. Citizen, Jatt Sikh, Brar, Fresno, California Resident, Divorced Boy, 33 yrs, 6'-3" tall, Handsome, Pilot in American Airlines. Please email biodata and picture at: flykhush15@gmail.com or Contact: (559) 824-9028

36-39

USA based Arora Gursikh family looking for a suitable match for their turbaned, divorced son, 36, 5'9", M.Tech Engineering. He does not drink, smoke. Works for a reputed company in health care sector. He earns six figure salary. Owns house in US, commercial, residential property in India. Caste no bar. Contact us at: email: utakecare2@yahoo.com or call 1-618-402-4269

35-38

Well educated Jatt Sikh Bay area family is seeking a match for their July 2000 US born 5' 10" Son. He has earned a Bachelor in Computer Science from UCLA and Masters in CS BioMedical Imaging from UCSF. He does not drink. He wears a turban and keeps his hair. He is employed with a six figure salary. Beyond education, girl must be with a family-oriented mindset and should have good moral family values. Please contact Ph: 5108616491 or email pgrrealty@gmail.com

34-37

## ਲੜਕੇ ਦੀ ਲੋੜ ਹੈ

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949

39-42

Hindu/Sikh Nai family looking for a suitable match for their U.S. citizen daughter, 26 years, 5'6". She has completed Bachelors of Science and currently in her final dentistry year pursuing DMD degree. The whole family is settled here and are U.S. citizens. Please contact us at: 516-510-9744

39-42

Sikh family belongs to Ludhiana Punjab, looking for a US or Canadian Citizen match for their daughter, 35, 5'9'' divorcee and has one child living with. She has completed her nursing associate in India, currently not working as she is preparing for RN/IELTS. Whatsapp us: 262-960-7366. Serious inquiries only.


34-37

Jatt Sikh girl, 28 years, 5'4" Graduated in Bachelor of Science in Medical Technology. Studying to become Medical Doctor in the USA. Looking for well settled American citizen match. Please contact: +1 (510) 240-2236 or e-mail itsjas1990@gmail.com

32-35

# ਰਾਜਪਾਲ ਦੀ ਮੁੱਖ ਮੰਤਰੀ ਨੂੰ ਇਕ ਹੋਰ ਚਿੱਠੀ

## ਹੁਣ ਗੈਰ-ਕਾਨੂੰਨੀ ਮਾਈਨਿੰਗ ਬਾਰੇ ਰਿਪੋਰਟ ਮੰਗੀ



**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਅਤੇ ਮੁੱਖ ਮੰਤਰੀ ਭਗਵੰਤ ਮਾਨ ਵਿਚਾਲੇ ਖਿੱਚ-ਧੂਹ ਦਾ ਸਿਲਸਲਾ ਜਾਰੀ ਹੈ। ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਮੁੱਖ ਮੰਤਰੀ ਨੂੰ ਇਕ ਹੋਰ ਪੱਤਰ ਲਿਖ ਕੇ 'ਆਪ' ਵਿਧਾਇਕ ਦੇ ਰਿਸ਼ਤੇਦਾਰ ਦੀ ਗ਼ੈਰਕਾਨੂੰਨੀ ਮਾਈਨਿੰਗ ਵਿਚ ਸ਼ਮੂਲੀਅਤ ਬਾਰੇ ਰਿਪੋਰਟ ਤਲਬ ਕੀਤੀ ਹੈ। ਮੁੱਖ ਮੰਤਰੀ ਨੇ ਇਸ ਤੋਂ ਦੋ ਦਿਨ ਪਹਿਲਾਂ ਹੀ ਕਰਜ਼ੇ ਬਾਬਤ ਰਾਜਪਾਲ ਨੂੰ ਜਵਾਬੀ ਪੱਤਰ ਲਿਖਿਆ ਸੀ।

ਚੇਤੇ ਰਹੇ ਕਿ ਪਿਛਲੇ ਹਫ਼ਤੇ ਤਰਨਤਾਰਨ ਪੁਲਿਸ ਨੇ 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਦੇ ਜੀਜੇ ਖ਼ਿਲਾਫ਼ ਗ਼ੈਰਕਾਨੂੰਨੀ ਮਾਈਨਿੰਗ ਦਾ ਮੁਕੱਦਮਾ ਦਰਜ ਕੀਤਾ ਸੀ ਜਿਸ ਨੂੰ ਲੈ ਕੇ ਵਿਧਾਇਕ ਲਾਲਪੁਰਾ ਨੇ ਸੋਸ਼ਲ ਮੀਡੀਆ 'ਤੇ ਮੋਰਚਾ ਖੋਲ੍ਹ ਦਿੱਤਾ ਸੀ। ਉਸ ਮਗਰੋਂ ਪੰਜਾਬ ਸਰਕਾਰ ਨੇ ਤਰਨਤਾਰਨ ਦੇ ਐਸ.ਐਸ.ਪੀ. ਗੁਰਮੀਤ ਸਿੰਘ ਚੌਹਾਨ ਦਾ ਤਬਾਦਲਾ ਕਰ ਦਿੱਤਾ ਸੀ। ਚੌਹਾਨ ਨੂੰ ਵਿਦਾ ਕਰਨ ਮੌਕੇ ਪੁਲਿਸ ਮੁਲਾਜ਼ਮਾਂ ਨੇ ਫੁੱਲਾਂ ਦੀ ਵਰਖਾ ਕੀਤੀ ਸੀ ਅਤੇ ਵਿਰੋਧੀਆਂ ਨੇ ਵੀ ਚੌਹਾਨ ਦੀ ਪਿੱਠ ਪੂਰੀ ਸੀ।

ਰਾਜਪਾਲ ਨੇ ਹੁਣ ਪੱਤਰ 'ਚ ਲਿਖਿਆ ਹੈ ਕਿ ਉਸ ਨੇ ਇਕ ਵਿਧਾਇਕ ਵੱਲੋਂ ਪੁਲਿਸ ਵਿਚ ਭ੍ਰਿਸ਼ਟਾਚਾਰ ਹੋਣ ਦੇ ਲਾਏ ਇਲਜ਼ਾਮਾਂ ਬਾਰੇ, ਰਾਤ ਦੇ ਸਮੇਂ ਵਿਧਾਇਕ ਦੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਗ਼ੈਰਕਾਨੂੰਨੀ ਮਾਈਨਿੰਗ ਵਿਚ ਸ਼ਮੂਲੀਅਤ ਬਾਰੇ ਅਤੇ ਪੁਲਿਸ ਅਧਿਕਾਰੀਆਂ ਦੀ ਮੁਅੱਤਲੀ ਤੋਂ ਇਲਾਵਾ ਐੱਸ.ਐੱਸ.ਪੀ. ਤਰਨਤਾਰਨ ਦੇ ਤਬਾਦਲੇ ਬਾਰੇ ਮੀਡੀਆ ਰਿਪੋਰਟਾਂ ਪੜ੍ਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਗ਼ੈਰਕਾਨੂੰਨੀ ਮਾਈਨਿੰਗ ਇਕ ਅਹਿਮ ਮੁੱਦਾ ਹੈ ਅਤੇ ਇਸ 'ਚ ਬਹੁਤ ਵੱਡਾ ਭ੍ਰਿਸ਼ਟਾਚਾਰ ਹੈ। ਉਨ੍ਹਾਂ ਲਿਖਿਆ ਹੈ ਕਿ ਕੁਝ ਮੀਡੀਆ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਤਰਨਤਾਰਨ ਪੁਲਿਸ ਨੇ ਰਾਤ ਸਮੇਂ ਚੱਲ ਰਹੀ ਗ਼ੈਰਕਾਨੂੰਨੀ ਮਾਈਨਿੰਗ ਦਾ ਪਰਦਾਫਾਸ਼ ਕੀਤਾ ਅਤੇ ਵਿਧਾਇਕ ਦਾ ਇਕ ਨਜ਼ਦੀਕੀ ਰਿਸ਼ਤੇਦਾਰ ਵੀ ਇਸ 'ਚ ਸ਼ਾਮਲ ਹੈ। ਰਿਪੋਰਟਾਂ 'ਚ ਦੱਸਿਆ ਗਿਆ ਕਿ ਗੈਰਕਾਨੂੰਨੀ ਮਾਈਨਿੰਗ 'ਤੇ ਛਾਪਾ ਮਾਰਨ ਗਈ ਪੁਲਿਸ ਪਾਰਟੀ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ ਅਤੇ ਐਸ.ਐਸ.ਪੀ. ਤਰਨਤਾਰਨ ਦਾ ਤਬਾਦਲਾ ਕਰ ਦਿੱਤਾ ਗਿਆ ਸੀ। ਰਾਜਪਾਲ ਨੇ ਪੱਤਰ 'ਚ ਕਿਹਾ ਕਿ ਉਨ੍ਹਾਂ ਨੂੰ ਇਨ੍ਹਾਂ ਮੀਡੀਆ ਰਿਪੋਰਟਾਂ ਦੇ ਮੱਦੇਨਜ਼ਰ ਵਿਸਥਾਰਤ ਰਿਪੋਰਟ ਦਿੱਤੀ ਜਾਵੇ। ਦੇਖਣਾ ਹੋਵੇਗਾ ਕਿ ਹੁਣ ਪੰਜਾਬ ਸਰਕਾਰ ਇਸ ਦਾ ਜਵਾਬ ਕਦੋਂ ਭੇਜਦੀ ਹੈ।

# ਨਕਲ ਤੇ ਪੇਪਰ ਲੀਕ ਘਟਨਾਵਾਂ ਰੋਕਣ ਲਈ ਕਮਰਕੱਸੇ



**ਚੰਡੀਗੜ੍ਹ:** ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐਸ.ਈ.) ਨੇ ਪ੍ਰੀਖਿਆ ਕੇਂਦਰ ਵਿਚ ਨਕਲ ਤੇ ਪੇਪਰ ਲੀਕ ਹੋਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਕਮਰਕੱਸੇ ਕਰ ਲਏ ਹਨ। ਬੋਰਡ ਨੇ ਐਤਕੀਂ ਪ੍ਰੀਖਿਆ ਕੇਂਦਰਾਂ ਵਿਚ ਪ੍ਰਸ਼ਨ ਪੱਤਰਾਂ ਦੇ ਵੱਖ-ਵੱਖ ਸੈੱਟ ਭੇਜਣ ਦਾ ਫੈਸਲਾ ਕੀਤਾ ਹੈ ਜੋ ਇਸੇ ਸੈਸ਼ਨ ਤੋਂ ਲਾਗੂ ਕੀਤਾ ਜਾਵੇਗਾ। ਇਸ ਦੇ ਅਮਲ ਵਿਚ ਆਉਣ ਨਾਲ ਜੇ ਕਿਸੇ ਪ੍ਰੀਖਿਆ ਕੇਂਦਰ ਵਿਚ ਪੇਪਰ ਲੀਕ ਵੀ ਹੋ ਜਾਂਦਾ ਹੈ ਤਾਂ ਸਾਰੀ ਪ੍ਰੀਖਿਆ ਰੱਦ ਕਰਨ ਦੀ ਥਾਂ ਸਿਰਫ ਉਸ ਕੇਂਦਰ ਦੀ ਹੀ ਪ੍ਰੀਖਿਆ ਰੱਦ ਕੀਤੀ ਜਾਵੇਗੀ। ਬੋਰਡ ਵੱਲੋਂ ਪ੍ਰਸ਼ਨ ਪੱਤਰਾਂ ਦੇ ਸੈਟ ਨੇੜੇ ਤੇੜੇ ਦੇ ਸਕੂਲਾਂ ਵਿਚ ਵੱਖ-ਵੱਖ ਭੇਜੇ ਜਾਣਗੇ ਤੇ ਪ੍ਰਸ਼ਨ ਪੱਤਰ ਵਾਇਰਲ ਹੋਣ ਨਾਲ ਹੀ ਕਿਸੇ ਨੂੰ ਕੋਈ ਲਾਭ ਨਹੀਂ ਹੋਵੇਗਾ।

ਸੀ.ਬੀ.ਐਸ.ਈ. ਮੁਹਾਲੀ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਬੋਰਡ ਜਮਾਤਾਂ ਦਸਵੀਂ ਤੇ ਬਾਰ੍ਹਵੀਂ ਵਿਚ ਪ੍ਰਸ਼ਨ ਪੱਤਰ ਲੀਕ ਹੋਣ ਦੀ ਅਫਵਾਹਾਂ ਆਮ ਆਉਂਦੀਆਂ ਰਹਿੰਦੀਆਂ ਹਨ, ਜਿਸ ਕਾਰਨ ਵਿਦਿਆਰਥੀ ਦੁਚਿਤੀ ਵਿਚ ਆ ਜਾਂਦੇ ਹਨ ਕਿ ਪੇਪਰ ਲੀਕ ਹੋਇਆ ਪਰ ਅਜਿਹਾ ਨਹੀਂ ਹੁੰਦਾ। ਉਨ੍ਹਾਂ ਦੱਸਿਆ ਕਿ ਨਵੀਂ ਦਿੱਲੀ ਤੋਂ ਹਦਾਇਤਾਂ ਆਈਆਂ ਹਨ ਕਿ ਫਰਵਰੀ-ਮਾਰਚ ਵਿਚ ਹੋਣ ਵਾਲੀਆਂ ਪ੍ਰੀਖਿਆਵਾਂ ਲਈ ਵੱਖ-ਵੱਖ ਪ੍ਰਸ਼ਨ ਪੱਤਰ ਤਿਆਰ ਕਰਨ ਦਾ ਖਾਕਾ ਬਣਾਇਆ ਜਾਵੇ। ਉਨ੍ਹਾਂ ਦੱਸਿਆ ਕਿ ਪ੍ਰਸ਼ਨ ਪੱਤਰਾਂ 'ਚ ਸਵਾਲਾਂ 'ਚ ਬਦਲਾਅ ਤਾਂ ਬਹੁਤ ਘੱਟ ਕੀਤਾ ਜਾਵੇਗਾ ਪਰ ਉਨ੍ਹਾਂ ਦੇ ਕ੍ਰਮ ਨੂੰ ਬਦਲ ਦਿੱਤਾ ਜਾਵੇਗਾ ਤੇ ਅੱਗੇ ਨਾਲੋਂ ਤਿੱਗਣੀ ਗਿਣਤੀ ਵਿਚ ਪ੍ਰਸ਼ਨ ਪੱਤਰਾਂ ਦੇ ਸੈਟ ਤਿਆਰ ਕਰਵਾਏ ਜਾਣਗੇ ਤਾਂ ਕਿ ਨਕਲ ਦੀ ਗੁਜਾਇਸ਼ ਹੀ ਨਾ ਰਹੇ।

ਉਨ੍ਹਾਂ ਦੱਸਿਆ ਕਿ ਬੋਰਡ ਵਲੋਂ ਪਹਿਲਾਂ ਵੀ ਪ੍ਰਸ਼ਨ ਪੱਤਰਾਂ ਦੇ ਕਈ ਸੈਟ ਤਿਆਰ ਕਰਵਾਏ ਜਾਂਦੇ ਹਨ ਤੇ ਕਿਸੇ ਸੈਂਟਰ ਨੂੰ ਇਹ ਪਤਾ ਹੀ ਨਹੀਂ ਹੁੰਦਾ ਕਿ ਉਨ੍ਹਾਂ ਨੂੰ ਕਿਹੜਾ ਸੈਟ ਮਿਲੇਗਾ। ਇਸ ਕਰ ਕੇ ਬੋਰਡ ਨੇ ਇਸ ਵਾਰ ਪ੍ਰਸ਼ਨ ਪੱਤਰਾਂ ਦੇ ਸੈਟ 'ਚ ਬਦਲਾਅ ਕਰਨ ਫੈਸਲਾ ਕੀਤਾ ਹੈ।

## ਹਸਪਤਾਲਾਂ ਵਿਚ ਬਜ਼ੁਰਗਾਂ ਲਈ ਵਿਸ਼ੇਸ਼ ਯੂਨਿਟ

**ਪਟਿਆਲਾ:** ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਹਸਪਤਾਲਾਂ ਵਿਚ ਬੱਚਿਆਂ ਦੀ ਸਿਹਤ ਸੰਭਾਲ ਵਾਂਗ ਬਜ਼ੁਰਗਾਂ ਦੀ ਲਈ ਕ੍ਰਿਟੀਕਲ ਅਤੇ ਪੈਲੀਏਟਿਵ ਕੇਅਰ ਯੂਨਿਟ ਵੀ ਸਥਾਪਤ ਹੋਣਗੇ। ਉਹ ਸਰਕਾਰੀ ਮੈਡੀਕਲ ਕਾਲਜ ਪਟਿਆਲਾ 'ਚ ਕਮਿਊਨਿਟੀ ਮੈਡੀਸਨ ਵਿਭਾਗ ਵੱਲੋਂ ਇੰਡੀਅਨ ਐਸੋਸੀਏਸ਼ਨ ਆਫ ਪ੍ਰੀਵੈਂਟਿਵ ਸੋਸ਼ਲ ਮੈਡੀਸਨ ਦੀ 16ਵੀਂ ਪੰਜਾਬ ਚੈਪਟਰ ਕਾਨਫਰੰਸ ਦੇ ਉਦਘਾਟਨੀ ਸਮਾਰੋਹ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਆਮ ਆਦਮੀ ਕਲੀਨਿਕਾਂ ਰਾਹੀਂ ਪ੍ਰਾਇਮਰੀ ਸਿਹਤ ਸੇਵਾਵਾਂ 'ਚ ਸੁਧਾਰ ਲਿਆਉਣ ਉਪਰੰਤ ਸੈਕੰਡਰੀ ਸਿਹਤ ਸੇਵਾਵਾਂ ਯੋਜਨਾ ਦੀ ਅਪਗ੍ਰੇਡੇਸ਼ਨ ਲਈ ਉਲੀਕੀ ਵਿਆਪਕ ਯੋਜਨਾ 'ਤੇ ਅਮਲ ਸ਼ੁਰੂ ਹੋ ਗਿਆ ਹੈ। ਪੰਜਾਬ ਬਹੁਤ ਛੇਤੀ ਸਿਹਤ ਸੇਵਾਵਾਂ ਦੇ ਖੇਤਰ ਵਿਚਲੀ ਕ੍ਰਾਂਤੀ ਦਾ ਗਵਾਹ ਬਣੇਗਾ। ਬਜ਼ੁਰਗਾਂ ਦੀ ਸਿਹਤ ਸੰਭਾਲ ਲਈ ਸਰਕਾਰ ਸੰਜੀਦਾ ਹੈ ਤੇ ਸਾਰੇ ਹਸਪਤਾਲਾਂ 'ਚ ਜੀਰੀਐਟ੍ਰਿਕ ਯੂਨਿਟ ਖੋਲ੍ਹਣ ਲਈ ਮੈਡੀਕਲ ਕਾਲਜਾਂ ਤੋਂ ਤਜਵੀਜ਼ ਮੰਗੀ ਹੈ।

# ਮੂਸੇਵਾਲਾ ਕਤਲ: ਸਚਿਨ ਨੇ ਗੁਮਰਾਹ ਕਰਨ ਲਈ ਕਬੂਲਿਆ ਸੀ ਜੁਰਮ!




**ਮਾਨਸਾ:** ਅਦਾਲਤ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਮੁੱਖ ਮੁਲਜ਼ਮ ਸਚਿਨ ਬਿਸ਼ਨੋਈ ਉਰਫ਼ ਸਚਿਨ ਥਾਪਨ ਨੂੰ ਪੰਜ ਦਿਨਾਂ ਦੇ ਹੋਰ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਜਾਣਕਾਰੀ ਅਨੁਸਾਰ ਸਚਿਨ, ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਭਤੀਜਾ ਹੈ, ਜੋ ਪਿਛਲੇ ਸਾਲ ਜਾਅਲੀ ਪਾਸਪੋਰਟ ਰਾਹੀਂ ਵਿਦੇਸ਼ ਭੱਜ ਗਿਆ ਸੀ। ਉਸ ਨੂੰ ਅਜ਼ਰਬਾਇਜਾਨ ਵਿਚ ਅਧਿਕਾਰੀਆਂ ਨੇ ਹਿਰਾਸਤ ਵਿਚ ਲਿਆ ਸੀ, ਜਿਥੋਂ ਕਾਨੂੰਨੀ ਪ੍ਰਕਿਰਿਆ ਮਗਰੋਂ ਪਹਿਲੀ ਅਗਸਤ ਨੂੰ ਉਸ ਨੂੰ ਭਾਰਤ ਲਿਆਂਦਾ ਗਿਆ ਸੀ।

ਮਾਨਸਾ ਪੁਲਿਸ ਦੇ ਅਧਿਕਾਰੀ ਨੇ ਕਿਹਾ ਕਿ ਸਚਿਨ ਉਨ੍ਹਾਂ ਚਾਰ ਗੈਂਗਸਟਰਾਂ ਵਿਚੋਂ ਇਕ ਹੈ, ਜਿਨ੍ਹਾਂ ਨੇ ਕਥਿਤ ਸ਼ੁਰੂ ਤੋਂ ਹੀ ਮੂਸੇਵਾਲਾ ਦੇ ਕਤਲ ਦੀ ਸਾਜ਼ਿਸ਼ ਰਚੀ ਸੀ। ਕਤਲ ਤੋਂ ਬਾਅਦ ਪੁਲਿਸ ਨੂੰ ਗੁਮਰਾਹ ਕਰਨ ਲਈ ਸਚਿਨ ਨੇ ਇਕ ਨਿਊਜ਼ ਚੈਨਲ 'ਤੇ ਕਬੂਲਿਆ ਸੀ ਕਿ ਮੂਸੇਵਾਲਾ ਦਾ ਕਤਲ ਉਸ ਨੇ ਕੀਤਾ ਹੈ। ਹਾਲਾਂਕਿ ਮੂਸੇਵਾਲਾ ਦੇ ਕਤਲ ਤੋਂ ਠੀਕ ਪਹਿਲਾਂ ਸਚਿਨ ਜਾਅਲੀ ਪਾਸਪੋਰਟ 'ਤੇ ਦੇਸ਼ ਛੱਡ ਕੇ ਚਲਾ ਗਿਆ ਸੀ। ਇਸ ਮਾਮਲੇ ਵਿਚ 'ਸਿੱਟ' ਦੇ ਇਕ ਮੈਂਬਰ ਨੇ ਦੱਸਿਆ, "ਸਚਿਨ ਥਾਪਨ ਦੱਖਣ-ਪੂਰਬੀ ਦਿੱਲੀ ਦੇ ਸੰਗਮ ਵਿਹਾਰ ਦੇ ਰਹਿਣ ਵਾਲੇ ਤਿਲਕ ਰਾਜ ਟੁਟੇਜਾ ਦੇ ਨਾਮ 'ਤੇ ਜਾਰੀ ਜਾਅਲੀ ਪਾਸਪੋਰਟ ਰਾਹੀਂ ਦੁਬਈ ਚਲਾ ਗਿਆ ਸੀ। ਉਥੋਂ ਉਹ ਅਜ਼ਰਬਾਇਜਾਨ ਦੀ ਰਾਜਧਾਨੀ ਬਾਕੂ ਗਿਆ, ਜਿੱਥੇ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ।" ਐਸ.ਆਈ.ਟੀ. ਅਧਿਕਾਰੀ ਨੇ ਕਿਹਾ ਕਿ ਸਚਿਨ ਨੇ ਕਥਿਤ ਮੂਸੇਵਾਲਾ ਦੇ ਕਤਲ ਲਈ ਸਾਮਾਨ ਦਾ ਪ੍ਰਬੰਧ ਕੀਤਾ ਅਤੇ ਫਿਰ ਭਾਰਤ ਛੱਡ ਦਿੱਤਾ। ਸਚਿਨ ਨੇ ਬੋਲੈਰੋ ਕਾਰ ਦਾ ਇੰਤਜ਼ਾਮ ਕੀਤਾ ਸੀ, ਜਿਸ ਨੇ ਮੂਸੇਵਾਲਾ ਦੀ ਗੱਡੀ ਨੂੰ ਮਾਰਨ ਤੋਂ ਪਹਿਲਾਂ ਪਿੱਛਾ ਕੀਤਾ ਸੀ ਅਤੇ ਉਹ ਗੋਲਡੀ ਬਰਾੜ ਨਾਲ ਲਗਾਤਾਰ ਸੰਪਰਕ ਵਿਚ ਸੀ। ਪੰਜਾਬ ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸਚਿਨ ਥਾਪਨ ਤੋਂ ਪੁੱਛ ਪੜਤਾਲ ਮੂਸੇਵਾਲਾ ਕੇਸ 'ਚ ਹੋਰ ਸੁਰਾਗ ਮਿਲ ਸਕਦੇ ਹਨ।

# ਲਖਬੀਰ ਲੰਡਾ ਦੀ ਜਾਇਦਾਦ ਜ਼ਬਤ



**ਮੁਹਾਲੀ:** ਇੱਥੋਂ ਦੇ ਸੈਕਟਰ-77 ਸਥਿਤ ਪੰਜਾਬ ਪੁਲਿਸ ਦੇ ਖ਼ੁਫੀਆ ਵਿੰਗ ਦੇ ਮੁੱਖ ਦਫਤਰ ਉੱਤੇ ਪਿਛਲੇ ਸਾਲ ਹੋਏ ਰਾਕੇਟ ਪ੍ਰੋਪੇਲਡ ਗਰੇਨੇਡ (ਆਰ.ਪੀ.ਜੀ.) ਹਮਲੇ ਦੇ ਮਾਮਲੇ ਵਿਚ ਨਾਮਜ਼ਦ ਕੈਨੇਡਾ ਆਧਾਰਿਤ ਲਖਬੀਰ ਸਿੰਘ ਉਰਫ਼ ਲੰਡਾ ਦੀ ਜਾਇਦਾਦ ਜ਼ਬਤ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ 9 ਮਈ 2022 ਨੂੰ ਮੁਹਾਲੀ ਵਿਚ ਪੰਜਾਬ ਪੁਲਿਸ ਦੇ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਦੇਰ ਸ਼ਾਮ ਆਰ.ਪੀ.ਜੀ. ਹਮਲਾ ਹੋਇਆ ਸੀ। ਇਸ ਸਬੰਧੀ ਇੱਥੋਂ ਦੇ ਸੋਹਾਣਾ ਥਾਣੇ ਵਿਚ ਲੰਡਾ ਸਣੇ ਹੋਰਨਾਂ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ।

ਮੁਹਾਲੀ ਦੇ ਡੀ.ਐਸ.ਪੀ. (ਸਿਟੀ-2) ਅਤੇ ਇਸ ਮਾਮਲੇ ਦੇ ਜਾਂਚ ਅਧਿਕਾਰੀ ਹਰਸਿਮਰਨ ਸਿੰਘ ਬੱਲ ਨੇ ਦੱਸਿਆ ਕਿ ਲਖਬੀਰ ਸਿੰਘ ਲੰਡਾ ਦੇ ਨਾਮ 'ਤੇ ਪਿੰਡ ਕੀੜੀਆਂ (ਤਰਨ ਤਾਰਨ) ਵਿਚ ਚਾਰ ਕਨਾਲ ਜ਼ਮੀਨ ਦਾ ਪਤਾ ਲੱਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਇਹ ਜ਼ਮੀਨ ਸਬੰਧੀ ਅਦਾਲਤ ਵਿਚ ਅਰਜ਼ੀ ਦਿੱਤੀ ਸੀ ਅਤੇ ਅਦਾਲਤ ਨੇ ਇਸ ਪ੍ਰਾਪਰਟੀ ਨੂੰ ਜ਼ਬਤ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਹਨ।

ਉਨ੍ਹਾਂ ਕਿਹਾ ਕਿ ਅਦਾਲਤ ਦੇ ਹੁਕਮਾਂ 'ਤੇ ਜਾਇਦਾਦ ਕੇਸ ਨਾਲ ਅਟੈਚ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਪੁਲਿਸ ਵੱਲੋਂ ਹੁਣ ਤੱਕ 11 ਮੁਲਜ਼ਮਾਂ ਨੂੰ ਜਿਨ੍ਹਾਂ ਵਿਚ ਲਖਬੀਰ ਲੰਡਾ ਦੇ ਨਜ਼ਦੀਕੀ ਸਾਥੀ ਗੁਰਪਿੰਦਰ ਸਿੰਘ ਉਰਫ਼ ਪਿੰਦੂ ਵਾਸੀ ਪਿੰਡ ਭੂਰਾ ਕੋਨਾ (ਖੇਮਕਰਨ) ਸਮੇਤ ਚੜ੍ਹਤ ਸਿੰਘ, ਨਿਸ਼ਾਨ ਸਿੰਘ, ਜਗਦੀਪ ਸਿੰਘ, ਬਲਜਿੰਦਰ ਸਿੰਘ ਰੈਂਬੋ, ਕੰਵਰਜੀਤ ਸਿੰਘ ਬਾਠ, ਅਨੰਤਦੀਪ ਸਿੰਘ ਸੋਨੂ, ਬਲਜੀਤ ਕੌਰ ਸੁੱਖੀ, ਲਵਪ੍ਰੀਤ ਸਿੰਘ ਵਿੱਕੀ, ਦੀਪਕ ਕੁਮਾਰ ਸਣੇ ਇੱਕ ਬਾਲ ਅਪਰਾਧੀ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਡੀ.ਐਸ.ਪੀ ਬੱਲ ਨੇ ਦੱਸਿਆ ਕਿ ਲਖਬੀਰ ਸਿੰਘ ਉਰਫ਼ ਲੰਡਾ ਕੈਨੇਡਾ ਵਿਚ ਛੁਪ ਕੇ ਬੈਠਾ ਹੈ। ਉਸ ਨੂੰ ਭਗੌੜਾ ਐਲਾਨਿਆ ਜਾ ਚੁੱਕਿਆ ਹੈ।

# ਸਿੱਧੂ ਮੂਸੇਵਾਲਾ ਮਾਮਲੇ ਵਿਚ ਤੀਜੀ ਚਾਰਜਸ਼ੀਟ ਦਾਖਲ





**ਮਾਨਸਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀ ਜਾਂਚ ਕਰ ਰਹੀ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐੱਸ.ਆਈ.ਟੀ.) ਨੇ ਇਕ ਮੁਲਜ਼ਮ ਖ਼ਿਲਾਫ਼ ਤੀਜੀ ਚਾਰਜਸ਼ੀਟ ਦਾਖਲ ਕਰ ਦਿੱਤੀ ਹੈ, ਜਿਸ ਨੇ ਗਾਇਕ ਦੀ ਹੱਤਿਆ ਕਰਨ ਵਾਲੇ ਹਰਿਆਣਾ ਦੇ ਸ਼ੂਟਰਾਂ ਨੂੰ ਸ਼ਰਨ ਦਿੱਤੀ ਸੀ। ਪੁਲਿਸ ਨੇ ਹਰਿਆਣਾ ਦੇ ਜੀਂਦ ਦੇ ਰਹਿਣ ਵਾਲੇ ਜੋਗਿੰਦਰ ਸਿੰਘ ਜੋਗਾ (33) ਖ਼ਿਲਾਫ਼ ਸਪਲੀਮੈਂਟਰੀ ਚਾਰਜਸ਼ੀਟ ਦਾਇਰ ਕੀਤੀ ਹੈ। ਐੱਸ.ਆਈ.ਟੀ. ਅਨੁਸਾਰ ਜੋਗਾ ਨੇ ਹਰਿਆਣਾ ਦੇ ਹਿਸਾਰ ਦੇ ਉਕਲਾਨਾ ਮੰਡੀ ਵਿਚ ਮੂਸੇਵਾਲਾ ਦੇ ਕਤਲ ਤੋਂ ਬਾਅਦ ਸ਼ੂਟਰ ਪ੍ਰਿਆਵਰਤ ਫ਼ੌਜੀ, ਅੰਕਿਤ ਸੇਰਸਾ, ਦੀਪਕ ਮੁੰਡੀ ਅਤੇ ਕਸ਼ਿਸ਼ ਨੂੰ ਪਨਾਹ ਦਿੱਤੀ ਸੀ। ਚੀਫ ਜੁਡੀਸ਼ਲ ਮੈਜਿਸਟਰੇਟ ਸੁਰਭੀ ਪਰਾਸ਼ਰ ਨੇ ਜੋਗਾ ਖ਼ਿਲਾਫ਼ 17 ਅਕਤੂਬਰ ਲਈ ਪ੍ਰੋਡਕਸ਼ਨ ਵਾਰੰਟ ਜਾਰੀ ਕੀਤੇ ਹਨ ਕਿਉਂਕਿ ਜੇਲ੍ਹ ਪ੍ਰਸ਼ਾਸਨ ਉਸ ਨੂੰ ਪੇਸ਼ ਕਰਨ ਵਿਚ ਅਸਫਲ ਰਿਹਾ ਹੈ। ਜੋਗਾ ਗੈਂਗਸਟਰ ਲਾਰੈਂਸ ਬਿਸ਼ਨੋਈ ਗੈਂਗ ਨਾਲ ਜੁੜਿਆ ਹੋਇਆ ਹੈ ਅਤੇ ਗੈਂਗਸਟਰ ਗੋਲਡੀ ਬਰਾੜ ਨਾਲ ਸਿੱਧਾ ਜੁੜਿਆ ਹੋਇਆ ਹੈ ਜੋ ਮੂਸੇਵਾਲਾ ਦੇ ਕਤਲ ਦਾ ਮੁੱਖ ਸਾਜ਼ਿਸ਼ਘਾੜਾ ਸੀ। ਪੁਲਿਸ ਅਨੁਸਾਰ ਜੋਗਾ ਗੈਂਗਸਟਰ ਦੀਪਕ ਟੀਨੂੰ ਨਾਲ ਜੁੜਿਆ ਹੋਇਆ ਹੈ, ਜੋ ਮੂਸੇਵਾਲਾ ਕਤਲ ਕਾਂਡ ਦਾ ਮੁਲਜ਼ਮ ਹੈ। ਪੁਲਿਸ ਨੂੰ ਪਤਾ ਲੱਗਿਆ ਹੈ ਕਿ ਜੋਗਾ ਨੇ ਟੀਨੂੰ ਨੂੰ ਸੀ.ਆਈ.ਏ. ਦੀ ਹਿਰਾਸਤ ਵਿਚੋਂ ਭੱਜਣ ਵਿਚ ਵੀ ਮਦਦ ਕੀਤੀ ਸੀ। ਜੋਗਾ 'ਤੇ ਹਰਿਆਣਾ ਦੇ ਵੱਖ-ਵੱਖ ਥਾਣਿਆਂ 'ਚ ਕਰੀਬ 15 ਅਪਰਾਧਿਕ ਮਾਮਲੇ ਦਰਜ ਹਨ। ਇਸ ਕੇਸ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਹੁਣ ਗੈਂਗਸਟਰਾਂ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਜੱਗੂ ਭਗਵਾਨਪੁਰੀਆ ਸਣੇ 32 ਮੁਲਜ਼ਮਾਂ ਖ਼ਿਲਾਫ਼ ਤਿੰਨ ਚਾਰਜਸ਼ੀਟਾਂ ਦਾਇਰ ਕਰ ਦਿੱਤੀਆਂ ਹਨ।

## ਮੁਲਜ਼ਮਾਂ ਨੇ ਵਰਚੁਅਲੀ ਪੇਸ਼ੀ ਭੁਗਤੀ

**ਮਾਨਸਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ 'ਚ ਮਾਨਸਾ ਦੀ ਅਦਾਲਤ ਵਿਚ 24 ਮੁਲਜ਼ਮਾਂ ਨੇ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ ਜਦਕਿ ਸਚਿਨ ਭਿਵਾਨੀ ਤਕਨੀਕੀ ਨੁਕਸ ਪੈਣ ਕਾਰਨ ਪੇਸ਼ੀ ਨਹੀਂ ਭੁਗਤ ਸਕਿਆ। ਜਾਣਕਾਰੀ ਅਨੁਸਾਰ ਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ 24 ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਜ਼ਿਲ੍ਹਾ ਤੇ ਸੈਸ਼ਨ ਜੱਜ ਪ੍ਰੀਤੀ ਸਾਹਨੀ ਦੀ ਅਦਾਲਤ 'ਚ ਪੇਸ਼ ਕੀਤਾ ਗਿਆ। ਮਾਮਲੇ ਵਿਚ ਅਗਲੀ ਸੁਣਵਾਈ 19 ਅਕਤੂਬਰ ਨੂੰ ਹੋਵੇਗੀ। ਐਡਵੋਕੇਟ ਸਤਿੰਦਰਪਾਲ ਸਿੰਘ ਮਿੱਤਲ ਨੇ ਦੱਸਿਆ ਕਿ ਇਸ ਕਤਲ ਵਿਚ ਲਾਰੈਂਸ ਬਿਸ਼ਨੋਈ ਸਣੇ 24 ਮੁਲਜ਼ਮਾਂ ਨੇ ਮਾਨਸਾ ਦੀ ਅਦਾਲਤ ਵਿਚ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ ਭੁਗਤੀ। ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਅਤੇ ਤਾਇਆ ਚਮਕੌਰ ਸਿੰਘ ਸਿੱਧੂ ਨੇ ਸੁਣਵਾਈ ਤੋਂ ਬਾਅਦ ਦੱਸਿਆ ਕਿ ਉਨ੍ਹਾਂ ਨੂੰ ਨਿਆਂ ਪ੍ਰਣਾਲੀ 'ਤੇ ਭਰੋਸਾ ਹੈ ਅਤੇ ਆਸ ਹੈ ਕਿ ਇਨਸਾਫ਼ ਜ਼ਰੂਰ ਮਿਲੇਗਾ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਹਿਲਜੁਲ ਸ਼ੁਰੂ



**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਲਈ ਵੋਟਰ ਸੂਚੀਆਂ ਦੀ ਸੁਧਾਈ ਕਰਨ ਤੇ ਨਵੀਆਂ ਵੋਟਾਂ ਬਣਾਉਣ ਦੀ ਪ੍ਰਕਿਰਿਆ 21 ਅਕਤੂਬਰ ਤੋਂ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਚੋਣਾਂ ਕਰਵਾਉਣ ਲਈ ਰਾਹ ਪੱਧਰਾ ਹੋਵੇਗਾ, ਜਿਸ ਨਾਲ ਜਮਹੂਰੀ ਢੰਗ ਨਾਲ ਚੁਣੀ ਗਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਸਿੱਖਾਂ ਦੇ ਮਾਮਲਿਆਂ ਦੀ ਵਾਗਡੋਰ ਸੰਭਾਲ ਸਕੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਕੰਮਕਾਰ ਆਰਜ਼ੀ ਪ੍ਰਧਾਨ ਵਾਲੀ ਅੰਤਰਿਮ ਕਮੇਟੀ ਚਲਾ ਰਹੀ ਹੈ। ਸੂਬਾ ਸਰਕਾਰ ਪ੍ਰਮੁੱਖ ਸਿੱਖ ਸੰਸਥਾ ਦੀਆਂ ਚੋਣਾਂ ਜਲਦੀ ਕਰਵਾਉਣਾ ਯਕੀਨੀ ਬਣਾਏਗੀ।

ਸ੍ਰੀ ਮਾਨ ਨੇ ਕਿਹਾ ਕਿ ਸਿੱਖਾਂ ਦੀ ਵੱਕਾਰੀ ਸੰਸਥਾ ਹੁਣ ਆਪਣੇ ਆਕਾਵਾਂ ਦੇ ਹੱਥਾਂ ਦੀ ਕਠਪੁਤਲੀ ਬਣ ਗਈ ਹੈ। ਇਸ ਸਰਵਉੱਚ ਸੰਸਥਾ ਦੇ ਫੈਸਲੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਵੱਲੋਂ ਪਹਿਲਾਂ ਹੀ ਲੈ ਲਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਲਈ ਆਜ਼ਾਦ ਤੇ ਨਿਰਪੱਖ ਚੋਣਾਂ ਕਰਵਾਉਣ ਦੀ ਲੋੜ ਹੈ। ਇਸ ਸੰਸਥਾ ਦੇ ਸਾਰੇ ਫੈਸਲੇ ਬਾਦਲ ਪਰਿਵਾਰ ਵੱਲੋਂ ਤੈਅ ਹੁੰਦੇ ਹਨ ਅਤੇ ਇਹ ਪਰਿਵਾਰ ਹੀ ਫੈਸਲੇ ਲਾਗੂ ਕਰਵਾਉਂਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ 'ਚ ਨਿੱਜੀ ਦਖਲ ਦੇ ਕੇ ਸੰਗਤਾਂ ਦੇ ਹਿੱਤਾਂ ਨੂੰ ਢਾਹ ਲਾਈ ਜਾ ਰਹੀ ਹੈ, ਜਿਸ ਨੂੰ ਲੋਕ ਕਦੇ ਵੀ ਮੁਆਫ ਨਹੀਂ ਕਰਨਗੇ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਦਾ ਸਵਾਗਤ ਕਰਦਿਆਂ ਮੁੱਖ ਮੰਤਰੀ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਲੜਨ ਦੀ ਪੇਸ਼ਕਸ਼ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਨੇ 'ਐਕਸ' ਉਤੇ ਕਿਹਾ ਕਿ ਜੇਕਰ ਸ੍ਰੀ ਮਾਨ ਚੋਣ ਲੜਨੀ ਚਾਹੁੰਦੇ ਹਨ ਤਾਂ ਉਨ੍ਹਾਂ ਦਾ ਸਵਾਗਤ ਹੈ। ਉਹ ਕੇਜਰੀਵਾਲ ਤੋਂ ਇਜਾਜ਼ਤ ਲੈ ਲੈਣ। ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਗੁਰਦੁਆਰਾ ਚੋਣ ਕਮਿਸ਼ਨ ਵੋਟਾਂ ਬਣਾਉਣ ਸਬੰਧੀ ਨਿਰਦੇਸ਼ 25 ਮਈ ਨੂੰ ਜਾਰੀ ਕਰ ਚੁੱਕਾ ਹੈ। ਇਸ ਤੋਂ ਬਾਅਦ ਭਗਵੰਤ ਮਾਨ ਦਾ ਵੱਖਰਾ ਐਲਾਨਨਾਮਾ ਚੋਣ ਪ੍ਰਕਿਰਿਆ 'ਚ ਦਖਲ ਅੰਦਾਜੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਉਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਹਰ ਕੰਮ ਆਪਣੇ ਖਾਤੇ ਪਾਉਣ ਦੀ ਥਾਂ ਪ੍ਰਸ਼ਾਸਨ ਨੂੰ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਦੇਣ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣੀਆਂ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਸਬੰਧੀ ਗੁਰਦੁਆਰਾ ਚੋਣ ਕਮਿਸ਼ਨ ਕਾਫੀ ਸਮਾਂ ਪਹਿਲਾਂ ਸਬੰਧਤ ਸੂਬਿਆਂ ਦੇ ਮੁੱਖ ਸਕੱਤਰਾਂ ਤੇ ਪ੍ਰਸ਼ਾਸਕ ਨੂੰ ਪੱਤਰ ਲਿਖ ਚੁੱਕਾ ਹੈ।

## ਭਗਵੰਤ ਮਾਨ ਚੋਣ ਲੜਨੀ ਚਾਹੁੰਦੈ ਤਾਂ ਸਵਾਗਤ ਹੈ: ਚੀਮਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ 'ਐਕਸ' ਉਤੇ ਕਿਹਾ ਕਿ ਜੇਕਰ ਮੁੱਖ ਮੰਤਰੀ ਭਗਵੰਤ ਮਾਨ ਚੋਣ ਲੜਨੀ ਚਾਹੁੰਦੇ ਹਨ ਤਾਂ ਉਨ੍ਹਾਂ ਦਾ ਸਵਾਗਤ ਹੈ। ਉਹ ਕੇਜਰੀਵਾਲ ਤੋਂ ਇਜਾਜ਼ਤ ਲੈ ਲੈਣ। ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਗੁਰਦੁਆਰਾ ਚੋਣ ਕਮਿਸ਼ਨ ਵੋਟਾਂ ਬਣਾਉਣ ਸਬੰਧੀ ਨਿਰਦੇਸ਼ 25 ਮਈ ਨੂੰ ਜਾਰੀ ਕਰ ਚੁੱਕਾ ਹੈ। ਇਸ ਤੋਂ ਬਾਅਦ ਭਗਵੰਤ ਮਾਨ ਦਾ ਵੱਖਰਾ ਐਲਾਨਨਾਮਾ ਚੋਣ ਪ੍ਰਕਿਰਿਆ 'ਚ ਦਖਲ ਅੰਦਾਜੀ ਹੈ।

## ਅੱਠ ਸਿੱਖ ਨੌਜਵਾਨ ਹਥਿਆਰਾਂ ਸਣੇ ਕਾਬੂ

**ਟੋਰਾਂਟੋ:** ਕੈਨੇਡੀਅਨ ਪੁਲਿਸ ਨੇ 19 ਤੋਂ 26 ਸਾਲ ਉਮਰ ਦੇ ਅੱਠ ਸਿੱਖ ਨੌਜਵਾਨਾਂ ਨੂੰ ਓਂਟਾਰੀਓ ਸੂਬੇ ਦੇ ਬਰੈਂਪਟਨ ਸ਼ਹਿਰ 'ਚੋਂ ਪਾਬੰਦੀਸ਼ੁਦਾ ਹਥਿਆਰਾਂ ਸਣੇ ਕਾਬੂ ਕੀਤਾ ਹੈ। ਪੀਲ ਰਿਜਨਲ ਪੁਲਿਸ ਮੁਤਾਬਕ ਉਨ੍ਹਾਂ ਨੂੰ 2 ਅਕਤੂਬਰ ਦੀ ਰਾਤ ਨੂੰ ਬਰੈਂਪਟਨ ਦੇ ਡੋਨਲਡ ਸਟੀਵਰਟ ਰੋਡ ਤੇ ਬ੍ਰਿਸਡੇਲ ਡਰਾਈਵ ਇਲਾਕੇ ਵਿਚ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਸੀ। ਪੁਲਿਸ ਨੇ ਪ੍ਰੈੱਸ ਰਿਲੀਜ ਵਿਚ ਕਿਹਾ, "ਟੈਕਟੀਕਲ ਯੂਨਿਟ ਦੀ ਮਦਦ ਨਾਲ ਅੱਠ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।" ਇਨ੍ਹਾਂ ਨੌਜਵਾਨਾਂ ਦੀ ਪਛਾਣ ਜਗਦੀਪ ਸਿੰਘ (22), ਏਕਮਜੋਤ ਰੰਧਾਵਾ (19), ਮਨਜਿੰਦਰ ਸਿੰਘ (26), ਹਰਪ੍ਰੀਤ ਸਿੰਘ (23), ਰਿਪਨਜੋਤ ਸਿੰਘ (22), ਜਪਨਦੀਪ ਸਿੰਘ (22), ਲਵਪ੍ਰੀਤ ਸਿੰਘ (26) ਤੇ ਰਾਜਨਪ੍ਰੀਤ ਸਿੰਘ (21) ਸਾਰੇ ਵਾਸੀ ਬਰੈਂਪਟਨ ਵਜੋਂ ਦੱਸੀ ਗਈ ਹੈ।

# ਬੰਦੀ ਸਿੱਖਾਂ ਦੇ ਪਰਿਵਾਰਾਂ ਨੂੰ ਮਿਲਣ ਤੋਂ ਰੋਕਣਾ ਮਨੁੱਖੀ ਹੱਕਾਂ ਦੀ ਉਲੰਘਣਾ ਕਰਾਰ

**ਅੰਮ੍ਰਿਤਸਰ:** ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਤੇ ਹੋਰ ਸਿੱਖ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਅਤੇ ਵਕੀਲਾਂ ਨੂੰ ਮੁਲਾਕਾਤ ਦੀ ਆਗਿਆ ਨਾ ਦੇਣ 'ਤੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਤਰਾਜ਼ ਪ੍ਰਗਟਾਇਆ ਹੈ। ਉਧਰ, ਜਿਲ੍ਹੇ ਦੇ ਡਿਪਟੀ ਕਮਿਸ਼ਨਰ ਨੇ ਪਰਿਵਾਰਕ ਮੈਂਬਰਾਂ ਅਤੇ ਵਕੀਲਾਂ ਨੂੰ ਮਿਲਣ ਦੀ ਪ੍ਰਵਾਨਗੀ ਨਾ ਦੇਣ ਦੇ ਦੋਸ਼ ਨਕਾਰਦਿਆਂ ਦਾਅਵਾ ਕੀਤਾ ਕਿ ਬੀਤੇ 5 ਮਹੀਨਿਆਂ ਵਿਚ ਹੁਣ ਤੱਕ ਪਰਿਵਾਰਕ ਮੈਂਬਰਾਂ, ਵਕੀਲਾਂ ਤੇ ਹੋਰਨਾਂ ਨੂੰ 42 ਵਾਰ ਮਿਲਣ ਦੀ ਆਗਿਆ ਦਿੱਤੀ ਗਈ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਡਿਬਰੂਗੜ੍ਹ ਜੇਲ੍ਹ 'ਚ ਬੰਦ ਸਿੱਖਾਂ ਦੇ ਪਰਿਵਾਰਾਂ ਨੂੰ ਮਿਲਣ ਤੋਂ ਰੋਕਣਾ ਮਨੁੱਖੀ ਅਧਿਕਾਰਾਂ ਦਾ ਉਲੰਘਣਾ ਹੈ।


ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਵੱਲੋਂ ਮੁਲਾਕਾਤ ਲਈ ਲੋੜੀਂਦੀ ਆਗਿਆ ਨਹੀਂ ਦਿੱਤੀ ਗਈ, ਜੋ ਠੀਕ ਨਹੀਂ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਇਸ ਮਾਮਲੇ 'ਤੇ ਗੌਰ ਕਰਨ ਦੀ ਅਪੀਲ ਕੀਤੀ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਵੱਲੋਂ ਸਰਕਾਰਾਂ ਦੇ ਵਤੀਰੇ ਤੋਂ ਦੁਖੀ ਹੋ ਕੇ ਆਪਣੇ ਹੱਕਾਂ ਤੇ ਅਧਿਕਾਰਾਂ ਲਈ ਸ਼ੁਰੂ ਕੀਤੀ ਭੁੱਖ ਹੜਤਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਵੀ ਕਿਹਾ ਕਿ ਉਹ ਡਿਪਟੀ ਕਮਿਸ਼ਨਰ ਨੂੰ ਨਜ਼ਰਬੰਦ ਸਿੰਘਾਂ ਤੇ ਉਨ੍ਹਾਂ ਦੇ ਵਕੀਲਾਂ ਨੂੰ ਮੁਲਾਕਾਤ ਵਾਸਤੇ ਸਮੇਂ-ਸਮੇਂ 'ਤੇ ਆਗਿਆ ਦੇਣ ਦੀ ਹਦਾਇਤ ਕਰਨ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਅਮਿਤ ਤਲਵਾੜ ਨੇ ਦੋਸ਼ ਨਕਾਰਦਿਆਂ ਕਿਹਾ ਕਿ ਹੁਣ ਤੱਕ ਚਾਰ ਵਕੀਲ ਉਸ ਨੂੰ ਨੌਂ ਵਾਰ ਮਿਲ ਚੁੱਕੇ ਹਨ। ਉਸ ਦੀ ਪਤਨੀ 23 ਵਾਰ, ਚਾਰ ਵਾਰ ਮਾਤਾ, ਦੋ ਵਾਰ ਪਿਤਾ ਤੇ ਤਿੰਨ ਵਾਰ ਰਿਸ਼ਤੇਦਾਰਾਂ ਨੂੰ ਮਿਲਣ ਦੀ ਆਗਿਆ ਦਿੱਤੀ ਜਾ ਚੁੱਕੀ ਹੈ। ਜਿਸ ਵੀ ਯੋਗ ਪਰਿਵਾਰਕ ਮੈਂਬਰ ਨੇ ਆਗਿਆ ਮੰਗੀ ਉਸ ਨੂੰ ਆਗਿਆ ਮਿਲੀ। ਇਸ ਵੇਲੇ ਅੰਮ੍ਰਿਤਪਾਲ ਸਿੰਘ ਦੀ ਇੱਛਾ ਅਨੁਸਾਰ ਐਡਵੋਕੇਟ ਨਵਕਿਰਨ ਸਿੰਘ ਉਸ ਦੇ ਵਕੀਲ ਹਨ ਪਰ ਹੁਣ ਉਨ੍ਹਾਂ ਨੇ ਐਡਵੋਕੇਟ ਰਾਜਦੇਵ ਸਿੰਘ ਖਾਲਸਾ ਲਈ ਮਿਲਣ ਦੀ ਆਗਿਆ ਮੰਗੀ ਹੈ। ਵਾਰ-ਵਾਰ ਵਕੀਲ ਬਦਲਣ ਕਾਰਨ ਇਸ ਬਾਰੇ ਗ੍ਰਹਿ ਵਿਭਾਗ ਕੋਲੋਂ ਹਦਾਇਤਾਂ ਲਈਆਂ ਜਾ ਰਹੀਆਂ ਹਨ।



# ਗੁਰਦੁਆਰਾ ਗੁਰੂ ਡਾਂਗਮਾਰ ਬਾਰੇ ਬਿਆਨ ਦਾ ਵਿਰੋਧ

**ਅੰਮ੍ਰਿਤਸਰ:** ਗੁਰਦੁਆਰਾ ਸ੍ਰੀ ਗੁਰੂ ਡਾਂਗਮਾਰ ਸਾਹਿਬ ਬਾਰੇ ਅਦਾਲਤ ਦਾ ਫੈਸਲਾ ਆਉਣ ਤੋਂ ਪਹਿਲਾਂ ਸਿੱਕਮ ਦੇ ਮੁੱਖ ਮੰਤਰੀ ਪ੍ਰੇਮ ਸਿੰਘ ਤਮਾਂਗ ਵੱਲੋਂ ਇਸ ਸਬੰਧੀ ਦਿੱਤੇ ਬਿਆਨ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਰੋਧ ਕੀਤਾ ਹੈ। ਇਸ ਦਾ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਨੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੂੰ ਤੁਰਤ ਦਖਲ ਦੇਣ ਦੀ ਅਪੀਲ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨੂੰ ਲਿਖੇ ਪੱਤਰ 'ਚ ਕਿਹਾ ਕਿ ਗੁਰਦੁਆਰਾ ਸ੍ਰੀ ਗੁਰੂ ਡਾਂਗਮਾਰ ਸਾਹਿਬ ਸਬੰਧੀ ਕੇਸ ਲੰਮੇ ਸਮੇਂ ਤੋਂ ਸਿੱਕਮ ਹਾਈ ਕੋਰਟ 'ਚ ਵਿਚਾਰ ਅਧੀਨ ਹੈ। ਅਦਾਲਤ ਨੇ ਇਸ ਕੇਸ ਦਾ ਫੈਸਲਾ ਸੁਰੱਖਿਅਤ ਰੱਖਿਆ ਹੋਇਆ ਹੈ, ਪਰ ਅਜਿਹੇ ਸਮੇਂ ਸਿੱਕਮ ਦੇ ਮੁੱਖ ਮੰਤਰੀ ਵੱਲੋਂ ਇਕ ਵਿਸ਼ੇਸ਼ ਭਾਈਚਾਰੇ ਦੇ ਹੱਕ 'ਚ ਬੋਲਣਾ ਕੇਸ ਨੂੰ ਪ੍ਰਭਾਵਿਤ ਕਰਨ ਵਾਲਾ ਬਿਆਨ ਹੈ। ਪੱਤਰ ਵਿਚ ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਦਾ ਇਹ ਬਿਆਨ ਸਥਾਨਕ ਭਾਈਚਾਰੇ ਦੇ ਲੋਕਾਂ ਨੂੰ ਸਿੱਖ ਭਾਈਚਾਰੇ ਵਿਰੁੱਧ ਭੜਕਾਉਣ ਵਾਲਾ ਹੈ। ਮੁੱਖ ਮੰਤਰੀ ਵੱਲੋਂ ਇਹ ਕਹਿਣਾ ਕਿ ਕਿਸੇ ਵੀ ਹਾਲਤ 'ਚ ਗੁਰਦੁਆਰਾ ਸਾਹਿਬ ਨੂੰ ਮੁੜ ਸਥਾਪਤ ਨਹੀਂ ਹੋਣ ਦਿੱਤਾ ਜਾਵੇਗਾ, ਅਦਾਲਤੀ ਪ੍ਰਕਿਰਿਆ ਦੀ ਵੱਡੀ ਉਲੰਘਣਾ ਹੈ, ਜੋ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਮੁੱਖ ਮੰਤਰੀ ਦਾ ਵੀਡੀਓ ਬਿਆਨ ਸਾਹਮਣੇ ਆਇਆ ਹੈ, ਜੋ ਸੰਕੇਤ ਦਿੰਦਾ ਕਿ ਉਨ੍ਹਾਂ ਦੀ ਸਰਕਾਰ ਇਸ ਕੇਸ ਨੂੰ ਸਿੱਖ ਭਾਈਚਾਰੇ ਦੇ ਵਿਰੁੱਧ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਜਦੋਂ ਕਿ ਇਕ ਰਾਜ ਦੇ ਮੁੱਖ ਮੰਤਰੀ ਹੋਣ ਦੇ ਨਾਤੇ ਸ੍ਰੀ ਤਮਾਂਗ ਨੂੰ ਸਾਰੇ ਭਾਈਚਾਰਿਆਂ ਨਾਲ ਇਕੋ ਜਿਹਾ ਵਿਹਾਰ ਕਰਦੇ ਹੋਏ ਇਨਸਾਫ਼ ਕਰਨਾ ਚਾਹੀਦਾ ਹੈ।



# ਸਿਵਲ ਸਕੱਤਰੇਤ 'ਚ ਦਰਬਾਰ ਸਾਹਿਬ ਦੀ ਤਸਵੀਰ ਲੋਕਾਂ ਨੂੰ ਸਮਰਪਿਤ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਸਿਵਲ ਸਕੱਤਰੇਤ ਵਿਖੇ ਸ੍ਰੀ ਦਰਬਾਰ ਸਾਹਿਬ ਦੀ ਨਵੀਂ ਲੱਗੀ ਤਸਵੀਰ ਨੂੰ ਲੋਕਾਂ ਨੂੰ ਸਮਰਪਿਤ ਕੀਤਾ। ਇੱਥੇ ਦਹਾਕਿਆਂ ਪਹਿਲਾਂ ਲੱਗੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਦੀ ਤਸਵੀਰ ਦੀ ਥਾਂ ਹੁਣ ਇਹ 29 ਫੁੱਟ ਲੰਮੀ ਤੇ 11 ਫੁੱਟ ਉੱਚੀ ਤਸਵੀਰ ਲਾਈ ਗਈ ਹੈ। ਇਹ ਤਸਵੀਰ ਵਿਸ਼ੇਸ਼ ਟਰਾਂਸਲਿਟ ਸ਼ੀਟ 'ਤੇ ਛਪੀ ਹੈ ਅਤੇ ਤਸਵੀਰ ਨੂੰ ਰੁਸ਼ਨਾਉਣ ਲਈ ਇਸ ਦੇ ਪਿੱਛੇ 150 ਐੱਲ.ਈ.ਡੀ. ਲਾਈਟਾਂ ਲਾਈਆਂ ਗਈਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਪੰਜਾਬੀਆਂ ਖ਼ਾਸ ਤੌਰ 'ਤੇ ਸਿੱਖਾਂ ਲਈ ਦੁਨੀਆ ਦਾ ਸਭ ਤੋਂ ਪਵਿੱਤਰ ਸਥਾਨ ਹੈ ਅਤੇ ਇਹ ਸਥਾਨ ਸਮੁੱਚੀ ਮਾਨਵਤਾ ਲਈ ਪ੍ਰੇਰਨਾ ਦਾ ਸਰੋਤ ਹੈ। ਇਹ ਪਾਵਨ ਸਥਾਨ ਸਾਨੂੰ ਹਮੇਸ਼ਾ ਤੋਂ ਆਪਣੇ ਫ਼ਰਜ਼ ਪੂਰੇ ਸਮਰਪਣ ਤੇ ਦਿਆਨਤਦਾਰੀ ਨਾਲ ਨਿਭਾਉਣ ਲਈ ਪ੍ਰੇਰਿਤ ਕਰਦਾ ਰਿਹਾ ਹੈ।



ਉਨ੍ਹਾਂ ਕਿਹਾ ਕਿ ਉਹ ਇੱਥੇ ਸਿਰਫ਼ ਤਸਵੀਰ ਨੂੰ ਲੋਕਾਂ ਨੂੰ ਸਮਰਪਿਤ ਕਰਨ ਲਈ ਨਹੀਂ ਆਏ, ਸਗੋਂ ਪਰਮਾਤਮਾ ਦਾ ਸ਼ੁਕਰਾਨਾ ਅਦਾ ਕਰਨ ਆਏ ਹਨ, ਜੋ ਸਾਨੂੰ ਸੂਬੇ ਦੀ ਸੇਵਾ ਕਰਨ ਦਾ ਬਲ ਬਖ਼ਸ਼ ਰਿਹਾ ਹੈ।

## ਨਵੇਂ ਸਿਲੇਬਸ 'ਚ ਸਿੱਖ ਧਰਮ ਨੂੰ ਸ਼ਾਮਲ ਕਰੇਗਾ ਕੈਨਕਟੀਕਟ

**ਵਾਸ਼ਿੰਗਟਨ:** ਅਮਰੀਕਾ ਵਿਚ 'ਕੈਨਕਟੀਕਟ ਸਟੇਟ ਬੋਰਡ ਆਫ ਐਜੂਕੇਸ਼ਨ' ਨੇ ਸਮਾਜਿਕ ਵਿਗਿਆਨ ਦੇ ਆਪਣੇ ਨਵੇਂ ਸਿਲੇਬਸ ਵਿਚ ਸਿੱਖ ਧਰਮ ਨੂੰ ਸ਼ਾਮਲ ਕਰਨ ਦਾ ਫੈਸਲਾ ਕੀਤਾ ਹੈ। ਇਹ ਪਹਿਲਕਦਮੀ ਕਨੈਕਟੀਕਟ ਦੇ 5,14,000 ਵਿਦਿਆਰਥੀਆਂ ਨੂੰ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਦੇਵੇਗੀ। ਸਿੱਖ ਭਾਈਚਾਰਾ ਲੰਮੇ ਸਮੇਂ ਤੋਂ ਆਪਣੇ ਧਰਮ ਨੂੰ ਪਾਠਕ੍ਰਮ ਦਾ ਹਿੱਸਾ ਬਣਾਉਣ ਦੀ ਮੰਗ ਕਰ ਰਿਹਾ ਸੀ।

# ਮਿਊਜ਼ੀਅਮ ਦਾ ਸ਼ਿੰਗਾਰ ਬਣੇਗਾ ਕੈਪਟਨ ਕਰਮਿੰਦਰ ਨੂੰ ਮਿਲਿਆ ਜਹਾਜ਼

**ਪਟਿਆਲਾ:** ਪੰਜਾਬ ਦੇ ਮੁੱਢਲੇ ਦੌਰ ਵਿਚ ਪਾਇਲਟਾਂ ਨੂੰ ਸਿਖਲਾਈ ਦੇਣ ਵਾਲੇ ਕੈਪਟਨ ਕਰਮਿੰਦਰ (ਕਾਮਿੰਦਰ) ਸਿੰਘ ਨੂੰ ਬਿਹਾਰ ਸਰਕਾਰ ਵੱਲੋਂ ਤੋਹਫੇ ਵਜੋਂ ਦਿੱਤਾ ਜਹਾਜ਼ 'ਚਿੱਪਮੰਕ' ਹੁਣ ਪਟਿਆਲਾ ਵਿਚ ਬਣਨ ਵਾਲੇ ਜਹਾਜ਼ਾਂ ਦੇ ਮਿਊਜ਼ੀਅਮ ਵਿਚ ਰੱਖਿਆ ਜਾਵੇਗਾ।

ਪਟਿਆਲਾ ਏਵੀਏਸ਼ਨ ਕਲੱਬ ਦੇ ਚੀਫ ਪਾਇਲਟ ਰਹੇ ਕੈਪਟਨ ਮਲਕੀਤ ਸਿੰਘ ਨੇ ਦੱਸਿਆ ਕਿ 'ਚਿੱਪਮੰਕ' ਡੀ ਹੈਵੀਲੈਂਡ ਕੈਨੇਡਾ ਦਾ ਹਵਾਬਾਜ਼ੀ ਪ੍ਰੋਜੈਕਟ ਸੀ। ਇਸ ਨੇ 22 ਮਈ 1946 ਨੂੰ ਆਪਣੀ ਪਹਿਲੀ ਉਡਾਣ ਭਰੀ। 1940 ਅਤੇ 1950 ਦੇ ਦਹਾਕੇ ਦੇ ਅਖੀਰ 'ਚ ਚਿੱਪਮੰਕ ਨੂੰ ਵੱਡੀ ਗਿਣਤੀ ਵਿਚ ਮਿਲਟਰੀ ਹਵਾਈ ਸੇਵਾਵਾਂ ਜਿਵੇਂ ਕਿ ਰਾਇਲ ਕੈਨੇਡੀਅਨ ਏਅਰ ਫੋਰਸ (ਆਰ.ਸੀ.ਏ.ਐਫ.), ਰਾਇਲ ਏਅਰ ਫੋਰਸ (ਆਰ.ਏ.ਐਫ.) ਅਤੇ ਕਈ ਹੋਰ ਦੇਸ਼ਾਂ ਜਿਵੇਂ ਕਿ ਭਾਰਤ ਦੀਆਂ ਹਵਾਈ ਸੈਨਾਵਾਂ ਵੱਲੋਂ ਖਰੀਦ ਕੇ ਵਰਤਿਆ ਗਿਆ। ਇਸ ਜਹਾਜ਼ ਨੂੰ ਭਾਰਤ ਵਿੱਚ ਹੋਰ ਕੰਮਾਂ ਦੇ ਨਾਲ-ਨਾਲ ਪਾਇਲਟਾਂ ਨੂੰ ਸਿਖਲਾਈ ਲਈ ਵਰਤਿਆ ਜਾਣ ਲੱਗਾ ਜਿਸ ਨੂੰ ਚੀਫ ਪਾਇਲਟ ਕੈਪਟਨ ਕਰਮਿੰਦਰ ਸਿੰਘ ਚਲਾਇਆ ਕਰਦੇ ਸਨ। ਉਨ੍ਹਾਂ ਸੰਜੇ ਗਾਂਧੀ ਸਣੇ ਕਈ ਸ਼ਾਹੀ ਪਰਿਵਾਰਾਂ ਨੂੰ ਜਹਾਜ਼ ਚਲਾਉਣੇ ਸਿਖਾਏ ਸਨ। ਉਨ੍ਹਾਂ ਬਿਹਾਰ ਦੇ ਮੁੱਖ ਮੰਤਰੀ, ਮੰਤਰੀਆਂ ਦੇ ਅਤੇ ਹੋਰ ਅਮੀਰ ਘਰਾਣਿਆਂ ਦੇ ਬੱਚਿਆਂ ਨੂੰ ਪਟਿਆਲਾ ਵਿਚ ਜਹਾਜ਼ ਚਲਾਉਣੇ ਸਿਖਾਏ। ਕਿਹਾ ਜਾਂਦਾ ਹੈ ਕਿ ਬਿਹਾਰ ਸਰਕਾਰ ਨੇ ਉਨ੍ਹਾਂ ਨੂੰ ਚਿੱਪਮੰਕ ਜਹਾਜ਼ ਤੋਹਫੇ ਵਜੋਂ ਦਿੱਤਾ ਸੀ। ਪੰਜਾਬ ਦੇ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਨਿਭਾਉਣ ਵਾਲੇ ਸ਼ਹਿਰੀ ਹਵਾਬਾਜ਼ੀ ਸਲਾਹਕਾਰ ਵਜੋਂ ਅਹੁਦਾ ਛੱਡਣ ਤੋਂ ਬਾਅਦ ਕਰਮਿੰਦਰ ਆਪਣੇ ਉੱਘੇ ਫਲਾਇੰਗ ਕਰੀਅਰ ਦੇ ਆਖਰੀ ਦਿਨਾਂ ਵਿਚ ਹਿੰਦੁਸਤਾਨ ਐਰੋਨਾਟਿਕਸ ਲਈ ਇਕ ਟੈੱਸਟ ਪਾਇਲਟ ਵਜੋਂ ਕੰਮ ਕਰ ਰਿਹਾ ਸੀ ਜੋ ਇਕ ਨਵਾਂ ਸਿਖਲਾਈ ਜਹਾਜ਼ ਤਿਆਰ ਕਰ ਰਿਹਾ ਸੀ। ਜਦੋਂ 80 ਦੇ ਦਹਾਕੇ ਵਿਚ ਬਰੇਲੀ ਵਿਚ ਰਾਸ਼ਟਰੀ ਫਲਾਇੰਗ ਅਕੈਡਮੀ ਸ਼ੁਰੂ ਹੋਈ ਸੀ ਤਾਂ ਉਹ ਇਸ ਪ੍ਰੋਜੈਕਟ ਦੇ ਸਲਾਹਕਾਰ ਸਨ। ਹਰਿਦੁਆਰ ਵਿਚ ਹਿੰਦੁਸਤਾਨ ਏਅਰੋਨੌਟਿਕਸ ਵੱਲੋਂ ਵਿਕਸਤ ਕੀਤੇ ਗਏ ਨਵੇਂ ਪ੍ਰੋਟੋਟਾਈਪ ਜਹਾਜ਼ ਦੀ ਟੈੱਸਟ ਉਡਾਣ ਦੌਰਾਨ ਕਰਮਿੰਦਰ ਸਿੰਘ ਦੀ ਮੌਤ ਹੋ ਗਈ। ਉਸ ਤੋਂ ਬਾਅਦ ਚਿੱਪਮੰਕ ਪੰਜਾਬ ਸਰਕਾਰ ਕੋਲ ਹੀ ਰਿਹਾ।



**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਇਜ਼ਰਾਈਲ-ਹਮਾਸ ਜੰਗ ਦੌਰਾਨ ਹਰ ਪਾਸੇ ਤਬਾਹੀ

**ਯੇਰੂਸ਼ਲਮ:** ਇਜ਼ਰਾਈਲ-ਹਮਾਸ ਜੰਗ ਦੌਰਾਨ ਹਰ ਪਾਸੇ ਤਬਾਹੀ ਹੀ ਤਬਾਹੀ ਨਜ਼ਰ ਆ ਰਹੀ ਹੈ। ਇਜ਼ਰਾਇਲੀ ਫੌਜ ਨੇ ਦੇਸ ਦੇ ਦੱਖਣੀ ਹਿੱਸੇ 'ਚ ਜ਼ਿਆਦਾਤਰ ਥਾਵਾਂ ਉਤੇ ਮੁੜ ਕਬਜ਼ਾ ਕਰਨ ਦਾ ਦਾਅਵਾ ਕਰਦਿਆਂ ਕਿਹਾ ਕਿ ਇਜ਼ਰਾਈਲ ਦੇ ਇਲਾਕੇ ਵਿਚੋਂ ਤਕਰੀਬਨ 1500 ਹਮਾਸ ਅਤਿਵਾਦੀਆਂ ਦੀਆਂ ਲਾਸ਼ਾਂ ਮਿਲੀਆਂ ਹਨ। ਇਜ਼ਰਾਈਲ ਦੇ ਸੂਤਰਾਂ ਮੁਤਾਬਕ ਅਚਨਚੇਤ ਹਮਲੇ ਤੋਂ ਬਾਅਦ ਜਾਰੀ ਜੰਗ ਦੌਰਾਨ ਸਰਹੱਦ ਉਤੇ ਪੂਰਾ ਕੰਟਰੋਲ ਹਾਸਲ ਕਰ ਲਿਆ ਗਿਆ ਹੈ। ਹੁਣ ਤੱਕ ਦੋਵਾਂ ਧਿਰਾਂ ਦੇ ਸੈਂਕੜੇ ਆਮ ਨਾਗਰਿਕ ਤੇ ਸੈਨਿਕ ਮਾਰੇ ਜਾ ਚੁੱਕੇ ਹਨ।

ਹਮਾਸ ਲੜਾਕਿਆਂ ਦੀ ਫੌਜੀ ਅਤੇ ਸ਼ਾਸਨ ਸਮਰੱਥਾ ਤਬਾਹ ਕਰਨ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਵੱਲੋਂ ਲਏ ਅਹਿਦ ਦਰਮਿਆਨ ਇਜ਼ਰਾਇਲੀ ਫੌਜ ਨੇ ਗਾਜ਼ਾ ਪੱਟੀ 'ਤੇ ਹਵਾਈ ਹਮਲੇ ਤੇਜ਼ ਕਰ ਦਿੱਤੇ। ਇਜ਼ਰਾਈਲ ਦੇ ਰੱਖਿਆ ਮੰਤਰੀ ਯੁਏਵ ਗੈਲੰਟ ਨੇ ਫੌਜ ਨੂੰ ਗਾਜ਼ਾ ਪੱਟੀ ਦੀ



ਮੁਕੰਮਲ ਘੇਰਾਬੰਦੀ ਦੇ ਹੁਕਮ ਦਿੱਤੇ ਹਨ। ਫਲਸਤੀਨੀ ਦਹਿਸ਼ਤੀ ਗੁੱਟ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ 130 ਇਜ਼ਰਾਇਲੀਆਂ ਨੂੰ ਬੰਦੀ ਬਣਾਇਆ ਹੈ। ਇਜ਼ਰਾਇਲੀ ਫੌਜ ਨੇ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਰਾਹੀਂ ਸੰਨ੍ਹ ਲਾਉਣ ਦੇ ਖਦਸ਼ਿਆਂ ਨੂੰ ਟਾਲਣ ਲਈ ਉਥੇ ਟੈਂਕ ਤਾਇਨਾਤ ਕਰਦਿਆਂ ਹਮਾਸ ਲੜਾਕਿਆਂ ਦੀ ਭਾਲ 'ਚ ਆਪਣੇ ਜਵਾਨਾਂ ਨੂੰ ਦੱਖਣ ਵੱਲ ਰਵਾਨਾ ਕਰ ਦਿੱਤਾ ਹੈ। ਉਧਰ ਹਮਾਸ ਦੇ ਲੜਾਕਿਆਂ ਨੇ ਵੀ ਇਜ਼ਰਾਈਲ 'ਤੇ ਰਾਕੇਟ ਦਾਗਣੇ ਜਾਰੀ ਰੱਖੇ ਹਨ ਜਿਸ ਨਾਲ ਯੇਰੂਸ਼ਲਮ ਤੋਂ ਲੈ ਕੇ ਤਲ ਅਵੀਵ ਤੱਕ ਹਵਾਈ ਹਮਲਿਆਂ ਪ੍ਰਤੀ ਅਲਰਟ ਕਰਨ ਵਾਲੇ ਸਾਇਰਨ ਵੱਜ ਰਹੇ ਹਨ। ਇਜ਼ਰਾਇਲੀ ਰੱਖਿਆ ਮੰਤਰੀ ਯੁਏਵ ਗੈਲੰਟ ਨੇ ਗਾਜ਼ਾ ਦੀ ਮੁਕੰਮਲ ਘੇਰਾਬੰਦੀ ਦੇ ਹੁਕਮ ਦਿੰਦਿਆਂ ਕਿਹਾ ਕਿ ਅਧਿਕਾਰੀ ਖਿੱਤੇ 'ਚ ਬਿਜਲੀ ਸਪਲਾਈ ਠੱਪ ਕਰ ਦੇਣ ਅਤੇ ਉਥੇ ਭੋਜਨ ਅਤੇ ਈਂਧਣ ਦੀ ਸਪਲਾਈ ਰੋਕ ਦੇਣ। ਫੌਜ ਦੇ ਮੁੱਖ ਤਰਜਮਾਨ ਰੀਅਰ ਐਡਮਿਰਲ ਡੈਨੀਅਲ ਹੇਗਾਰੀ ਨੇ ਦੱਸਿਆ ਕਿ ਇਜ਼ਰਾਈਲ ਦਾ ਸਰਹੱਦੀ ਫਿਰਕਿਆਂ 'ਚ ਪੂਰਾ ਕੰਟਰੋਲ ਹੈ।

ਹਮਾਸ ਵੱਲੋਂ ਇਜ਼ਰਾਈਲ 'ਤੇ ਕੀਤੇ ਗਏ ਹਮਲੇ 'ਚ ਥਾਈਲੈਂਡ ਦੇ 12 ਅਤੇ ਅਮਰੀਕਾ ਦੇ 9 ਨਾਗਰਿਕਾਂ ਦੀ ਮੌਤ ਹੋ ਗਈ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਨ੍ਹਾਂ ਦੇ ਕੁਝ ਨਾਗਰਿਕ ਇਜ਼ਰਾਈਲ 'ਚ ਲਾਪਤਾ ਹੋ ਸਕਦੇ ਹਨ। ਤਰਜਮਾਨ ਮੈਥਿਊ ਮਿਲਰ ਨੇ ਕਿਹਾ ਕਿ ਮੰਤਰਾਲਾ ਪਰਿਵਾਰਾਂ ਦੇ ਸੰਪਰਕ 'ਚ ਹੈ ਉਨ੍ਹਾਂ ਨੂੰ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ।

ਉਧਰ, ਇਜ਼ਰਾਈਲ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਵਿਰੋਧੀ ਧਿਰ ਦੇ ਆਗੂ ਯੇਅਰ ਲੈਪਿਡ ਨੇ ਯਹੂਦੀ ਮੁਲਕ ਨੂੰ ਹਮਾਇਤ ਦੇਣ ਲਈ ਭਾਰਤ ਦਾ ਧੰਨਵਾਦ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦਹਿਸ਼ਤੀ ਹਮਲੇ 'ਤੇ ਦੁੱਖ ਜਤਾਉਂਦਿਆਂ ਇਜ਼ਰਾਈਲ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਸੀ। ਲੈਪਿਡ ਨੇ ਕਿਹਾ ਕਿ ਇਜ਼ਰਾਈਲ ਯਕੀਨੀ ਬਣਾਏਗਾ ਕਿ ਹਮਾਸ ਵੱਲੋਂ ਮੁੜ 'ਕਤਲੇਆਮ' ਨਾ ਦੁਹਰਾਇਆ ਜਾ ਸਕੇ। ਯੂਰਪੀ ਯੂਨੀਅਨ ਕਮਿਸ਼ਨਰ ਓਲੀਵਰ ਵਰਹੇਲੀ ਨੇ ਕਿਹਾ ਕਿ ਇਜ਼ਰਾਈਲ ਖਿਲਾਫ ਹਮਾਸ ਵੱਲੋਂ ਕੀਤੇ ਗਏ ਦਹਿਸ਼ਤੀ ਹਮਲੇ ਮਗਰੋਂ ਫਲਸਤੀਨੀਆਂ ਲਈ ਸਾਰੀਆਂ ਅਦਾਇਗੀਆਂ ਫੌਰੀ ਰੋਕ ਦਿੱਤੀਆਂ ਗਈਆਂ ਹਨ। ਇਹ ਰਕਮ 69.1 ਕਰੋੜ ਯੂਰੋ ਬਣਦੀ ਹੈ। ਇਹ ਐਲਾਨ ਉਸ ਸਮੇਂ ਹੋਇਆ ਹੈ ਜਦੋਂ ਯੂਰਪੀ ਯੂਨੀਅਨ ਆਗੂਆਂ ਨੇ ਹਮਾਸ ਨੂੰ ਦਿੱਤੇ ਜਾਂਦੇ ਸਾਰੇ ਫੰਡਾਂ ਅਤੇ ਸੰਪਰਕਾਂ 'ਤੇ 16 ਸਾਲਾਂ ਲਈ ਰੋਕ ਲਾ ਦਿੱਤੀ ਹੈ।

## ਭਾਰਤੀ ਮੂਲ ਦੇ 3 ਨੌਜਵਾਨਾਂ ਨੂੰ ਕੈਦ

**ਲੰਡਨ:** ਲੈਸਟਰ ਵਿਚ ਬੀਤੇ ਸਾਲ ਔਰਤ ਨੂੰ ਆਪਣੀ ਕਾਰ ਵਿਚ ਚੜ੍ਹਨ ਲਈ ਮਜਬੂਰ ਕਰਨ ਵਾਲੇ ਭਾਰਤੀ ਮੂਲ ਦੇ ਤਿੰਨ ਜਣਿਆਂ ਨੂੰ 10-10 ਸਾਲ ਦੀ ਜੇਲ੍ਹ ਹੋਈ ਹੈ। ਅਜੈ ਡੋਪਲਪੁਡੀ (27), ਵਹਾਰ ਮੰਚਲਾ (24) ਅਤੇ ਰਾਣਾ ਯੇਲੰਬਾਈ (30), ਨੂੰ ਲੈਸਟਰ ਕਰਾਊਨ ਕੋਰਟ ਨੇ ਸਜ਼ਾ ਸੁਣਾਈ ਹੈ। ਇਨ੍ਹਾਂ ਨੂੰ ਔਰਤ ਨੂੰ ਅਗਵਾ ਕਰਨ ਦਾ ਦੋਸ਼ੀ ਕਰਾਰ ਦਿੱਤਾ ਗਿਆ ਸੀ। ਤਿੰਨਾਂ ਨੇ ਪਿਛਲੇ ਸਾਲ 16 ਜਨਵਰੀ ਪੀੜਤ ਆਪਣੀ ਔਡੀ ਚੜ੍ਹਾ ਲਿਆ; ਔਰਤ ਨੇ ਸਮਝਿਆ ਕਿ ਟੈਕਸੀ ਹੈ ਪਰ ਜਦੋਂ ਕਾਰ ਦੱਸੇ ਟਿਕਾਣੇ ਦੀ ਥਾਂ ਉਪਰੇ ਇਲਾਕੇ ਵੱਲ ਜਾਣ ਲੱਗੀ ਤਾਂ ਉਸ ਨੂੰ ਗੜਬੜ ਦਾ ਅਹਿਸਾਸ ਹੋਇਆ। ਮਗਰੋਂ ਉਸ ਨੂੰ 15 ਮੀਲ ਦੀ ਦੂਰ ਇਕਾਂਤ ਥਾਂ ਲਿਜਾਇਆ ਗਿਆ ਪਰ ਪੀੜਤ ਭੱਜਣ 'ਚ ਕਾਮਯਾਬ ਹੋ ਗਈ। ਪੁਲਿਸ ਨੇ ਜਾਂਚ ਦੌਰਾਨ ਮੁਲਜ਼ਮਾਂ ਦੀ ਪਛਾਣ ਕੀਤੀ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਸੀ।

## ਮੋਦੀ ਸਰਕਾਰ ਵੱਲੋਂ ਡੀ.ਏ.ਪੀ. ਸਪਲਾਈ 'ਚ ਕਾਣੀ ਵੰਡ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਡੀ.ਏ.ਪੀ. ਖਾਦ ਦੀ ਸਪਲਾਈ ਦੇਣ 'ਚ ਹੱਥ ਘੁੱਟਿਆ ਜਾ ਰਿਹਾ ਹੈ। ਵਿਧਾਨ ਸਭਾ ਚੋਣਾਂ ਵਾਲੇ ਸੂਬਿਆਂ ਨੂੰ ਪੰਜਾਬ ਦੇ ਮੁਕਾਬਲੇ ਡੀ.ਏ.ਪੀ. ਖਾਦ ਦੀ ਸਪਲਾਈ ਜ਼ਿਆਦਾ ਮਿਲ ਰਹੀ ਹੈ। ਆਉਂਦੇ ਦਿਨਾਂ ਵਿਚ ਪੰਜਾਬ ਨੂੰ ਡੀ.ਏ.ਪੀ .ਖਾਦ ਦੀ ਸਪਲਾਈ 'ਚ ਸੁਧਾਰ ਨਾ ਹੋਇਆ ਤਾਂ ਖਾਦ ਦਾ ਸੰਕਟ ਬਣ ਸਕਦਾ ਹੈ। ਸੂਤਰਾਂ ਅਨੁਸਾਰ ਹਰਿਆਣਾ, ਮੱਧ ਪ੍ਰਦੇਸ਼ ਅਤੇ ਰਾਜਸਥਾਨ ਨੂੰ ਪੰਜਾਬ ਦੇ ਮੁਕਾਬਲੇ ਵਧੇਰੇ ਰੈਕ ਦਿੱਤੇ ਜਾ ਰਹੇ ਹਨ।

ਇਸੇ ਤਰ੍ਹਾਂ ਪੰਜਾਬ ਵਿਚ ਖਾਦ ਸਪਲਾਈ ਦੀ ਵੰਡ 'ਚ ਕਟੌਤੀ ਹੋਣ ਕਰ ਕੇ ਪ੍ਰਾਈਵੇਟ ਖਾਦ ਡੀਲਰ ਸੰਘਰਸ਼ੀ ਰੌਂਅ ਵਿਚ ਦਿੱਖ ਰਹੇ ਹਨ। ਪੰਜਾਬ ਸਰਕਾਰ ਵੱਲੋਂ ਹੁਣ ਖਾਦ ਦੀ ਸਪਲਾਈ 'ਚ 80 ਫ਼ੀਸਦੀ ਹਿੱਸਾ ਪੇਂਡੂ ਸਹਿਕਾਰੀ ਸਭਾਵਾਂ ਨੂੰ ਅਤੇ 20 ਫ਼ੀਸਦੀ ਹਿੱਸਾ ਪ੍ਰਾਈਵੇਟ ਖਾਦ ਡੀਲਰਾਂ ਲਈ ਨਿਰਧਾਰਿਤ ਕੀਤਾ ਗਿਆ ਹੈ। ਪ੍ਰਾਈਵੇਟ ਖਾਦ ਡੀਲਰ ਆਖਦੇ ਹਨ ਕਿ ਉਨ੍ਹਾਂ ਨੂੰ ਪਹਿਲਾਂ ਦੀ ਤਰ੍ਹਾਂ 20 ਫ਼ੀਸਦੀ ਦੀ ਥਾਂ 40 ਫ਼ੀਸਦੀ ਹਿੱਸੇਦਾਰੀ ਦਿੱਤੀ ਜਾਵੇ।

ਐਤਕੀਂ ਸ਼ੁਰੂਆਤੀ ਦੌਰ 'ਚ ਜਦੋਂ ਡੀ.ਏ.ਪੀ. ਦੇ ਰੈਕ ਲੱਗਣੇ ਸ਼ੁਰੂ ਹੋਏ ਤਾਂ ਉਦੋਂ ਸਪਲਾਈ ਦਾ ਮੁੱਖ ਹਿੱਸਾ ਪ੍ਰਾਈਵੇਟ ਖਾਦ ਡੀਲਰਾਂ ਕੋਲ ਚਲਾ ਗਿਆ ਸੀ। ਹੁਣ ਨਵੀਂ ਸਪਲਾਈ ਵਾਲੀ ਖਾਦ ਸਹਿਕਾਰੀ ਸਭਾਵਾਂ ਵਿਚ ਜਾ ਰਹੀ ਹੈ। ਪੰਜਾਬ ਦੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦਾ ਕਹਿਣਾ ਸੀ ਕਿ ਜੇ ਕੋਈ ਖਾਦ ਡੀਲਰ ਜਬਰੀ ਕਿਸਾਨਾਂ ਨੂੰ ਖਾਦ ਨਾਲ ਹੋਰ ਉਤਪਾਦ ਦਿੰਦਾ ਹੈ ਤਾਂ ਉਸ ਦਾ ਕਿਸਾਨ ਸਬੂਤ ਦੇਣ, ਉਹ ਕਾਰਵਾਈ ਕਰਨਗੇ।

## ਪੰਜਾਬ ਪਾਣੀ ਦੀ ਮਲਕੀਅਤ ਦਾ ਦਾਅਵਾ ਪੇਸ਼ ਕਰੇ: ਮਾਨ

**ਫਤਹਿਗੜ੍ਹ ਸਾਹਿਬ:** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਦੀ ਕਿਸੇ ਵੀ ਸਰਕਾਰ ਨੇ ਪਾਣੀਆਂ ਦੀ ਕਾਨੂੰਨੀ ਮਲਕੀਅਤ ਦਾ ਦਾਅਵਾ ਨਹੀਂ ਕੀਤਾ ਜਿਸ ਕਾਰਨ ਹੀ ਇਹ ਮਸਲਾ ਲਗਾਤਾਰ ਉਠ ਰਿਹਾ ਹੈ।

ਉਨ੍ਹਾਂ ਕਿਹਾ ਕਿ ਕੌਮਾਂਤਰੀ ਰਾਇਪੇਰੀਅਨ ਕਾਨੂੰਨ ਅਨੁਸਾਰ ਜੋ ਦਰਿਆ, ਨਦੀਆਂ ਜਿਸ ਸੂਬੇ ਵਿਚ ਵਹਿੰਦੀਆਂ ਹਨ ਹਨ, ਉਸ ਪਾਣੀ ਉਤੇ ਰਾਇਪੇਰੀਅਨ ਕਾਨੂੰਨ ਅਨੁਸਾਰ ਉਸ ਸੂਬੇ ਦੀ ਕਾਨੂੰਨੀ ਮਲਕੀਅਤ 'ਤੇ ਹੱਕ ਹੁੰਦਾ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਦੀਆਂ ਪੰਜਾਬ ਦੀਆਂ ਸਰਕਾਰਾਂ ਜਾਂ ਉਨ੍ਹਾਂ ਦੇ ਮੁੱਖ ਮੰਤਰੀਆਂ ਨੇ ਸੂਬੇ ਵਿਚ ਵਹਿੰਦੇ ਸਤਲੁਜ, ਬਿਆਸ, ਰਾਵੀ ਦਰਿਆਵਾਂ ਦੇ ਪਾਣੀਆਂ ਦੀ ਮਲਕੀਅਤ ਉਤੇ ਦਾਅਵਾ ਹੀ ਪੇਸ਼ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਮੌਜੂਦਾ ਭਗਵੰਤ ਸਿੰਘ ਮਾਨ ਸਰਕਾਰ ਦਾ ਇਹ ਕਾਨੂੰਨੀ 'ਤੇ ਇਖਲਾਕੀ ਫਰਜ਼ ਬਣ ਜਾਂਦਾ ਹੈ ਕਿ ਉਹ ਸਭ ਤੋਂ ਪਹਿਲਾਂ ਪਾਣੀ ਦੀ ਮਲਕੀਅਤ ਦਾ ਦਾਅਵਾ ਪੇਸ਼ ਕਰੇ। ਉਨ੍ਹਾਂ ਕਿਹਾ ਕਿ ਕੇਂਦਰ ਵੱਲੋਂ ਪਾਣੀ ਖੋਹਣ ਲਈ ਦਿੱਤੇ ਗਏ ਐਵਾਰਡ ਉਪਰੰਤ ਬਣਾਏ ਟ੍ਰਿਬਿਊਨਲ ਦੀ ਕੋਈ ਮਹੱਤਤਾ ਨਹੀਂ ਹੈ ਕਿਉਂਕਿ ਰਾਇਪੇਰੀਅਨ ਕਾਨੂੰਨ ਅਨੁਸਾਰ ਪਾਣੀ ਦੀ ਮਲਕੀਅਤ ਦਾ ਹੱਕ ਪੰਜਾਬ ਦਾ ਹੈ ਜਿਸ ਨੂੰ ਕੇਂਦਰ ਦੇ ਹੁਕਮਰਾਨਾਂ ਨੇ ਅੱਜ ਤੱਕ ਪੰਜਾਬ ਨੂੰ ਅਣਗੌਲਿਆਂ ਕੀਤਾ ਹੋਇਆ ਹੈ।

## ਨਿਊਜ਼ਕਲਿੱਕ ਵਾਲਾ ਕੇਸ ਬੋਗਸ: ਪੁਰਕਾਇਸਥ

**ਨਵੀਂ ਦਿੱਲੀ:** ਚੀਨ ਪੱਖੀ ਪ੍ਰਾਪੇਗੰਡੇ ਦੇ ਪ੍ਰਚਾਰ ਪਾਸਾਰ ਲਈ ਕਥਿਤ ਪੈਸਾ ਹਾਸਲ ਕਰਨ ਦੇ ਦੋਸ਼ ਵਿਚ ਗ਼ੈਰਕਨੂੰਨੀ ਸਰਗਰਮੀਆਂ ਰੋਕੂ ਐਕਟ ਤਹਿਤ ਗ੍ਰਿਫਤਾਰ ਨਿਊਜ਼ਕਲਿੱਕ ਦੇ ਬਾਨੀ ਪ੍ਰਬੀਰ ਪੁਰਕਾਇਸਥ ਨੇ ਆਪਣੇ ਵਕੀਲ ਰਾਹੀਂ ਦਿੱਲੀ ਹਾਈ ਕੋਰਟ ਨੂੰ ਦੱਸਿਆ ਕਿ ਉਸ ਖਿਲਾਫ ਲੱਗੇ ਦੋਸ਼ 'ਝੂਠੇ' ਤੇ 'ਬੋਗਸ' ਹਨ ਤੇ 'ਚੀਨ ਤੋਂ ਇਕ ਪੈਸਾ ਵੀ ਨਹੀਂ ਆਇਆ'।

ਉਧਰ ਤਫਤੀਸ਼ੀ ਏਜੰਸੀ ਨੇ ਨਿਊਜ਼ ਪੋਰਟਲ ਖਿਲਾਫ ਕਾਰਵਾਈ ਦਾ ਬਚਾਅ ਕਰਦਿਆਂ ਦਾਅਵਾ ਕੀਤਾ ਕਿ ਦੇਸ਼ ਦੀ ਸਥਿਰਤਾ ਤੇ ਪ੍ਰਭੂਸੱਤਾ ਨਾਲ ਸਮਝੌਤੇ ਨੂੰ ਯਕੀਨੀ ਬਣਾਉਣ ਲਈ ਨਿਊਜ਼ਕਲਿੱਕ ਨੇ ਚੀਨ ਵਿਚ ਇਕ ਵਿਅਕਤੀ ਕੋਲੋਂ 75 ਕਰੋੜ ਰੁਪਏ ਹਾਸਲ ਕੀਤੇ ਸਨ। ਜਸਟਿਸ ਤੁਸ਼ਾਰ ਕਿਸ਼ੋਰ ਗੇਡੇਲਾ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਮਗਰੋਂ ਪੁਰਕਾਇਸਥ ਤੇ ਨਿਊਜ਼ ਪੋਰਟਲ ਦੇ ਮਨੁੱਖੀ ਵਸੀਲਾ ਵਿਭਾਗ ਦੇ ਮੁਖੀ ਅਮਿਤ ਚੱਕਰਵਰਤੀ ਵੱਲੋਂ ਦਾਇਰ ਪਟੀਸ਼ਨਾਂ 'ਤੇ ਫੈਸਲਾ ਰਾਖਵਾਂ ਰੱਖ ਲਿਆ। ਕੋਰਟ ਨੇ ਕਿਹਾ ਕਿ ਮੁਲਜ਼ਮਾਂ ਦਾ ਹੋਰ ਰਿਮਾਂਡ ਉਸ ਦੇ ਹੁਕਮਾਂ 'ਤੇ ਅਧਾਰਿਤ ਹੋਵੇਗਾ। ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਪੁਰਕਾਇਸਥ ਤੇ ਚੱਕਰਵਰਤੀ ਨੂੰ 3 ਅਕਤੂਬਰ ਨੂੰ ਗ੍ਰਿਫਤਾਰ ਕੀਤਾ ਸੀ। ਦੋਵਾਂ ਨੇ ਪਿਛਲੇ ਹਫਤੇ ਹਾਈ ਕੋਰਟ ਦਾ ਰੁਖ ਕਰਦਿਆਂ ਆਪਣੀ ਗ੍ਰਿਫਤਾਰੀ ਤੇ ਪੁਲਿਸ ਹਿਰਾਸਤ ਨੂੰ ਚੁਣੌਤੀ ਦਿੰਦਿਆਂ ਅੰਤਰਿਮ ਰਾਹਤ ਵਜੋਂ ਫੌਰੀ ਰਿਹਾਈ ਮੰਗੀ ਸੀ।

## ਐਸ.ਵਾਈ.ਐਲ.- ਸਿਆਸੀ ਧਿਰਾਂ ਦੀ ਅਦਾਲਤ ਵਿਚ ਬੋਲੀ ਹੋਰ, ਬਾਹਰ ਹੋਰ

*(ਪਹਿਲੇ ਸਫੇ ਦੀ ਬਾਕੀ)*

ਸਰਕਾਰ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਵੀ ਦਾਇਰ ਕੀਤੀ ਸੀ ਜਿਸ ਨੂੰ ਕਾਂਗਰਸ ਦੀ ਦਰਬਾਰਾ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ ਵਾਪਸ ਲੈ ਲਿਆ ਸੀ। 2004 ਵਿਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ 'ਪੰਜਾਬ ਟਰਮੀਨੇਸ਼ਨ ਆਫ ਐਗਰੀਮੈਂਟਸ ਐਕਟ' ਪਾਸ ਕਰ ਕੇ ਪਾਣੀਆਂ ਦੀ ਵੰਡ ਸਬੰਧੀ ਸਾਰੇ ਸਮਝੌਤੇ ਰੱਦ ਕਰ ਦਿੱਤੇ ਸਨ। ਫਿਰ 2016 ਵਿਚ ਬਾਦਲ ਸਰਕਾਰ ਨੇ ਵਿਧਾਨ ਸਭਾ 'ਚ ਮਤਾ ਪਾਸ ਕਰ ਕੇ ਐਸ.ਵਾਈ.ਐਲ. ਲਈ ਐਕੁਆਇਰ ਜ਼ਮੀਨ ਨੂੰ ਡੀਨੋਟੀਫਾਈ ਕਰਦਿਆਂ ਤਕਰੀਬਨ 45 ਹਜ਼ਾਰ ਏਕੜ ਜ਼ਮੀਨ ਕਿਸਾਨਾਂ ਨੂੰ ਵਾਪਸ ਕਰ ਦਿੱਤੀ ਸੀ।

ਹੁਣ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਇਸ ਵਿਵਾਦ ਦੇ ਹੱਲ ਲਈ ਸਰਗਰਮ ਭੂਮਿਕਾ ਨਿਭਾਉਣ ਦਾ ਆਦੇਸ਼ ਦਿੱਤਾ ਹੈ। ਕੇਂਦਰ ਸਰਕਾਰ ਚੰਗੀ ਤਰ੍ਹਾਂ ਜਾਣਦੀ ਹੈ ਕਿ ਇਹ ਮਸਲਾ 1980ਵਿਆਂ ਵਿਚ ਵੱਡੇ ਵਿਵਾਦ ਦਾ ਕਾਰਨ ਬਣਿਆ। ਇਸ ਤਰ੍ਹਾਂ ਨਹਿਰੀ ਪਾਣੀਆਂ ਦੀ ਵੰਡ ਦਾ ਮਸਲਾ ਵੱਡੇ ਇਤਿਹਾਸਕ ਦੁਖਾਂਤ ਨਾਲ ਜੁੜਿਆ ਹੋਇਆ ਹੈ। ਦੂਸਰੇ ਪਾਸੇ ਇਹ ਵੀ ਇਤਿਹਾਸਕ ਤੱਥ ਹੈ ਕਿ ਇਹ ਨਹਿਰ ਲਗਭਗ ਤਿੰਨ ਦਹਾਕੇ ਨਹੀਂ ਬਣੀ; ਇਸ ਸਮੇਂ ਵਿਚ ਹਰਿਆਣੇ ਵਿਚ ਖੇਤੀ ਖੇਤਰ ਪ੍ਰਫੁਲਿਤ ਹੁੰਦਾ ਰਿਹਾ ਹੈ। ਇਸ ਤਰ੍ਹਾਂ ਸਥਿਤੀ ਇਹ ਉੱਭਰਦੀ ਹੈ ਕਿ ਨਾ ਤਾਂ ਪੰਜਾਬ ਕੋਲ ਦੇਣ ਲਈ ਪਾਣੀ ਹੈ ਅਤੇ ਨਾ ਹੀ ਹਰਿਆਣੇ ਵਿਚ ਖੇਤੀ ਖੇਤਰ ਵਿਚ ਅਜਿਹੀ ਸਥਿਤੀ ਹੈ ਕਿ ਇਸ ਨਹਿਰ ਦੇ ਪਾਣੀ ਤੋਂ ਬਿਨਾ ਉਨ੍ਹਾਂ ਦਾ ਕੰਮ ਨਹੀਂ ਚੱਲ ਸਕਦਾ।

ਚੇਤੇ ਰਹੇ ਕਿ ਪੰਜਾਬ ਵਿਚ ਪਹਿਲਾਂ ਹੀ ਨਹਿਰੀ ਪਾਣੀ ਲੋੜ ਨਾਲੋਂ ਘੱਟ ਹੈ ਅਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ। ਇਸੇ ਕਰ ਕੇ ਸੂਬੇ ਦੇ 153 ਵਿਚੋਂ 117 ਬਲਾਕ (76.5 ਫੀਸਦੀ ਬਲਾਕ) ਡਾਰਕ ਜ਼ੋਨ ਵਿਚ ਚਲੇ ਗਏ ਹਨ। ਇਸ ਸਮੇਂ ਸੂਬੇ ਵਿਚ ਧਰਤੀ ਹੇਠੋਂ ਪਾਣੀ 100 ਫੀਸਦੀ ਤੋਂ ਵੱਧ ਕੱਢਿਆ ਜਾ ਰਿਹਾ ਹੈ। ਹਾਲਾਂਕਿ ਗੁਆਂਢੀ ਸੂਬੇ ਹਰਿਆਣਾ 'ਚ ਸਿਰਫ 143 ਵਿਚੋਂ 88 ਬਲਾਕ (61.5 ਫੀਸਦੀ) ਖਤਰੇ ਦੀ ਸਥਿਤੀ 'ਚ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਹਰਿਆਣਾ 'ਚ ਪਾਣੀ ਦੀ ਮੌਜੂਦਾ ਸਥਿਤੀ ਪੰਜਾਬ ਨਾਲੋਂ ਬਿਹਤਰ ਹੈ।

ਮੌਜੂਦਾ ਸਥਿਤੀ ਸਾਫ ਇਸ਼ਾਰਾ ਕਰ ਰਹੀ ਹੈ ਕਿ ਪਾਣੀਆਂ ਦਾ ਇਹ ਮਸਲਾ ਸਿਆਸੀ ਮੁਫਾਦਾਂ ਲਈ ਵੱਧ ਉਭਾਰਿਆ ਜਾਂਦਾ ਰਿਹਾ ਹੈ। ਅਗਾਮੀ ਲੋਕ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਧਿਰਾਂ ਇਸ ਮਸਲੇ ਨੂੰ ਫਿਰ ਲਲਚਾਈਆਂ ਨਜ਼ਰਾਂ ਨਾਲ ਵੇਖ ਰਹੀਆਂ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਗੁਰਵੀਰ ਸਿੰਘ ਗਿੱਲ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਜਸਕਰਨ ਸਿੰਘ ਧਾਲੀਵਾਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਅਮਰੀਕ ਸਿੰਘ (ਅਮਰ ਕਾਰਪੇਟ) |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਅਵਤਾਰ ਸਿੰਘ ਸਪਰਿੰਗਫੀਲਡ | ਜਸਵਿੰਦਰ ਸਿੰਘ (ਜੱਸੀ) ਗਿੱਲ |

# ਏਸ਼ਿਆਈ ਖੇਡਾਂ 'ਚ ਛਾ ਗਏ ਪੰਜਾਬੀ, 72 ਸਾਲਾਂ ਦਾ ਰਿਕਾਰਡ ਤੋੜਿਆ

**ਚੰਡੀਗੜ੍ਹ:** ਹਾਂਗਜ਼ੂ ਵਿਚ ਸਮਾਪਤ ਹੋਈਆਂ ਏਸ਼ਿਆਈ ਖੇਡਾਂ 'ਚ ਜਿੱਥੇ ਭਾਰਤ ਨੇ ਕੁੱਲ 107 ਤਗਮੇ (28 ਸੋਨੇ, 38 ਚਾਂਦੀ ਤੇ 41 ਕਾਂਸੀ) ਜਿੱਤ ਕੇ ਤਗਮਾ ਸੂਚੀ 'ਚ ਚੌਥਾ ਸਥਾਨ ਹਾਸਲ ਕੀਤਾ ਹੈ, ਉੱਥੇ ਹੀ ਪੰਜਾਬ ਦੇ 33 ਖਿਡਾਰੀਆਂ ਨੇ ਇਨ੍ਹਾਂ ਖੇਡਾਂ 'ਚ 72 ਵਰ੍ਹਿਆਂ ਦੇ ਸਾਰੇ ਰਿਕਾਰਡ ਤੋੜਦਿਆਂ ਕੁੱਲ 19 ਤਗਮੇ (8 ਸੋਨੇ, 6 ਚਾਂਦੀ ਤੇ 5 ਕਾਂਸੀ) ਪੰਜਾਬ ਦੀ ਝੋਲੀ ਪਾਏ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਏਸ਼ਿਆਈ ਖੇਡਾਂ ਦੇ 72 ਵਰ੍ਹਿਆਂ ਦੇ ਇਤਿਹਾਸ 'ਚ ਪੰਜਾਬ ਦੇ ਖਿਡਾਰੀਆਂ ਨੇ ਇਸ ਤੋਂ ਪਹਿਲਾਂ ਸਭ ਤੋਂ ਵੱਧ ਸੋਨ ਤਗਮੇ 1951 'ਚ ਨਵੀਂ ਦਿੱਲੀ ਤੇ 1962 'ਚ ਜਕਾਰਤਾ 'ਚ 7-7 ਸੋਨ ਤਗਮੇ ਜਿੱਤੇ ਸਨ। ਇਸ ਵਾਰ ਇਹ ਰਿਕਾਰਡ ਤੋੜਦਿਆਂ ਪੰਜਾਬ ਦੇ ਖਿਡਾਰੀਆਂ ਨੇ 8 ਸੋਨ ਤਗਮੇ ਜਿੱਤ ਲਏ ਹਨ। ਇਸ ਤੋਂ ਇਲਾਵਾ ਪੰਜਾਬੀ ਖਿਡਾਰੀਆਂ ਨੇ ਕੁੱਲ ਸਭ ਤੋਂ ਵੱਧ 15 ਤਗਮੇ 1951 'ਚ ਨਵੀਂ ਦਿੱਲੀ 'ਚ ਜਿੱਤੇ ਸਨ। ਇਸ ਵਾਰ ਕੁੱਲ 19 ਤਗਮੇ ਜਿੱਤੇ ਹਨ। ਇਸ ਦੌਰਾਨ ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਏਸ਼ਿਆਈ ਖੇਡਾਂ 'ਚ ਭਾਰਤੀ ਖੇਡ ਦਲ ਤੇ ਪੰਜਾਬੀ ਖਿਡਾਰੀਆਂ ਨੂੰ



ਮੁਬਾਰਕਬਾਦ ਦਿੰਦਿਆਂ ਕਿਹਾ ਕਿ ਖੇਡਾਂ ਦੇ ਵੱਡੇ ਮੰਚ 'ਤੇ ਖਿਡਾਰੀਆਂ ਨੇ ਆਪਣੀ ਮਿਹਨਤ ਦੇ ਬਲਬੂਤੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ।

ਖੇਡ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਸਿਫ਼ਤ ਕੌਰ ਸਮਰਾ ਨੇ ਨਿਸ਼ਾਨੇਬਾਜ਼ੀ 'ਚ ਇਕ ਸੋਨੇ ਤੇ ਇਕ ਚਾਂਦੀ ਦਾ ਤਗਮਾ ਦਾ ਜਿੱਤਿਆ ਹੈ। ਉਨ੍ਹਾਂ ਕਿਹਾ ਕਿ ਹਰਮਨਪ੍ਰੀਤ ਕੌਰ (ਕਪਤਾਨ), ਕਨਿਕਾ ਆਹੂਜਾ ਤੇ ਅਮਨਜੋਤ ਕੌਰ ਨੇ ਮਹਿਲਾ ਕ੍ਰਿਕਟ, ਤੇਜਿੰਦਰ ਪਾਲ ਸਿੰਘ ਤੂਰ ਨੇ ਸ਼ਾਟਪੁੱਟ, ਅਰਜੁਨ ਸਿੰਘ ਚੀਮਾ ਤੇ ਜ਼ੋਰਾਵਾਰ ਸਿੰਘ ਸੰਧੂ ਨੇ ਨਿਸ਼ਾਨੇਬਾਜ਼ੀ, ਪ੍ਰਨੀਤ ਕੌਰ ਨੇ ਤੀਰਅੰਦਾਜ਼ੀ, ਹਰਮਨਪ੍ਰੀਤ ਸਿੰਘ (ਕਪਤਾਨ), ਹਾਰਦਿਕ ਸਿੰਘ (ਵਾਈਸ ਕਪਤਾਨ), ਮਨਪ੍ਰੀਤ ਸਿੰਘ, ਮਨਦੀਪ ਸਿੰਘ, ਵਰੁਣ ਕੁਮਾਰ, ਗੁਰਜੰਟ ਸਿੰਘ, ਸ਼ਮਸ਼ੇਰ ਸਿੰਘ, ਜਰਮਨਪ੍ਰੀਤ ਸਿੰਘ ਬੱਲ, ਕ੍ਰਿਸ਼ਨ ਬਹਾਦਰ ਪਾਠਕ ਤੇ ਸੁਖਜੀਤ ਸਿੰਘ ਨੇ ਪੁਰਸ਼ ਹਾਕੀ ਤੇ ਅਰਸ਼ਦੀਪ ਸਿੰਘ ਤੇ ਪ੍ਰਭਸਿਮਰਨ ਸਿੰਘ ਨੇ ਪੁਰਸ਼ ਕ੍ਰਿਕਟ 'ਚ ਸੋਨੇ ਦਾ ਤਗਮਾ ਜਿੱਤਿਆ ਹੈ।

ਇਸੇ ਤਰ੍ਹਾਂ ਹਰਮਿਲਨ ਬੈਂਸ ਨੇ 800 ਮੀਟਰ ਤੇ 1500 ਮੀਟਰ 'ਚ ਦੋ ਚਾਂਦੀ ਤੇ ਜਸਵਿੰਦਰ ਸਿੰਘ ਨੇ ਰੋਇੰਗ 'ਚ ਇਕ ਚਾਂਦੀ ਤੇ ਇਕ ਕਾਂਸੀ ਦਾ ਤਗਮਾ ਜਿੱਤਿਆ। ਧਰੁਵ ਕਪਿਲਾ ਨੇ ਬੈਡਮਿੰਟਨ ਟੀਮ ਤੇ ਰਾਜੇਸ਼ਵਰੀ ਕੁਮਾਰੀ ਨੇ ਟਰੈਪ ਨਿਸ਼ਾਨੇਬਾਜ਼ੀ ਵਿਚ ਚਾਂਦੀ ਦਾ ਤਗਮਾ ਜਿੱਤਿਆ ਹੈ। ਇਸੇ ਤਰ੍ਹਾਂ ਵਿਜੈਵੀਰ ਸਿੱਧੂ ਨੇ ਨਿਸ਼ਾਨੇਬਾਜ਼ੀ, ਸਤਨਾਮ ਸਿੰਘ, ਸੁਖਮੀਤ ਸਿੰਘ ਤੇ ਚਰਨਜੀਤ ਸਿੰਘ ਨੇ ਰੋਇੰਗ, ਮੰਜੂ ਰਾਣੀ ਨੇ ਪੈਦਲ ਦੌੜ ਤੇ ਸਿਮਰਨਜੀਤ ਕੌਰ ਨੇ ਤੀਰਅੰਦਾਜ਼ੀ 'ਚ ਕਾਂਸੀ ਦਾ ਤਗਮਾ ਜਿੱਤਿਆ ਹੈ।

### ਪੰਜਾਬ ਲਈ ਮਾਣ ਵਾਲੀ ਗੱਲ: ਮੀਤ ਹੇਅਰ

**ਚੰਡੀਗੜ੍ਹ:** ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਪੰਜਾਬ ਲਈ ਮਾਣ ਵਾਲੀ ਗੱਲ ਹੈ ਕਿ ਏਸ਼ਿਆਈ ਖੇਡਾਂ ਦੇ 72 ਸਾਲਾਂ ਇਤਿਹਾਸ ਵਿਚ ਪੰਜਾਬ ਦੇ ਖਿਡਾਰੀਆਂ ਨੇ ਇਸ ਵਾਰ ਹਾਂਗਜ਼ੂ ਵਿਚ ਆਪਣਾ ਸਰਵੋਤਮ ਪ੍ਰਦਰਸ਼ਨ ਕਰਦਿਆਂ ਕੁੱਲ 16 ਤਗਮੇ ਜਿੱਤ ਲਏ ਹਨ ਜਦੋਂਕਿ ਪੁਰਸ਼ ਹਾਕੀ ਤੇ ਕ੍ਰਿਕਟ ਦੇ ਮੁਕਾਬਲੇ ਹਾਲੇ ਬਾਕੀ ਹਨ। ਇਸ ਤੋਂ ਪਹਿਲਾਂ ਪੰਜਾਬ ਦੇ ਖਿਡਾਰੀਆਂ ਨੇ 1951 ਵਿਚ ਨਵੀਂ ਦਿੱਲੀ ਵਿਚ ਪਹਿਲੀਆਂ ਏਸ਼ਿਆਈ ਖੇਡਾਂ ਵਿਚ ਕੁੱਲ 15 ਤਗਮੇ ਜਿੱਤੇ ਸਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਨਿਰਦੇਸ਼ਾਂ ਉੱਤੇ ਬਣੀ ਨਵੀਂ ਖੇਡ ਨੀਤੀ ਤਹਿਤ ਪੰਜਾਬ ਸਰਕਾਰ ਵੱਲੋਂ ਪਹਿਲੀ ਵਾਰ ਤਿਆਰੀ ਲਈ ਇਨਾਮੀ ਰਾਸ਼ੀ ਦਿੱਤੀ ਗਈ ਜਿਸ ਤਹਿਤ 58 ਖਿਡਾਰੀਆਂ ਨੂੰ 8 ਲੱਖ ਰੁਪਏ ਪ੍ਰਤੀ ਖਿਡਾਰੀ ਦੇ ਹਿਸਾਬ ਨਾਲ ਕੁੱਲ 4.64 ਕਰੋੜ ਰੁਪਏ ਦਿੱਤੇ ਗਏ ਹਨ।

## ਸਾਡੇ ਯਤਨਾਂ ਸਦਕਾ ਹੀ ਸ਼੍ਰੋਮਣੀ ਕਮੇਟੀ ਚੋਣਾਂ ਦੀ ਪ੍ਰਕਿਰਿਆ ਸ਼ੁਰੂ ਹੋਈ: ਮਾਨ



**ਫ਼ਤਹਿਗੜ੍ਹ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਤਕਰੀਬਨ 12 ਸਾਲਾਂ ਤੋਂ ਸਿੱਖ ਕੌਮ ਨਾਲ ਸਬੰਧਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨਹੀਂ ਕਰਵਾਈਆਂ ਜਾ ਰਹੀਆਂ ਸਨ। ਇਸ ਸਬੰਧੀ ਉਨ੍ਹਾਂ ਦੀ ਪਾਰਟੀ ਲੰਬੇ ਸਮੇਂ ਤੋਂ ਸੰਘਰਸ਼ ਕਰਦੀ ਆ ਰਹੀ ਹੈ। ਪਾਰਟੀ ਦੇ ਯਤਨਾਂ ਸਦਕਾ ਹੀ ਪੰਜਾਬ ਸਰਕਾਰ ਅਤੇ ਗੁਰਦੁਆਰਾ ਚੋਣ ਕਮਿਸ਼ਨ ਨੂੰ ਚੋਣਾਂ ਕਰਵਾਉਣ ਦੀ ਪ੍ਰਕਿਰਿਆ ਸ਼ੁਰੂ ਕਰਨੀ ਪਈ। ਉਨ੍ਹਾਂ ਕਿਹਾ ਕਿ 21 ਅਕਤੂਬਰ ਤੋਂ ਇਹ ਚੋਣ ਪ੍ਰਕਿਰਿਆ ਵੋਟਾਂ ਬਣਨ ਦਾ ਅਮਲ ਸ਼ੁਰੂ ਹੋ ਰਿਹਾ ਹੈ ਤਾਂ ਹਰ ਸਿੱਖ ਦਾ ਫ਼ਰਜ਼ ਬਣ ਜਾਂਦਾ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਵੋਟ ਬਣਾਉਣ।

# ਗੱਠਜੋੜ ਟੁੱਟਣ ਪਿੱਛੋਂ ਸ਼੍ਰੋਮਣੀ ਕਮੇਟੀ ਦੀ ਕੇਂਦਰ ਤੱਕ ਪਹੁੰਚ ਕਮਜ਼ੋਰ ਪਈ

**ਅੰਮ੍ਰਿਤਸਰ:** ਅਕਾਲੀ ਭਾਜਪਾ ਗੱਠਜੋੜ ਟੁੱਟਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਅੰਤਰਰਾਜੀ ਸਿੱਖ ਮਾਮਲੇ ਹੱਲ ਕਰਵਾਉਣ ਵਿਚ ਕਮਜ਼ੋਰ ਪਈ ਹੈ। ਇਸ ਦਾ ਸਿੱਟਾ ਹੈ ਕਿ ਕਈ ਸੂਬਿਆਂ ਵਿਚ ਗੁਰਦੁਆਰਿਆਂ ਦੇ ਮਾਮਲੇ ਲਟਕ ਰਹੇ ਅਤੇ ਜੇਲ੍ਹਾਂ ਵਿਚੋਂ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਨੂੰ ਵੀ ਅਣਡਿੱਠਾ ਕਰ ਦਿੱਤਾ ਗਿਆ। ਕਿਸਾਨ ਅੰਦੋਲਨ ਵੇਲੇ ਸ਼੍ਰੋਮਣੀ ਅਕਾਲੀ ਦਲ ਕਿਸਾਨਾਂ ਦੇ ਹੱਕ ਵਿਚ ਨਿੱਤਰਿਆ ਸੀ ਅਤੇ ਕਿਸਾਨਾਂ ਦੇ ਮਾਮਲੇ ਵਿਚ ਕੇਂਦਰ ਸਰਕਾਰ ਦੇ ਫੈਸਲੇ ਦਾ ਵਿਰੋਧ ਕੀਤਾ ਸੀ। ਇਸ ਦੇ ਸਿੱਟੇ ਵਜੋਂ ਅਕਾਲੀ ਭਾਜਪਾ ਗੱਠਜੋੜ ਟੁੱਟ ਗਿਆ ਸੀ। ਇਹ ਗੱਠਜੋੜ ਟੁੱਟਣ ਅਤੇ ਹਰਸਿਮਰਤ ਕੌਰ ਬਾਦਲ ਵੱਲੋਂ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫਾ ਦਿੱਤੇ ਜਾਣ ਕਾਰਨ ਸ਼੍ਰੋਮਣੀ ਅਕਾਲੀ ਦਲ ਦਾ ਕੇਂਦਰ ਸਰਕਾਰ ਵਿਚਲਾ ਮਜ਼ਬੂਤ ਆਧਾਰ ਖਤਮ ਹੋ ਗਿਆ ਸੀ। ਇਸ ਦਾ ਅਸਰ ਹੁਣ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਭਾਵ ਵਾਲੀ ਸ਼੍ਰੋਮਣੀ ਕਮੇਟੀ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਗੱਠਜੋੜ ਟੁੱਟਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਕੇਂਦਰ ਸਰਕਾਰ ਤੱਕ ਪਹੁੰਚ ਵੀ ਕਮਜ਼ੋਰ ਪਈ ਹੈ। ਸਿੱਖ ਕੈਦੀਆਂ ਦੀ ਰਿਹਾਈ, ਜਿਨ੍ਹਾਂ ਬਾਰੇ ਕੇਂਦਰ ਸਰਕਾਰ ਵੱਲੋਂ ਐਲਾਨ ਵੀ ਕੀਤਾ ਜਾ ਚੁੱਕਿਆ ਸੀ, ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਨੂੰ ਮਿਲਣ ਲਈ ਕਈ ਵਾਰ ਸਮਾਂ ਮੰਗਿਆ ਗਿਆ ਪਰ ਇਸ ਸਬੰਧੀ ਪੱਤਰਾਂ ਦਾ ਕੇਂਦਰ ਸਰਕਾਰ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਦਸਤਖਤੀ ਮੁਹਿੰਮ ਵੀ ਚਲਾਈ ਗਈ ਸੀ, ਜਿਸ ਵਿਚ ਲੱਖਾਂ ਦੀ ਗਿਣਤੀ ਵਿਚ ਪੰਜਾਬ ਸਣੇ ਦੇਸ ਭਰ ਅਤੇ ਵਿਦੇਸ਼ਾਂ ਵਿਚੋਂ ਵੀ ਸਿੱਖਾਂ ਦੇ ਦਸਤਖ਼ਤ ਕਰਵਾਏ ਗਏ। ਇਸ ਮੰਗ ਸਬੰਧੀ ਪ੍ਰੋਫਾਰਮੇ ਰਾਜਪਾਲ ਰਾਹੀਂ ਕੇਂਦਰ ਸਰਕਾਰ ਨੂੰ ਭੇਜੇ ਗਏ ਪਰ ਇਹ ਮਾਮਲਾ ਜਿਵੇਂ ਦਾ ਤਿਵੇਂ ਹੈ। ਇਸੇ ਤਰ੍ਹਾਂ ਗੁਰਦੁਆਰਾ ਗਿਆਨ ਗੋਦੜੀ ਹਰਿਦੁਆਰ, ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਤਪ ਅਸਥਾਨ ਮੇਚੁਕਾ, ਅਰੁਣਾਚਲ ਪ੍ਰਦੇਸ ਅਤੇ ਗੁਰਦੁਆਰਾ ਡਾਂਗਮਾਰ ਦਾ ਮਾਮਲਾ ਜਿਵੇਂ ਦਾ ਤਿਵੇਂ ਲਟਕ ਰਿਹਾ। ਹਰਿਆਣਾ ਵਿਚ ਭਾਜਪਾ ਸਰਕਾਰ ਦੇ ਹੁੰਦਿਆਂ ਉੱਥੇ ਵੱਖਰੀ ਸਿੱਖ ਗੁਰਦੁਆਰਾ ਕਮੇਟੀ ਬਣਾ ਦਿੱਤੀ ਗਈ।

ਹੁਣ ਜਦੋਂ ਅਕਾਲੀ ਭਾਜਪਾ ਗੱਠਜੋੜ ਟੁੱਟਿਆ ਤਾਂ ਹਰਿਆਣਾ ਸਰਕਾਰ ਨੇ ਹੀ ਮਸਲੇ ਨੂੰ ਤੂਲ ਦੇ



ਕੇ ਵੱਖਰੀ ਗੁਰਦੁਆਰਾ ਕਮੇਟੀ ਸਥਾਪਿਤ ਕਰ ਦਿੱਤੀ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਜਦੋਂ ਅਕਾਲੀ ਭਾਜਪਾ ਗੱਠਜੋੜ ਕਾਇਮ ਸੀ ਤਾਂ ਉਸ ਵੇਲੇ ਅਜਿਹੇ ਅੰਤਰਰਾਜੀ ਸਿੱਖ ਮਾਮਲੇ ਕੇਂਦਰ ਸਰਕਾਰ ਵੱਲੋਂ ਧਿਆਨ ਨਾਲ ਸੁਣੇ ਜਾਂਦੇ ਸਨ ਅਤੇ ਉਨ੍ਹਾਂ ਨੂੰ ਹੱਲ ਕਰਨ ਲਈ ਵੀ ਯਤਨ ਹੁੰਦੇ ਸਨ ਪਰ ਹੁਣ ਅਜਿਹਾ ਨਹੀਂ ਹੈ। ਕੇਂਦਰ ਨੂੰ ਲੱਗਦਾ ਹੈ ਕਿ ਅਜਿਹੇ ਮਾਮਲੇ ਹੱਲ ਕਰਵਾਉਣ ਮਗਰੋਂ ਇਸ ਦਾ ਸਿਹਰਾ ਸ਼੍ਰੋਮਣੀ ਅਕਾਲੀ ਦਲ ਦੇ ਸਿਰ ਬੱਝੇਗਾ ਜਿਸ ਕਾਰਨ ਸਿੱਖ ਮਾਮਲਿਆਂ ਨੂੰ ਅਣਡਿੱਠਾ ਕੀਤਾ ਜਾ ਰਿਹਾ ਹੈ।

# ਪੰਜਾਬੀ ਗਾਇਕਾ ਜੈਸਮਿਨ ਸੈਂਡਲਸ ਨੂੰ ਜਾਨੋਂ ਮਾਰਨ ਦੀ ਧਮਕੀ

**ਨਵੀਂ ਦਿੱਲੀ:** ਪੰਜਾਬੀ ਗਾਇਕਾ ਜੈਸਮਿਨ ਸੈਂਡਲਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਉਸ ਨੇ ਦਾਅਵਾ ਕੀਤਾ ਕਿ ਉਸ ਨੇ ਨਵੀਂ ਦਿੱਲੀ ਵਿਚ ਪ੍ਰੋਗਰਾਮ ਕਰਨਾ ਸੀ ਜਿਸ ਤੋਂ ਪਹਿਲਾਂ ਉਸ ਨੂੰ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਫੋਨ ਕਰਨ ਵਾਲੇ ਵਿਅਕਤੀ ਨੇ ਗਾਇਕਾ ਨੂੰ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਨਾਂ ਲੈ ਕੇ ਧਮਕੀ ਦਿੱਤੀ ਸੀ। ਪੁਲਿਸ ਨੇ ਦੱਸਿਆ ਕਿ ਅਮਰੀਕਾ ਵਿਚ ਰਹਿਣ ਵਾਲੀ ਗਾਇਕਾ ਸੈਂਡਲਸ ਨੇ ਇੱਥੇ ਜਵਾਹਰ ਲਾਲ ਸਟੇਡੀਅਮ ਵਿਚ ਪ੍ਰੋਗਰਾਮ ਕਰਨਾ ਸੀ। ਗਾਇਕਾ ਨੂੰ ਵਿਦੇਸ਼ੀ ਨੰਬਰ ਤੋਂ ਧਮਕੀ ਦਿੱਤੀ ਗਈ ਹੈ। ਇਸ ਮਗਰੋਂ ਗਾਇਕਾ ਵੱਲੋਂ ਉੱਤਰ ਪੱਛਮੀ ਪੁਲਿਸ ਨੂੰ ਇਸ ਦੀ ਸੂਚਨਾ ਦਿੱਤੀ ਗਈ। ਉਨ੍ਹਾਂ ਕਿਹਾ ਕਿ ਸੈਂਡਲਸ ਨੂੰ ਹੋਟਲ 'ਚ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

# ਮੁੱਖ ਮੰਤਰੀ ਵੱਲੋਂ ਸਿਆਸੀ ਵਿਰੋਧੀਆਂ ਨੂੰ ਬਹਿਸ ਦੀ ਚੁਣੌਤੀ ਪਿੱਛੋਂ ਸਿਆਸਤ ਭਖੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਮਾਮਲੇ 'ਤੇ ਛਿੜੇ ਵਿਵਾਦ ਨੂੰ ਨਵਾਂ ਮੋੜ ਦਿੰਦਿਆਂ ਪੰਜਾਬ ਦੀਆਂ ਵਿਰੋਧੀ ਧਿਰਾਂ ਨੂੰ ਖੁੱਲ੍ਹੀ ਬਹਿਸ ਲਈ ਵੰਗਾਰਿਆ ਹੈ। ਉਨ੍ਹਾਂ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਐਸ.ਵਾਈ.ਐਲ. ਸਣੇ ਪੰਜਾਬ ਦੇ ਭਖਦੇ ਮਸਲਿਆਂ ਉੱਤੇ ਪਹਿਲੀ ਨਵੰਬਰ ਨੂੰ ਖੁੱਲ੍ਹੀ ਬਹਿਸ ਕਰਨ ਦੀ ਚੁਣੌਤੀ ਦਿੱਤੀ ਹੈ।

ਦੂਜੇ ਪਾਸੇ ਵਿਰੋਧੀ ਧਿਰਾਂ ਨੇ ਮੁੱਖ ਮੰਤਰੀ ਦੀ ਇਸ ਚੁਣੌਤੀ ਨੂੰ ਸ਼ਰਤਾਂ ਸਣੇ ਕਬੂਲ ਕਰ ਲਿਆ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਇਹ ਖੁੱਲ੍ਹੀ ਬਹਿਸ ਹਕੀਕਤ ਬਣਦੀ ਹੈ ਜਾਂ ਨਹੀਂ। ਚੇਤੇ ਰਹੇ ਕਿ ਸੁਪਰੀਮ ਕੋਰਟ ਨੇ 4 ਅਕਤੂਬਰ ਨੂੰ ਕੇਂਦਰ ਸਰਕਾਰ ਨੂੰ ਐੱਸ.ਵਾਈ.ਐੱਲ. ਨਹਿਰ ਦੇ ਪੰਜਾਬ ਵਿਚਲੇ ਹਿੱਸੇ ਦਾ ਸਰਵੇਖਣ ਕਰਵਾਉਣ ਲਈ ਕਿਹਾ ਹੈ। ਇਸ ਮਗਰੋਂ ਸਾਰੀਆਂ ਵਿਰੋਧੀ ਧਿਰਾਂ ਸਿਆਸੀ ਤੌਰ 'ਤੇ ਸਰਗਰਮ ਹੋ ਗਈਆਂ ਹਨ। ਮੁੱਖ ਮੰਤਰੀ ਨੇ ਕਿਹਾ, ''ਇਹ ਖੁੱਲ੍ਹੀ ਬਹਿਸ 'ਪੰਜਾਬ ਨੂੰ ਹੁਣ ਤੱਕ ਕਿੰਨ੍ਹੇ ਤੇ ਕਿਵੇਂ ਲੁੱਟਿਆ' ਦੁਆਲੇ ਕੇਂਦਰਿਤ



ਹੋਵੇਗੀ ਅਤੇ ਇਸ ਬਹਿਸ ਵਿਚ ਭਾਈ-ਭਤੀਜੇ, ਸਾਲੇ-ਜੀਜੇ, ਮਿੱਤਰ-ਮੁਲਾਹਜੇ, ਟੌਲ ਪਲਾਜ਼ੇ, ਜਵਾਨੀ-ਕਿਸਾਨੀ, ਵਪਾਰ-ਦੁਕਾਨਦਾਰ, ਗੁਰੂਆਂ ਦੀ ਬਾਣੀ ਤੇ ਨਹਿਰਾਂ ਦਾ ਪਾਣੀ ਦੀ ਗੱਲ ਹੋਵੇਗੀ।''

ਸ੍ਰੀ ਮਾਨ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਇਨ੍ਹਾਂ ਸਾਰੇ ਮਸਲਿਆਂ ਉੱਤੇ ਪੰਜਾਬ ਨਾਲ ਗੱਦਾਰੀ ਕੀਤੀ ਹੈ ਜਿਸ ਲਈ ਇਨ੍ਹਾਂ ਨੂੰ ਸੂਬੇ ਦੇ ਲੋਕਾਂ ਅੱਗੇ ਜਵਾਬਦੇਹ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਪੰਜਾਬ ਅਤੇ ਪੰਜਾਬੀਆਂ ਦੀ ਪਿੱਠ ਵਿੱਚ ਛੁਰਾ ਮਾਰਿਆ ਹੈ। ਇਨ੍ਹਾਂ ਨੂੰ ਸੂਬੇ ਦੇ ਲੋਕ ਕਦੇ ਮੁਆਫ ਨਹੀਂ ਕਰਨਗੇ। ਉਨ੍ਹਾਂ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਪੰਜਾਬ ਦਿਵਸ ਮੌਕੇ ਪ੍ਰਸਤਾਵਿਤ ਬਹਿਸ ਲਈ ਚੰਗੀ ਤਰ੍ਹਾਂ ਤਿਆਰੀ ਕਰਨ ਨੂੰ ਕਿਹਾ ਹੈ। ਮੁੱਖ ਮੰਤਰੀ ਨੇ ਇਨ੍ਹਾਂ ਆਗੂਆਂ ਨੂੰ ਕਿਹਾ, ''ਤੁਹਾਡੇ ਕੋਲ ਇਸ ਬਹਿਸ ਲਈ ਤਿਆਰੀ ਕਰਨ ਦਾ ਖੁੱਲ੍ਹਾ ਸਮਾਂ ਹੈ ਅਤੇ ਆਪਣਾ ਬਚਾਅ ਕਰਨ ਲਈ ਕਾਗ਼ਜ਼-ਪੱਤਰ ਵੀ ਲਿਆ ਸਕਦੇ ਹੋ।'' ਉਨ੍ਹਾਂ ਇਹ ਵੀ ਕਿਹਾ, ''ਮੈਂ ਤਾਂ ਲੋਕਾਂ ਦੀ ਕਚਹਿਰੀ ਵਿਚ ਸੱਚ ਦੀ ਗੱਲ ਕਰਨੀ ਹੈ ਜਿਸ ਕਰ ਕੇ ਮੈਨੂੰ ਕਿਸੇ ਕਾਗਜ਼-ਪੱਤਰ ਦਾ ਸਹਾਰਾ ਲੈਣ ਦੀ ਲੋੜ ਨਹੀਂ ਹੈ ਅਤੇ ਮੈਂ ਬਿਨਾ ਕਿਸੇ ਕਾਗ਼ਜ਼ ਤੋਂ ਬਹਿਸ ਵਿਚ ਹਿੱਸਾ ਲਵਾਂਗਾ।''

### ਰਾਜਾ ਵੜਿੰਗ ਨੇ ਕੀਤੇ ਸੱਤ ਸੁਆਲ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਮੋੜਵੇਂ ਜਵਾਬ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੱਤ ਸਵਾਲ ਕੀਤੇ ਹਨ ਅਤੇ ਕਿਹਾ ਕਿ ਜਦੋਂ ਇਨ੍ਹਾਂ ਸਵਾਲਾਂ ਦੇ ਜਵਾਬ ਮੁੱਖ ਮੰਤਰੀ ਜਨਤਕ ਕਰ ਦੇਣਗੇ ਤਾਂ ਉਹ ਖੁੱਲ੍ਹੀ ਬਹਿਸ ਦੀ ਚੁਣੌਤੀ ਪ੍ਰਵਾਨ ਕਰ ਲੈਣਗੇ। ਵੜਿੰਗ ਨੇ ਪੰਜਾਬ ਵਿਚ ਅਪਰਾਧਿਕ ਕੇਸਾਂ ਦੀ ਦਰ, ਨਸ਼ਿਆਂ ਵਿਚ ਵਾਧੇ, ਮੌਤਾਂ ਦੀ ਗਿਣਤੀ, ਵਧੇ ਕਰਜ਼ੇ, ਕਿਸਾਨਾਂ ਵੱਲੋਂ ਕੀਤੀਆਂ ਜਾਂਦੀਆਂ ਖੁਦਕੁਸ਼ੀਆਂ, ਹੜ੍ਹ ਪੀੜਤਾਂ ਨੂੰ ਦਿੱਤੇ ਮੁਆਵਜ਼ੇ ਅਤੇ ਪ੍ਰਚਾਰ 'ਤੇ ਖਰਚ ਕੀਤੇ ਪੈਸੇ ਬਾਰੇ ਸਵਾਲ ਪੁੱਛੇ ਹਨ।

### ਵਿਧਾਨ ਸਭਾ 'ਚ ਨਹੀਂ, ਜਨਤਕ ਥਾਂ 'ਤੇ ਹੋਵੇ ਬਹਿਸ: ਬਾਜਵਾ

**ਚੰਡੀਗੜ੍ਹ:** ਜਵਾਬੀ ਹਮਲੇ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਦੀ ਚੁਣੌਤੀ ਕਬੂਲਦਿਆਂ ਕਿਹਾ ਕਿ ਇਹ ਬਹਿਸ ਵਿਧਾਨ ਸਭਾ ਵਿਚ ਨਹੀਂ ਬਲਕਿ ਕਿਸੇ ਸਾਂਝੀ ਆਮ ਜਗ੍ਹਾ 'ਤੇ ਹੋਣੀ ਚਾਹੀਦੀ ਹੈ। ਉਨ੍ਹਾਂ ਸ਼ਰਤ ਲਾਈ ਕਿ ਇਸ ਬਹਿਸ ਦੀ ਅਗਵਾਈ ਦੇਸ਼ ਦੀ ਮਾਣਯੋਗ ਸੁਪਰੀਮ ਕੋਰਟ ਦਾ ਜੱਜ ਜਾਂ ਅਜਿਹੀ ਸ਼ਖ਼ਸੀਅਤ ਜਿਸ 'ਤੇ ਚਾਰੋਂ ਧਿਰਾਂ ਸਹਿਮਤੀ ਪ੍ਰਗਟ ਕਰਨ, ਵੱਲੋਂ ਕਰਵਾਈ ਜਾਣੀ ਚਾਹੀਦੀ ਹੈ।

### ਭਾਜਪਾ ਵੱਲੋਂ ਮੁੱਖ ਮੰਤਰੀ ਦੀ ਚੁਣੌਤੀ ਸਵੀਕਾਰ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਸਭ ਤੋਂ ਪਹਿਲਾਂ ਮੁੱਖ ਮੰਤਰੀ ਦੀ ਚੁਣੌਤੀ ਸਵੀਕਾਰ ਕਰਦਿਆਂ ਕਿਹਾ ਕਿ ਉਹ ਪੰਜਾਬ ਦੇ ਹਰ ਮੁੱਦੇ 'ਤੇ ਬਹਿਸ ਕਰਨ ਲਈ ਹਰ ਸਮੇਂ ਤਿਆਰ ਹਨ। ਪਹਿਲਾਂ ਮੁੱਖ ਮੰਤਰੀ ਇਹ ਵੀ ਦੱਸਣ ਕਿ ਪੰਜਾਬ ਦੇ ਪਾਣੀਆਂ ਵਰਗੇ ਗੰਭੀਰ ਮਸਲੇ 'ਤੇ ਉਨ੍ਹਾਂ ਨੇ ਕਿਹੜੇ ਦਬਾਅ ਜਾਂ ਸਿਆਸੀ ਹਿੱਤਾਂ ਦੀ ਪੂਰਤੀ ਲਈ ਸੁਪਰੀਮ ਕੋਰਟ ਵਿਚ ਗੋਡੇ ਟੇਕੇ ਹਨ। ਉਨ੍ਹਾਂ ਮੁੱਖ ਮੰਤਰੀ ਵੱਲੋਂ ਛੇੜੀ ਗਏ ਬਹਿਸ 'ਤੇ ਇਕ ਸ਼ੇਅਰ ਵੀ ਪੇਸ਼ ਕੀਤਾ, 'ਤੂੰ ਇਧਰ ਉਧਰ ਕੀ ਬਾਤ ਨਾ ਕਰ, ਯੇ ਬਤਾ ਕਾਫਲਾ ਕਿਉਂ ਲੁਟਾ!'

# ਕੈਨੇਡਾ ’ਚ ਨੌਕਰੀਆਂ ਦੇ ਘੱਟ ਮੌਕਿਆਂ ਕਾਰਨ ਭਾਰਤੀ ਵਿਦਿਆਰਥੀ ਫਿਕਰਮੰਦ

**ਟੋਰਾਂਟੋ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਭਾਰਤ ਖ਼ਿਲਾਫ਼ ਲਾਏ ਗਏ ਦੋਸ਼ਾਂ ਤੋਂ ਬਾਅਦ ਭਾਰਤ-ਕੈਨੇਡਾ ਸਬੰਧਾਂ ‘ਚ ਜਾਰੀ ਤਣਾਅ ਵਿਚਾਲੇ ਇੱਥੇ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਨੂੰ ਇਕ ਹੋਰ ਡਰ ਸਤਾ ਰਿਹਾ ਹੈ ਅਤੇ ਉਹ ਹੈ ਨੌਕਰੀਆਂ ਦੇ ਘੱਟ ਮੌਕੇ।

ਵਿਸ਼ਵ ਸਿੱਖਿਆ ਖੋਜ ਮੰਚ ‘ਐਰੂਡੇਰਾ’ ਵੱਲੋਂ ਜਾਰੀ ਅੰਕੜਿਆਂ ਅਨੁਸਾਰ 2022 ਵਿਚ ਕੁੱਲ 2,26450 ਭਾਰਤੀ ਵਿਦਿਆਰਥੀ ਉੱਚ ਸਿੱਖਿਆ ਹਾਸਲ ਕਰਨ ਲਈ ਕੈਨੇਡਾ ਆਏ ਸਨ ਜਿਸ ਮਗਰੋਂ ਪਿਛਲੇ ਸਾਲ ਉੱਤਰੀ ਅਮਰੀਕੀ ਦੇਸ਼ ਆਉਣ ਵਾਲੇ ਨਵੇਂ ਕੌਮਾਂਤਰੀ ਵਿਦਿਆਰਥੀਆਂ ਦੀ ਸੂਚੀ ਵਿਚ ਭਾਰਤ ਸਿਖਰਲੇ ਸਥਾਨ ’ਤੇ ਪਹੁੰਚ ਗਿਆ ਸੀ। ਅੰਕੜਿਆਂ ਅਨੁਸਾਰ ਕੈਨੇਡਾ ’ਚ ਉੱਚ ਸਿੱਖਿਆ ਸਮੇਤ ਸਾਰੇ ਸਿੱਖਿਆ



ਪੱਧਰਾਂ ’ਚ ਦਾਖਲਾ ਹਾਸਲ ਕਰਨ ਵਾਲੇ ਕੁੱਲ ਕੌਮਾਂਤਰੀ ਵਿਦਿਆਰਥੀਆਂ ਦੀ ਗਿਣਤੀ 8,07,750 ਸੀ। ਇਨ੍ਹਾਂ ’ਚੋਂ 5,51,405 ਨੂੰ ਪਿਛਲੇ ਸਾਲ ਕੈਨੇਡਾ ’ਚ ਸਿੱਖਿਆ ਪਰਮਿਟ ਪ੍ਰਾਪਤ ਹੋਇਆ ਸੀ। ‘ਐਰੂਡੇਰਾ’ ਦੇ ਅੰਕੜਿਆਂ ਅਨੁਸਾਰ ਕੈਨੇਡਾ ’ਚ 2022 ਵਿਚ ਸਿੱਖਿਆ ਪਰਮਿਟ ਹਾਸਲ ਕਰਨ ਵਾਲਿਆਂ ’ਚੋਂ ਜ਼ਿਆਦਾ ਭਾਰਤੀ ਸਨ ਜਿਨ੍ਹਾਂ ਦੀ ਗਿਣਤੀ 2,26,450 ਰਹੀ ਸੀ। ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦਿਆਂ ਨਾਮ ਨਾ ਛਾਪਣ ਦੀ ਸ਼ਰਤ ’ਤੇ ਇਕ ਵਿਦਿਆਰਥੀ ਨੇ ਦੱਸਿਆ, ‘ਮੈਨੂੰ ਭਾਰਤ-ਕੈਨੇਡਾ ਤਣਾਅ ਨੂੰ ਲੈ ਕੇ ਕੋਈ ਖਾਸ ਫਿਕਰ ਨਹੀਂ ਹੈ। ਮੈਂ ਆਪਣੇ ਭਵਿੱਖ ਨੂੰ ਲੈ ਕੇ ਵੱਧ ਫਿਕਰਮੰਦ ਹਾਂ। ਇੱਥੇ ਨੌਕਰੀਆਂ ਦੀ ਭਾਰੀ ਘਾਟ ਹੈ ਅਤੇ ਮੈਨੂੰ ਨਹੀਂ ਪਤਾ ਕਿ ਪੜ੍ਹਾਈ ਪੂਰੀ ਹੋਣ ਮਗਰੋਂ ਮੈਨੂੰ ਕੰਮ ਮਿਲੇਗਾ ਵੀ ਜਾਂ ਨਹੀਂ।’

ਗਰੇਟਰ ਟੋਰਾਂਟੋ ਇਲਾਕੇ ‘ਚ ਸਿਹਤ ਸੇਵਾਵਾਂ ਦੀ ਪੜ੍ਹਾਈ ਕਰ ਰਹੇ ਇਕ ਹੋਰ ਵਿਦਿਆਰਥੀ ਮਾਯੰਕ ਨੇ ਕਿਹਾ ਕਿ ਦਿੱਲੀ ਤੇ ਓਟਵਾ ਵਿਚਾਲੇ ਜਾਰੀ ਕੂਟਨੀਤਕ ਤਣਾਅ ਦਰਮਿਆਨ ਉਸ ਤੇ ਉਸ ਦੇ ਦੋਸਤਾਂ ਨੂੰ ਕੋਈ ਮੁਸ਼ਕਿਲ ਨਹੀਂ ਹੋਈ ਪਰ ਟੋਰਾਂਟੋ ‘ਚ ਪੜ੍ਹਾਈ ਪੂਰੀ ਹੋਣ ਮਗਰੋਂ ਕੰਮ ਦੀ ਤਲਾਸ਼ ਦੇ ਖਿਆਲ ਨੇ ਉਨ੍ਹਾਂ ਦੀ ਰਾਤਾਂ ਦੀ ਨੀਂਦ ਉਡਾ ਰੱਖੀ ਹੈ। ਉਸ ਨੇ ਦੱਸਿਆ ਕਿ ਚੰਗੀਆਂ ਨੌਕਰੀਆਂ ਹਾਸਲ ਕਰਨ ਵਿਚ ਨਾਕਾਮ ਰਹਿਣ ਵਾਲੇ ਅੱਜ ਆਪਣੇ ਖਰਚੇ ਪੂਰੇ ਕਰਨ ਲਈ ਗੱਡੀਆਂ ਚਲਾ ਰਹੇ ਹਨ, ਦੁਕਾਨਾਂ ਤੇ ਰੇਸਤਰਾਂ ‘ਚ ਕੰਮ ਕਰ ਰਹੇ ਹਨ। ਇਹ ਉਨ੍ਹਾਂ ਲਈ ਬਹੁਤ ਚੁਣੌਤੀਪੂਰਨ ਸਥਿਤੀ ਹੈ। ਟੋਰਾਂਟੋ ਤੇ ਕੈਨੇਡਾ ਦੇ ਹੋਰ ਸ਼ਹਿਰਾਂ ‘ਚ ਰਹਿਣ-ਸਹਿਣ ਮਹਿੰਗਾ ਹੋਣਾ ਵੀ ਵਿਦਿਆਰਥੀਆਂ ਲਈ ਪਰੇਸ਼ਾਨੀ ਦੀ ਅਹਿਮ ਵਜ੍ਹਾ ਹੈ ਜਿਸ ਕਾਰਨ ਬਹੁਤ ਸਾਰੇ ਵਿਦਿਆਰਥੀ ਪੈਸੇ ਬਚਾਉਣ ਲਈ ਇਕ ਕਮਰੇ ‘ਚ ਰਹਿੰਦੇ ਹਨ ਅਤੇ ਹੋਰ ਸਹੂਲਤਾਂ ਦੀ ਸਾਂਝੀ ਵਰਤੋਂ ਕਰਦੇ ਹਨ।

# ਕੈਨੇਡਾ ਦੀ ਐਕਸਪ੍ਰੈੱਸ ਐਂਟਰੀ ਵਾਲਿਆਂ ਨੂੰ ਵੱਡੀ ਰਾਹਤ



**ਵੈਨਕੂਵਰ:** ਕੈਨੇਡਾ ਦੇ ਆਵਾਸ ਵਿਭਾਗ ਵੱਲੋਂ ਐਕਸਪ੍ਰੈੱਸ ਐਂਟਰੀ ਦੇ ਬਿਨੈਕਾਰਾਂ ‘ਤੇ ਲੱਗੀ ਅਗਾਊਂ ਮੈਡੀਕਲ ਜਾਂਚ ਦੀ ਸ਼ਰਤ ਪਹਿਲੀ ਅਕਤੂਬਰ ਤੋਂ ਖਤਮ ਕਰ ਦਿੱਤੀ ਗਈ ਹੈ। ਵਿਭਾਗ ਅਨੁਸਾਰ ਬਿਨੈਕਾਰ ਦੀ ਦਰਖਾਸਤ ਵਿਚਾਰੇ ਜਾਣ ਤੋਂ ਬਾਅਦ ਜੇਕਰ ਉਸ ਦੀ ਜਾਂ ਉਸ ਦੇ ਕਿਸੇ ਪਰਿਵਾਰਕ ਮੈਂਬਰ ਦੀ ਮੈਡੀਕਲ ਜਾਂਚ ਦੀ ਲੋੜ ਮਹਿਸੂਸ ਹੁੰਦੀ ਹੈ ਤਾਂ ਇਸ ਬਾਰੇ ਆਦੇਸ਼ ਦਿੱਤਾ ਜਾ ਸਕਦਾ ਹੈ। ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਪਿਛਲੀ ਅਰਜ਼ੀ ਵਿਚ ਮੈਡੀਕਲ ਕਰਵਾ ਚੁੱਕੇ ਬਿਨੈਕਾਰ ਨਵੀਂ ਅਰਜ਼ੀ ਵਿਚ ਉਸ ਦਾ ਹਵਾਲਾ ਦੇ ਸਕਦੇ ਹਨ, ਪਰ ਪਹਿਲੀ ਵਾਰ ਬਿਨੈ ਕਰਨ ਵਾਲਾ ਵਿਅਕਤੀ ਮੈਡੀਕਲ ਵਾਲੇ ਕਾਲਮ ਵਿਚ ਖਾਲੀ ਕਾਗ਼ਜ਼ ਅੱਪਲੋਡ ਕਰ ਸਕਦਾ ਹੈ। ਵਿਭਾਗ ਦੇ ਇਕ ਸੂਤਰ ਅਨੁਸਾਰ ਮੈਡੀਕਲ ਦੀ ਸ਼ਰਤ ਕੈਨੇਡਾ ਦੀ ਸਿਹਤ ਪ੍ਰਣਾਲੀ ਉੱਤੇ ਭਾਰ ਵਧਣ ਤੋਂ ਰੋਕਣ ਲਈ ਲਗਾਈ ਗਈ ਸੀ, ਪਰ ਡੂੰਘੇ ਅਧਿਐਨ ਤੋਂ ਬਾਅਦ ਪਤਾ ਲੱਗਾ ਹੈ ਕਿ ਆਮ ਕਰ ਕੇ ਇਸ ਦੀ ਲੋੜ ਨਹੀਂ ਪੈਂਦੀ ਹੈ। ਫਿਰ ਵੀ ਅਰਜ਼ੀ ‘ਤੇ ਵਿਚਾਰ ਕਰਦੇ ਹੋਏ ਜੇਕਰ ਕਿਸੇ ਕੇਸ ਵਿਚ ਲੋੜ ਸਮਝੀ ਜਾਏ ਤਾਂ ਉਸ ਬਿਨੈਕਾਰ ਨੂੰ ਮੈਡੀਕਲ ਜਾਂਚ ਕਰਵਾਉਣ ਲਈ ਕਿਹਾ ਜਾ ਸਕਦਾ ਹੈ। ਉਸ ਨੇ ਕਿਹਾ ਕਿ ਅਗਾਊਂ ਮੈਡੀਕਲ ਦੀ ਸ਼ਰਤ ਖਤਮ ਹੋਣ ਨਾਲ ਬਿਨੈਕਾਰ ਪਰੇਸ਼ਾਨੀਆਂ ਤੋਂ ਬਚਣਗੇ।

# ਅਮਰੀਕਾ ਨੇ ਭਾਰਤ ਤੇ ਚੀਨ ਸਣੇ ਅੱਠ ਮੁਲਕਾਂ ਦੀਆਂ ਕੰਪਨੀਆਂ ਨਾਲ ਵਪਾਰ ਰੋਕਿਆ

**ਵਾਸ਼ਿੰਗਟਨ:** ਰੂਸੀ ਫੌਜ ਦੀ ਸਹਾਇਤਾ ਕਰਨ ਦੇ ਦੋਸ਼ ਹੇਠ ਅਮਰੀਕਾ ਨੇ ਭਾਰਤ ਅਤੇ ਚੀਨ ਸਮੇਤ ਅੱਠ ਮੁਲਕਾਂ ਦੀਆਂ ਕੰਪਨੀਆਂ ਨਾਲ ਵਪਾਰ ਰੋਕ ਦਿੱਤਾ ਹੈ। ਇਨ੍ਹਾਂ ‘ਚੋਂ 42 ਕੰਪਨੀਆਂ ਚੀਨ ਦੀਆਂ ਹਨ। ਵਪਾਰ ਬਰਾਮਦ ਕੰਟਰੋਲ ਸੂਚੀ ‘ਚ ਫਿਨਲੈਂਡ, ਜਰਮਨੀ, ਭਾਰਤ, ਤੁਰਕੀ, ਸੰਯੁਕਤ ਅਰਬ ਅਮੀਰਾਤ ਅਤੇ ਬਰਤਾਨੀਆ ਦੀਆਂ ਸੱਤ ਹੋਰ ਕੰਪਨੀਆਂ ਵੀ ਸ਼ਾਮਲ ਹਨ।

ਇਨ੍ਹਾਂ ਕੰਪਨੀਆਂ ਨੇ ਅਮਰੀਕਾ ‘ਚ ਬਣੇ ਇੰਟੀਗ੍ਰੇਟਿਡ ਸਰਕਿਟਾਂ ਦੀ ਸਪਲਾਈ ਸਮੇਤ ਹੋਰ ਫੌਜੀ ਸਾਜ਼ੋ-ਸਾਮਾਨ ਰੂਸ ਲਈ ਤਿਆਰ ਕੀਤਾ ਸੀ। ਸਰਕਿਟਾਂ ‘ਚ ਮਾਈਕਰੋਇਲੈਕਟ੍ਰਾਨਿਕਸ ਸ਼ਾਮਲ ਹਨ ਜੋ ਰੂਸ ਨੇ ਮਿਜ਼ਾਈਲਾਂ ਅਤੇ ਡਰੋਨ ਪ੍ਰਣਾਲੀਆਂ ‘ਚ ਵਰਤੇ ਹਨ। ਅਮਰੀਕੀ ਵਣਜ ਵਿਭਾਗ ਨੇ ਇਕ ਬਿਆਨ ‘ਚ ਕਿਹਾ ਕਿ ਰੂਸ ਵੱਲੋਂ ਮਿਜ਼ਾਈਲਾਂ ਅਤੇ ਡਰੋਨਾਂ ਦੀ ਵਰਤੋਂ ਕਰਕੇ ਯੂਕਰੇਨ ‘ਚ ਆਮ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬਰਾਮਦਾਂ ‘ਤੇ ਨਜ਼ਰ ਰੱਖਣ ਵਾਲੇ ਵਿਭਾਗ ਦੇ ਸਹਾਇਕ ਸਕੱਤਰ ਮੈਥਿਊ



ਐਕਸਲਰੋਡ ਨੇ ਇਕ ਬਿਆਨ ‘ਚ ਕਿਹਾ, “ਕੰਪਨੀਆਂ ਨਾਲ ਕਾਰੋਬਾਰ ਰੋਕ ਕੇ ਸਪੱਸ਼ਟ ਸੁਨੇਹਾ ਦਿੱਤਾ ਗਿਆ ਹੈ ਕਿ ਜੇਕਰ ਕੋਈ ਅਮਰੀਕੀ ਮੂਲ ਦੀ ਤਕਨਾਲੋਜੀ ਰੂਸੀ ਰੱਖਿਆ ਖੇਤਰ ਨੂੰ ਸਪਲਾਈ ਕਰੇਗਾ ਤਾਂ ਉਸ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।“ ਚੀਨ ਨੇ ਅਮਰੀਕੀ ਕਾਰਵਾਈ ਨੂੰ ਆਰਥਿਕ ਧੱਕੇਸ਼ਾਹੀ ਅਤੇ ਇਕਪਾਸੜ ਧਮਕਾਉਣ ਦੀ ਹਰਕਤ ਦੱਸਿਆ ਹੈ।

ਚੀਨੀ ਵਣਜ ਮੰਤਰਾਲੇ ਨੇ ਇਕ ਬਿਆਨ ‘ਚ ਕਿਹਾ ਕਿ ਅਮਰੀਕਾ ਨੂੰ ਆਪਣੇ ਗਲਤ ਫੈਸਲਿਆਂ ਨੂੰ ਤੁਰਤ ਸਹੀ ਕਰਨਾ ਚਾਹੀਦਾ ਹੈ ਅਤੇ ਉਹ ਚੀਨੀ ਕੰਪਨੀਆਂ ਨੂੰ ਬਿਨਾ ਕਿਸੇ ਕਾਰਨ ਦੇ ਦਬਾਉਣਾ ਬੰਦ ਕਰੇ। ਕੰਪਨੀਆਂ ਨੂੰ ਕਾਲੀ ਸੂਚੀ ‘ਚ ਉਸ ਸਮੇਂ ਪਾਇਆ ਜਾਂਦਾ ਹੈ ਜਦੋਂ ਅਮਰੀਕਾ ਸਮਝਦਾ ਹੈ ਕਿ ਉਸ ਦੀ ਸੁਰੱਖਿਆ ਜਾਂ ਵਿਦੇਸ਼ ਨੀਤੀ ਨੂੰ ਕੋਈ ਖਤਰਾ ਹੈ।

## ਪ੍ਰੀਖਿਆ ’ਚ ਬੈਠਣ ਬਾਰੇ ਨਵਾਂ ਫੈਸਲਾ

**ਨਵੀਂ ਦਿੱਲੀ:** ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਕਿਹਾ ਕਿ ਸਾਲ ਵਿਚ ਦੋ ਵਾਰ 10ਵੀਂ ਅਤੇ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਵਿਚ ਬੈਠਣਾ ਲਾਜ਼ਮੀ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਵਿਚ ਡਰ ਕਾਰਨ ਪੈਦਾ ਹੋਏ ਤਣਾਅ ਨੂੰ ਘੱਟ ਕਰਨ ਲਈ ਅਜਿਹਾ ਕੀਤਾ ਜਾਵੇਗਾ। ਪ੍ਰਧਾਨ ਨੇ ਵਿਸ਼ੇਸ਼ ਇੰਟਰਵਿਊ ਵਿਚ ਕਿਹਾ ਕਿ ‘ਡਮੀ ਸਕੂਲਾਂ’ ਦੇ ਮੁੱਦੇ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ ਅਤੇ ਇਸ ’ਤੇ ਗੰਭੀਰ ਚਰਚਾ ਕਰਨ ਦਾ ਸਮਾਂ ਆ ਗਿਆ ਹੈ। ਕੇਂਦਰੀ ਮੰਤਰੀ ਨੇ ਕਿਹਾ ਕਿ ਕੇਂਦਰੀ ਸਿੱਖਿਆ ਸਲਾਹਕਾਰ ਬੋਰਡ (ਸੀ.ਏ.ਬੀ.ਈ.) ਦਾ ਪੁਨਰਗਠਨ ਵੀ ਕੀਤਾ ਜਾ ਰਿਹਾ ਹੈ। ਰਾਜਸਥਾਨ ਦੇ ਕੋਟਾ ਵਿਚ ਵਿਦਿਆਰਥੀਆਂ ਵੱਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਦੇ ਮੁੱਦੇ ’ਤੇ ਉਨ੍ਹਾਂ ਕਿਹਾ ਕਿ ਇਹ ਇਕ ਗੰਭੀਰ ਮਸਲਾ ਹੈ ਅਤੇ ਉਨ੍ਹਾਂ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਬਣਦੀ ਹੈ ਕਿ ਵਿਦਿਆਰਥੀਆਂ ਨੂੰ ਤਣਾਅ ਮੁਕਤ ਰੱਖਿਆ ਜਾਵੇ।

# ਇਰਾਨ ਦੀ ਜੇਲ੍ਹ ’ਚ ਬੰਦ ਨਰਗਿਸ ਮੁਹੰਮਦੀ ਨੂੰ ਨੋਬੇਲ ਸ਼ਾਂਤੀ ਪੁਰਸਕਾਰ

**ਓਸਲੋ:** ਮਹਿਲਾਵਾਂ ਦੇ ਹੱਕਾਂ, ਲੋਕਤੰਤਰ ਤੇ ਇਰਾਨ ‘ਚ ਮੌਤ ਦੀ ਸਜਾ ਖ਼ਿਲਾਫ਼ ਸਾਲਾਂ ਤੱਕ ਸੰਘਰਸ਼ ਕਰਨ ਕਾਰਨ ਜੇਲ੍ਹ ‘ਚ ਬੰਦ ਸਮਾਜਿਕ ਕਾਰਕੁਨ ਨਰਗਿਸ ਮੁਹੰਮਦੀ ਨੂੰ ਨੋਬੇਲ ਦਾ ਸ਼ਾਂਤੀ ਪੁਰਸਰਕਾਰ ਦਿੱਤਾ ਗਿਆ ਹੈ। 51 ਸਾਲਾ ਮੁਹੰਮਦੀ ਨੇ ਆਪਣੀਆਂ ਸਰਗਰਮੀਆਂ ਲਈ ਕਈ ਵਾਰ ਗ੍ਰਿਫਤਾਰੀਆਂ ਝੱਲਣ ਤੇ ਸਾਲਾਂ ਤੱਕ ਜੇਲ੍ਹ ‘ਚ ਬੰਦ ਰਹਿਣ ਦੇ ਬਾਵਜੂਦ ਆਪਣਾ ਕੰਮ ਕੀਤਾ ਹੈ।

ਨਾਰਵੇ ਨੋਬੇਲ ਕਮੇਟੀ ਦੇ ਚੇਅਰਮੈਨ ਬੈਰਿਟ ਰੀਸ ਐਂਡਰਸਨ ਨੇ ਓਸਲੋ ‘ਚ ਪੁਰਸਕਾਰ ਦਾ ਐਲਾਨ ਕਰਦਿਆਂ ਕਿਹਾ, ‘ਸਭ ਤੋਂ ਪਹਿਲਾਂ ਇਹ ਪੁਰਸਕਾਰ ਇਰਾਨ ‘ਚ ਪੂਰੇ ਅੰਦੋਲਨ ਲਈ ਬਹੁਤ ਅਹਿਮ ਕੰਮ ਅਤੇ ਉਸ ਦੀ ਨੇਤਾ ਨਰਗਿਸ ਮੁਹੰਮਦੀ ਨੂੰ ਮਾਨਤਾ ਦੇਣ ਲਈ ਹੈ।‘

ਉਨ੍ਹਾਂ ਕਿਹਾ, ‘ਪੁਰਸਕਾਰ ਦੇ ਪ੍ਰਭਾਵ ਦਾ ਫੈਸਲਾ ਕਰਨਾ ਨੋਬੇਲ ਕਮੇਟੀ ਦਾ ਕੰਮ ਨਹੀਂ ਹੈ। ਅਸੀਂ ਉਮੀਦ ਕਰਦੇ ਹਾਂ ਕਿ ਇਸ ਨਾਲ ਇਹ ਅੰਦੋਲਨ ਕਿਸੇ ਵੀ ਰੂਪ ਵਿਚ ਜਾਰੀ ਰੱਖਣ ਵਿੱਚ ਮਦਦ ਮਿਲੇਗੀ।‘ ਮੁਹੰਮਦੀ ਨੇ 2019 ‘ਚ ਹੋਏ ਹਿੰਸਕ ਮੁਜ਼ਾਹਰੇ ਦੇ ਪੀੜਤਾਂ ਲਈ ਕਰਵਾਏ ਸਮਾਗਮ ‘ਚ ਹਿੱਸਾ ਲਿਆ ਸੀ ਜਿਸ ਮਗਰੋਂ



ਅਧਿਕਾਰੀਆਂ ਨੇ ਉਸ ਨੂੰ ਪਿਛਲੇ ਸਾਲ ਨਵੰਬਰ ਨੂੰ ਗ੍ਰਿਫਤਾਰ ਕਰ ਲਿਆ ਸੀ। ਰੀਸ ਐਂਡਰਸਨ ਨੇ ਦੱਸਿਆ ਕਿ ਮੁਹੰਮਦੀ 13 ਵਾਰ ਜੇਲ੍ਹ ਗਈ ਅਤੇ ਉਸ ਨੂੰ ਪੰਜ ਵਾਰ ਦੋਸ਼ੀ ਕਰਾਰ ਦਿੱਤਾ ਗਿਆ। ਉਸ ਨੂੰ ਕੁੱਲ 31 ਸਾਲ ਕੈਦ ਦੀ ਸਜਾ ਸੁਣਾਈ ਗਈ ਹੈ।

ਮੁਹੰਮਦੀ 19ਵੀਂ ਮਹਿਲਾ ਹੈ ਜਿਸ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ ਜਦਕਿ ਉਹ ਇਹ ਪ੍ਰਾਪਤੀ ਕਰਨ ਵਾਲੀ ਦੂਜੀ ਇਰਾਨੀ ਮਹਿਲਾ ਹੈ। ਮੁਹੰਮਦੀ ਤੋਂ ਪਹਿਲਾਂ 2003 ‘ਚ ਸ਼ਿਰੀਨ ਇਬਾਦੀ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।

# ਕੈਨੇਡਾ: ਜਹਾਜ਼ ਹਾਦਸੇ ’ਚ ਦੋ ਭਾਰਤੀ ਪਾਇਲਟਾਂ ਸਮੇਤ ਤਿੰਨ ਹਲਾਕ

**ਵੈਨਕੂਵਰ:** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ‘ਚ ਇਕ ਛੋਟਾ ਜਹਾਜ਼ ਹਾਦਸੇ ਦਾ ਸ਼ਿਕਾਰ ਹੋ ਗਿਆ ਜਿਸ ਵਿਚ ਦੋ ਭਾਰਤੀ ਟਰੇਨੀ ਪਾਇਲਟਾਂ ਸਮੇਤ ਤਿੰਨ ਜਣਿਆਂ ਦੀ ਮੌਤ ਹੋ ਗਈ। ਇਹ ਹਾਦਸਾ ਵੈਨਕੂਵਰ ਤੋਂ ਤਕਰੀਬਨ 100 ਕਿਲੋਮੀਟਰ ਦੂਰ ਪੂਰਬੀ ਚਿਲੀਵੈਕ ਸ਼ਹਿਰ ‘ਚ ਸਥਾਨਕ ਹਵਾਈ ਅੱਡੇ ਨੇੜੇ ਹੋਇਆ ਜਿਸ ਵਿਚ ਮੁੰਬਈ ਦੇ ਅਭੈ ਗਡਰੂ ਤੇ ਯਸ਼ ਰਾਮੂਗਾੜੇ ਦੀ ਮੌਤ ਹੋ ਗਈ।

ਦੋਵਾਂ ਦੀ ਉਮਰ 25 ਸਾਲ ਸੀ। ਕੈਨੇਡੀਅਨ ਬ੍ਰਾਡਕਾਸਟਿੰਗ ਕਾਰਪੋਰੇਸ਼ਨ (ਸੀ.ਬੀ.ਸੀ.) ਨੇ ਰੌਇਲ ਮਾਊਂਟਿਡ ਪੁਲਿਸ ਦੇ ਇਕ ਅਧਿਕਾਰੀ ਦੇ ਹਵਾਲੇ ਨਾਲ ਦੱਸਿਆ ਕਿ ਇਹ ਜਹਾਜ਼ ਹਵਾਈ ਅੱਡੇ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਿਆ। ‘ਵੈਨਕੂਵਰ ਸਨ’ ਅਖਬਾਰ ਨੇ ਗਡਰੂ ਦੀ ਰਿਸ਼ਤੇ ’ਚ ਭੈਣ ਸ਼ੁਧਾ ਤ੍ਰਿਸਾਲ ਦੇ ਹਵਾਲੇ ਨਾਲ ਦੱਸਿਆ ਕਿ ਉਹ ਤਿੰਨ ਸਾਲ ਪਹਿਲਾਂ ਪਾਇਲਟ ਸਿਖਲਾਈ ਪੂਰੀ ਕਰਨ ਲਈ ਕੈਨੇਡਾ ਆਇਆ ਸੀ ਅਤੇ



ਨਵੰਬਰ ’ਚ ਉਸ ਦੀ ਸਿਖਲਾਈ ਪੂਰੀ ਹੋਣ ਵਾਲੀ ਸੀ। ਇਸੇ ਦਰਮਿਆਨ ਕੈਨੇਡਿਆਈ ਨਿਊਜ਼ ਪੋਰਟਲ ਸੀ.ਟੀ.ਵੀ. ਨਿਊਜ਼ ਵੈਨਕੂਵਰ ਨੇ ਕਿਹਾ ਕਿ ਯਸ਼ ਰਾਮੂਗਾੜੇ ਵੀ ਮੁੰਬਈ ਦਾ ਹੀ ਰਹਿਣ ਵਾਲਾ ਸੀ। ਇਸ ਜਹਾਜ਼ ਦਾ ਮਾਲਕਾਨਾ ਹੱਕ ਸਕਾਈਕੁਐਸਟ ਏਵੀਏਸ਼ਨ ਕੋਲ ਸੀ। ਕੰਪਨੀ ਦੇ ਇਕ ਮੁਲਾਜ਼ਮ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਦੇਖ ਰਹੇ ਹਨ ਪਰ ਉਹ ਕੋਈ ਬਿਆਨ ਜਾਰੀ ਨਹੀਂ ਕਰ ਰਹੇ।

# ਭਾਰਤ-ਕੈਨੇਡਾ ਤਣਾਅ ਘਟਾਉਣ ’ਤੇ ਜ਼ੋਰ ਦਿੱਤਾ

**ਲੰਡਨ:** ਬਰਤਾਨੀਆ ਦੇ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਨਵੀਂ ਦਿੱਲੀ ਅਤੇ ਓਟਵਾ ਵਿਚਕਾਰ ਤਣਾਅ ਘਟਾਉਣ ਤੇ ਕਾਨੂੰਨ ਦੇ ਰਾਜ ਦਾ ਸਨਮਾਨ ਕਰਨ ‘ਤੇ ਜ਼ੋਰ ਦਿੱਤਾ ਹੈ। ਡਾਊਨਿੰਗ ਸਟਰੀਟ ਨੇ ਇਕ ਬਿਆਨ ‘ਚ ਕਿਹਾ ਕਿ ਸੂਨਕ ਨੇ ਟਰੂਡੋ ਨਾਲ ਫੋਨ ‘ਤੇ ਗੱਲਬਾਤ ਕੀਤੀ ਅਤੇ ਇਸ ਦੌਰਾਨ ਉਨ੍ਹਾਂ ਨੂੰ ਭਾਰਤ ‘ਚ ਕੈਨੇਡਾ ਦੇ ਡਿਪਲੋਮੈਟਾਂ ਨਾਲ ਸਬੰਧਤ ਸਥਿਤੀ ਬਾਰੇ ਜਾਣਕਾਰੀ ਦਿੱਤੀ ਗਈ। ਦੋਵੇਂ ਆਗੂ ਇਕ-ਦੂਜੇ ਦੇ ਸੰਪਰਕ ‘ਚ ਬਣੇ ਰਹਿਣ ਲਈ ਵੀ ਸਹਿਮਤ ਹੋਏ। ਖਾਲਿਸਤਾਨ ਪੱਖੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ‘ਚ ਭਾਰਤ ਸਰਕਾਰ ਦੇ ਏਜੰਟਾਂ ਦੀ ਸ਼ਮੂਲੀਅਤ ਦੇ ਕੈਨੇਡਾ ਵੱਲੋਂ ਲਾਏ ਗਏ ਦੋਸ਼ਾਂ ਮਗਰੋਂ ਸੂਨਕ ਨੇ ਕਾਨੂੰਨ ਦੇ ਸ਼ਾਸਨ ਪ੍ਰਤੀ ਬਰਤਾਨੀਆ ਦੇ ਰੁਖ ਨੂੰ ਦੁਹਰਾਇਆ ਹੈ। ਬਿਆਨ ‘ਚ ਕਿਹਾ ਗਿਆ,”ਪ੍ਰਧਾਨ ਮੰਤਰੀ ਟਰੂਡੋ ਨੇ ਭਾਰਤ ‘ਚ ਕੈਨੇਡਾ ਦੇ ਡਿਪਲੋਮੈਟਾਂ ਨਾਲ ਸਬੰਧਤ ਹਾਲਾਤ ਬਾਰੇ ਤਾਜ਼ਾ ਜਾਣਕਾਰੀ ਦਿੱਤੀ।“ ਇਸ ‘ਚ ਕਿਹਾ ਗਿਆ ਕਿ ਪ੍ਰਧਾਨ ਮੰਤਰੀ (ਸੂਨਕ) ਨੇ



ਬਰਤਾਨੀਆ ਦੇ ਉਸ ਰੁਖ ਨੂੰ ਦੁਹਰਾਇਆ ਕਿ ਸਾਰੇ ਮੁਲਕਾਂ ਨੂੰ ਡਿਪਲੋਮੈਟਿਕ ਸਬੰਧਾਂ ਦੇ ਮਾਮਲੇ ‘ਚ ਵਿਆਨਾ ਸੰਧੀ ਦੇ ਸਿਧਾਂਤਾਂ ਸਮੇਤ ਪ੍ਰਭੂਸੱਤਾ ਅਤੇ ਕਾਨੂੰਨ ਦੇ ਸ਼ਾਸਨ ਦਾ ਸਨਮਾਨ ਕਰਨਾ ਚਾਹੀਦਾ ਹੈ। ਉਨ੍ਹਾਂ ਹਾਲਾਤ ਬਿਹਤਰ ਹੋਣ ਦੀ ਉਮੀਦ ਜਤਾਈ ਹੈ।

# ਪੰਜਾਬ ਸਰਕਾਰ ਹੁਣ ਜਲ ਸੈੱਸ ਖਤਮ ਕਰਨ ਦੇ ਰੌਂਅ ਵਿਚ

**ਚੰਡੀਗੜ੍ਹ:** ਪੰਜਾਬ ਸਰਕਾਰ ਨਹਿਰੀ ਪਾਣੀ ਦੀ ਵਰਤੋਂ ਨੂੰ ਹੁਲਾਰਾ ਦੇਣ ਅਤੇ ਜ਼ਮੀਨੀ ਪਾਣੀ ਦੀ ਨਿਕਾਸੀ ਘਟਾਉਣ ਲਈ 'ਜਲ ਸੈੱਸ' ਨੂੰ ਖਤਮ ਕਰਨ ਦੇ ਰੌਂਅ ਵਿਚ ਹੈ। ਸੂਬਾ ਸਰਕਾਰ ਵਰ੍ਹਿਆਂ ਤੋਂ ਨਹਿਰੀ ਪਾਣੀ 'ਤੇ ਲਾਏ 'ਜਲ ਸੈੱਸ' ਨੂੰ ਵਸੂਲਣ ਤੋਂ ਪਿੱਛੇ ਹਟੀ ਹੋਈ ਹੈ। ਇੱਥੋਂ ਤੱਕ ਕਿ ਜਲ ਸੈੱਸ ਦੀ ਵਸੂਲੀ ਹੁਣ ਜਲ ਸਰੋਤ ਵਿਭਾਗ ਦੇ ਏਜੰਡੇ 'ਤੇ ਹੀ ਨਹੀਂ ਰਹੀ ਹੈ। ਇਸ ਵੇਲੇ 'ਜਲ ਸੈੱਸ' ਦਾ ਸੂਬੇ ਦੇ ਕਿਸਾਨਾਂ ਵੱਲ ਕਰੀਬ 800 ਕਰੋੜ ਦਾ ਬਕਾਇਆ ਖੜ੍ਹਾ ਹੈ।

ਪੰਜਾਬ ਸਰਕਾਰ 'ਚ ਅੰਦਰੋਂ ਅੰਦਰੀਂ ਘੁਸਰ-ਮੁਸਰ ਚੱਲ ਰਹੀ ਹੈ ਅਤੇ ਜਲ ਸਰੋਤ ਵਿਭਾਗ ਅਤੇ ਵਿੱਤ ਵਿਭਾਗ ਦਰਮਿਆਨ ਇਸ ਮਾਮਲੇ 'ਤੇ ਵਿਚਾਰ ਵਟਾਂਦਰਾ ਵੀ ਹੋਇਆ ਹੈ। ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਸਰਕਾਰ ਵਿਚਾਰ ਕਰ ਰਹੀ ਹੈ ਕਿ ਕਿਉਂ ਨਾ ਨਹਿਰੀ ਪਾਣੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਜਲ ਸੈੱਸ ਨੂੰ ਵੀ ਜ਼ੀਰੋ ਬਿੱਲਾਂ 'ਚ ਤਬਦੀਲ ਕਰ ਦਿੱਤਾ ਜਾਵੇ। ਬੇਸ਼ੱਕ ਜਲ ਸੈੱਸ ਪ੍ਰਤੀ ਏਕੜ ਸਾਲਾਨਾ ਇਕ ਸੌ ਰੁਪਏ ਹੀ ਹੈ ਪਰ ਸਰਕਾਰ ਜ਼ਮੀਨੀ ਪਾਣੀ ਦੀ ਬੱਚਤ ਲਈ ਇਸ ਨੂੰ ਜ਼ੀਰੋ ਬਿੱਲਾਂ ਵਿਚ ਤਬਦੀਲ ਕਰਕੇ ਇੱਕ ਚੰਗਾ ਸੁਨੇਹਾ ਦੇਣਾ ਚਾਹੁੰਦੀ ਹੈ। ਸਿੰਜਾਈ ਵਿਭਾਗ ਨੇ 'ਇੰਡੀਅਨ ਕੈਨਾਲ ਐਂਡ ਡਰੇਨੇਜ ਐਕਟ 1873' ਵਿਚ ਸੋਧ ਕਰਕੇ ਪੁਰਾਣੇ 'ਆਬਿਆਨਾ' ਨੂੰ ਸੋਧ ਕੇ 'ਜਲ ਸੈੱਸ' ਲਾਗੂ ਕਰ ਦਿੱਤਾ ਸੀ। ਸਰਕਾਰ ਨੇ 22 ਜਨਵਰੀ 2010 ਨੂੰ ਕੈਬਨਿਟ ਵਿਚ ਪਿਛਲੇ ਸਾਲਾਂ ਦੇ ਆਬਿਆਨਾ ਦੀ ਵਸੂਲੀ ਨਾ ਕਰਨ ਦਾ ਫੈਸਲਾ ਕੀਤਾ ਸੀ। ਕਿਸਾਨਾਂ ਨੇ ਸ਼ੁਰੂ ਵਿਚ ਜਦੋਂ 'ਜਲ ਸੈੱਸ' ਨਾ ਦਿੱਤਾ ਤਾਂ ਸਾਲ 2015 ਵਿਚ ਸਰਕਾਰ ਨੇ ਸਖਤੀ ਕਰਦਿਆਂ ਰਜਵਾਹੇ ਅਤੇ ਮੋਘੇ ਬੰਦ ਕਰਨੇ ਸ਼ੁਰੂ ਕਰ ਦਿੱਤੇ। ਕਿਸਾਨ ਧਿਰਾਂ ਦੇ ਵਿਰੋਧ ਮਗਰੋਂ ਇਹ ਫੈਸਲਾ ਵਾਪਸ ਲੈਣਾ ਪਿਆ। ਉਸ ਮਗਰੋਂ ਕਿਸੇ ਵੀ ਹਕੂਮਤ ਨੇ 'ਜਲ ਸੈੱਸ' ਦੀ ਵਸੂਲੀ ਲਈ ਹਿੰਮਤ ਨਹੀਂ ਜੁਟਾਈ। ਮੌਜੂਦਾ 'ਆਪ' ਸਰਕਾਰ ਵੀ 'ਜਲ ਸੈੱਸ' ਦੀ ਵਸੂਲੀ ਤੋਂ ਝਿਜਕ ਰਹੀ ਹੈ। ਵੇਰਵਿਆਂ ਅਨੁਸਾਰ ਵਰ੍ਹਾ 2014-15 ਤੋਂ 2022-23 ਦੇ ਸਮੇਂ ਦਾ ਕੁੱਲ 210.69 ਕਰੋੜ ਰੁਪਏ ਜਲ ਸੈੱਸ ਬਣਦਾ ਸੀ ਪਰ ਇਸ ਵਿਚੋਂ ਸਿਰਫ 2.48 ਕਰੋੜ ਦੀ ਵਸੂਲੀ ਹੋਈ ਹੈ ਜਦਕਿ 208.21 ਕਰੋੜ ਦਾ ਬਕਾਇਆ ਖੜ੍ਹਾ ਹੈ। ਚਾਲੂ ਵਿੱਤੀ ਵਰ੍ਹੇ ਦੇ ਅਗਸਤ ਮਹੀਨੇ ਤੱਕ ਕਿਸਾਨਾਂ ਵੱਲ 'ਜਲ ਸੈੱਸ' ਦਾ 123.28 ਕਰੋੜ ਰੁਪਏ ਦਾ ਬਕਾਇਆ ਖੜ੍ਹਾ ਹੈ ਜਿਸ ਵਿਚੋਂ ਸਿਰਫ 57.85 ਲੱਖ ਵਸੂਲ ਕੀਤਾ ਜਾ ਸਕਿਆ ਹੈ। ਜਲ ਸਰੋਤ ਵਿਭਾਗ ਦੇ ਫੀਲਡ ਅਧਿਕਾਰੀ ਦੱਸਦੇ ਹਨ ਕਿ ਕਿਸਾਨ ਮਜਬੂਰੀ 'ਚ ਹੀ ਜਲ ਸੈੱਸ ਦਾ ਬਕਾਇਆ ਤਾਰਦੇ ਹਨ। ਦੂਜੇ ਪਾਸੇ ਕਿਸਾਨਾਂ ਨੂੰ ਜ਼ਮੀਨੀ ਪਾਣੀ ਖਿੱਚਣ ਲਈ ਖੇਤੀ ਮੋਟਰਾਂ 'ਤੇ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ ਜੋ ਕਿ ਔਸਤਨ ਪ੍ਰਤੀ ਕੁਨੈਕਸ਼ਨ 53,984 ਰੁਪਏ ਸਾਲਾਨਾ ਬਣਦੀ ਹੈ। ਸੱਤ ਏਕੜ ਪਿੱਛੇ ਇਕ ਕੁਨੈਕਸ਼ਨ ਮੰਨੀਏ ਤਾਂ ਕਿਸਾਨ ਨੂੰ ਪ੍ਰਤੀ ਏਕੜ ਸਾਲਾਨਾ 7685 ਰੁਪਏ ਦੀ ਬਿਜਲੀ ਸਬਸਿਡੀ ਮਿਲਦੀ ਹੈ। ਸੂਬੇ ਵਿਚ 13.91 ਲੱਖ ਮੋਟਰ ਕੁਨੈਕਸ਼ਨ ਹਨ ਅਤੇ ਲੰਘੇ ਢਾਈ ਦਹਾਕਿਆਂ 'ਚ ਸਰਕਾਰ ਕਿਸਾਨਾਂ ਨੂੰ ਇੱਕ ਲੱਖ ਕਰੋੜ ਦੀ ਬਿਜਲੀ ਸਬਸਿਡੀ ਦੇ ਚੁੱਕੀ ਹੈ। ਨਹਿਰੀ ਪਾਣੀ ਦੀ ਵਰਤੋਂ 'ਚ ਵਾਧਾ ਹੁੰਦਾ ਹੈ ਤਾਂ ਇਸ ਨਾਲ ਬਿਜਲੀ ਸਬਸਿਡੀ 'ਚ ਵੀ ਕਟੌਤੀ ਹੋਣ ਦੀ ਸੰਭਾਵਨਾ ਹੈ।



## ਨਹਿਰੀ ਪਾਣੀ: ਕਿਸਾਨਾਂ ਦਾ ਵਫਦ ਮੰਤਰੀ ਨੂੰ ਮਿਲਿਆ

**ਚੰਡੀਗੜ੍ਹ:** ਜਲ ਸਰੋਤ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਤੇ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਨੇ ਇੱਥੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਵਫਦ ਨਾਲ ਮੀਟਿੰਗ 'ਚ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਹੈ ਅਤੇ ਇਸ ਨਾਲ ਨਹਿਰੀ ਪਾਣੀ ਦੇ ਮਸਲੇ ਦਾ ਹੱਲ ਨਿਕਲਣ ਦੇ ਆਸਾਰ ਬਣ ਗਏ ਹਨ। ਨਹਿਰੀ ਪਾਣੀ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਜਰਨੈਲ ਸਿੰਘ ਜਹਾਂਗੀਰ, ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ, ਸੰਘਰਸ਼ ਕਮੇਟੀ ਆਗੂ ਸੁਖਵਿੰਦਰ ਸਿੰਘ ਚੂੰਘਾਂ ਤੇ ਬੀ.ਕੇ.ਯੂ. ਉਗਰਾਹਾਂ ਦੇ ਆਗੂ ਹਰਜੀਤ ਸਿੰਘ ਬਦੇਸ਼ਾ ਨੇ ਦੱਸਿਆ ਕਿ ਕਰੀਬ ਇਕ ਸਾਲ ਤੋਂ ਮੁੱਖ ਮੰਤਰੀ ਦੇ ਹਲਕੇ ਧੂਰੀ ਸਮੇਤ ਆਲੇ-ਦੁਆਲੇ ਦੇ ਪਿੰਡਾਂ ਨੂੰ ਨਹਿਰਾਂ ਨਿਕਲਣ ਤੋਂ ਲੈ ਕੇ ਹੁਣ ਤੱਕ ਇਕ ਬੂੰਦ ਵੀ ਨਹਿਰੀ ਪਾਣੀ ਨਹੀਂ ਨਸੀਬ ਹੋਇਆ। ਇਸ ਕਰਕੇ ਕਿਸਾਨਾਂ ਨੇ 20 ਸਤੰਬਰ ਤੋਂ ਮੁੱਖ ਮੰਤਰੀ ਦਫ਼ਤਰ, ਧੂਰੀ ਅੱਗੇ ਪੱਕਾ ਮੋਰਚਾ ਲਾਇਆ ਹੋਇਆ ਹੈ।

# ਪਰਾਲੀ ਸਾੜਨ ਵਾਲਿਆਂ ਖਿਲਾਫ ਸਖਤੀ




**ਅੰਮ੍ਰਿਤਸਰ:** ਝੋਨੇ ਦੀ ਪਰਾਲੀ ਅਤੇ ਫਸਲੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਵਾਲਿਆਂ ਖਿਲਾਫ ਪਹਿਲਾਂ ਕਾਰਵਾਈ ਕਰਨ ਤੋਂ ਸੁਸਤ ਬੈਠੀ ਸਰਕਾਰ ਹੁਣ ਅਜਿਹੇ ਕਿਸਾਨਾਂ ਵਿਰੁੱਧ ਹਰਕਤ ਵਿਚ ਆ ਗਈ ਹੈ। ਹੁਣ ਜ਼ਿਲ੍ਹੇ ਵਿਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਵਾਲੇ 223 ਕਿਸਾਨਾਂ ਨੂੰ 5,57,500 ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ। ਇਹ ਪ੍ਰਗਟਾਵਾ ਡੀ.ਸੀ. ਅਮਿਤ ਤਲਵਾੜ ਨੇ ਕਰਦਿਆਂ ਦੱਸਿਆ ਕਿ ਹੁਣ ਤੱਕ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਨੂੰ 429 ਥਾਵਾਂ 'ਤੇ ਅੱਗ ਲੱਗਣ ਦੀ ਸੂਚਨਾ ਉਪਗ੍ਰਹਿ ਰਾਹੀਂ ਮਿਲੀ ਸੀ। ਅਧਿਕਾਰੀਆਂ ਵੱਲੋਂ 341 ਥਾਵਾਂ ਦਾ ਦੌਰਾ ਕੀਤਾ ਗਿਆ ਹੈ, 250 ਥਾਵਾਂ 'ਤੇ ਅੱਗ ਲੱਗਣ ਦੀ ਪੁਸ਼ਟੀ ਹੋਈ ਹੈ। ਇਸ ਕਾਰਨ 223 ਕਿਸਾਨਾਂ ਨੂੰ 5, 57,500 ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਰਾਲੀ ਨੂੰ ਅੱਗ ਲਾਉਣ ਵਾਲੇ 36 ਕਿਸਾਨਾਂ ਦਾ ਮਾਲ ਰਿਕਾਰਡ ਵਿਚ ਲਾਲ ਇੰਦਰਾਜ ਵੀ ਦਰਜ ਕੀਤਾ ਗਿਆ ਹੈ ਅਤੇ 27 ਹੋਰ ਕਿਸਾਨਾਂ ਨੂੰ ਜੁਰਮਾਨੇ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ 88 ਥਾਵਾਂ 'ਤੇ ਅੱਗ ਲੱਗਣ ਦੀਆਂ ਘਟਨਾਵਾਂ ਦੀ ਜਾਂਚ ਕਰਵਾਈ ਜਾ ਰਹੀ ਹੈ ਅਤੇ ਇਸ ਉਪਰੰਤ ਅਗਲੀ ਕਾਰਵਾਈ ਕੀਤੀ ਜਾਵੇਗੀ।

# ਮੋਟੇ ਅਨਾਜ ਦੇ ਪੈਕਡ ਆਟੇ 'ਤੇ ਲੱਗੇਗਾ ਪੰਜ ਫੀਸਦੀ ਟੈਕਸ

**ਨਵੀਂ ਦਿੱਲੀ:** ਜੀ.ਐਸ.ਟੀ. ਕੌਂਸਲ ਨੇ ਲੇਬਲ ਵਾਲੇ ਮੋਟੇ ਅਨਾਜ ਦੇ ਆਟੇ 'ਤੇ ਪੰਜ ਫੀਸਦੀ ਟੈਕਸ ਲਾਉਣ ਦਾ ਫੈਸਲਾ ਕੀਤਾ ਹੈ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਇਹ ਜਾਣਕਾਰੀ ਦਿੱਤੀ। ਆਟੇ ਨੂੰ ਪੈਕ ਕਰਕੇ ਉਸ 'ਤੇ ਲੇਬਲ ਲਗਾ ਕੇ ਵੇਚਣ 'ਤੇ ਜੀ.ਐਸ.ਟੀ. ਲਾਗੂ ਹੋਵੇਗਾ। ਅਜਿਹਾ ਆਟਾ ਜਿਸ 'ਚ ਘੱਟ ਤੋਂ ਘੱਟ 70 ਫੀਸਦੀ ਮੋਟਾ ਅਨਾਜ ਹੋਵੇ, ਉਸ ਨੂੰ ਖੁੱਲ੍ਹਾ ਵੇਚਣ 'ਤੇ ਕੋਈ ਜੀ.ਐਸ.ਟੀ. ਨਹੀਂ ਲੱਗੇਗਾ ਪਰ ਪੈਕ ਕਰਕੇ ਅਤੇ ਲੇਬਲ ਲਗਾ ਕੇ ਵੇਚਣ 'ਤੇ ਪੰਜ ਫੀਸਦੀ ਜੀ.ਐਸ.ਟੀ. ਲੱਗੇਗਾ।

ਇਸ ਦੇ ਨਾਲ ਹੀ ਕੌਂਸਲ ਨੇ ਸੀਰੇ 'ਤੇ ਜੀ.ਐਸ.ਟੀ. 28 ਫੀਸਦੀ ਤੋਂ ਘਟਾ ਕੇ ਪੰਜ ਫੀਸਦੀ ਕਰਨ ਅਤੇ ਮਨੁੱਖੀ ਵਰਤੋਂ ਲਈ ਅਲਕੋਹਲ ਨੂੰ ਟੈਕਸ ਤੋਂ ਛੋਟ ਦੇਣ ਦਾ ਫੈਸਲਾ ਕੀਤਾ ਹੈ।

ਕੇਂਦਰੀ ਵਿੱਤ ਮੰਤਰੀ ਦੀ ਪ੍ਰਧਾਨਗੀ ਹੇਠ ਅਤੇ ਰਾਜਾਂ ਦੇ ਹਮਰੁਤਬਾਵਾਂ ਦੀ ਮੌਜੂਦਗੀ 'ਚ ਹੋਈ ਜੀ.ਐਸ.ਟੀ. ਕੌਂਸਲ ਦੀ 52ਵੀਂ ਮੀਟਿੰਗ 'ਚ ਜੀ.ਐੱਸ.ਟੀ. ਅਪੀਲੀ ਟ੍ਰਿਬਿਊਨਲ (ਜੀ.ਐਸ.ਟੀ.ਏ.ਟੀ.) ਦੇ ਪ੍ਰਧਾਨ ਅਤੇ ਮੈਂਬਰਾਂ ਦੀ ਘੱਟੋ ਘੱਟ ਉਮਰ ਹੱਦ ਨਿਰਧਾਰਤ ਕਰਨ ਦਾ ਵੀ ਫੈਸਲਾ ਲਿਆ ਗਿਆ। ਇਸ ਤਹਿਤ ਜੀ.ਐਸ.ਟੀ.ਏ.ਟੀ. ਦੇ ਪ੍ਰਧਾਨ ਦੀ ਵੱਧ ਤੋਂ ਵੱਧ ਉਮਰ 70 ਸਾਲ ਤੇ ਮੈਂਬਰਾਂ ਦੀ ਵੱਧ ਤੋਂ ਵੱਧ ਉਮਰ 67 ਸਾਲ ਹੋਵੇਗੀ ਜੋ ਪਹਿਲਾਂ ਕ੍ਰਮਵਾਰ 67 ਤੇ 65 ਸਾਲ ਸੀ। ਜੀ.ਐਸ.ਟੀ. ਕੌਂਸਲ ਨੇ ਸ਼ੀਰੇ 'ਤੇ ਜੀ.ਐੱਸ.ਟੀ. 28 ਫੀਸਦੀ ਤੋਂ ਘਟਾ ਕੇ ਪੰਜ ਫੀਸਦੀ ਕਰਨ ਦਾ ਫੈਸਲਾ ਕੀਤਾ ਹੈ। ਕੌਂਸਲ ਨੇ ਪੀਣਯੋਗ ਅਲਕੋਹਲ 'ਤੇ ਟੈਕਸ ਤੋਂ ਛੋਟ ਦਿੱਤੀ ਹੈ। ਛੱਤੀਸਗੜ੍ਹ ਦੇ ਉਪ ਮੁੱਖ ਮੰਤਰੀ ਦੇ ਜੀ.ਐੱਸ.ਟੀ. ਕੌਂਸਲ ਦੇ ਮੈਂਬਰ ਟੀ.ਐੱਸ. ਸਿੰਘ ਦੇਵ ਨੇ ਕਿਹਾ ਕਿ ਸਨਅਤੀ ਵਰਤੋਂ ਲਈ ਈ.ਐੱਨ.ਐੱਲ. (ਐਕਸਟਰਾ ਨਿਊਟ੍ਰਲ ਅਲਕੋਹਲ) 'ਤੇ ਜੀ.ਐਸ.ਟੀ. ਲੱਗਦਾ ਰਹੇਗਾ।




# ਰਜਿਸਟਰੀਆਂ ਤੋਂ ਆਮਦਨ ਵਿਚ 12 ਫੀਸਦੀ ਵਾਧਾ ਹੋਣ ਦਾ ਦਾਅਵਾ

**ਚੰਡੀਗੜ੍ਹ:** ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਪੰਜਾਬ ਸਰਕਾਰ ਦੇ ਖ਼ਜ਼ਾਨੇ ਵਿਚ ਵਿੱਤੀ ਵਰ੍ਹੇ 2023-24 ਦੇ ਪਹਿਲੇ 6 ਮਹੀਨਿਆਂ 'ਚ ਪਿਛਲੇ ਸਾਲ ਦੇ ਮੁਕਾਬਲੇ 12 ਫੀਸਦੀ ਜ਼ਿਆਦਾ ਪੈਸਾ ਆਇਆ ਹੈ। ਇਹ ਜਾਣਕਾਰੀ ਦਿੰਦਿਆਂ ਮਾਲ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਦੱਸਿਆ ਹੈ ਕਿ ਜ਼ਮੀਨ-ਜਾਇਦਾਦ ਦੀਆਂ ਰਜਿਸਟਰੀਆਂ ਤੋਂ ਪੰਜਾਬ ਸਰਕਾਰ ਨੂੰ ਸਿਰਫ ਅਗਸਤ ਮਹੀਨੇ ਵਿਚ ਹੀ ਪਿਛਲੇ ਸਾਲ ਦੇ ਮੁਕਾਬਲੇ 24 ਫੀਸਦੀ ਜ਼ਿਆਦਾ ਆਮਦਨ ਹੋਈ ਹੈ ਜਦਕਿ ਸਤੰਬਰ ਮਹੀਨੇ ਵਿਚ ਇਹ ਵਾਧਾ ਦਰ 10 ਫੀਸਦੀ ਰਹੀ। ਅਗਸਤ 2022 ਦੇ 282.62 ਕਰੋੜ ਰੁਪਏ ਦੇ ਮੁਕਾਬਲੇ ਅਗਸਤ 2023 'ਚ ਸਰਕਾਰੀ ਖਜ਼ਾਨੇ ਵਿਚ 349.27 ਕਰੋੜ ਰੁਪਏ ਆਏ। ਇਸੇ ਤਰ੍ਹਾਂ ਸਤੰਬਰ 2022 ਦੇ 303.38 ਕਰੋੜ ਰੁਪਏ ਦੇ ਮੁਕਾਬਲੇ ਇਸ ਵਰ੍ਹੇ ਸਤੰਬਰ ਵਿਚ 332.48 ਕਰੋੜ ਰੁਪਏ ਦੀ ਆਮਦਨ ਹੋਈ। ਜਿੰਪਾ ਨੇ ਦੱਸਿਆ ਕਿ ਸਾਲ 2023-24 ਦੌਰਾਨ ਰਜਿਸਟਰੀਆਂ ਤੋਂ 4700 ਕਰੋੜ ਰੁਪਏ ਦੀ ਆਮਦਨ ਦਾ ਟੀਚਾ ਮਿਥਿਆ ਗਿਆ ਹੈ। ਜਿੰਪਾ ਮੁਤਾਬਕ, "ਇਸ ਸਾਲ ਅਪਰੈਲ ਤੋਂ ਸਤੰਬਰ ਤੱਕ ਕੁੱਲ 2143.62 ਕਰੋੜ ਰੁਪਏ ਆਮਦਨ ਹੋਈ ਹੈ ਜਦਕਿ ਪਿਛਲੇ ਸਾਲ ਇਹੀ ਆਮਦਨ 1908.87 ਕਰੋੜ ਰੁਪਏ ਸੀ। ਇਸ ਤਰ੍ਹਾਂ ਇਹ ਵਾਧਾ 12 ਫ਼ੀਸਦੀ ਬਣਦਾ ਹੈ।" ਉਨ੍ਹਾਂ ਕਿਹਾ ਕਿ ਮਾਲ ਵਿਭਾਗ ਵਿਚ ਜੇਕਰ ਕਿਸੇ ਵੀ ਪੱਧਰ 'ਤੇ ਲੋਕਾਂ ਨੂੰ ਕੰਮ ਕਰਵਾਉਣ ਵਿਚ ਕੋਈ ਦਿੱਕਤ ਆਉਂਦੀ ਹੈ ਤਾਂ ਹੈਲਪਲਾਈਨ ਨੰਬਰ 8184900002 'ਤੇ ਲਿਖਤੀ ਸ਼ਿਕਾਇਤ ਕੀਤੀ ਜਾ ਸਕਦੀ ਹੈ। ਐਨ.ਆਰ.ਆਈਜ਼. ਆਪਣੀਆਂ ਸ਼ਿਕਾਇਤਾਂ 9464100168 ਨੰਬਰ 'ਤੇ ਭੇਜ ਸਕਦੇ ਹਨ। ਉਨ੍ਹਾਂ ਅਪੀਲ ਕੀਤੀ ਕਿ ਲੋਕ ਸਰਕਾਰ ਦਾ ਸਾਥ ਦੇਣ ਅਤੇ ਕਿਸੇ ਵੀ ਜਾਇਜ਼ ਕੰਮ ਲਈ ਅਧਿਕਾਰੀ ਜਾਂ ਕਰਮਚਾਰੀ ਨੂੰ ਰਿਸ਼ਵਤ ਨਾ ਦਿੱਤੀ ਜਾਵੇ।

# ਝੋਨੇ ਦੀ ਖਰੀਦ 'ਚ ਕਿਸੇ ਵੀ ਕਿਸਮ ਦੀ ਢਿੱਲ ਮੱਠ ਬਰਦਾਸ਼ਤ ਨਹੀਂ ਹੋਵੇਗੀ: ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਝੋਨੇ ਦੀ ਖਰੀਦ ਅਤੇ ਲਿਫਟਿੰਗ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਤਾੜਨਾ ਕੀਤੀ ਕਿ ਝੋਨੇ ਦੇ ਸੀਜ਼ਨ ਦੌਰਾਨ ਕਿਸੇ ਵੀ ਤਰ੍ਹਾਂ ਦੀ ਢਿੱਲ ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਇੱਥੇ ਪੰਜਾਬ ਭਵਨ ਵਿਚ ਮੁੱਖ ਮੰਤਰੀ ਨੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਜ਼ਮੀਨੀ ਪੱਧਰ 'ਤੇ ਸਮੁੱਚੇ ਕਾਰਜਾਂ ਦਾ ਜਾਇਜ਼ਾ ਲੈਣ ਲਈ ਰੋਜ਼ਾਨਾ 7-8 ਮੰਡੀਆਂ ਦਾ ਦੌਰਾ ਕਰਨ ਲਈ ਕਿਹਾ। ਮੁੱਖ ਮੰਤਰੀ ਨੇ ਕਿਹਾ ਕਿ ਯਕੀਨੀ ਬਣਾਇਆ ਜਾਵੇ ਕਿ ਮੰਡੀਆਂ ਵਿਚ ਫਸਲ ਦੇ ਢੇਰ ਨਾ ਲੱਗਣ ਅਤੇ ਇਸ ਦੀ ਛੇਤੀ ਤੋਂ ਛੇਤੀ ਲਿਫਟਿੰਗ ਯਕੀਨੀ ਬਣਾਈ ਜਾਵੇ। ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਝੋਨੇ ਦੀ ਫਸਲ ਦੀ ਆਮਦ, ਖਰੀਦ ਅਤੇ ਅਦਾਇਗੀ ਦੀ ਰੋਜ਼ਾਨਾ ਰਿਪੋਰਟ ਨਿੱਜੀ ਤੌਰ 'ਤੇ ਉਨ੍ਹਾਂ ਨੂੰ ਸੌਂਪਣ ਲਈ ਆਖਿਆ।



ਉਨ੍ਹਾਂ ਕਿਹਾ ਕਿ ਸਮੁੱਚੀ ਪ੍ਰਕਿਰਿਆ ਦੇ ਡਿਜੀਟਾਈਜੇਸ਼ਨ ਨਾਲ ਖਰੀਦ, ਲਿਫਟਿੰਗ ਅਤੇ ਅਦਾਇਗੀ ਇਕੋ ਦਿਨ ਕੀਤੀ ਜਾਵੇਗੀ। ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਕਰਨ ਦੇ ਨਿਰਧਾਰਿਤ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ। ਮੁੱਖ ਮੰਤਰੀ ਨੇ ਮੀਟਿੰਗ ਵਿਚ ਇਸੇ ਤਰ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਪਰਾਲੀ ਨੂੰ ਅੱਗ ਦੇ ਘਾਤਕ ਸਿੱਟਿਆਂ ਬਾਰੇ ਕਿਸਾਨਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਗਲੇ ਕੁਝ ਦਿਨਾਂ ਵਿਚ ਪਰਾਲੀ ਸਾੜਨ ਦੀ ਸਮੱਸਿਆ ਨੂੰ ਰੋਕਣ ਲਈ ਸਖਤ ਨਿਗਰਾਨੀ ਰੱਖਣ ਦੀ ਲੋੜ ਹੈ।

ਉਨ੍ਹਾਂ ਦੱਸਿਆ ਕਿ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਸੂਬੇ ਦੇ ਆਫ਼ਤ ਰਾਹਤ ਫੰਡ ਵਿਚ ਢੁਕਵਾਂ ਫੰਡ ਹੈ ਅਤੇ ਲੋਕਾਂ ਨੂੰ ਉਨ੍ਹਾਂ ਦੇ ਨੁਕਸਾਨ ਦੇ ਇਕ-ਇਕ ਪੈਸੇ ਦਾ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿਚ ਅਜਿਹੇ ਹੋਰ ਆਮ ਆਦਮੀ ਕਲੀਨਿਕ ਵੀ ਖੋਲ੍ਹੇ ਜਾਣਗੇ। ਇਸੇ ਤਰ੍ਹਾਂ ਸੂਬੇ ਵਿਚ 290 ਸੀਐੱਮ ਯੋਗਸ਼ਾਲਾਵਾਂ ਸਫਲਤਾਪੂਰਵਕ ਚੱਲ ਰਹੀਆਂ ਹਨ ਅਤੇ ਛੇਤੀ ਹੀ ਅਜਿਹੀਆਂ ਹੋਰ ਯੋਗਸ਼ਾਲਾਵਾਂ ਖੋਲ੍ਹੀਆਂ ਜਾਣਗੀਆਂ।

### ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕਰਨ ਦੀ ਪ੍ਰਕਿਰਿਆ ਤੇਜ਼ ਕਰਨ ਲਈ ਆਖਿਆ

ਮੁੱਖ ਮੰਤਰੀ ਨੇ ਵੱਡੇ ਨਸ਼ਾ ਤਸਕਰਾਂ ਦੀ ਜਾਇਦਾਦ ਦੀ ਪਛਾਣ ਕਰਕੇ ਇਸ ਨੂੰ ਜ਼ਬਤ ਕਰਨ ਦੀ ਪ੍ਰਕਿਰਿਆ ਤੇਜ਼ ਕਰਨ ਲਈ ਆਖਿਆ। ਉਨ੍ਹਾਂ ਆਟਾ ਦਾਲ ਸਕੀਮ ਤਹਿਤ ਵੱਧ ਤੋਂ ਵੱਧ ਯੋਗ ਤੇ ਲੋੜਵੰਦ ਲਾਭਪਾਤਰੀਆਂ ਨੂੰ ਇਸ ਦੇ ਦਾਇਰੇ ਵਿਚ ਲਿਆਉਣ ਲਈ ਵੀ ਹਦਾਇਤ ਕੀਤੀ ਗਈ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸੂਬੇ ਵਿਚ 5000 ਪੇਂਡੂ ਖੇਡ ਮੈਦਾਨ ਬਣਨੇ ਹਨ, ਜਿਨ੍ਹਾਂ ਵਿਚੋਂ 1014 ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ 1886 ਵਿਚ ਚੱਲ ਰਿਹਾ ਹੈ। ਉਨ੍ਹਾਂ ਇਸ ਕਾਰਜ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕਰਵਾਉਣ ਲਈ ਆਖਿਆ। ਮੁੱਖ ਮੰਤਰੀ ਨੇ ਸੂਬਾ ਦੇ ਸੇਵਾ ਕੇਂਦਰਾਂ ਦੀ ਬਕਾਇਆ ਦਰ ਮਹਿਜ਼ 0.08 ਫ਼ੀਸਦੀ ਹੋਣ 'ਤੇ ਤਸੱਲੀ ਵੀ ਪ੍ਰਗਟਾਈ।

## ਖਾਦਾਂ ਦੀ ਕਾਣੀ ਵੰਡ ਖਿਲਾਫ ਨਿੱਤਰੇ ਡੀਲਰ

**ਮੋਗਾ:** ਪੰਜਾਬ ਸਰਕਾਰ ਦੀ ਖਾਦਾਂ ਦੀ ਵੰਡ ਸਬੰਧੀ ਨਵੀਂ ਅਨੁਪਾਤ ਨੀਤੀ ਦਾ ਸੂਬੇ ਭਰ ਦੇ ਖਾਦ ਡੀਲਰਾਂ ਨੇ ਵਿਰੋਧ ਸ਼ੁਰੂ ਕਰ ਦਿੱਤਾ ਹੈ। ਪ੍ਰਾਈਵੇਟ ਖਾਦ ਡੀਲਰਾਂ ਨੇ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਇਹ ਫੈਸਲਾ ਵਾਪਸ ਨਾ ਲਿਆ ਤਾਂ ਉਹ ਦੁਕਾਨਾਂ ਬੰਦ ਕਰ ਕੇ ਚਾਬੀਆਂ ਪ੍ਰਸ਼ਾਸਨ ਨੂੰ ਸੌਂਪ ਦੇਣਗੇ। ਵੇਰਵਿਆਂ ਅਨੁਸਾਰ ਸੂਬੇ ਵਿੱਚ ਯੂਰੀਆ ਅਤੇ ਡੀ.ਏ.ਪੀ. ਖਾਦ ਦੀ ਸਹਿਕਾਰੀ ਅਤੇ ਪ੍ਰਾਈਵੇਟ ਡੀਲਰਾਂ ਨੂੰ ਕੀਤੀ ਜਾ ਰਹੀ ਵੰਡ ਵਿਚ 60/40 ਦੇ ਅਨੁਪਾਤ ਦੀ ਨੀਤੀ ਲੰਮੇ ਸਮੇਂ ਤੋਂ ਲਾਗੂ ਹੈ। ਹੁਣ ਪੰਜਾਬ ਸਰਕਾਰ ਨੇ ਇਸ ਨੀਤੀ 'ਚ ਸੋਧ ਕਰਕੇ ਇਹ ਅਨੁਪਾਤ 80/20 ਕਰ ਦਿੱਤਾ ਹੈ। ਯਾਨੀ ਸਹਿਕਾਰੀ ਸੰਸਥਾਵਾਂ ਨੂੰ 80 ਅਤੇ ਨਿੱਜੀ ਡੀਲਰਾਂ ਨੂੰ 20 ਫ਼ੀਸਦੀ ਖਾਦ ਵੰਡੀ ਜਾਵੇਗੀ।

# ਪੰਜਾਬ ਮੰਤਰੀ ਮੰਡਲ ਦਾ ਫੈਸਲਾ: ਪਾਣੀ ਨਹੀਂ ਦੇਵਾਂਗੇ

## ਹੰਗਾਮੀ ਮੀਟਿੰਗ ਵਿਚ ਸੂਬਾ ਸਰਕਾਰ ਦਾ ਸਖਤ ਸਟੈਂਡ

**ਚੰਡੀਗੜ੍ਹ:** ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਬਾਰੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ ਮਗਰੋਂ ਪੰਜਾਬ ਵਿਚ ਸਿਆਸਤ ਭਖ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੀ ਰਿਹਾਇਸ਼ 'ਤੇ ਮੰਤਰੀ ਮੰਡਲ ਦੀ ਹੰਗਾਮੀ ਮੀਟਿੰਗ ਸੱਦੀ। ਮੀਟਿੰਗ ਦੌਰਾਨ ਮੰਤਰੀ ਮੰਡਲ ਨੇ ਪਾਣੀ ਦੀ ਇਕ ਵੀ ਬੂੰਦ ਕਿਸੇ ਹੋਰ ਸੂਬੇ ਨੂੰ ਨਾ ਦੇਣ ਦਾ ਫੈਸਲਾ ਲਿਆ।



ਮੰਤਰੀ ਮੰਡਲ ਦੀ ਮੀਟਿੰਗ ਵਿਚ ਸਾਰੇ ਮੰਤਰੀਆਂ ਨੇ ਐਸ.ਵਾਈ.ਐਲ. ਦੇ ਮੁੱਦੇ 'ਤੇ ਵਿਚਾਰ-ਚਰਚਾ ਕੀਤੀ ਅਤੇ ਸੂਬਾ ਸਰਕਾਰ ਦਾ ਸਟੈਂਡ ਸਪੱਸ਼ਟ ਕਰ ਦਿੱਤਾ ਹੈ। ਸਾਰੇ ਮੰਤਰੀਆਂ ਨੇ ਕਿਹਾ ਕਿ ਪੰਜਾਬ ਕੋਲ ਕਿਸੇ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ, ਜਿਸ ਕਰ ਕੇ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੀ ਉਸਾਰੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਹਰਿਆਣਾ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ, ਜਦੋਂ ਕਿ ਮੌਜੂਦਾ ਹਾਲਾਤ ਨੂੰ ਦੇਖਦਿਆਂ ਅਤੇ ਕੌਮਾਂਤਰੀ ਨੇਮਾਂ ਮੁਤਾਬਕ ਪਾਣੀ ਦੀ ਉਪਲਬਧਤਾ ਬਾਰੇ ਮੁੜ ਮੁਲਾਂਕਣ ਕਰਨ ਦੀ ਲੋੜ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਵਿਚ ਪਹਿਲਾਂ ਹੀ ਨਹਿਰੀ ਪਾਣੀ ਲੋੜ ਨਾਲੋਂ ਘੱਟ ਹੈ ਅਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ। ਇਸੇ ਕਰ ਕੇ ਸੂਬੇ ਦੇ 153 ਵਿਚੋਂ 117 ਬਲਾਕ (76.5 ਫੀਸਦੀ ਬਲਾਕ) ਡਾਰਕ ਜ਼ੋਨ ਵਿਚ ਚਲੇ ਗਏ ਹਨ। ਇਸ ਸਮੇਂ ਸੂਬੇ ਵਿਚ ਧਰਤੀ ਹੇਠੋਂ ਪਾਣੀ 100 ਫੀਸਦੀ ਤੋਂ ਵੱਧ ਕੱਢਿਆ ਜਾ ਰਿਹਾ ਹੈ। ਹਾਲਾਂਕਿ ਗੁਆਂਢੀ ਸੂਬੇ ਹਰਿਆਣਾ 'ਚ ਸਿਰਫ 143 ਵਿਚੋਂ 88 ਬਲਾਕ (61.5 ਫੀਸਦੀ) ਖਤਰੇ ਦੀ ਸਥਿਤੀ 'ਚ ਹਨ। ਇਸ ਤੋਂ ਪਤਾ ਲੱਗਦਾ ਹੈ ਕਿ ਹਰਿਆਣਾ 'ਚ ਪਾਣੀ ਦੀ ਮੌਜੂਦਾ ਸਥਿਤੀ ਪੰਜਾਬ ਨਾਲੋਂ ਬਿਹਤਰ ਹੈ।

### ਆਪ ਨੇ ਨਹਿਰ ਵਿਵਾਦ ਲਈ ਬਾਦਲ ਤੇ ਕੈਪਟਨ ਨੂੰ ਜ਼ਿੰਮੇਵਾਰ ਦੱਸਿਆ

**ਚੰਡੀਗੜ੍ਹ:** ਸੂਬੇ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਐਸ.ਵਾਈ.ਐਲ. ਨਹਿਰ ਵਿਵਾਦ ਲਈ ਸਾਬਕਾ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੇ ਕੈਪਟਨ ਅਮਰਿੰਦਰ ਸਿੰਘ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਇਸ ਮਸਲੇ ਨੂੰ ਹੱਲ ਨਹੀਂ ਕੀਤਾ ਪਰ ਹੁਣ ਚੋਣਾਂ ਨੇੜੇ ਆਉਂਦੀਆਂ ਦੇਖ ਕੇ ਵਿਰੋਧੀ ਪਾਰਟੀਆਂ ਪੰਜਾਬ ਹਿੱਤੂ ਹੋਣ ਦਾ ਸਿਰਫ ਡਰਾਮਾ ਕਰ ਰਹੀਆਂ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਮਾਨ ਸਰਕਾਰ ਸੂਬੇ ਦਾ ਇਕ ਬੂੰਦ ਵੀ ਪਾਣੀ ਕਿਸੇ ਹੋਰ ਨਹੀਂ ਦੇਵੇਗੀ ਕਿਉਂਕਿ ਪੰਜਾਬ ਕੋਲ ਪਹਿਲਾਂ ਹੀ ਨਹਿਰੀ ਪਾਣੀ ਦੀ ਘਾਟ ਹੈ।

### ਸੱਚ ਬੋਲਣ ਵਾਲਿਆਂ ਨੂੰ ਜੇਲ੍ਹਾਂ 'ਚ ਡੱਕਿਆ ਜਾ ਰਿਹੈ: ਸਿੱਧੂ

**ਨਾਭਾ:** ਕਾਂਗਰਸੀ ਨੇਤਾ ਨਵਜੋਤ ਸਿੰਘ ਸਿੱਧੂ ਨਾਭਾ ਜੇਲ੍ਹ 'ਚ ਬੰਦ ਵਿਧਾਇਕ ਸੁਖਪਾਲ ਸਿੰਘ ਖਹਿਰਾ ਨਾਲ ਮੁਲਾਕਾਤ ਕੀਤੀ। ਉਹ ਲਗਭਗ ਇਕ ਘੰਟਾ ਇੱਥੇ ਰੁਕੇ। ਉਪਰੰਤ ਸਿੱਧੂ ਨੇ ਸਰਕਾਰ 'ਤੇ ਵਰ੍ਹਦਿਆਂ ਕਿਹਾ ਕਿ ਸਿਸਟਮ ਪੂਰੀ ਤਰ੍ਹਾਂ ਲੜਖੜਾ ਗਿਆ ਹੈ। ਉਨ੍ਹਾਂ ਕਿਹਾ, "ਸਰਕਾਰ ਵੱਲੋਂ ਸੁਖਪਾਲ ਖਹਿਰਾ ਨੂੰ ਜਿਸ ਤਰੀਕੇ ਜਲੀਲ ਕਰਨ ਦੀ ਕੋਸ਼ਿਸ਼ ਕਰਦਿਆਂ ਗ੍ਰਿਫਤਾਰ ਕੀਤਾ ਗਿਆ, ਉਸ ਨਾਲ ਖਹਿਰਾ ਦਾ ਕੁਝ ਨਹੀਂ ਗਿਆ ਪਰ ਉਨ੍ਹਾਂ ਦੇ ਲੱਖ ਲੋਕਾਂ ਦੀ ਹੱਤਕ ਹੋਈ ਹੈ, ਜਿਨ੍ਹਾਂ ਨੇ ਖਹਿਰਾ ਨੂੰ ਆਪਣਾ ਨੁਮਾਇੰਦਾ ਚੁਣਿਆ ਸੀ।" ਸਾਬਕਾ ਵਿਧਾਇਕ ਨੇ ਆਖਿਆ ਕਿ ਬਿਨਾ ਵਰਦੀ ਪਹਿਨੇ ਇਕ ਵਿਅਕਤੀ ਵੱਲੋਂ ਵਿਧਾਇਕ ਨੂੰ ਖਿੱਚ ਲਿਜਾਣ ਨਾਲ ਸਮੁੱਚੀ ਵਿਧਾਨਪਾਲਿਕਾ ਦਾ ਕਥਿਤ ਅਪਮਾਨ ਹੋਇਆ ਤੇ ਇਹ ਕਾਰਵਾਈ ਪੂਰੇ ਸਿਸਟਮ 'ਤੇ ਸਵਾਲ ਖੜ੍ਹੇ ਕਰਦੀ ਹੈ। ਸਿੱਧੂ ਨੇ ਕਿਹਾ, "ਇਸ ਪੂਰੇ ਸਿਸਟਮ 'ਚ ਤਬਦੀਲੀ ਦੀ ਲੋੜ ਹੈ, ਜਿਹੜਾ 2015 ਦੇ ਕੇਸ ਵਿਚ ਹਾਲੇ ਤੱਕ ਚਲਾਨ ਪੇਸ਼ ਨਹੀਂ ਕਰ ਸਕਿਆ ਪਰ ਫਿਰ ਵੀ ਕਿਸੇ ਦੀ ਜਵਾਬਦੇਹੀ ਤੈਅ ਨਹੀਂ। ਬਸ ਸੱਚ ਬੋਲਣ ਵਾਲਿਆਂ ਉੱਪਰ ਤਲਵਾਰ ਦੀ ਤਰ੍ਹਾਂ ਕੇਸ ਲਟਕਾ ਕੇ ਰੱਖੇ ਜਾਂਦੇ ਹਨ।" ਉਨ੍ਹਾਂ ਨੇ ਅਕਾਲੀ ਦਲ ਅਤੇ 'ਆਪ' ਸਣੇ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਇਸੇ ਸਿਸਟਮ ਦਾ ਹਿੱਸਾ ਦੱਸਿਆ।

# ਸੁਪਰੀਮ ਕੋਰਟ ਦਾ ਹੁਕਮ ਪੰਜਾਬ ਵਿਰੋਧੀ ਕਰਾਰ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਕੁੱਲ ਹਿੰਦ ਕਿਸਾਨ ਫੈਡਰੇਸ਼ਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਮਾਨਸਾ) ਅਤੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਕਿਸਾਨ ਜਥੇਬੰਦੀਆਂ ਨੇ ਸੁਪਰੀਮ ਕੋਰਟ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਐਸ.ਵਾਈ.ਐਲ. ਨਹਿਰ ਦੀ ਉਸਾਰੀ ਲਈ ਸਰਵੇਖਣ ਕਰਨ ਦੇ ਹੁਕਮ ਨੂੰ ਪੰਜਾਬ ਵਿਰੋਧੀ ਕਰਾਰ ਦਿੱਤਾ ਹੈ। ਉਕਤ ਜਥੇਬੰਦੀਆਂ ਦੇ ਆਗੂਆਂ ਨੇ ਸਾਂਝੇ ਬਿਆਨ ਰਾਹੀਂ ਪੰਜਾਬ ਸਰਕਾਰ ਵੱਲੋਂ ਹਰਿਆਣਾ ਅਤੇ ਰਾਜਸਥਾਨ 'ਚ ਸਿਆਸੀ ਲਾਹੇ ਲਈ ਪਾਣੀਆਂ ਦੇ ਸੰਵੇਦਨਸ਼ੀਲ ਮੁੱਦੇ 'ਤੇ ਸਮਝੌਤਾਵਾਦੀ ਸਟੈਂਡ ਲੈਣ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਪਾਣੀ ਸੂਬਾਈ ਸੂਚੀ ਦੇ ਇੰਦਰਾਜ ਨੰਬਰ 17 'ਤੇ ਦਰਜ ਰਾਜ ਦਾ ਵਿਸ਼ਾ ਹੈ, ਜਿਸ ਦਾ ਮਤਲਬ ਹੈ ਕਿ ਕੇਂਦਰ ਸਰਕਾਰ ਨੂੰ ਪਾਣੀਆਂ ਦੇ ਮੁੱਦਿਆਂ 'ਤੇ ਕਾਰਜਕਾਰੀ ਹੁਕਮ ਤੇ ਫੈਸਲੇ ਪਾਸ ਕਰਨ ਦਾ ਕੋਈ ਕਾਨੂੰਨੀ ਅਧਿਕਾਰ ਨਹੀਂ ਹੈ, ਇਸ ਲਈ ਕੇਂਦਰ ਸਰਕਾਰ ਦਾ ਦਖਲ ਪੂਰੀ ਤਰ੍ਹਾਂ ਗੈਰ-ਕਾਨੂੰਨੀ ਅਤੇ ਗੈਰ-ਸੰਵਿਧਾਨਕ ਹੈ। ਸ੍ਰੀ ਰਾਜੇਵਾਲ ਨੇ ਕਿਹਾ ਕਿ ਪੁਨਰਗਠਨ ਐਕਟ ਦੀਆਂ ਧਾਰਾਵਾਂ 78, 79 ਅਤੇ 80 ਨੂੰ ਰੱਦ ਕੀਤਾ ਜਾਵੇ ਜੋ ਕੇਂਦਰ ਸਰਕਾਰ ਦੇ ਦਖਲ ਨੂੰ ਸੱਦਾ ਦੇਣ ਲਈ ਪਾਈਆਂ ਗਈਆਂ ਸਨ।



ਕਿਸਾਨ ਯੂਨੀਅਨ ਡਕੌਂਦਾ ਦੀ ਸੂਬਾਈ ਮੀਟਿੰਗ ਸੂਬਾਈ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਦੀ ਅਗਵਾਈ ਹੇਠ ਹੋਈ। ਇਸ ਵਿਚ ਐਸ.ਵਾਈ.ਐਲ. ਨਹਿਰ ਦੇ ਮਸਲੇ 'ਤੇ ਦੋ ਟੁੱਕ ਫੈਸਲਾ ਕੀਤਾ ਕਿ ਪਹਿਲਾਂ ਹੀ ਪੰਜਾਬ ਨਾਲ ਧੱਕਾ ਕਰ ਕੇ ਬਾਹਰਲਿਆਂ ਸੂਬਿਆਂ ਨੂੰ ਪਾਣੀ ਦਿੱਤਾ ਜਾਂਦਾ ਰਿਹਾ ਹੈ। ਹੁਣ ਤਾਂ ਪੰਜਾਬ ਵਿਚ ਪਾਣੀ ਦੀ ਘਾਟ ਹੈ। ਇਸ ਕਰ ਕੇ ਪੰਜਾਬ ਦੇ ਕਿਸਾਨ ਕਿਸੇ ਵੀ ਹਾਲਤ ਪਾਣੀ ਕਿਸੇ ਹੋਰ ਸੂਬੇ ਨੂੰ ਨਹੀਂ ਜਾਣ ਦੇਣਗੇ।

## ਨਿੱਝਰ ਦੀ ਹੱਤਿਆ ਪਿੱਛੇ ਚੀਨ ਦਾ ਹੱਥ ਹੋਣ ਦਾ ਦਾਅਵਾ

**ਨਿਊ ਯਾਰਕ ਸਿਟੀ:** ਕੈਨੇਡਾ ਵਿਚ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿਚ ਚੀਨੀ ਕਮਿਊਨਿਸਟ ਪਾਰਟੀ (ਸੀ.ਸੀ.ਪੀ.) ਦੇ ਏਜੰਟਾਂ ਦੇ ਹੱਥ ਹੋਣ ਦਾ ਦੋਸ਼ ਲਗਾਉਂਦੇ ਹੋਏ ਸੁਤੰਤਰ ਬਲੌਗਰ ਜੈਨੀਫਰ ਜੇਂਗ ਨੇ ਕਿਹਾ ਹੈ ਕਿ ਅਜਿਹਾ ਕਰਕੇ ਚੀਨ ਦਾ ਮਕਸਦ ਭਾਰਤ ਅਤੇ ਪੱਛਮ ਵਿਚਕਾਰ ਵਿਵਾਦ ਪੈਦਾ ਕਰਨ ਸੀ। ਜੈਨੀਫਰ ਜੇਂਗ ਚੀਨ 'ਚ ਜਨਮੀ ਮਨੁੱਖੀ ਅਧਿਕਾਰ ਕਾਰਕੁਨ ਤੇ ਪੱਤਰਕਾਰ ਹੈ, ਜੋ ਇਸ ਵੇਲੇ ਅਮਰੀਕਾ ਵਿਚ ਰਹਿ ਰਹੀ ਹੈ। ਸੋਸ਼ਲ ਮੀਡੀਆ ਪਲੇਟਫਾਰਮ ਉਤੇ ਪੋਸਟ ਕੀਤੇ ਵੀਡੀਓ ਵਿਚ ਉਸ ਨੇ ਇਹ ਦੋਸ਼ ਲਗਾਇਆ ਗਿਆ ਹੈ ਕਿ 'ਕਤਲ' ਸੀ.ਸੀ.ਪੀ. ਏਜੰਟਾਂ ਦੁਆਰਾ ਕੀਤਾ ਗਿਆ ਸੀ। ਬਲੌਗਰ ਨੇ ਦੋਸ਼ ਲਗਾਇਆ, '18 ਜੂਨ ਨੂੰ ਬੰਦੂਕਾਂ ਨਾਲ ਲੈਸ ਏਜੰਟਾਂ ਨੇ ਨਿੱਝਰ ਦਾ ਪਿੱਛਾ ਕੀਤਾ ਤੇ ਹੱਤਿਆ ਕਰਨ ਬਾਅਦ ਉਨ੍ਹਾਂ ਨਿੱਝਰ ਦੀ ਕਾਰ ਵਿਚਲੇ ਡੈਸ਼ ਕੈਮਰੇ ਨੂੰ ਨਸ਼ਟ ਕਰ ਦਿੱਤਾ। ਅਪਰਾਧ ਕਰਨ ਤੋਂ ਬਾਅਦ ਏਜੰਟ ਭੱਜ ਗਏ। ਉਨ੍ਹਾਂ ਨੇ ਸਾਰੇ ਸਬੂਤਾਂ ਨੂੰ ਨਸ਼ਟ ਕਰਨ ਲਈ ਆਪਣੇ ਹਥਿਆਰ ਤੇ ਸਾਮਾਨ ਸਾੜ ਦਿੱਤਾ। ਅਗਲੇ ਦਿਨ ਉਹ ਹਵਾਈ ਜਹਾਜ਼ਾਂ ਵਿਚ ਕੈਨੇਡਾ ਛੱਡ ਗਏ।' ਉਸ ਨੇ ਇਹ ਵੀ ਦੋਸ਼ ਲਾਇਆ ਕਿ ਕਾਤਲਾਂ ਨੇ ਜਾਣਬੁੱਝ ਕੇ ਭਾਰਤੀ ਲਹਿਜੇ ਵਾਲੀ ਅੰਗਰੇਜ਼ੀ ਵੀ ਸਿੱਖੀ ਸੀ।



## ਗੁਰਮਿੰਦਰ ਸਿੰਘ ਗੈਰੀ ਪੰਜਾਬ ਦੇ ਨਵੇਂ ਐਡਵੋਕੇਟ ਜਨਰਲ ਨਿਯੁਕਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੀਨੀਅਰ ਐਡਵੋਕੇਟ ਗੁਰਮਿੰਦਰ ਸਿੰਘ ਗੈਰੀ ਨੂੰ ਸੂਬੇ ਦਾ ਨਵਾਂ ਐਡਵੋਕੇਟ ਜਨਰਲ ਨਿਯੁਕਤ ਕੀਤਾ ਹੈ। ਉਹ ਸੂਬੇ ਦੇ 35ਵੇਂ ਏਜੀ ਬਣੇ ਹਨ। ਪੰਜਾਬ ਕੈਬਨਿਟ ਵੱਲੋਂ ਗੁਰਮਿੰਦਰ ਸਿੰਘ ਗੈਰੀ ਦੀ ਨਿਯੁਕਤੀ 'ਤੇ ਮੋਹਰ ਲਾਉਣ ਮਗਰੋਂ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਨਵਾਂ ਐਡਵੋਕੇਟ ਜਨਰਲ ਨਿਯੁਕਤ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਰਾਜਪਾਲ ਵੱਲੋਂ ਪ੍ਰਵਾਨਗੀ ਮਿਲਣ ਉਪਰੰਤ ਗੁਰਮਿੰਦਰ ਸਿੰਘ ਨੇ ਐਡਵੋਕੇਟ ਜਨਰਲ ਦਫ਼ਤਰ 'ਚ ਆਪਣਾ ਅਹੁਦਾ ਸੰਭਾਲ ਲਿਆ ਹੈ।

ਜਾਣਕਾਰੀ ਅਨੁਸਾਰ ਆਮ ਆਦਮੀ ਪਾਰਟੀ ਨੇ ਮਾਰਚ 2022 ਵਿਚ ਸੂਬੇ ਦੀ ਵਾਗਡੋਰ ਸੰਭਾਲਣ ਮਗਰੋਂ ਦੋ ਦਫ਼ਾ ਐਡਵੋਕੇਟ ਜਨਰਲ ਦੀ ਰੱਦੋਬਦਲ ਕੀਤੀ ਹੈ। ਐਡਵੋਕੇਟ ਜਨਰਲ ਵਿਨੋਦ ਘਈ ਨੇ ਨਿੱਜੀ ਕਾਰਨਾਂ ਦਾ ਹਵਾਲਾ ਦੇ ਕੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। 'ਆਪ' ਸਰਕਾਰ ਨੇ ਰਾਜ ਭਾਗ ਸੰਭਾਲਣ ਤੋਂ ਮਗਰੋਂ ਡਾ. ਅਨਮੋਲ ਰਤਨ ਸਿੱਧੂ ਨੂੰ 19 ਮਾਰਚ 2022 ਨੂੰ ਐਡਵੋਕੇਟ ਜਨਰਲ ਨਿਯੁਕਤ ਕੀਤਾ ਸੀ ਜੋ 20 ਜੁਲਾਈ 2022 ਤੱਕ ਅਹੁਦੇ 'ਤੇ ਬਣੇ ਰਹੇ। ਉਨ੍ਹਾਂ ਵੱਲੋਂ ਅਸਤੀਫ਼ਾ ਦੇਣ ਮਗਰੋਂ ਵਿਨੋਦ ਘਈ ਐਡਵੋਕੇਟ ਜਨਰਲ ਨੂੰ ਅਹੁਦੇ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ।



ਸੂਤਰ ਦੱਸਦੇ ਹਨ ਕਿ ਸਰਕਾਰ ਪਿਛਲੇ ਸਮੇਂ ਦੌਰਾਨ ਪੰਚਾਇਤਾਂ ਭੰਗ ਕੀਤੇ ਜਾਣ ਦੇ ਮੁੱਦੇ 'ਤੇ ਮਿਲੀ ਨਮੋਸ਼ੀ ਕਾਰਨ ਐਡਵੋਕੇਟ ਜਨਰਲ ਵਿਨੋਦ ਘਈ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਸੀ।

# ਕੇਂਦਰ ਅਤੇ ਪੰਜਾਬ ਸਰਕਾਰ ਖਿਲਾਫ ਗਰਜੇ ਕਿਸਾਨ, ਧਰਨੇ ਦਿੱਤੇ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਚੜੂਨੀ) ਨੇ ਕਿਸਾਨਾਂ ਦੀਆਂ ਮੰਗਾਂ ਦੇ ਹੱਲ ਲਈ ਪੰਜਾਬ ਭਰ 'ਚ 10 ਕੌਮੀ ਮਾਰਗਾਂ 'ਤੇ ਸਥਿਤ ਟੌਲ ਪਲਾਜ਼ਿਆਂ 'ਤੇ ਧਰਨੇ ਦਿੱਤੇ। ਇਸ ਦੌਰਾਨ ਕਿਸਾਨ ਜਥੇਬੰਦੀ ਦੇ ਆਗੂਆਂ ਨੇ ਕੇਂਦਰ ਅਤੇ ਸੂਬਾ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰ ਕੇ ਹੜ੍ਹਾਂ ਦੇ ਮੁਆਵਜ਼ੇ ਸਣੇ ਕਿਸਾਨਾਂ ਦੀਆਂ ਹੋਰ ਮੰਗਾਂ ਨਾ ਮੰਨਣ ਦੇ ਦੋਸ਼ ਲਾਏ।



ਪ੍ਰਾਪਤ ਜਾਣਕਾਰੀ ਅਨੁਸਾਰ ਕਿਸਾਨ ਜਥੇਬੰਦੀ ਵੱਲੋਂ ਸੂਬੇ 'ਚ ਲਾਡੋਵਾਲ ਟੌਲ ਪਲਾਜ਼ਾ, ਸੋਲਖੀਆਂ, ਮਾਨਾਂਵਾਲਾ, ਧਰੇੜੀ ਜੱਟਾਂ, ਢੱਪਰ, ਕਾਲਾਝਾੜ, ਪਠਾਨਕੋਟ, ਕੱਥੂਨੰਗਲ, ਕੋਟ ਕਰੋੜ ਅਤੇ ਅਜੀਜਪੁਰ ਵਿਚ ਟੌਲ ਪਲਾਜ਼ਿਆਂ ਨੂੰ ਚਾਰ ਘੰਟੇ ਪਰਚੀ ਮੁਕਤ ਕਰਵਾਇਆ ਗਿਆ। ਭਾਰਤੀ ਕਿਸਾਨ ਯੂਨੀਅਨ ਚੜੂਨੀ ਦੇ ਪੰਜਾਬ ਪ੍ਰਧਾਨ ਦਿਲਬਾਗ ਸਿੰਘ ਨੇ ਕਿਹਾ ਕਿ ਧਰਨਿਆਂ ਦੌਰਾਨ ਕਿਸਾਨ ਆਗੂਆਂ ਨੇ ਹੜ੍ਹਾਂ 'ਚ ਹੋਏ ਨੁਕਸਾਨ ਦਾ ਬਣਦਾ ਮੁਆਵਜ਼ਾ, ਖੰਡ ਮਿੱਲਾਂ ਨੂੰ ਬੰਦ ਹੋਣ ਤੋਂ ਰੋਕਣ, ਫਸਲਾਂ ਤੇ ਐਮ.ਐਸ.ਪੀ. ਦੇਣ ਅਤੇ ਨਸ਼ਿਆਂ ਦੀ ਰੋਕਥਾਮ ਸਬੰਧੀ ਆਵਾਜ਼ ਬੁਲੰਦ ਕੀਤੀ ਹੈ। ਇਸ ਦੇ ਨਾਲ ਹੀ ਕਿਸਾਨ ਜਥੇਬੰਦੀ ਨੇ ਭਾਰਤ ਮਾਲਾ ਪ੍ਰੋਜੈਕਟ ਤਹਿਤ ਬਣਾਈਆਂ ਜਾ ਰਹੀਆਂ ਸੜਕਾਂ ਵਿਚ ਪਾਣੀ ਦੀ ਨਿਕਾਸੀ, ਖੇਤਾਂ 'ਚ ਜਾਣ ਲਈ ਰਾਹ ਦੇਣ ਅਤੇ ਪ੍ਰਾਈਵੇਟ ਅਦਾਰਿਆਂ ਵਿਚ ਕੰਮ ਰਹੇ ਰਹੇ ਨੌਜਵਾਨਾਂ ਨੂੰ ਘੱਟ ਤੋਂ ਘੱਟ 20 ਹਜ਼ਾਰ ਰੁਪਏ ਮਹੀਨਾ ਤਨਖਾਹ ਦੇਣ ਦੀ ਮੰਗ ਕੀਤੀ ਗਈ ਹੈ। ਕਿਸਾਨ ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਜੇਕਰ ਸੂਬਾ ਸਰਕਾਰ ਤੇ ਕੇਂਦਰ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਨੂੰ ਜਲਦ ਹੱਲ ਨਾ ਕੀਤਾ ਤਾਂ ਆਉਣ ਵਾਲੇ ਦਿਨਾਂ 'ਚ ਜਥੇਬੰਦੀ ਵੱਲੋਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

### ਸਵਾਮੀਨਾਥਨ ਰਿਪੋਰਟ ਲਾਗੂ ਕਰਵਾਉਣ ਲਈ ਸੰਘਰਸ਼ ਦਾ ਐਲਾਨ

**ਚੰਡੀਗੜ੍ਹ:** ਪੰਜਾਬ ਦੀਆਂ ਸਮੂਹ ਕਿਸਾਨ ਜਥੇਬੰਦੀਆਂ ਨੇ ਹਰੀ ਕ੍ਰਾਂਤੀ ਦੇ ਪਿਤਾਮਾ ਮੰਨੇ ਜਾਂਦੇ ਡਾ. ਐਮ.ਐਸ. ਸਵਾਮੀਨਾਥਨ ਦੀ ਯਾਦ ਵਿਚ ਅਰਬਨ ਅਸਟੇਟ ਫੇਜ਼-ਦੋ ਦੇ ਗੁਰਦੁਆਰਾ ਸਿੰਘ ਸਭਾ ਵਿਚ ਅਖੰਡ ਪਾਠ ਦਾ ਭੋਗ ਪਾਇਆ। ਇਸ ਮੌਕੇ ਸੂਬੇ ਭਰ ਤੋਂ ਆਏ ਕਿਸਾਨ ਆਗੂਆਂ ਨੇ ਫੈਸਲਾ ਕੀਤਾ ਕਿ 18 ਅਕਤੂਬਰ ਨੂੰ ਸਵੇਰੇ 10 ਵਜੇ ਚੰਡੀਗੜ੍ਹ ਦੇ ਕਿਸਾਨ ਭਵਨ ਤੋਂ ਘੱਟੋ-ਘੱਟ ਸਾਂਝੇ ਪ੍ਰੋਗਰਾਮ ਦਾ ਐਲਾਨ ਕੀਤਾ ਜਾਵੇਗਾ। ਸਵਾਮੀਨਾਥਨ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਸਾਨ ਆਗੂਆਂ ਨੇ ਇਕ ਸੁਰ ਹੁੰਦਿਆਂ ਕਿਹਾ ਕਿ ਏਕਤਾ ਸਮੇਂ ਦੀ ਮੁੱਖ ਲੋੜ ਹੈ। ਪਹਿਲਾਂ ਵੀ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਦੇਸ਼ ਦਾ ਸਭ ਤੋਂ ਵੱਡਾ ਕਿਸਾਨ ਅੰਦੋਲਨ ਏਕਤਾ ਦੇ ਸਿਰ 'ਤੇ ਹੀ ਜਿੱਤਿਆ ਗਿਆ ਸੀ।

ਇਸ ਮੌਕੇ ਆਗੂਆਂ ਨੇ ਦੇਸ਼ ਤੇ ਖ਼ਾਸ ਕਰ ਕੇ ਪੰਜਾਬ ਦੀ ਕਿਸਾਨੀ ਦੇ ਸਾਹਮਣੇ ਖੜ੍ਹੀਆਂ ਚੁਣੌਤੀਆਂ ਦਾ ਜ਼ਿਕਰ ਕੀਤਾ। ਕਿਸਾਨਾਂ ਨੇ ਇਸ ਗੱਲ ਦੀ ਹਾਮੀ ਭਰੀ ਕਿ ਹਕੂਮਤਾਂ ਨਾਲ ਸੰਘਰਸ਼ ਕਰ ਕੇ ਹੀ ਹੱਕ ਲਏ ਜਾ ਸਕਦੇ ਹਨ।

ਬੁਲਾਰਿਆਂ ਨੇ ਕਿਹਾ ਕਿ ਖੇਤੀ ਵਿਗਿਆਨੀ ਪ੍ਰਤੀ ਸੱਚੀ ਸਰਧਾਂਜਲੀ ਇਹੋ ਹੋਵੇਗੀ ਕਿ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਇੰਨ-ਬਿੰਨ ਲਾਗੂ ਹੋ ਜਾਵੇ। ਆਗੂਆਂ ਨੇ ਕਿਹਾ ਕਿ ਉਨ੍ਹਾਂ ਦੇ ਫਾਰਮੂਲੇ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਇੱਕ ਸੰਯੁਕਤ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਅਸਲ ਸਰਧਾਂਜਲੀ ਇਹ ਹੈ ਕਿ ਸਾਰੀਆਂ ਕਿਸਾਨ ਜਥੇਬੰਦੀਆਂ ਇਕ ਮੰਚ 'ਤੇ ਇਕੱਠੀਆਂ ਹੋਣ। ਉਨ੍ਹਾਂ ਐਸ.ਵਾਈ.ਐਲ. ਦੇ ਮੁੱਦੇ 'ਤੇ ਕੇਂਦਰ ਅਤੇ ਸੂਬਾ ਸਰਕਾਰਾਂ ਦੀ ਨਿਖੇਧੀ ਕੀਤੀ ਤੇ ਰਾਜਨੀਤੀ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਪਾਣੀ ਦੇ ਇਸ ਝਗੜੇ ਨੂੰ ਰਿਪੇਰੀਅਨ ਸਿਧਾਂਤ ਦੇ ਆਧਾਰ 'ਤੇ ਹੱਲ ਕੀਤਾ ਜਾਵੇ, ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮੁਆਫ ਕੀਤਾ ਜਾਵੇ।

# ਐਸ.ਵਾਈ.ਐਲ: ਕੇਂਦਰੀ ਟੀਮਾਂ ਪੰਜਾਬ 'ਚ ਸਰਵੇਖਣ ਕਰਨਗੀਆਂ



**ਚੰਡੀਗੜ੍ਹ:** ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੀ ਪੰਜਾਬ ਵਿਚਲੀ ਜ਼ਮੀਨ ਦੇ ਹਿੱਸੇ ਦਾ ਸਰਵੇਖਣ ਕਰਨ ਲਈ ਕਿਹਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਜ਼ਮੀਨ ਸੁਰੱਖਿਅਤ ਹੈ। ਨਾਲ ਹੀ ਪੰਜਾਬ ਸਰਕਾਰ ਨੂੰ ਸਰਵੇਖਣ ਦੇ ਕੰਮ ਵਿਚ ਸਹਿਯੋਗ ਕਰਨ ਦੀ ਹਦਾਇਤ ਕੀਤੀ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਐਸ.ਵਾਈ.ਐਲ. ਦੀ ਉਸਾਰੀ ਦੀ ਮੌਜੂਦਾ ਸਥਿਤੀ ਤੋਂ ਜਾਣੂ ਕਰਾਏ। ਸੁਪਰੀਮ ਕੋਰਟ 'ਚ ਸੁਣਵਾਈ ਨਾਲ ਪੰਜਾਬ ਤੇ ਹਰਿਆਣਾ ਵਿਚਾਲੇ ਸਿਆਸਤ ਭਖ ਗਈ ਹੈ।

ਸੁਪਰੀਮ ਕੋਰਟ ਨੇ ਮਾਮਲੇ ਦੀ ਅਗਲੀ ਸੁਣਵਾਈ ਜਨਵਰੀ 2024 ਵਿਚ ਰੱਖੀ ਹੈ। ਜਸਟਿਸ ਸੰਜੇ ਕਿਸ਼ਨ ਕੌਲ ਦੀ ਅਗਵਾਈ ਵਾਲੇ ਬੈਂਚ ਨੇ ਭਾਰਤ ਸਰਕਾਰ ਵੱਲੋਂ ਪੇਸ਼ ਵਧੀਕ ਸੌਲੀਸਿਟਰ ਜਨਰਲ ਐਸ਼ਵਰਿਆ ਭਾਟੀ ਤੋਂ ਐਸ.ਵਾਈ.ਐਲ. ਨਹਿਰ ਲਈ ਪਾਣੀ ਦੀ ਉਪਲੱਬਧਤਾ ਬਾਰੇ ਦੋ ਮਹੀਨਿਆਂ ਵਿਚ ਰਿਪੋਰਟ ਵੀ ਮੰਗੀ ਹੈ। ਹਾਲਾਂਕਿ ਹਰਿਆਣਾ ਵੱਲੋਂ ਪੇਸ਼ ਸੀਨੀਅਰ ਵਕੀਲ ਸ਼ਿਆਮ ਦੀਵਾਨ ਨੇ ਇਸ ਦਾ ਵਿਰੋਧ ਕੀਤਾ।

ਪੰਜਾਬ ਦੀ ਕਾਨੂੰਨੀ ਟੀਮ ਨੇ ਸਿਖਰਲੀ ਅਦਾਲਤ ਵਿਚ ਕਿਹਾ ਕਿ ਇਸ ਵੇਲੇ ਸੂਬੇ ਵਿਚ ਨਹਿਰ ਲਈ ਨਾ ਜ਼ਮੀਨ ਹੈ, ਨਾ ਹੀ ਵਾਧੂ ਪਾਣੀ ਹੈ। ਅਦਾਲਤ ਵਿਚ ਪੰਜਾਬ ਨੇ ਪੱਖ ਰੱਖਿਆ ਕਿ ਮੌਜੂਦਾ ਸਮੇਂ ਪਾਣੀ ਦੀ ਉਪਲੱਬਧਤਾ ਹੀ ਨਹੀਂ ਹੈ ਤਾਂ ਨਹਿਰ ਦੀ ਉਸਾਰੀ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਸੁਪਰੀਮ ਕੋਰਟ ਨੇ ਭਾਰਤ ਸਰਕਾਰ ਨੂੰ ਕਿਹਾ ਕਿ ਉਹ ਦੋ ਸੂਬਿਆਂ ਵਿਚ ਦਹਾਕਿਆਂ ਤੋਂ ਚੱਲ ਰਹੇ ਵਿਵਾਦ ਨੂੰ ਸੁਲਝਾਉਣ ਲਈ ਵਿਚੋਲਗੀ ਭੂਮਿਕਾ ਸਰਗਰਮੀ ਨਾਲ ਨਿਭਾਏ। ਬੈਂਚ ਨੇ ਪੰਜਾਬ ਦੀ ਪ੍ਰਤੀਨਿਧ ਟੀਮ ਨੂੰ ਕਿਹਾ, 'ਇਹ ਮਾਮਲਾ ਹੁਣ ਆਖ਼ਰੀ ਪੜਾਅ 'ਤੇ ਪਹੁੰਚ ਚੁੱਕਾ ਹੈ ਅਤੇ ਹੁਣ ਤੁਹਾਨੂੰ ਕੁੱਝ ਕਦਮ ਉਠਾਉਣੇ ਪੈਣਗੇ।' ਹਰਿਆਣਾ ਨੇ ਨਹਿਰ ਦੀ ਉਸਾਰੀ ਲਈ ਸੁਪਰੀਮ ਕੋਰਟ ਦੇ 2002 ਦੇ ਹੁਕਮਾਂ ਨੂੰ ਅਮਲ ਵਿਚ ਲਿਆਉਣ ਦੀ ਗੱਲ ਕਹੀ। ਹਰਿਆਣਾ ਦਾ ਤਰਕ ਰਿਹਾ ਕਿ ਨਹਿਰ ਦੀ ਉਸਾਰੀ ਲਈ ਹੋਰ ਇੰਤਜ਼ਾਰ ਨਹੀਂ ਕੀਤਾ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਪੰਜਾਬ ਨੂੰ ਤਾਕੀਦ ਕੀਤੀ ਕਿ ਇਸ ਮਾਮਲੇ 'ਤੇ ਸਿਆਸਤ ਨਾ ਕੀਤੀ ਜਾਵੇ ਅਤੇ ਹੱਲ ਵੱਲ ਵਧਿਆ ਜਾਵੇ। ਸੁਪਰੀਮ ਕੋਰਟ ਨੇ ਇਸ ਤੋਂ ਪਹਿਲਾਂ 6 ਸਤੰਬਰ 2022 ਨੂੰ ਪੰਜਾਬ ਅਤੇ ਹਰਿਆਣਾ ਨੂੰ ਇਸ ਮਾਮਲੇ 'ਤੇ ਮਿਲ ਬੈਠ ਕੇ ਹੱਲ ਕੱਢਣ ਲਈ ਕਿਹਾ ਸੀ ਅਤੇ ਭਾਰਤ ਸਰਕਾਰ ਨੂੰ ਵਿਚੋਲਗੀ ਕਰਨ ਵਾਸਤੇ ਕਿਹਾ ਸੀ।

ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਨੇ ਚੰਡੀਗੜ੍ਹ ਵਿਚ 14 ਅਕਤੂਬਰ 2022 ਨੂੰ ਸਾਂਝੀ ਬੈਠਕ ਕੀਤੀ ਸੀ ਪਰ ਇਹ ਮੀਟਿੰਗ ਬੇਨਤੀਜਾ ਰਹੀ ਸੀ। ਉਸ ਮਗਰੋਂ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸ਼ੇਖਾਵਤ ਨੇ 4 ਜਨਵਰੀ 2023 ਨੂੰ ਦੋਵਾਂ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਮੀਟਿੰਗ ਕੀਤੀ ਸੀ ਜਿਸ ਵਿਚ ਦੋਵੇਂ ਸੂਬੇ ਆਪੋ ਆਪਣੇ ਸਟੈਂਡ 'ਤੇ ਅੜੇ ਰਹੇ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੀਟਿੰਗ ਵਿਚ ਯਮੁਨਾ ਦੇ ਪਾਣੀਆਂ 'ਤੇ ਦਾਅਵਾ ਕੀਤਾ ਸੀ।

ਸੁਪਰੀਮ ਕੋਰਟ ਨੇ ਇਸ ਦਫ਼ਾ ਫਿਰ 23 ਮਾਰਚ 2023 ਨੂੰ ਭਾਰਤ ਸਰਕਾਰ ਨੂੰ ਦੋਵਾਂ ਸੂਬਿਆਂ ਵਿਚਲੇ ਪਾੜੇ ਨੂੰ ਪੂਰਨ ਲਈ ਭੂਮਿਕਾ ਨਿਭਾਉਣ ਲਈ ਕਿਹਾ ਸੀ। ਵਧੀਕ ਸੌਲੀਸਿਟਰ ਜਨਰਲ ਨੇ ਅਦਾਲਤ ਵਿਚ ਦੱਸਿਆ ਕਿ ਦੋਵਾਂ ਸੂਬਿਆਂ ਵਿਚ ਸੈਟਲਮੈਂਟ ਹੋਣ ਦੀ ਬਹੁਤੀ ਉਮੀਦ ਨਹੀਂ ਹੈ। ਇਸ ਮਗਰੋਂ ਹੀ ਸਿਖਰਲੀ ਅਦਾਲਤ ਨੇ ਐਸ.ਵਾਈ.ਐਲ. ਨਹਿਰ ਦੇ ਸਰਵੇਖਣ ਕੀਤੇ ਜਾਣ ਲਈ ਕਿਹਾ। ਕੇਂਦਰ ਸਰਕਾਰ ਨੇ ਇਹ ਵੀ ਪੱਖ ਰੱਖਿਆ ਕਿ ਨਹਿਰ ਦੀ ਉਸਾਰੀ ਲਈ ਐਕੁਆਇਰ ਕੀਤੀ ਜ਼ਮੀਨ ਪੰਜਾਬ ਸਰਕਾਰ ਸਾਲ 2016 ਵਿਚ ਵਾਪਸ ਕਰ ਚੁੱਕੀ ਹੈ ਅਤੇ ਪੰਜਾਬ ਨਹਿਰ ਦੀ ਉਸਾਰੀ ਤੋਂ ਇਨਕਾਰ ਕਰ ਰਿਹਾ ਹੈ। ਪੰਜਾਬ ਦਾ ਪੱਖ ਰਿਹਾ ਹੈ ਕਿ ਨਹਿਰ ਦੀ ਉਸਾਰੀ ਨਾਲ ਕਾਨੂੰਨ ਵਿਵਸਥਾ ਦੀ ਸਮੱਸਿਆ ਖੜ੍ਹੀ ਹੋ ਜਾਵੇਗੀ। ਪਿਛਾਂਹ ਨਜ਼ਰ ਮਾਰੀਏ ਤਾਂ ਇਸ ਸਮੱਸਿਆ ਦੀ ਜੜ੍ਹ 31 ਦਸੰਬਰ 1981 ਦਾ ਸਮਝੌਤਾ ਹੈ ਜਿਸ ਤਹਿਤ ਐਸ.ਵਾਈ.ਐਲ. ਦੀ ਉਸਾਰੀ ਦੀ ਗੱਲ ਤੁਰੀ। ਪੰਜਾਬ ਅਤੇ ਹਰਿਆਣਾ ਵਿਚਲੀ ਇਸ ਨਹਿਰ ਦੀ ਲੰਬਾਈ ਕਰੀਬ 214 ਕਿਲੋਮੀਟਰ ਬਣਦੀ ਹੈ ਜਿਸ ਚੋਂ 122 ਕਿਲੋਮੀਟਰ ਹਿੱਸਾ ਪੰਜਾਬ ਵਿਚ ਪੈਂਦਾ ਹੈ। 1982 ਵਿਚ ਨਹਿਰ ਦੀ ਉਸਾਰੀ ਸ਼ੁਰੂ ਹੋਈ ਸੀ ਜੋ ਕਿ 1990 ਵਿਚ ਬੰਦ ਹੋ ਗਈ ਸੀ। ਹਰਿਆਣਾ ਨੇ 1996 ਵਿਚ ਪਟੀਸ਼ਨ ਦਾਇਰ ਕੀਤੀ ਸੀ ਅਤੇ 2002 ਵਿਚ ਸੁਪਰੀਮ ਕੋਰਟ ਨੇ ਨਹਿਰ ਦੀ ਉਸਾਰੀ ਮੁਕੰਮਲ ਕਰਨ ਵਾਸਤੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਸੀ। ਸੁਪਰੀਮ ਕੋਰਟ ਨੇ ਸਾਲ 2004 ਵਿਚ ਕੇਂਦਰ ਨੂੰ ਕਿਹਾ ਸੀ ਕਿ ਜੇ ਪੰਜਾਬ ਨਹਿਰ ਦੀ ਉਸਾਰੀ ਨਹੀਂ ਕਰਦਾ ਹੈ ਤਾਂ ਕੇਂਦਰ ਸਰਕਾਰ ਉਸਾਰੀ ਦਾ ਕੰਮ ਕਰੇ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਨੇ 2004 ਵਿਚ ਪਾਣੀਆਂ ਦੇ ਸਮਝੌਤੇ ਹੀ ਰੱਦ ਕਰ ਦਿੱਤੇ ਸਨ। ਅਕਾਲੀ ਭਾਜਪਾ ਗੱਠਜੋੜ ਸਰਕਾਰ ਨੇ 2016 ਵਿਚ ਨਹਿਰ ਲਈ ਐਕੁਆਇਰ ਜ਼ਮੀਨ ਨੂੰ ਡੀਨੋਟੀਫਾਈ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ ਮੁੜ 6 ਸਤੰਬਰ 2022 ਤੋਂ ਦੋਵਾਂ ਸੂਬਿਆਂ ਨੂੰ ਮਿਲ ਬੈਠ ਕੇ ਮਸਲਾ ਨਿਬੇੜਨ ਦੀ ਹਦਾਇਤ ਕੀਤੀ ਸੀ।

## ਸਰਵੇਖਣ ਕਰਾਉਣ ਦਾ ਸੁਆਲ ਹੀ ਨਹੀਂ: ਵੜਿੰਗ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਐਸ.ਵਾਈ.ਐਲ. ਨਹਿਰ ਦੀ ਉਸਾਰੀ ਲਈ ਜ਼ਮੀਨ ਦਾ ਸਰਵੇਖਣ ਕੀਤੇ ਜਾਣ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਪੰਜਾਬ ਕੋਲ ਕਿਸੇ ਨੂੰ ਦੇਣ ਲਈ ਵਾਧੂ ਪਾਣੀ ਹੀ ਨਹੀਂ ਹੈ, ਇਸ ਲਈ ਸਰਵੇਖਣ ਕਰਵਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਕਿਹਾ ਕਿ ਨਹਿਰ ਬਾਰੇ ਕੋਈ ਵੀ ਉਠਾਇਆ ਕਦਮ ਪੰਜਾਬ ਨੂੰ ਮੁੜ ਅਤੀਤ ਵੱਲ ਲੈ ਜਾਵੇਗਾ। ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੇ ਇਸ ਮੁੱਦੇ 'ਤੇ ਸਰਬ ਪਾਰਟੀ ਮੀਟਿੰਗ ਬੁਲਾਏ ਜਾਣ ਦੀ ਗੱਲ ਕਹੀ ਹੈ।

## ਕਾਂਗਰਸ ਵੱਲੋਂ ਸਿਆਸੀ ਧਿਰਾਂ ਨੂੰ ਇਕਜੁੱਟ ਹੋਣ ਦੀ ਅਪੀਲ

**ਚੰਡੀਗੜ੍ਹ:** ਪੰਜਾਬ 'ਚ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੇ ਮੁੱਦੇ 'ਤੇ ਭਖ ਰਹੀ ਸਿਆਸਤ ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਦੇ ਪਾਣੀਆਂ ਦੀ ਰਾਖੀ ਲਈ ਆਵਾਜ਼ ਬੁਲੰਦ ਕਰਦਿਆਂ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਸ ਮੁੱਦੇ 'ਤੇ ਇੱਕਜੁਟ ਹੋਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ, "ਜੇਕਰ ਐਸ.ਵਾਈ.ਐਲ. ਨਹਿਰ ਬਾਰੇ ਫੈਸਲਾ ਸੂਬੇ ਦੇ ਵਿਰੁੱਧ ਗਿਆ ਤਾਂ ਪੰਜਾਬ ਦੀ ਖੇਤੀ ਹੇਠਲੀ ਜ਼ਮੀਨ ਬਹੁਤ ਪ੍ਰਭਾਵਿਤ ਹੋਵੇਗੀ।

# ਪੰਜਾਬ ਸਰਕਾਰ ਵੱਲੋਂ ਕਣਕ ਦੇ ਬੀਜ 'ਤੇ ਹਜ਼ਾਰ ਰੁਪਏ ਸਬਸਿਡੀ ਦੇਣ ਦਾ ਫੈਸਲਾ

**ਮਾਨਸਾ:** ਪੰਜਾਬ ਵਿਚ ਹਾੜ੍ਹੀ ਦੀ ਮੁੱਖ ਫਸਲ ਕਣਕ ਦੀ ਬਿਜਾਈ ਲਈ ਪੰਜਾਬ ਸਰਕਾਰ ਕਿਸਾਨਾਂ ਨੂੰ ਲੋੜੀਂਦੇ ਸੁਧਰੇ ਹੋਏ ਬੀਜ ਦੇਣ ਵਾਸਤੇ ਗੰਭੀਰ ਹੋ ਗਈ ਹੈ। ਸਰਕਾਰ ਨੇ ਚੰਗੇ ਝਾੜ ਲਈ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਜ਼ਰੂਰਤ ਅਨੁਸਾਰ ਨਵਾਂ ਬੀਜ ਦੇਣ ਦਾ, ਜੋ ਉਪਰਾਲਾ ਕੀਤਾ ਹੈ, ਉਸ 'ਤੇ ਇਕ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਸਬਸਿਡੀ ਕੱਟ ਕੇ ਦੇਣ ਦਾ ਫੈਸਲਾ ਕੀਤਾ ਹੈ।

ਇਸ ਬੀਜ 'ਤੇ ਇਹ ਸਬਸਿਡੀ ਇਸ ਵਾਰ ਪਹਿਲਾਂ ਹੀ ਕੱਟ ਕੇ ਦਿੱਤੀ ਜਾਣੀ ਹੈ, ਜਦੋਂ ਪਹਿਲਾਂ ਇਹ ਸਬਸਿਡੀ ਕਿਸਾਨਾਂ ਦੇ ਖਾਤਿਆਂ ਵਿਚ ਪਾਈ ਜਾਂਦੀ ਸੀ। ਪੰਜਾਬ ਸਰਕਾਰ ਵੱਲੋਂ ਨਵੀਂ ਜਾਰੀ ਕੀਤੀ ਇਸ ਨੀਤੀ ਬਾਰੇ ਮਾਨਸਾ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਦਿਲਬਾਗ ਸਿੰਘ ਨੇ ਦੱਸਿਆ ਕਿ ਕਿਸਾਨ ਸਬਸਿਡੀ ਵਾਲਾ ਬੀਜ ਪ੍ਰਾਪਤ ਕਰਨ ਲਈ ਆਨਲਾਈਨ ਪੋਰਟਲ 'ਤੇ ਆਈ.ਡੀ. ਬਣਾ ਕੇ ਨਿਰਧਾਰਤ ਪ੍ਰੋਫਾਰਮੇ ਵਿਚ 31 ਅਕਤੂਬਰ ਤੱਕ ਬਿਨੈ ਪੱਤਰ ਭਰ ਸਕਦੇ ਹਨ।

# ਪੰਜਾਬ ਦੀਆਂ ਸਿਆਸੀ ਧਿਰਾਂ ਇਕ-ਦੂਜੇ ਨੂੰ ਘੇਰਨ ਵਿਚ ਜੁਟੀਆਂ



**ਚੰਡੀਗੜ੍ਹ:** ਪੰਜਾਬ 'ਚ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਦੇ ਮੁੱਦੇ 'ਤੇ ਸਿਆਸਤ ਭਖ ਗਈ ਹੈ। ਸ਼੍ਰੋਮਣੀ ਅਕਾਲੀ ਦਲ ਨੇ ਨਹਿਰ ਦੇ ਨੀਂਹ ਪੱਥਰ ਵਾਲੇ ਪਿੰਡ ਕਪੂਰੀ ਨੇੜੇ ਐਸ.ਵਾਈ.ਐਲ. ਕੰਢੇ ਰੈਲੀ ਕੀਤੀ। ਰੈਲੀ ਦੌਰਾਨ ਭਾਜਪਾ ਪ੍ਰਤੀ ਭਾਵੇਂ ਸੁਰ ਨਰਮ ਰਹੀ ਪਰ ਅਕਾਲੀ ਆਗੂਆਂ ਨੇ ਕਾਂਗਰਸ ਨੂੰ ਖ਼ੂਬ ਭੰਡਿਆ ਅਤੇ 'ਆਪ' 'ਤੇ ਵੀ ਨਿਸ਼ਾਨੇ ਸੇਧੇ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਾਵੇਂ ਸੁਪਰੀਮ ਕੋਰਟ ਦਾ ਹੁਕਮ ਹੋਵੇ ਜਾਂ ਕੇਂਦਰ ਸਰਕਾਰ ਫੌਜ ਤਾਇਨਾਤ ਕਰ ਦੇਵੇ ਪਰ ਐਸ.ਵਾਈ.ਐਲ. ਲਈ ਸਰਵੇ ਕਰਨ ਆਉਣ ਵਾਲੀਆਂ ਟੀਮਾਂ ਨੂੰ ਅਕਾਲੀ ਵਰਕਰ ਇੱਥੇ ਫਟਕਣ ਨਹੀਂ ਦੇਣਗੇ। ਸੁਖਬੀਰ ਬਾਦਲ ਨੇ ਕਿਹਾ ਕਿ ਪਾਣੀ ਦੀ ਬੂੰਦ ਵੀ ਬਾਹਰ ਨਹੀਂ ਜਾਣ ਦਿੱਤੀ ਜਾਵੇਗੀ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੁਪਰੀਮ ਕੋਰਟ ਵੱਲੋਂ ਐਸ.ਵਾਈ.ਐਲ. ਨਹਿਰ ਦੀ ਉਸਾਰੀ ਲਈ ਜ਼ਮੀਨ ਦਾ ਪੰਜਾਬ ਵਿਚ ਸਰਵੇਖਣ ਕਰਨ ਦੇ ਹੁਕਮਾਂ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਕਿਹਾ ਕਿ ਪੰਜਾਬ ਕੋਲ ਕਿਸੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਇਸ ਲਈ ਸਰਵੇਖਣ ਕਰਵਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਸ੍ਰੀ ਵੜਿੰਗ ਨੇ ਕੇਂਦਰ ਸਰਕਾਰ ਨੂੰ ਸਤਲੁਜ-ਯਮੁਨਾ ਦੇ ਨਿਰਮਾਣ ਲਈ ਜ਼ਮੀਨ ਦਾ ਸਰਵੇਖਣ ਕਰਨ ਦੇ ਹੁਕਮ ਦੇਣ ਦਾ ਵਿਰੋਧ ਕੀਤਾ। ਸ੍ਰੀ ਵੜਿੰਗ ਨੇ ਕਿਹਾ ਕਿ 'ਆਪ' ਉੱਤਰੀ ਭਾਰਤ 'ਚ ਪੈਰ ਜਮਾਉਣ ਲਈ ਪੰਜਾਬ ਦੇ ਮਾਮਲੇ ਨੂੰ ਕਮਜ਼ੋਰ ਕਰਨ ਲੱਗੀ ਹੋਈ ਹੈ। ਇਸੇ ਦੌਰਾਨ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਬਾਰੇ ਸੁਪਰੀਮ ਕੋਰਟ ਵੱਲੋਂ ਹਾਲ ਹੀ ਵਿਚ ਕੀਤੀ ਗਈ ਟਿੱਪਣੀ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਮੁੱਦੇ 'ਤੇ ਤੁਰੰਤ ਸਰਬ ਪਾਰਟੀ ਮੀਟਿੰਗ ਬੁਲਾਉਣ ਦੀ ਅਪੀਲ ਕੀਤੀ। ਬਾਜਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੂੰ ਵੀ ਇਸ ਏਜੰਡੇ 'ਤੇ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਉਣਾ ਚਾਹੀਦਾ ਹੈ ਤਾਂ ਜੋ ਭਵਿੱਖ ਦੀ ਰਣਨੀਤੀ ਤੈਅ ਕੀਤੀ ਜਾ ਸਕੇ।

ਬਾਜਵਾ ਨੇ ਕਿਹਾ ਕਿ ਸੁਪਰੀਮ ਕੋਰਟ ਨੇ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਲਈ ਕਦਮ ਨਾ ਚੁੱਕਣ ਲਈ ਪੰਜਾਬ ਸਰਕਾਰ ਦੀ ਸਖ਼ਤ ਆਲੋਚਨਾ ਕੀਤੀ ਹੈ। ਅਦਾਲਤ ਨੇ ਟਿੱਪਣੀ 'ਪੰਜਾਬ ਨੂੰ ਇਸ ਪ੍ਰਕਿਰਿਆ ਵਿਚ ਸਹਿਯੋਗ ਕਰਨਾ ਪਵੇਗਾ' ਸਬੰਧੀ ਬਾਜਵਾ ਨੇ ਕਿਹਾ ਕਿ ਅਜਿਹਾ ਜਾਪਦਾ ਹੈ ਕਿ 'ਆਪ' ਸਰਕਾਰ ਸਖ਼ਤ ਕਾਨੂੰਨੀ ਦਲੀਲਾਂ ਨਾਲ ਸੁਪਰੀਮ ਕੋਰਟ ਵਿਚ ਦਰਿਆਈ ਪਾਣੀਆਂ 'ਤੇ ਪੰਜਾਬ ਦੇ ਅਧਿਕਾਰਾਂ ਦੀ ਰਾਖੀ ਕਰਨ ਵਿਚ ਅਸਫਲ ਰਹੀ ਹੈ। ਬਾਜਵਾ ਨੇ ਕਿਹਾ ਕਿ ਇਹ ਸੂਬੇ ਦੇ ਹਿੱਤਾਂ ਦਾ ਮਾਮਲਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਦਰਿਆਈ ਪਾਣੀਆਂ 'ਤੇ ਪੰਜਾਬ ਦੇ ਦਾਅਵਿਆਂ ਦੀ ਮੌਤ ਦੇ ਵਰੰਟਾਂ 'ਤੇ ਦਸਤਖ਼ਤ ਕਰ ਦਿੱਤੇ ਹਨ ਅਤੇ ਅਧਿਕਾਰਤ ਤੌਰ 'ਤੇ ਸੁਪਰੀਮ ਕੋਰਟ ਵਿਚ ਮੁੱਖ ਮੰਤਰੀ ਵਜੋਂ ਉਸ ਨੇ ਪੰਜਾਬ ਵਿਚ ਐਸ.ਵਾਈ.ਐਲ. ਨਹਿਰ ਬਣਾਉਣ ਲਈ ਆਪਣੀ ਤਿਆਰੀ ਦਾ ਪ੍ਰਗਟਾਵਾ ਕੀਤਾ ਹੈ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਹ ਕਾਂਗਰਸ ਦੇ ਮਰਹੂਮ ਮੁੱਖ ਮੰਤਰੀ ਦਰਬਾਰਾ ਸਿੰਘ ਵੱਲੋਂ ਦਰਿਆਈ ਪਾਣੀਆਂ 'ਤੇ ਪੰਜਾਬ ਦੇ ਰਿਪੇਰੀਅਨ ਦਾਅਵੇ ਨੂੰ ਛੱਡਣ ਦੇ ਸਮਝੌਤੇ 'ਤੇ ਦਸਤਖ਼ਤ ਕਰਨ ਦੇ ਬਰਾਬਰ ਹੀ ਵੱਡਾ ਧੋਖਾ ਹੈ ਪਰ ਭਗਵੰਤ ਮਾਨ ਨੇ ਘੱਟੋ-ਘੱਟ ਇਹ ਸੱਚ ਤਾਂ ਮੰਨਿਆ ਕਿ ਕੇਵਲ ਉਸ ਦਾ ਸਿਆਸੀ ਵਿਰੋਧੀ (ਸ਼੍ਰੋਮਣੀ ਅਕਾਲੀ ਦਲ) ਹੀ ਉਸ ਨੂੰ ਨਹਿਰ ਬਣਾਉਣ ਤੋਂ ਰੋਕ ਰਿਹਾ ਹੈ।

ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਐਸ.ਵਾਈ.ਐਲ. ਬਾਰੇ ਪੰਜਾਬ ਸਰਕਾਰ ਦਾ ਸਟੈਂਡ ਸਪੱਸ਼ਟ ਹੈ। ਪੰਜਾਬ ਹੋਰ ਰਾਜਾਂ ਨੂੰ ਵਾਧੂ ਪਾਣੀ ਦੀ ਇਕ ਬੂੰਦ ਵੀ ਦੇਣ ਦੀ ਸਥਿਤੀ 'ਚ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਪਾਣੀ ਦੀ ਸਥਿਤੀ ਹੁਣ 50 ਸਾਲ ਪਹਿਲਾਂ ਵਰਗੀ ਨਹੀਂ ਰਹੀ। ਅੱਜ ਪੰਜਾਬ ਖ਼ੁਦ ਪਾਣੀ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਹਾਲ ਹੀ ਵਿਚ ਉੱਤਰੀ ਜ਼ੋਨ ਕੌਂਸਲ ਦੀ ਮੀਟਿੰਗ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਸੀ ਕਿ ਪੰਜਾਬ ਹੋਰ ਰਾਜਾਂ ਨੂੰ ਵਾਧੂ ਪਾਣੀ ਨਹੀਂ ਦੇ ਸਕਦਾ। ਉਨ੍ਹਾਂ ਮੰਗ ਕੀਤੀ ਕਿ ਐਸ.ਵਾਈ.ਐਲ. ਅਤੇ ਪੰਜਾਬ ਵਿਚ ਪਾਣੀਆਂ ਦੀ ਸਥਿਤੀ ਜਾਣਨ ਲਈ ਟ੍ਰਿਬਿਊਨਲ ਦਾ ਗਠਨ ਕੀਤਾ ਜਾਵੇ। ਟ੍ਰਿਬਿਊਨਲ ਨੂੰ ਇਸ ਮਾਮਲੇ ਦਾ ਡੂੰਘਾਈ ਨਾਲ ਅਧਿਐਨ ਕਰਨਾ ਚਾਹੀਦਾ ਹੈ।

## ਭਾਜਪਾ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਨੇੜੇ ਮੁਜ਼ਾਹਰਾ

**ਚੰਡੀਗੜ੍ਹ:** ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਐਸ.ਵਾਈ.ਐਲ. ਦੇ ਮੁੱਦੇ 'ਤੇ ਪੰਜਾਬ ਦੇ ਸਟੈਂਡ ਨੂੰ ਕਮਜ਼ੋਰ ਕਰਨ ਲਈ ਭਗਵੰਤ ਮਾਨ ਦੀ ਸਰਕਾਰ 'ਤੇ ਸ਼ਾਂਤੀ ਭੰਗ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਾਏ ਹਨ। ਜਾਖੜ ਨੇ ਕਿਹਾ ਕਿ ਇਸ ਸੰਵੇਦਨਸ਼ੀਲ ਤੇ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੇ ਮੁੱਦੇ ਰਾਹੀਂ ਸਿਆਸੀ ਫਸਲ ਕੱਟਣ ਦੀਆਂ 'ਆਪ' ਦੀਆਂ ਕੋਸ਼ਿਸ਼ਾਂ ਪੰਜਾਬ ਲਈ ਚਿੰਤਾਜਨਕ ਹਨ ਅਤੇ ਪੰਜਾਬ ਦੇ ਮੁੱਖ ਮੰਤਰੀ ਸੱਤਾ ਵਿਚ ਬਣੇ ਰਹਿਣ ਦਾ ਨੈਤਿਕ ਆਧਾਰ ਗੁਆ ਚੁੱਕੇ ਹਨ।

## ਜਦੋਂ ਵਾਧੂ ਪਾਣੀ ਨਹੀਂ ਤਾਂ ਨਹਿਰ ਦੀ ਕੀ ਲੋੜ: ਮਾਨ

**ਫਤਹਿਗੜ੍ਹ ਸਾਹਿਬ:** ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਜਦੋਂ ਪੰਜਾਬ 'ਚ ਦਰਿਆਵਾਂ ਅਤੇ ਨਹਿਰਾਂ ਰਾਹੀਂ ਪੰਜਾਬ ਦੀ ਖੇਤੀ ਸਿੰਜਣ ਲਈ ਲੋੜੀਂਦਾ ਪਾਣੀ ਨਹੀਂ ਤਾਂ ਫਿਰ ਕਿਸੇ ਦੂਸਰੇ ਸੂਬੇ ਨੂੰ ਪਾਣੀ ਦੇਣ ਦੀ ਕਿਵੇਂ ਗੱਲ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਸੂਬੇ ਕੋਲ ਲੋੜੀਂਦਾ ਪਾਣੀ ਹੀ ਨਹੀਂ ਹੈ ਤਾਂ ਫਿਰ ਐਸ.ਵਾਈ.ਐਲ. ਦੀ ਜਬਰੀ ਉਸਾਰੀ ਦੀ ਕੀ ਲੋੜ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਕੇਂਦਰ ਦੇ ਹੁਕਮਰਾਨਾਂ ਨੂੰ ਪੰਜਾਬ ਵਾਲੇ ਪਾਸੇ ਤੋਂ ਐਸ.ਵਾਈ.ਐਲ. ਨੂੰ ਪੂਰਾ ਕਰਨ ਦੇ ਹੁਕਮ ਦੇਣਾ ਪੰਜਾਬ, ਪੰਜਾਬੀਆਂ ਅਤੇ ਸਿੱਖ ਕੌਮ ਨਾਲ ਧੱਕਾ ਹੈ, ਜਿਸ ਨੂੰ ਪੰਜਾਬ ਨੂੰ ਪਿਆਰ ਕਰਨ ਵਾਲਾ ਕੋਈ ਵੀ ਪੰਜਾਬੀ ਜਾਂ ਸਿੱਖ ਸਹਿਣ ਨਹੀਂ ਕਰ ਸਕਦਾ।

## ਆਮ ਆਦਮੀ ਪਾਰਟੀ ਨੇ ਅਕਾਲੀ ਦਲ ਤੇ ਭਾਜਪਾ ਨੂੰ ਘੇਰਿਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਐਸ.ਵਾਈ.ਐਲ. ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ 'ਤੇ ਹਮਲਾ ਕਰਦਿਆਂ ਕਿਹਾ ਕਿ ਦੋਵੇਂ ਪਾਰਟੀਆਂ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਐਸ.ਵਾਈ.ਐਲ. ਮੁੱਦਾ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਇਸ ਮਾਮਲੇ 'ਤੇ 'ਆਪ' ਦਾ ਸਟੈਂਡ ਸਪੱਸ਼ਟ ਹੈ ਕਿ ਪੰਜਾਬ ਸਰਕਾਰ ਐਸ.ਵਾਈ.ਐਲ. ਨਹਿਰ ਨਹੀਂ ਬਣਨ ਦੇਵੇਗੀ ਤੇ ਨਾ ਹੀ ਪੰਜਾਬ ਦੇ ਪਾਣੀ ਦੀ ਇਕ ਬੂੰਦ ਵੀ ਕਿਸੇ ਹੋਰ ਸੂਬੇ ਨੂੰ ਦੇਣ ਦੇਵੇਗੀ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 14 ਅਕਤੂਬਰ, 2023*

# ਜੰਗ ਜਾਂ ਅਮਨ?

ਇਸ ਹਫਤੇ ਜੰਗ ਅਤੇ ਅਮਨ ਦੀਆਂ ਦੋ ਖਬਰਾਂ ਨਾਲੋ-ਨਾਲ ਆਈਆਂ। ਐਤਕੀਂ ਨੋਬੇਲ ਅਮਨ ਇਨਾਮ ਇਰਾਨ ਦੀ ਮਨੁੱਖੀ ਹੱਕਾਂ ਲਈ ਜੂਝਣ ਵਾਲੀ ਕਾਰਕੁਨ ਨਰਗਿਸ ਮੁਹੰਮਦੀ ਨੂੰ ਦਿੱਤਾ ਗਿਆ। ਦੂਜੀ ਖਬਰ ਜੰਗ ਬਾਰੇ ਹੈ। ਫਲਸਤੀਨੀ ਗਰੁੱਪ ਹਮਾਸ (ਜੋ ਗਾਜ਼ਾ ਵਿਚ ਸੱਤਾਧਾਰੀ ਹੈ) ਅਤੇ ਇਜ਼ਰਾਈਲ ਵਿਚਕਾਰ ਜੰਗ ਛਿੜ ਗਈ। ਇਸ ਜੰਗ ਵਿਚ ਹਮਾਸ ਅਤੇ ਇਜ਼ਰਾਈਲ ਦਾ ਕੋਈ ਮੁਕਾਬਲਾ ਨਹੀਂ। ਸਭ ਨੂੰ ਪਤਾ ਹੈ ਕਿ ਕਿਸ ਧਿਰ ਦਾ ਜ਼ਿਆਦਾ ਨੁਕਸਾਨ ਹੋਣਾ ਹੈ। ਇਸ ਜੰਗ ਦਾ ਸੰਭਾਵੀ ਸਿੱਟਾ ਇਹੀ ਹੈ ਕਿ ਉੱਜੜੇ ਹੋਏ ਫਲਸਤੀਨੀ ਇਕ ਵਾਰ ਹੋਰ ਉਜੜਨਗੇ ਅਤੇ ਇਜ਼ਰਾਈਲ ਆਪਣੀ ਅੰਨ੍ਹੀ ਤਾਕਤ ਨਾਲ ਦਮਨ ਦਾ ਇਕ ਹੋਰ ਗੇੜ ਚਲਾਏਗਾ। ਖੇਤਰਫਲ ਦੇ ਪੱਖ ਤੋਂ ਗਾਜ਼ਾ ਸਿਰਫ਼ 364 ਵਰਗ ਕਿਲੋਮੀਟਰ ਦਾ ਇਲਾਕਾ ਹੈ। ਇਹ 61 ਕਿਲੋਮੀਟਰ ਲੰਮੀ ਅਤੇ ਔਸਤਨ 8 ਕਿਲੋਮੀਟਰ (6-12 ਕਿਲੋਮੀਟਰ) ਚੌੜੀ ਪਟੜੀ ਹੀ ਹੈ ਜਿਸ ਦੀ ਦੱਖਣੀ ਪੱਛਮੀ ਸਰਹੱਦ ਮਿਸਰ ਨਾਲ ਲੱਗਦੀ ਹੈ ਤੇ ਪੂਰਬੀ ਤੇ ਉੱਤਰੀ ਸਰਹੱਦਾਂ ਇਜ਼ਰਾਈਲ ਨਾਲ। ਇਸ ਦੇ ਪੱਛਮ ਵਿਚ ਭੂ-ਮੱਧ ਸਾਗਰ ਹੈ। ਗਾਜ਼ਾ ਵਿਚ 23 ਲੱਖ ਫਲਸਤੀਨੀ ਰਹਿੰਦੇ ਹਨ ਜਿਨ੍ਹਾਂ ਵਿਚੋਂ 10 ਲੱਖ ਤੋਂ ਜ਼ਿਆਦਾ ਸੰਯੁਕਤ ਰਾਸ਼ਟਰ ਦੁਆਰਾ ਰਜਿਸਟਰਡ ਪਨਾਹਗੀਰ ਹਨ। ਇਸ ਤਰ੍ਹਾਂ ਇੱਥੇ ਬਹੁਗਿਣਤੀ ਉਨ੍ਹਾਂ ਲੋਕਾਂ ਦੀ ਹੈ ਜਿਨ੍ਹਾਂ ਨੂੰ 1948 ਵਿਚ ਨਵਾਂ ਦੇਸ਼ (ਇਜ਼ਰਾਈਲ) ਬਣਾਉਣ ਵੇਲੇ ਉਜਾੜ ਕੇ ਆਪਣੇ ਘਰਾਂ ਵਿਚੋਂ ਕੱਢ ਦਿੱਤਾ ਗਿਆ ਸੀ। ਬਾਅਦ ਵਿਚ ਹੋਈਆਂ ਲੜਾਈਆਂ ਦੇ ਨਤੀਜੇ ਵਜੋਂ ਹੋਰ ਫਲਸਤੀਨੀ ਵੀ ਉੱਜੜ ਕੇ ਇੱਥੇ ਪਹੁੰਚੇ। 1968 ਵਿਚ ਇਜ਼ਰਾਈਲ ਨੇ ਗਾਜ਼ਾ 'ਤੇ ਕਬਜ਼ਾ ਕਰ ਲਿਆ। 1993 ਵਿਚ ਇਜ਼ਰਾਈਲ ਅਤੇ ਯਾਸਰ ਅਰਾਫ਼ਾਤ ਦੀ ਅਗਵਾਈ ਵਾਲੀ ਜਥੇਬੰਦੀ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ (ਪੀ.ਐਲ.ਓ.) ਵਿਚਕਾਰ ਅਮਰੀਕਾ ਵੱਲੋਂ ਕਰਾਏ ਓਸਲੋ ਸੁਲਾਹਨਾਮੇ ਮਗਰੋਂ ਇੱਥੇ ਸੀਮਤ ਅਧਿਕਾਰਾਂ ਵਾਲੀ ਫਲਸਤੀਨੀ ਅਥਾਰਿਟੀ ਕਾਇਮ ਕੀਤੀ ਗਈ। 2005 ਵਿਚ ਇਜ਼ਰਾਇਲੀ ਸੈਨਾ ਇਸ ਇਲਾਕੇ ਵਿਚੋਂ ਹਟੀ ਅਤੇ 2006 ਵਿਚ ਹਮਾਸ ਸੱਤਾ ਵਿਚ ਆਈ।

2006 ਤੋਂ ਇਜ਼ਰਾਈਲ ਨੇ ਧਰਤੀ ਅਤੇ ਸਮੁੰਦਰ ਰਾਹੀਂ ਗਾਜ਼ਾ ਜਾਣ ਵਾਲੇ ਸਾਰੇ ਰਾਹ ਬੰਦ ਕਰ ਦਿੱਤੇ ਜਿਸ ਕਾਰਨ ਇਸ ਇਲਾਕੇ ਨੂੰ ਦੁਨੀਆ ਦਾ ਸਭ ਤੋਂ ਵੱਡਾ ਖੁੱਲ੍ਹਾ ਕੈਦਖਾਨਾ ਵੀ ਕਿਹਾ ਜਾਂਦਾ ਹੈ। ਇੱਥੋਂ ਦੇ ਵਾਸੀਆਂ ਕੋਲ ਮਾਣ-ਸਨਮਾਨ ਨਾਲ ਜ਼ਿੰਦਗੀ ਗੁਜ਼ਾਰਨ ਵਾਲੀਆਂ ਕੋਈ ਸਹੂਲਤਾਂ ਨਹੀਂ; ਬਿਜਲੀ, ਪਾਣੀ, ਸਿੱਖਿਆ, ਸਿਹਤ ਸੰਭਾਲ, ਸਭ ਅਤਿਅੰਤ ਸੀਮਤ ਹਨ। ਹਮਾਸ ਨੇ ਇਜ਼ਰਾਈਲ 'ਤੇ ਹਮਲਾ ਕਰ ਕੇ ਨਾ ਸਿਰਫ਼ ਇਜ਼ਰਾਇਲੀ ਨਾਗਰਿਕ ਮਾਰੇ ਸਗੋਂ ਕਈਆਂ ਨੂੰ ਅਗਵਾ ਵੀ ਕੀਤਾ ਹੈ ਜਿਨ੍ਹਾਂ ਵਿਚ ਬੱਚੇ, ਔਰਤਾਂ ਤੇ ਬਜ਼ੁਰਗ ਵੀ ਸ਼ਾਮਲ ਹਨ। ਇਜ਼ਰਾਈਲ ਦੇ ਜਵਾਬੀ ਹਮਲਿਆਂ ਵਿਚ ਵੀ ਜ਼ਿਆਦਾ ਨੁਕਸਾਨ ਸਿਵਲੀਅਨ ਵਸੋਂ ਦਾ ਹੀ ਹੋਇਆ ਹੈ। ਇਜ਼ਰਾਈਲ ਨੇ ਐਲਾਨ ਕੀਤਾ ਹੈ ਕਿ ਉਹ ਹਮਾਸ ਨੂੰ ਸਬਕ ਸਿਖਾਏਗਾ। ਉਂਞ, ਮੁੱਖ ਪ੍ਰਸ਼ਨ ਇਹ ਹੈ ਕਿ ਹਮਾਸ ਨੇ ਅਜਿਹਾ ਹਮਲਾ ਕਿਉਂ ਕੀਤਾ? ਯਾਸਰ ਅਰਾਫ਼ਾਤ ਦੀ ਮੌਤ ਤੋਂ ਬਾਅਦ ਫਲਸਤੀਨੀਆਂ ਦੀ ਅਗਵਾਈ ਵੰਡੀ ਗਈ ਸੀ। ਹਮਾਸ ਅਸਲ ਵਿਚ ਪੀ.ਐਲ.ਓ. ਦੀਆਂ ਨਰਮ ਨੀਤੀਆ ਖਿਲਾਫ ਹੀ ਹੋਂਦ ਵਿਚ ਆਈ ਸੀ। ਜਥੇਬੰਦੀ ਦੇ ਆਗੂਆਂ ਦਾ ਮੰਨਣਾ ਸੀ ਕਿ ਨਰਮ ਪਹੁੰਚ ਕਾਰਨ ਹੀ ਇਜ਼ਰਾਈਲ ਸਿਰ 'ਤੇ ਚੜ੍ਹ ਰਿਹਾ ਹੈ। ਯਾਦ ਰਹੇ ਕਿ ਫਲਸਤੀਨੀ ਦਹਾਕਿਆਂ ਤੋਂ ਜ਼ੁਲਮ ਝੱਲ ਰਹੇ ਹਨ। ਇਜ਼ਰਾਈਲ ਫਲਸਤੀਨੀ ਇਲਾਕਿਆਂ ਵਿਚ ਜਬਰੀ ਬਸਤੀਆਂ ਵਸਾ ਰਿਹਾ ਹੈ। ਕੁਝ ਲੋਕ 2000 ਸਾਲ ਪੁਰਾਣੇ ਇਤਿਹਾਸ ਦਾ ਹਵਾਲਾ ਦਿੰਦੇ ਹਨ ਕਿ ਇਹ ਧਰਤੀ ਇਜ਼ਰਾਇਲੀਆਂ ਦੀ ਹੀ ਸੀ ਜਿਸ ਉਤੇ ਅਰਬਾਂ ਨੇ ਕਬਜ਼ਾ ਕਰ ਲਿਆ ਸੀ। ਅੱਜ ਦੀ ਸਿਆਸਤ ਵਿਚ ਅਮਰੀਕਾ ਇਸ ਖਿੱਤੇ ਵਿਚ ਆਪਣੀ ਚੌਧਰ ਲਈ ਲਗਾਤਾਰ ਇਜ਼ਰਾਈਲ ਦੀ ਅੰਨ੍ਹੀ ਹਮਾਇਤ ਕਰ ਰਿਹਾ ਹੈ। ਅਮਰੀਕਾ ਅਤੇ ਕੁਝ ਹੋਰ ਪੱਛਮੀ ਦੇਸ਼ਾਂ ਦੀ ਨਜ਼ਰ ਵਿਚ ਇਜ਼ਰਾਇਲੀ ਅਮਨਪਸੰਦ ਹਨ ਅਤੇ ਫਲਸਤੀਨੀ ਦਹਿਸ਼ਤਪਸੰਦ ਹਨ। ਉਂਞ, ਅੱਜ ਦੀ ਹਕੀਕਤ ਇਹ ਹੈ ਕਿ ਕਬਜ਼ਾ ਕਰਨ ਵਾਲੀ ਧਿਰ ਇਜ਼ਰਾਇਲੀ ਹਨ ਅਤੇ ਉੱਜੜੀ ਹੋਈ ਧਿਰ ਫਲਸਤੀਨੀ। ਹੁਣ ਕੌਮਾਤਰੀ ਭਾਈਚਾਰੇ ਨੂੰ ਇਜ਼ਰਾਈਲ ਅਤੇ ਫਲਸਤੀਨ, ਦੋ ਮੁਲਕ ਤਸਲੀਮ ਕਰ ਕੇ ਖਿੱਤੇ ਵਿਚ ਅਮਨ ਖਾਤਰ ਚਾਰਾਜੋਈ ਕਰਨੀ ਚਾਹੀਦੀ ਹੈ।

ਇਰਾਨ ਵਿਚ ਔਰਤਾਂ ਖਿਲਾਫ਼ ਜ਼ੁਲਮਾਂ ਅਤੇ ਮਨੁੱਖੀ ਹੱਕਾਂ ਦੀ ਉਲੰਘਣਾ ਵਿਰੁੱਧ ਜੂਝਣ ਵਾਲੀ ਕਾਰਕੁਨ ਨਰਗਿਸ ਮੁਹੰਮਦੀ ਜੇਲ੍ਹ ਵਿਚ ਬੰਦ ਹੈ। ਉਸ ਨੂੰ ਨੋਬੇਲ ਅਮਨ ਇਨਾਮ ਦੇ ਐਲਾਨ ਕਰ ਕੇ ਦੁਨੀਆ ਦਾ ਧਿਆਨ ਇਸ ਗੱਲ ਵੱਲ ਖਿੱਚਿਆ ਹੈ ਕਿ ਲਿੰਗ ਆਧਾਰਿਤ ਵਿਤਕਰਾ ਕਿਵੇਂ ਸੰਸਾਰ ਦੀਆਂ ਕਰੋੜਾਂ ਔਰਤਾਂ ਖਿਲਾਫ ਭੁਗਤ ਰਿਹਾ ਹੈ। ਉਂਞ, ਇਹ ਵੱਕਾਰੀ ਸਨਮਾਨ ਕਿਸੇ ਮਹਿਲਾ ਕਾਰਕੁਨ ਨੂੰ ਦੇਣਾ ਹੀ ਆਪਣੇ-ਆਪ ਵਿਚ ਅਹਿਮ ਕਾਰਜ ਹੈ। ਇਉਂ ਇਹ ਇਨਾਮ ਔਰਤਾਂ ਨੂੰ ਆਪਣੇ ਹੱਕਾਂ ਲਈ ਡਟਣ ਲਈ ਪ੍ਰੇਰੇਗਾ। ਨਰਗਿਸ ਮੁਹੰਮਦੀ ਆਪਣੀ ਹਮਵਤਨ ਅਤੇ ਮਨੁੱਖੀ ਹੱਕਾਂ ਦੀ ਕਾਰਕੁਨ ਸ਼ੀਰੀਂ ਐਬਦੀ ਤੋਂ ਪ੍ਰਭਾਵਿਤ ਹੈ ਜਿਸ ਨੇ ਵੀਹ ਸਾਲ ਪਹਿਲਾਂ 2003 'ਚ ਇਹ ਪੁਰਸਕਾਰ ਜਿੱਤਿਆ ਸੀ। ਇਰਾਨ ਹਕੂਮਤ ਨੇ ਨਰਗਿਸ ਨੂੰ 31 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਹੁਣ ਤੱਕ ਉਸ ਨੂੰ 13 ਵਾਰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ ਅਤੇ ਪੰਜ ਕੇਸਾਂ 'ਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਪਿਛਲੀ ਵਾਰ ਉਸ ਨੂੰ 2022 ਵਿਚ ਉਦੋਂ ਜੇਲ੍ਹ ਵਿਚ ਸੁੱਟਿਆ ਗਿਆ, ਜਦੋਂ ਉਸ ਨੇ ਮਾਸ਼ਾ ਅਮੀਨੀ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਖਿਲਾਫ਼ ਔਰਤਾਂ ਵੱਲੋਂ ਕੀਤੇ ਦੇਸ਼ ਵਿਆਪੀ ਅੰਦੋਲਨ ਦੀ ਅਗਵਾਈ ਕੀਤੀ। ਮਾਸ਼ਾ ਅਮੀਨੀ ਨੂੰ ਇਰਾਨ ਦੀਆਂ ਔਰਤਾਂ ਦੇ ਲਿਬਾਸ ਅਤੇ ਵਿਹਾਰ 'ਤੇ ਨਿਗਾਹਬਾਨੀ ਕਰਨ ਵਾਲੀ 'ਨੈਤਿਕ ਪੁਲਿਸ' ਨੇ ਹਿਜਾਬ ਨਾ ਪਹਨਿਣ ਕਰ ਕੇ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਦੋ ਖਬਰਾਂ ਨਾਲ ਤੀਜੀ ਖਬਰ ਵੀ ਸਿਆਸੀ ਗਲਿਆਰਿਆਂ ਵਿਚ ਚਰਚਾ ਵਿਚ ਹੈ। ਜਦੋਂ ਹਮਾਸ ਨੇ ਇਜ਼ਰਾਈਲ ਉਤੇ ਹਮਲਾ ਕੀਤਾ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਤੁਰੰਤ ਬਿਆਨ ਆ ਗਿਆ ਜਿਸ ਵਿਚ ਇਸ ਹਮਲੇ ਦੀ ਨਿੰਦਾ ਤਾਂ ਕੀਤੀ ਹੀ ਗਈ ਸੀ, ਇਜ਼ਰਾਈਲ ਨਾਲ ਹਮਦਰਦੀ ਦਾ ਪ੍ਰਗਟਾਵਾ ਵੀ ਕੀਤਾ ਗਿਆ ਸੀ। ਕੁਝ ਲੋਕਾਂ ਨੇ ਸਵਾਲ ਕੀਤਾ ਹੈ ਕਿ ਮਨੀਪੁਰ ਪਿਛਲੇ ਕਈ ਮਹੀਨਿਆਂ ਤੋਂ ਫਿਰਕੂ ਅੱਗ ਵਿਚ ਜਲ-ਸੜ ਰਿਹਾ ਹੈ, ਉਸ ਬਾਰੇ ਮੋਦੀ ਚੁੱਪ ਕਿਉਂ ਹਨ?

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਡੁੱਬਣ ਲੱਗਾ ਸੂਰਜ?*

ਦਿਸਣ ਲਗਦੀ ਏ ਗੱਡੀ ਨੂੰ ਝੋਲ ਪੈਂਦੀ ਜਦ ਕਮਜ਼ੋਰ ਹੋ ਜਾਣ ਕਮਾਨੀਆਂ ਜੀ।
ਹੁੰਦੀ ਚਾਰ ਕੁ ਦਿਨਾਂ ਦੀ 'ਚਾਂਦਨੀ' ਵੀ ਸਦਾ ਚਲਦੀਆਂ ਨਹੀਂ ਸ਼ੈਤਾਨੀਆਂ ਜੀ।
ਪੰਜਾਂ ਸਾਲਾਂ ਦਾ ਗੁੱਸਾ ਜਦ ਕੱਢਦੇ ਐ ਵੋਟਰ ਯਾਦ ਕਰਾਉਂਦੇ ਨੇ ਨਾਨੀਆਂ ਜੀ।
'ਗੋਦੀ' ਕਿਸੇ ਦੀ ਕਦੇ ਵੀ ਬਹਿੰਦੀਆਂ ਨਾ ਅਣਖੀ ਪਾਣ ਵਿਚ ਡੁੱਬੀਆਂ ਕਾਨੀਆਂ ਜੀ।
ਦਿਨ ਢ਼ਲਦਿਆਂ ਸਾਹਮਣੇ ਦਿਸਦੀਆਂ ਨੇ 'ਸੂਰਜ ਡੁੱਬਣੇ' ਦੀਆਂ ਨਿਸ਼ਾਨੀਆਂ ਜੀ!

## ਨਿਊਜ਼ਕਲਿੱਕ 'ਤੇ ਛਾਪੇ

# ਤਾਨਾਸ਼ਾਹ ਸਰਕਾਰ 'ਤੇ ਸਵਾਲ ਚੁੱਕਣ ਵਾਲੇ ਬਣ ਰਹੇ ਨੇ ਨਿਸ਼ਾਨਾ

***ਸਰਕਾਰ ਦੇ ਜੀ-ਹਜ਼ੂਰੀਆਂ ਅਤੇ ਸੱਚੇ ਪੱਤਰਕਾਰਾਂ ਵਿਚਲਾ ਫ਼ਰਕ ਲੋਕਾਂ ਦੇ ਮਨਾਂ ਵਿਚੋਂ ਮਿਟਾ ਦਿੱਤਾ ਗਿਆ ਹੈ। ਜਿਸ ਮਾਹੌਲ ਵਿਚ ਪੱਤਰਕਾਰ ਕੰਮ ਕਰਦੇ ਹਨ, ਉਸ ਦੀ ਹਵਾ ਜ਼ਹਿਰੀਲੀ ਹੈ। ਸਰਕਾਰ ਨੇ ਜੀ-ਹਜ਼ੂਰੀ ਨਾ ਕਰਨ ਵਾਲਿਆਂ ਨੂੰ ਬਦਨਾਮ ਕੀਤਾ ਅਤੇ ਕਾਨੂੰਨੀ ਏਜੰਸੀਆਂ ਉਨ੍ਹਾਂ ਦੇ ਪਿੱਛੇ ਪਾ ਦਿੱਤੀਆਂ। ਇਸ ਨਾਲ ਹੀ ਇਸ ਨੇ ਆਪਣੇ ਪ੍ਰਾਈਮ ਟਾਈਮ ਐਂਕਰਾਂ ਨੂੰ ਅਜਿਹੇ ਸੱਚੇ ਪੱਤਰਕਾਰਾਂ ਵਿਰੁੱਧ ਜਨਤਕ ਭਾਵਨਾਵਾਂ ਭੜਕਾਉਣ ਦੇ ਕੰਮ 'ਤੇ ਲਗਾ ਦਿੱਤਾ। ਟੀ.ਵੀ. ਚੈਨਲਾਂ 'ਤੇ ਦਿਨ-ਰਾਤ ਨਫ਼ਰਤ ਫੈਲਾਉਣ ਵਾਲੇ ਅਜਿਹੇ ਐਂਕਰਾਂ ਨੂੰ ਦੇਖ ਕੇ ਜਨਤਾ ਪੱਤਰਕਾਰੀ ਦੀ ਮਾੜੀ ਤਸਵੀਰ ਨੂੰ ਹੀ ਅਸਲ ਪੱਤਰਕਾਰੀ ਸਮਝਣ ਲੱਗ ਪਈ ਹੈ।***

**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਅੱਜ ਭਾਰਤ ਵਿਚ ਪੱਤਰਕਾਰੀ ਇਕ ਛੋਟੇ ਜਿਹੇ, ਲੜਨ ਵਾਲੇ ਸਮੂਹ ਦੇ ਹਿੱਸੇ ਆਈ ਹੈ ਜਿਸ ਨੂੰ ਘੱਟ ਤਨਖ਼ਾਹ ਮਿਲਦੀ ਹੈ ਪਰ ਇਹ ਜ਼ਿਆਦਾ ਕੰਮ ਕਰਦਾ ਹੈ ਅਤੇ ਹਮੇਸ਼ਾ ਤਣਾਅ ਵਿਚ ਰਹਿੰਦਾ ਹੈ। ਇਹ ਤਣਾਅ ਸਮਾਂ-ਸੀਮਾ ਨੂੰ ਲੈ ਕੇ ਨਹੀਂ ਸਗੋਂ ਇਸ ਗੱਲ ਨੂੰ ਲੈ ਕੇ ਹੈ ਕਿ ਸਰਕਾਰੀ ਏਜੰਸੀਆਂ ਨੇ ਪੱਤਰਕਾਰੀ ਨੂੰ ਰਾਜਧ੍ਰੋਹ ਸਮਝਣਾ ਸ਼ੁਰੂ ਕਰ ਦਿੱਤਾ ਹੈ। ਪੱਤਰਕਾਰ ਹੋਣ ਦੇ ਖਤਰੇ ਇਸ ਕਦਰ ਵਧ ਗਏ ਹਨ ਕਿ ਲੱਗਦਾ ਹੈ ਜਿਵੇਂ 'ਸ਼ਹਿਰੀ ਨਕਸਲ' ਜਾਂ 'ਐਂਟੀ ਨੈਸ਼ਨਲ' ਵਰਗੇ ਮਨਘੜਤ ਵਿਸ਼ੇ ਅਸਲੀ ਹਨ ਕਿਉਂਕਿ ਕਾਨੂੰਨੀ ਏਜੰਸੀਆਂ ਪੱਤਰਕਾਰੀ ਕਰਨ ਨੂੰ ਇੰਞ ਹੀ ਮੰਨਦੀਆਂ ਹਨ।

ਮੈਂ ਪੱਤਰਕਾਰੀ ਨੂੰ ਛੋਟਾ ਸਮੂਹ ਇਸ ਲਈ ਕਿਹਾ ਹੈ ਕਿਉਂਕਿ ਅੱਜ ਜੋ ਲੋਕ ਅੰਗਰੇਜ਼ੀ ਅਤੇ ਹਿੰਦੀ ਮੀਡੀਆ ਦੇ ਮੁੱਖ ਧਾਰਾ ਚੈਨਲਾਂ ਅਤੇ ਜ਼ਿਆਦਾਤਰ ਅਖ਼ਬਾਰਾਂ ਤੇ ਰਸਾਲਿਆਂ ਵਿਚ ਕੰਮ ਕਰ ਰਹੇ ਹਨ, ਉਨ੍ਹਾਂ ਸਾਰਿਆਂ ਨੂੰ ਪੱਤਰਕਾਰ ਨਹੀਂ ਮੰਨਿਆ ਜਾ ਸਕਦਾ। ਜਿਹੜੇ ਲੋਕ ਦਿਨ-ਰਾਤ ਸਰਕਾਰੀ ਪ੍ਰਚਾਰ ਵਿਚ ਲੱਗੇ ਹੋਏ ਹਨ, ਸਰਕਾਰੀ ਝੂਠ ਦਾ ਪ੍ਰਚਾਰ ਕਰਦੇ ਹਨ ਅਤੇ ਸੱਚ ਬੋਲਣ ਵਾਲਿਆਂ ਵਿਰੁੱਧ ਸਰਕਾਰੀ ਜਬਰ ਦੀ ਵਕਾਲਤ ਕਰਦੇ ਹਨ, ਉਨ੍ਹਾਂ ਨੂੰ ਪੱਤਰਕਾਰ ਨਹੀਂ ਕਿਹਾ ਜਾ ਸਕਦਾ। ਇਹੋ ਜਿਹੇ ਲੋਕ ਤਾਂ ਇਸ ਕਿੱਤੇ ਦੇ ਗ਼ੱਦਾਰ ਹਨ।

ਸਰਕਾਰ ਦੇ ਜੀ-ਹਜ਼ੂਰੀਆਂ ਅਤੇ ਸੱਚੇ ਪੱਤਰਕਾਰਾਂ ਵਿਚਲਾ ਫ਼ਰਕ ਲੋਕਾਂ ਦੇ ਮਨਾਂ ਵਿਚੋਂ ਮਿਟਾ ਦਿੱਤਾ ਗਿਆ ਹੈ। ਜਿਸ ਮਾਹੌਲ ਵਿਚ ਪੱਤਰਕਾਰ ਕੰਮ ਕਰਦੇ ਹਨ, ਉਸ ਦੀ ਹਵਾ ਜ਼ਹਿਰੀਲੀ ਹੈ। ਸਰਕਾਰ ਨੇ ਜੀ-ਹਜ਼ੂਰੀ ਨਾ ਕਰਨ ਵਾਲਿਆਂ ਨੂੰ ਬਦਨਾਮ ਕੀਤਾ ਅਤੇ ਕਾਨੂੰਨੀ ਏਜੰਸੀਆਂ ਉਨ੍ਹਾਂ ਦੇ ਪਿੱਛੇ ਪਾ ਦਿੱਤੀਆਂ। ਇਸ ਨਾਲ ਹੀ ਇਸ ਨੇ ਆਪਣੇ ਪ੍ਰਾਈਮ ਟਾਈਮ ਐਂਕਰਾਂ ਨੂੰ ਅਜਿਹੇ ਸੱਚੇ ਪੱਤਰਕਾਰਾਂ ਵਿਰੁੱਧ ਜਨਤਕ ਭਾਵਨਾਵਾਂ ਭੜਕਾਉਣ ਦੇ ਕੰਮ 'ਤੇ ਲਗਾ ਦਿੱਤਾ। ਟੀਵੀ ਚੈਨਲਾਂ 'ਤੇ ਦਿਨ-ਰਾਤ ਨਫ਼ਰਤ ਫੈਲਾਉਣ ਵਾਲੇ ਅਜਿਹੇ ਐਂਕਰਾਂ ਨੂੰ ਦੇਖ ਕੇ ਜਨਤਾ ਪੱਤਰਕਾਰੀ ਦੀ ਮਾੜੀ ਤਸਵੀਰ ਨੂੰ ਹੀ ਅਸਲ ਪੱਤਰਕਾਰੀ ਸਮਝਣ ਲੱਗ ਪਈ ਹੈ।

ਇਸ ਮਾਹੌਲ ਵਿਚ ਨਿਊਜ਼ਕਲਿੱਕ ਦੇ ਬਹਾਨੇ ਪੰਜਾਹ ਪੱਤਰਕਾਰਾਂ ਦੇ ਘਰਾਂ 'ਤੇ ਛਾਪੇਮਾਰੀ ਸਰਕਾਰੀ ਘਟੀਆਪਣ ਦਾ ਸਿਖ਼ਰਲਾ ਪੱਧਰ ਹੈ। ਮੁੱਦੇ ਨੂੰ ਘੁਮਾਏ ਬਿਨਾਂ ਸਾਨੂੰ ਸਪਸ਼ਟ ਤੌਰ 'ਤੇ ਕਹਿਣਾ ਚਾਹੀਦਾ ਹੈ ਕਿ ਜਦੋਂ ਕੋਈ ਪੱਤਰਕਾਰੀ ਲਈ ਨੇਵਿਲ ਰਾਏ ਸਿੰਘਮ ਤੋਂ ਪੈਸੇ ਲੈਂਦਾ ਹੈ ਤਾਂ ਉਹ ਵੱਡੀ, ਨੈਤਿਕ ਗ਼ਲਤੀ ਕਰਦਾ ਹੈ। ਇਕ ਆਦਮੀ ਜੋ ਸ਼ਿਨਜਿਆਂਗ ਵਿਚ ਚੀਨ ਦੀ ਬੇਕਿਰਕੀ ਨੂੰ ਨਕਾਰਦਾ ਹੈ, ਜਾਂ ਚੀਨੀ ਕਮਿਊਨਿਸਟ ਪਾਰਟੀ ਦੇ ਕੰਮ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦਾ ਹੈ, ਉਹ ਕਦੇ ਵੀ ਸੁਤੰਤਰ ਪੱਤਰਕਾਰੀ ਦੀ ਮਦਦ ਨਹੀਂ ਕਰ ਸਕਦਾ।

ਫਿਰ ਵੀ ਜੇ ਅਜਿਹਾ ਫੰਡ ਮਿਲਿਆ ਹੈ - ਫ਼ਿਲਹਾਲ ਕਾਨੂੰਨੀ ਤੌਰ 'ਤੇ ਇਹ ਸਾਬਤ ਹੋਣਾ ਬਾਕੀ ਹੈ - ਫਿਰ ਵੀ ਸਰਕਾਰ ਨੂੰ ਇਹ ਤਾਂ ਦੱਸਣਾ ਹੀ ਪਵੇਗਾ ਕਿ ਆਖਿਰਕਾਰ ਕਿਹੜਾ ਜੁਰਮ ਹੋਇਆ ਹੈ ਅਤੇ ਕਿਨ੍ਹਾਂ ਕਾਰਨਾਂ ਕਰ ਕੇ ਯੂ.ਏ.ਪੀ.ਏ. ਲਗਾਇਆ ਗਿਆ ਹੈ।

ਨਿਊਜ਼ਕਲਿੱਕ ਦਾ ਸਿਆਸੀ ਝੁਕਾਅ ਸਾਨੂੰ ਸਭ ਨੂੰ ਪਤਾ ਹੈ ਅਤੇ ਸਿੰਘਮ ਦੇ ਫੰਡ ਦੇਣ ਤੋਂ ਬਿਨਾਂ ਵੀ ਅਜਿਹਾ ਹੀ ਹੋਣਾ ਸੀ ਜੋ ਅੱਜ ਹੋਇਆ ਹੈ। ਨਿਊਯਾਰਕ ਟਾਈਮਜ਼ ਦੀ ਰਿਪੋਰਟ ਵਿਚ ਜਿਸ ਮੀਡੀਆ ਦੀ ਗੱਲ ਕਹੀ ਗਈ ਹੈ, ਉਹ ਮਾਓ ਦੇ ਕਮਿਊਨਿਸਟ ਇਨਕਲਾਬ ਦੇ 70 ਸਾਲ ਪੂਰੇ ਹੋਣ 'ਤੇ ਬਣਾਈ ਗਈ ਵੀਡੀਓ ਹੈ ਜਿਸ ਵਿਚ ਕਿਹਾ ਗਿਆ ਹੈ ਕਿ "ਚੀਨ ਦਾ ਇਨਕਲਾਬੀ ਇਤਿਹਾਸ ਸਰਮਾਏਦਾਰਾ ਲੁੱਟ ਅਤੇ ਸਾਮਰਾਜਵਾਦ ਵਿਰੁੱਧ ਦੁਨੀਆ ਭਰ ਵਿਚ ਮਜ਼ਦੂਰ ਜਮਾਤ ਅਤੇ ਆਮ ਲੋਕਾਂ ਲਈ ਪ੍ਰੇਰਨਾ ਬਣਿਆ ਹੋਇਆ ਹੈ।" ਨਿਊਯਾਰਕ ਟਾਈਮਜ਼ ਨੂੰ ਇਸ ਪ੍ਰਸੰਗ ਵਿਚ ਸਭ ਤੋਂ ਵਧੀਆ ਮਿਸਾਲ ਜੇ ਇੱਥੋਂ ਮਿਲੀ ਸੀ ਤਾਂ ਉਸ ਨੂੰ ਆਪਣੀ ਪੱਤਰਕਾਰੀ ਦੇ ਮਿਆਰ ਬਾਰੇ ਜ਼ਰੂਰ ਸੋਚ ਲੈਣਾ ਚਾਹੀਦਾ ਹੈ।

ਨਿਊਯਾਰਕ ਟਾਈਮਜ਼ ਦੀ ਇਸ ਰਿਪੋਰਟ ਨੇ ਸਾਡੀ ਸਰਕਾਰ ਨੂੰ ਉਨ੍ਹਾਂ ਪੱਤਰਕਾਰਾਂ ਦੇ ਪਿੱਛੇ ਪੈ ਜਾਣ ਦਾ ਮੌਕਾ ਦਿੱਤਾ ਹੈ ਜੋ ਵੱਡੇ ਜਾਂ ਛੋਟੇ ਕਿਸੇ ਵੀ ਰੂਪ 'ਚ ਨਿਊਜ਼ਕਲਿੱਕ ਨਾਲ ਜੁੜੇ ਹੋਏ ਹਨ। ਪੁਲਿਸ ਨੇ ਪਰੰਜੋਏ ਗੁਹਾ ਠਾਕੁਰਤਾ ਜਿਸ ਨੇ ਅਡਾਨੀ ਸਮੂਹ ਦਾ ਲਗਾਤਾਰ ਪਰਦਾਫਾਸ਼ ਕੀਤਾ ਹੈ ਅਤੇ ਰਾਫੇਲ ਸੌਦੇ 'ਤੇ ਗੰਭੀਰ ਪ੍ਰਕਿਰਿਆ ਕਰਦਿਆਂ ਸਵਾਲ ਉਠਾਏ, ਨੂੰ ਥਾਣੇ ਲਿਜਾ ਕੇ ਉਸ ਤੋਂ ਪੁੱਛਗਿੱਛ ਕੀਤੀ। ਪੁਲਿਸ ਨੇ ਉਰਮਿਲੇਸ਼ ਅਤੇ ਭਾਸ਼ਾ ਸਿੰਘ ਵਰਗੇ ਉਨ੍ਹਾਂ ਪੱਤਰਕਾਰਾਂ ਤੋਂ ਪੁੱਛਗਿੱਛ ਕੀਤੀ ਜੋ ਆਪਣੇ ਹਿੰਦੀ ਪ੍ਰੋਗਰਾਮਾਂ ਵਿਚ ਸਰਕਾਰ ਦੇ ਕੰਮ-ਕਾਜ ਦੀਆਂ ਕਮਜ਼ੋਰੀਆਂ 'ਤੇ ਸੱਚੇ ਸਵਾਲ ਖੜ੍ਹੇ ਕਰਦੇ ਹਨ। ਮੈਂ ਕੁਲ-ਮਿਲਾ ਕੇ ਸਿਰਫ ਤਿੰਨ ਨਾਂ ਲਏ ਹਨ ਪਰ ਪੁੱਛ-ਪੜਤਾਲ ਕੀਤੇ ਜਾਣ ਵਾਲਿਆਂ ਦੇ ਨਾਵਾਂ ਨੂੰ ਦੇਖ ਕੇ ਹੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਹ ਲੋਕ ਨਿਊਜ਼ਕਲਿੱਕ ਦੇ ਚੀਨ ਨਾਲ ਅਖੌਤੀ ਸਬੰਧਾਂ ਕਾਰਨ ਨਹੀਂ ਸਗੋਂ ਉਨ੍ਹਾਂ ਦੀ ਪੱਤਰਕਾਰੀ ਕਾਰਨ ਸਤਾਏ ਜਾ ਰਹੇ ਹਨ। ਉਨ੍ਹਾਂ ਦੀ ਸਾਫ਼-ਸੁਥਰੀ ਅਤੇ ਨਿਰਪੱਖ ਪੱਤਰਕਾਰੀ ਨੇ ਮੋਦੀ ਸਰਕਾਰ ਦੇ ਅਧਿਕਾਰੀਆਂ ਨੂੰ ਉਨ੍ਹਾਂ ਦੇ ਵਿਰੁੱਧ ਕਰ ਦਿੱਤਾ ਹੈ।

ਇਨ੍ਹਾਂ ਲੋਕਾਂ 'ਤੇ ਯੂ.ਏ.ਪੀ.ਏ. ਲਾਗੂ ਹੋਣ ਤੋਂ ਬਾਅਦ ਸਥਿਤੀ ਕੀ ਹੋਵੇਗੀ, ਇਹ ਜਾਣਨ ਲਈ ਬਸ ਇਹ ਸਮਝਣਾ ਕਾਫ਼ੀ ਹੈ ਕਿ ਦਿੱਲੀ ਦੰਗਿਆਂ ਦੇ ਮਾਮਲਿਆਂ ਵਿਚ ਦਿੱਲੀ ਪੁਲਿਸ ਨੇ ਕੀ ਕੀਤਾ। ਦਿੱਲੀ ਦੰਗਿਆਂ ਤੋਂ ਬਾਅਦ ਦੰਗੇ ਭੜਕਾਉਣ ਵਾਲੇ ਅਤੇ ਉਨ੍ਹਾਂ ਵਿਚ ਸ਼ਾਮਲ ਲੋਕ ਤਾਂ ਅੱਜ ਸ਼ਰੇਆਮ ਘੁੰਮ ਰਹੇ ਹਨ ਅਤੇ ਕਈ ਲੋਕ ਉੱਚ ਅਹੁਦਿਆਂ 'ਤੇ ਵੀ ਪਹੁੰਚ ਗਏ ਹਨ ਪਰ ਪੁਲਿਸ ਦੰਗਾ ਪੀੜਤਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਦਿੱਲੀ ਪੁਲਿਸ ਦੀਆਂ ਪੱਖਪਾਤੀ ਜਾਂਚ ਕਾਰਵਾਈਆਂ 'ਤੇ ਸਰਕਾਰ ਚੁੱਪ ਹੈ ਅਤੇ ਅਹਿੰਸਕ ਸੰਘਰਸ਼ ਦੀ ਗੱਲ ਕਰਨ ਵਾਲਾ ਉਮਰ ਖ਼ਾਲਿਦ ਤਿੰਨ ਸਾਲ ਤੋਂ ਵੱਧ ਸਮੇਂ ਤੋਂ ਜੇਲ੍ਹ ਵਿਚ ਬੰਦ ਹੈ।

ਨਿਊਜ਼ਕਲਿੱਕ ਮਾਮਲੇ 'ਚ ਵੀ ਇਹੀ ਹੋ ਰਿਹਾ ਹੈ ਅਤੇ ਮੇਰੇ ਅਜਿਹਾ ਕਹਿਣ ਦੇ ਕਾਰਨ ਹਨ। ਦਿੱਲੀ ਪੁਲਿਸ ਜਾਂ ਐਨਫੋਰਸਮੈਂਟ ਡਾਇਰੈਕਟੋਰੇਟ ਵਰਗੀਆਂ ਸੰਸਥਾਵਾਂ ਲੋਕਾਂ ਨੂੰ ਚੁਣਵੇਂ ਤੌਰ 'ਤੇ ਨਿਸ਼ਾਨਾ ਬਣਾ ਰਹੀਆਂ ਹਨ। ਉਸ ਦੇ ਨਿਸ਼ਾਨੇ 'ਤੇ ਲੱਗਭੱਗ ਹਮੇਸ਼ਾ ਉਹ ਲੋਕ ਆਉਂਦੇ ਹਨ ਜੋ ਸਰਕਾਰ ਦੀ ਚਾਪਲੂਸੀ ਨਹੀਂ ਕਰਦੇ। ਉਨ੍ਹਾਂ ਖ਼ਿਲਾਫ਼ ਅਜਿਹੇ ਕਾਨੂੰਨਾਂ ਤਹਿਤ ਬੇਬੁਨਿਆਦ ਕੇਸ ਬਣਾਏ ਜਾਂਦੇ ਹਨ ਜਿਨ੍ਹਾਂ ਵਿਚ ਅਦਾਲਤ ਵੀ ਰਾਹਤ ਨਹੀਂ ਦੇ ਸਕਦੀ। ਇੱਥੇ ਅਸੀਂ ਦੇਖ ਰਹੇ ਹਾਂ ਕਿ ਕਾਨੂੰਨੀ ਅਮਲ ਨੂੰ ਸਜ਼ਾ ਦੇ ਰੂਪ ਵਜੋਂ ਵਰਤਿਆ ਜਾਂਦਾ ਹੈ।

ਸਾਨੂੰ ਸਾਰਿਆਂ ਨੂੰ ਇਹ ਵੀ ਸਮਝਣਾ ਪਵੇਗਾ ਕਿ ਸਿਆਸੀ ਪਾਰਟੀਆਂ ਦੇ ਆਗੂਆਂ ਨਾਲ ਕੀ ਹੁੰਦਾ ਹੈ। ਜਿਉਂ ਹੀ ਕੋਈ ਆਗੂ ਭਾਜਪਾ 'ਚ ਸ਼ਾਮਲ ਹੁੰਦਾ ਹੈ, ਉਸ ਵਿਰੁੱਧ ਕੇਸ ਗ਼ਾਇਬ ਹੋ ਜਾਂਦੇ ਹਨ। ਇਸ ਥਾਂ 'ਤੇ ਰਾਣਾ ਅਯੂਬ ਅਤੇ ਮੁਹੰਮਦ ਜ਼ੁਬੇਰ ਵਰਗੇ ਕੁਝ ਪੱਤਰਕਾਰਾਂ ਦੀ ਤਾਰੀਫ਼ ਕਰਨੀ ਬਹੁਤ ਜ਼ਰੂਰੀ ਹੈ ਕਿਉਂਕਿ ਪਿਛਲੇ ਸਾਲਾਂ 'ਚ ਉਨ੍ਹਾਂ 'ਤੇ ਕਈ ਹਮਲੇ ਹੋਏ ਹਨ ਪਰ ਉਨ੍ਹਾਂ ਨੇ ਸਿਆਸੀ ਪਾਰਟੀਆਂ ਦੇ ਆਗੂਆਂ ਵਾਂਗ ਸੌਖਾ ਰਾਹ ਨਹੀਂ ਚੁਣਿਆ ਅਤੇ ਅੱਜ ਵੀ ਉਹ ਕਹਿਣ ਦੀ ਹਿੰਮਤ ਰੱਖਦੇ ਹਨ ਜਿਸ ਨੂੰ ਕਹਿਣਾ ਜ਼ਰੂਰੀ ਹੈ।


ਅਸੀਂ ਅੱਜ ਅਜਿਹੇ ਮੋੜ 'ਤੇ ਪਹੁੰਚ ਗਏ ਹਾਂ ਜਦੋਂ ਪੱਤਰਕਾਰ ਦੇ ਰੂਪ 'ਚ ਸਾਡੇ ਕੋਲ ਸਿਰਫ਼ ਦੋ ਹੀ ਬਦਲ ਮੌਜੂਦ ਹਨ; ਜਾਂ ਤਾਂ ਅਸੀਂ ਇਸ ਸਰਕਾਰ ਬਾਰੇ ਸੱਚ ਕਹੀਏ ਜਾਂ ਚੁੱਪ ਹੋ ਜਾਈਏ। ਸਾਡਾ ਸੱਚ ਇਹ ਹੈ ਕਿ ਅਸੀਂ ਚੁਣੀ ਹੋਈ ਤਾਨਾਸ਼ਾਹੀ ਵੱਲ ਵਧ ਰਹੇ ਹਾਂ ਜਿਸ ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਿਆ ਜਾ ਰਿਹਾ ਹੈ ਅਤੇ ਸਰਕਾਰ ਦੇ ਵਿਚਾਰਧਾਰਕ ਵਿਰੋਧੀਆਂ ਨੂੰ ਚੁੱਪ ਕਰਾ ਦਿੱਤਾ ਜਾਂਦਾ ਹੈ; ਤੇ ਇਹ ਸਭ ਕੁਝ ਅਮਲ ਕਹਾਉਣ ਦੇ ਪਤਲੇ ਪਰਦੇ ਦੇ ਪਿੱਛੇ ਵਾਪਰਦਾ ਹੈ ਤਾਂ ਕਿ ਇੰਞ ਲੱਗੇ ਕਿ ਪੁਲਿਸ ਆਪਣਾ ਕੰਮ ਕਰ ਰਹੀ ਹੈ, ਕਾਰਜਪਾਲਿਕਾ ਆਪਣਾ ਫ਼ਰਜ਼ ਨਿਭਾ ਰਹੀ ਹੈ, ਜਦਕਿ ਇਹ ਅਮਲ ਇਨਸਾਫ਼ ਦੇਣ ਲਈ ਨਹੀਂ, ਇਨਸਾਫ਼ ਨੂੰ ਦਬਾਉਣ ਲਈ ਹੈ।

ਮੈਂ ਮੁਲਕ ਦੇ ਅਜਿਹੇ ਲੋਕਾਂ ਨੂੰ ਮਿਲਦਾ ਹਾਂ ਜੋ ਮੋਟੀਆਂ ਤਨਖ਼ਾਹਾਂ ਲੈਂਦੇ ਹਨ, ਸਰਕਾਰੀ ਘਰਾਂ ਵਿਚ ਰਹਿੰਦੇ ਹਨ, ਸਰਕਾਰੀ ਗੱਡੀਆਂ ਵਿਚ ਸਫ਼ਰ ਕਰਦੇ ਹਨ, ਪੈਨਸ਼ਨ ਲੈਂਦੇ ਹਨ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਸੁਣੀਆਂ ਵੀ ਜਾਂਦੀਆਂ ਹਨ। ਨਿੱਜੀ ਗੱਲਬਾਤ ਵਿਚ ਉਹ ਸਰਕਾਰ ਦੀ ਬਦਖੋਈ ਕਰਨਗੇ, ਫਿਰ ਵੀ ਇਹ ਜਾਣਦੇ ਹੋਏ ਵੀ ਕਿ ਜੋ ਹੋ ਰਿਹਾ ਹੈ, ਉਹ ਗ਼ਲਤ ਹੈ, ਉਹ ਉਹੀ ਕਰਨਗੇ ਜੋ ਸਰਕਾਰ ਕਹੇਗੀ। ਫਿਰ ਅਜਿਹਾ ਕਰਨ ਤੋਂ ਬਾਅਦ ਇਹ ਭੋਲੇ-ਭਾਲੇ ਲੋਕ ਵੀ ਤੁਹਾਨੂੰ ਮੁਲਕ

*(ਬਾਕੀ ਅਗਲੇ ਸਫੇ 'ਤੇ)*

# ਨਿਊਜ਼ਕਲਿੱਕ ਨੂੰ ਕਿਸ ਜੁਰਮ ਦੀ ਸਜ਼ਾ ਦਿੱਤੀ ਜਾ ਰਹੀ?

***ਮੋਦੀ ਸਰਕਾਰ ਨੇ ਦਮਦਾਰ ਆਨਲਾਈਨ ਪੋਰਟਲ 'ਨਿਊਜ਼ਕਲਿੱਕ' 'ਤੇ ਧਾਵਾ ਬੋਲਿਆ ਹੈ। ਇਸ ਪੋਰਟਲ ਨਾਲ ਜੁੜੇ ਪੱਤਰਕਾਰਾਂ ਉਤੇ ਵੀ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਇਹ ਅਦਾਰਾ ਕਿਸ ਤੋਂ ਵਿੱਤੀ ਇਮਦਾਦ ਲੈ ਰਿਹਾ ਹੈ, ਇਸ ਨੇ ਕਦੇ ਲੁਕਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਉਂਝ ਵੀ ਇਹ ਪੈਸਾ ਕਾਨੂੰਨੀ ਤਰੀਕੇ ਨਾਲ ਲਿਆ ਗਿਆ ਅਤੇ ਅਜਿਹਾ ਰਿਜ਼ਰਵ ਬੈਂਕ ਦੀ ਇਜਾਜ਼ਤ ਤੋਂ ਬਿਨਾਂ ਨਹੀਂ ਹੋ ਸਕਦਾ। ਫਿਰ 'ਨਿਊਯਾਰਕ ਟਾਈਮਜ਼' ਦੀ ਰਿਪੋਰਟ ਅਜਿਹਾ ਕਿਹੜਾ ਖ਼ੁਲਾਸਾ ਕਰ ਰਹੀ ਸੀ ਕਿ ਸਰਕਾਰ ਨੇ ਇਹ ਧਾਵਾ ਬੋਲਿਆ? ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਅਪੂਰਵਾਨੰਦ ਦਾ ਇਹ ਲੇਖ ਨਿਊਜ਼ਕਲਿੱਕ ਦੇ ਪੱਤਰਕਾਰਾਂ ਤੇ ਪ੍ਰਬੰਧਕੀ ਸੰਪਾਦਕਾਂ ਉੱਪਰ ਇਸ ਧਾਵੇ ਅਤੇ ਪੱਤਰਕਾਰਾਂ ਦੀ ਭੂਮਿਕਾ ਬਾਰੇ ਗੰਭੀਰ ਚਰਚਾ ਕਰਦਾ ਹੈ। ਇਸ ਦਾ ਪੰਜਾਬੀ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***



**ਅਪੂਰਵਾਨੰਦ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਗਾਂਧੀ ਜੈਅੰਤੀ ਤੋਂ ਅਗਲੀ ਸਵੇਰ ਦੀ ਗੱਲ ਹੈ, ਮੈਂ ਲਿਖਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ 2 ਅਕਤੂਬਰ ਨੂੰ ਗਾਂਧੀ ਨੂੰ ਕਿਵੇਂ ਯਾਦ ਕੀਤਾ ਗਿਆ। ਉਸ ਦੀ ਜ਼ਿੰਦਗੀ ਅਤੇ ਰਾਜਨੀਤੀ ਦੇ ਕਿਹੜੇ ਪਹਿਲੂਆਂ 'ਤੇ ਬਹਿਸ ਹੋਈ? ਮੈਂ ਪੂਨੇ ਵਿਚ 'ਲੋਕਾਇਤ' ਦੇ ਆਪਣੇ ਦੋਸਤ ਨੀਰਜ ਜੈਨ ਨੂੰ ਫੋਨ ਕਰਨ ਦੀ ਸੋਚ ਰਿਹਾ ਸੀ ਤਾਂ ਜੋ ਪਤਾ ਲੱਗ ਸਕੇ ਕਿ ਲੰਘੇ ਦਿਨ ਧੀਰੇਂਦਰ ਝਾਅ ਦੇ ਗਾਂਧੀ ਦੇ ਕਤਲ ਬਾਰੇ ਦਿੱਤੇ ਭਾਸ਼ਣ ਬਾਰੇ ਸਰੋਤਿਆਂ ਦਾ ਕੀ ਪ੍ਰਤੀਕਰਮ ਸੀ। ਬਾਪੂ ਬਾਰੇ ਦਿਨਕਰ ਦੀ ਕਵਿਤਾ ਆਪਣੇ ਲਾਗੇ ਰੱਖੀ ਹੀ ਸੀ। ਉਦੋਂ ਹੀ ਫੋਨ 'ਤੇ ਸ਼ਬਨਮ ਹਾਸ਼ਮੀ ਦਾ ਸੰਦੇਸ਼ ਆ ਗਿਆ: ਪੁਲਿਸ, ਪੱਤਰਕਾਰ ਭਾਸ਼ਾ ਸਿੰਘ ਦੇ ਘਰ ਪਹੁੰਚ ਗਈ ਹੈ। ਕਹਿ ਰਹੀ ਹੈ: ਯੂ.ਏ.ਪੀ.ਏ. ਮਾਮਲੇ 'ਚ ਜਾਂਚ ਕਰਨੀ ਹੈ।

ਸਵੇਰ ਦੇ 6 ਵੱਜੇ ਸਨ। ਭਾਸ਼ਾ ਸਿੰਘ ਨੂੰ ਫੋਨ ਕੀਤਾ। ਉਸ ਨੇ ਕਿਹਾ, 'ਇਕ ਬੰਦਾ ਪੁਲਿਸ ਦੀ ਵਰਦੀ 'ਚ ਹੈ, ਬਾਕੀ ਸਾਦੇ ਕੱਪੜਿਆਂ 'ਚ ਹਨ। ਦਿੱਲੀ ਪੁਲਿਸ ਹੈ ਜਾਂ ਐਨ.ਆਈ.ਏ., ਪਤਾ ਨਹੀਂ।' ਵਕੀਲ ਦੋਸਤਾਂ ਨੂੰ ਫੋਨ ਕਰਨੇ ਸ਼ੁਰੂ ਕੀਤੇ। ਘੰਟੀ ਵੱਜਦੀ ਰਹੀ। ਅਜੇ ਤਾਂ ਪੂਰੀ ਤਰ੍ਹਾਂ ਸਵੇਰ ਵੀ ਨਹੀਂ ਸੀ ਹੋਈ।

ਭਾਸ਼ਾ ਸਿੰਘ ਆਨਲਾਈਨ ਨਿਊਜ਼ ਸੰਸਥਾ 'ਨਿਊਜ਼ਕਲਿੱਕ' ਨਾਲ ਕੰਮ ਕਰਦੀ ਹੈ। 'ਨਿਊਜ਼ਕਲਿੱਕ' 'ਤੇ ਸਰਕਾਰ ਦਾ ਹਮਲਾ ਪਿਛਲੇ ਤਿੰਨ ਸਾਲਾਂ ਤੋਂ ਜਾਰੀ ਹੈ। ਭਾਰਤ ਸਰਕਾਰ ਦੀਆਂ ਕਈ ਏਜੰਸੀਆਂ ਪਿਛਲੇ ਤਿੰਨ ਸਾਲਾਂ ਤੋਂ ਇਸ ਦੇ ਸੰਸਥਾਪਕ ਪ੍ਰਬੀਰ ਪੁਰਕਾਇਸਥ ਖ਼ਿਲਾਫ਼ ਜੁੱਟੀਆਂ ਹੋਈਆਂ ਹਨ। ਉਸ ਦੇ ਘਰ ਛਾਪਾ ਪੈ ਚੁੱਕਾ ਹੈ। ਉਹ ਅਤੇ ਉਸ ਦੀ ਜੀਵਨ ਸਾਥੀ ਕਹਾਣੀਕਾਰ ਗੀਤਾ ਹਰੀਹਰਨ ਲਗਾਤਾਰ ਇਨ੍ਹਾਂ ਦਾ ਸਾਹਮਣਾ ਕਰ ਰਹੇ ਹਨ। ਮੈਨੂੰ ਲੱਗਾ ਕਿ ਸ਼ਾਇਦ ਪੁਲਿਸ ਨੇ ਇਸੇ ਕਾਰਨ ਭਾਸ਼ਾ ਸਿੰਘ ਤੱਕ ਪਹੁੰਚ ਕੀਤੀ ਹੋਵੇਗੀ। ਮੈਂ ਗੀਤਾ ਨੂੰ ਫੋਨ ਕੀਤਾ। ਉਸਨੇ ਕਿਹਾ, 'ਮੈਂ ਗੱਲ ਨਹੀਂ ਕਰ ਸਕਦੀ ਕਿਉਂਕਿ ਪੁਲਿਸ ਮੇਰੇ ਅਤੇ ਪ੍ਰਬੀਰ ਤੋਂ ਪੁੱਛਗਿੱਛ ਕਰ ਰਹੀ ਹੈ।'

ਫਿਰ ਆਪਣੇ ਵਕੀਲ ਦੋਸਤ ਨੂੰ ਫੋਨ ਲਾਇਆ। ਉਸ ਨੇ ਦੱਸਿਆ ਕਿ ਉਸ ਨੇ ਆਪਣੇ ਸਹਿਯੋਗੀਆਂ ਨੂੰ ਭਾਸ਼ਾ ਸਿੰਘ ਦੇ ਘਰ ਭੇਜ ਦਿੱਤਾ ਹੈ। ਇਸ ਦੌਰਾਨ ਮੈਂ ਸ਼ਬਨਮ ਨਾਲ ਦੁਬਾਰਾ ਗੱਲ ਕੀਤੀ ਤਾਂ ਪਤਾ ਲੱਗਾ ਕਿ ਪੁਲਿਸ ਸੋਹੇਲ ਹਾਸ਼ਮੀ ਦੇ ਘਰ ਵੀ ਪਹੁੰਚ ਗਈ ਹੈ। ਫੋਨ ਆਉਣੇ ਸ਼ੁਰੂ ਹੋ ਗਏ ਕਿ ਪੱਤਰਕਾਰਾਂ ਉਰਮਿਲੇਸ਼, ਅਭਿਸਾਰ ਸ਼ਰਮਾ, ਅਨਿੰਦਿਓ ਚੱਕਰਵਰਤੀ, ਪਾਰੰਜੋਏ ਗੁਹਾ ਠਾਕੁਰਤਾ ਦੇ ਘਰਾਂ ਉੱਪਰ ਵੀ ਪੁਲਿਸ ਦੇ ਦਸਤੇ ਮੌਜੂਦ ਹਨ। ਵਿਗਿਆਨੀ ਡੀ. ਰਘੁਨੰਦਨ ਦੇ ਘਰ ਵੀ ਪੁਲਿਸ ਹੈ।

ਹੋਰ ਕਿਸ-ਕਿਸ ਦੇ ਘਰ ਪੁਲਿਸ ਪਹੁੰਚੀ, ਇਹ ਜਾਣਨਾ ਮੁਸ਼ਕਿਲ ਹੋ ਗਿਆ। ਇਹ ਜ਼ਰੂਰ ਸਮਝ ਵਿਚ ਆ ਗਿਆ ਕਿ 'ਨਿਊਜ਼ਕਲਿੱਕ' ਵਿਚ ਕੰਮ ਕਰਨ ਵਾਲੇ ਜਾਂ ਉਨ੍ਹਾਂ ਨਾਲ ਜੁੜੇ ਲੋਕਾਂ 'ਤੇ ਪੁਲਿਸ ਵੱਲੋਂ ਛਾਪਾ ਮਾਰਿਆ ਜਾ ਰਿਹਾ ਹੈ ਪਰ ਸੋਹੇਲ ਹਾਸ਼ਮੀ ਦਾ ਤਾਂ 'ਨਿਊਜ਼ਕਲਿੱਕ' ਨਾਲ ਕੋਈ ਲੈਣਾ-ਦੇਣਾ ਹੀ ਨਹੀਂ ਹੈ!

ਕਿਸੇ ਨਾਲ ਸੰਪਰਕ ਨਹੀਂ ਹੋ ਸਕਿਆ ਕਿਉਂਕਿ ਪੁਲਿਸ ਨੇ ਸਾਰਿਆਂ ਦੇ ਫੋਨ ਜ਼ਬਤ ਕਰ ਲਏ ਸਨ।

ਦਿਨ ਵੇਲੇ ਆਲੋਚਨਾ ਦੀ ਕਲਾਸ ਸੀ, ਬਾਹਰ ਸਰਕਾਰ ਦੇ ਆਲੋਚਕਾਂ 'ਤੇ ਪੁਲਿਸ ਦੇ ਛਾਪੇ ਪੈ ਰਹੇ ਸਨ। ਫਿਰ ਜਮਾਤ ਵਿਚ ਸਾਹਿਤਕ ਆਲੋਚਨਾ ਕਿਵੇਂ ਪੜ੍ਹਾਈ ਜਾਵੇ? ਵਿਦਿਆਰਥੀਆਂ ਨੂੰ ਕਿਹਾ ਕਿ ਆਲੋਚਨਾ ਜੋਖ਼ਮ ਰਹਿਤ ਨਹੀਂ ਹੁੰਦੀ। ਨਾ ਸਾਹਿਤ ਵਿਚ, ਨਾ ਸਮਾਜ ਵਿਚ। ਆਲੋਚਕ ਨੂੰ ਵਾਸਤਵਿਕ ਜੋਖ਼ਮ ਉਠਾਉਣੇ ਪੈਂਦੇ ਹਨ। ਇਹ ਅੱਜ ਦਿੱਲੀ ਵਿਚ ਦਿਸ ਰਿਹਾ ਹੈ।

'ਨਿਊਜ਼ਕਲਿੱਕ' ਨਾਲ ਕੁਝ ਹੋ ਸਕਦਾ ਹੈ, ਇਸ ਦਾ ਅਹਿਸਾਸ ਕੁਝ ਦਿਨ ਪਹਿਲਾਂ ਹੀ ਹੋ ਗਿਆ ਸੀ ਜਦੋਂ 'ਨਿਊਯਾਰਕ ਟਾਈਮਜ਼' ਵਿਚ ਲੇਖ ਛਪਿਆ। ਇਸ ਲੇਖ ਵਿਚ ਦੱਸਿਆ ਗਿਆ ਕਿ ਸ੍ਰੀਲੰਕਾ ਮੂਲ ਦੇ ਸਰਮਾਏਦਾਰ ਨੇਵਿਲ ਰਾਏ ਸਿੰਘਮ ਨੇ ਇਸ ਮੀਡੀਆ ਸੰਸਥਾ ਨੂੰ ਵਿੱਤੀ ਸਹਾਇਤਾ ਦਿੱਤੀ ਹੈ। ਅਖ਼ਬਾਰ 'ਚ ਸਿੰਘਮ ਨੂੰ ਚੀਨ ਦਾ ਹਮਾਇਤੀ ਦੱਸਿਆ ਗਿਆ ਸਗੋਂ ਇਹ ਵੀ ਕਿ ਉਹ ਦੁਨੀਆ ਭਰ 'ਚ ਚੀਨੀ ਕਮਿਊਨਿਸਟ ਪਾਰਟੀ ਦੇ ਪ੍ਰਚਾਰ ਲਈ ਪੈਸਾ ਦੇ ਰਿਹਾ ਹੈ। ਟਾਈਮਜ਼ ਮੁਤਾਬਿਕ 'ਨਿਊਜ਼ਕਲਿੱਕ' ਵੀ ਇਸ ਚੀਨੀ ਪ੍ਰਚਾਰਤੰਤਰ ਦਾ ਹਿੱਸਾ ਹੈ।



*ਸੀਲ ਕੀਤਾ 'ਨਿਊਜ਼ਕਲਿੱਕ' ਦਾ ਦਫਤਰ।*

ਹੋਰ ਮਾਮਲਿਆਂ ਵਿਚ 'ਨਿਊਯਾਰਕ ਟਾਈਮਜ਼' ਨੂੰ ਭਾਰਤ ਵਿਰੋਧੀ ਦੱਸਣ ਵਾਲੇ ਭਾਰਤ ਸਰਕਾਰ ਦੇ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਨੇਤਾ ਅਨੁਰਾਗ ਠਾਕੁਰ ਨੇ ਅਗਲੇ ਹੀ ਦਿਨ ਇਸ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਦੋਸ਼ ਲਾਇਆ ਕਿ ਸਿੰਘਮ, ਚੀਨੀ ਕਮਿਊਨਿਸਟ ਪਾਰਟੀ, 'ਨਿਊਜ਼ਕਲਿੱਕ' ਅਤੇ ਕਾਂਗਰਸ ਪਾਰਟੀ ਮਿਲ ਕੇ ਭਾਰਤ ਵਿਰੋਧੀ ਸਾਜ਼ਿਸ਼ ਕਰ ਰਹੇ ਹਨ। 'ਨਿਊਜ਼ਕਲਿੱਕ' ਖ਼ਬਰਾਂ ਦੇ ਨਾਂ 'ਤੇ ਝੂਠ ਫੈਲਾ ਰਿਹਾ ਹੈ। ਭਾਜਪਾ ਦੇ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ 'ਨਿਊਯਾਰਕ ਟਾਈਮਜ਼' ਦੇ ਇਸ ਦਾਅਵੇ 'ਤੇ ਸੰਸਦ ਵਿਚ ਚਿੰਤਾ ਜ਼ਾਹਿਰ ਕੀਤੀ।

'ਨਿਊਜ਼ਕਲਿੱਕ' ਨੇ ਕਦੇ ਵੀ ਇਹ ਲੁਕਾਉਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਉਹ ਸਿੰਘਮ ਤੋਂ ਵਿੱਤੀ ਮਦਦ ਲੈ ਰਿਹਾ ਸੀ। ਇਸ ਵਿਚ ਲੁਕੋਣ ਵਾਲੀ ਕੋਈ ਗੱਲ ਨਹੀਂ ਸੀ। ਇਹ ਪੈਸਾ ਕਾਨੂੰਨੀ ਤਰੀਕੇ ਨਾਲ ਲਿਆ ਗਿਆ। ਅਜਿਹਾ ਰਿਜ਼ਰਵ ਬੈਂਕ ਦੀ ਇਜਾਜ਼ਤ ਤੋਂ ਬਿਨਾਂ ਨਹੀਂ ਹੋ ਸਕਦਾ ਸੀ। ਇਹ ਸਭ ਸਰਕਾਰ ਦੀ ਜਾਣਕਾਰੀ ਵਿਚ ਹੈ। ਫਿਰ 'ਨਿਊਯਾਰਕ ਟਾਈਮਜ਼' ਦੀ ਰਿਪੋਰਟ ਕਿਹੜਾ ਖ਼ੁਲਾਸਾ ਕਰ ਰਹੀ ਸੀ?

ਉਂਝ, ਇਹ ਸਵਾਲ ਇਸ ਕਰ ਕੇ ਬੇਮਾਇਨੇ ਹੋ ਜਾਂਦਾ ਹੈ ਕਿਉਂਕਿ ਇਸ ਨੂੰ ਭਾਰਤੀ ਮੀਡੀਆ ਦੇ ਵੱਡੇ ਪਲੇਟਫਾਰਮਾਂ ਨੇ ਸਨਸਨੀਖੇਜ਼ ਖ਼ੁਲਾਸੇ ਵਜੋਂ ਪੇਸ਼ ਕੀਤਾ: ਨਿਊਜ਼ਕਲਿੱਕ ਨੇ ਚੀਨੀ ਪੈਸਾ ਲੈ ਕੇ ਭਾਰਤ ਵਿਰੋਧੀ ਸਾਜ਼ਿਸ਼ ਕੀਤੀ। ਇਸ ਤੋਂ ਬਾਅਦ ਕੌਣ ਇਹ ਪੁੱਛਣ ਜਾਵੇਗਾ ਕਿ ਸਿੰਘਮ ਦਾ ਪੈਸਾ ਚੀਨੀ ਨਹੀਂ ਹੈ। ਆਪਣੀ ਅਮਰੀਕਨ ਕੰਪਨੀ 'ਥਾਟਵਰਕਸ' ਨੂੰ ਵੇਚ ਕੇ ਜੋ ਉਸ ਨੂੰ ਮਿਲਿਆ ਹੈ, ਉਸ ਨਾਲ ਉਹ ਦੁਨੀਆ 'ਚ ਆਪਣੇ ਮੁਤਾਬਿਕ ਅਗਾਂਹਵਧੂ ਕੰਮ ਕਰਨ ਵਾਲਿਆਂ ਦੀ ਮਦਦ ਕਰ ਰਿਹਾ ਹੈ।

'ਨਿਊਜ਼ਕਲਿੱਕ' ਨੂੰ ਸਿੰਘਮ ਤੋਂ ਵਿੱਤੀ ਸਹਾਇਤਾ ਮਿਲਦੀ ਹੈ, ਇਹ ਰਿਕਾਰਡ ਉੱਪਰ ਹੈ। ਇਹ ਭਾਰਤ ਦੇ ਸਾਰੇ ਕਾਨੂੰਨਾਂ ਦੇ ਅਨੁਸਾਰ ਕੀਤਾ ਗਿਆ ਹੈ। ਸਾਰੀਆਂ ਸਰਕਾਰੀ ਏਜੰਸੀਆਂ ਸਾਲਾਂ ਤੋਂ ਇਹ ਜਾਣਦੀਆਂ ਹਨ। ਫਿਰ ਵੀ ਇਸ ਨੂੰ ਸਨਸਨੀਖੇਜ਼ ਖ਼ਬਰ ਵਜੋਂ ਪ੍ਰਸਾਰਿਤ ਕੀਤਾ ਗਿਆ। ਟੀ.ਵੀ. ਚੈਨਲ ਸੰਘ ਪਾੜ-ਪਾੜ ਕੇ 'ਚੀਨੀ ਸਾਜ਼ਿਸ਼' ਦਾ ਪਰਦਾਫਾਸ਼ ਕਰਦੇ ਰਹੇ।

ਖ਼ੈਰ! ਇਸ 'ਪਰਦਾਫਾਸ਼' ਨਾਲ ਹੌਲੀ-ਹੌਲੀ ਜਿਵੇਂ-ਜਿਵੇਂ ਦਿਨ ਬੀਤਦਾ ਗਿਆ, ਇਹ ਪਤਾ ਲੱਗਾ ਕਿ 'ਨਿਊਜ਼ਕਲਿੱਕ' ਵਿਚ ਕੰਮ ਕਰਦੇ ਲੱਗਭਗ ਸਾਰੇ ਪੱਤਰਕਾਰਾਂ ਦੇ ਘਰਾਂ 'ਤੇ ਛਾਪੇ ਮਾਰੇ ਗਏ ਹਨ। ਉਨ੍ਹਾਂ ਦੇ ਫੋਨ, ਲੈਪਟਾਪ ਅਤੇ ਹੋਰ ਇਲੈਕਟ੍ਰਾਨਿਕ ਸਾਮਾਨ ਜ਼ਬਤ ਕਰ ਲਏ ਗਏ ਹਨ। ਕਈਆਂ ਨੂੰ ਲੋਧੀ ਰੋਡ ਥਾਣੇ ਲਿਜਾਇਆ ਗਿਆ ਹੈ। ਕਿਸੇ ਦਾ ਵੀ ਫੋਨ ਕੰਮ ਨਹੀਂ ਸੀ ਕਰ ਰਿਹਾ, ਇਸ ਲਈ ਕੁਝ ਵੀ ਪੱਕਾ ਪਤਾ ਕਰਨਾ ਮੁਸ਼ਕਿਲ ਸੀ। ਦੁਪਹਿਰ ਨੂੰ ਪਤਾ ਲੱਗਾ ਕਿ ਪ੍ਰਬੀਰ ਨੂੰ ਲੋਧੀ ਰੋਡ ਥਾਣੇ ਰੱਖਿਆ ਗਿਆ ਹੈ। ਸਮਝ ਵਿਚ ਆ ਗਿਆ ਕਿ ਇਹ ਉਨ੍ਹਾਂ ਦੀ ਗ੍ਰਿਫ਼ਤਾਰੀ ਦੀ ਤਿਆਰੀ ਹੈ। 3 ਤਰੀਕ ਦੀ ਸ਼ਾਮ ਨੂੰ ਉਰਮਿਲੇਸ਼ ਨੇ ਸੁਗਾਤਾ ਸ੍ਰੀਨਿਵਾਸਰਾਜੂ ਦੀ ਰਾਹੁਲ ਗਾਂਧੀ ਬਾਰੇ ਲਿਖੀ ਕਿਤਾਬ ਉੱਪਰ ਚਰਚਾ 'ਚ ਹਿੱਸਾ ਲੈਣਾ ਸੀ ਪਰ ਉਹ ਤਾਂ ਥਾਣੇ ਵਿਚ ਸੀ। ਇੰਡੀਆ ਇੰਟਰਨੈਸ਼ਨਲ ਸੈਂਟਰ ਦੇ ਹਾਲ ਵਿਚ ਸਟੇਜ 'ਤੇ ਉਸ ਦੀ ਖ਼ਾਲੀ ਕੁਰਸੀ ਉਸ ਦੀ ਉਡੀਕ ਕਰਦੀ ਰਹੀ। ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਇਹ ਜ਼ਰੂਰ ਪਤਾ ਲੱਗ ਗਿਆ ਕਿ ਪੁਲਿਸ ਨੇ ਉਸ ਨੂੰ ਰਿਹਾਅ ਕਰ ਦਿੱਤਾ ਹੈ ਪਰ ਇਹ ਸੰਭਵ ਨਹੀਂ ਸੀ ਕਿ ਉਹ ਪੂਰੇ ਦਿਨ ਦੀ ਪੁਲਿਸ ਪੁੱਛਗਿੱਛ ਤੋਂ ਬਾਅਦ ਕਿਸੇ ਚਰਚਾ ਵਿਚ ਹਿੱਸਾ ਲੈਣ ਦੀ ਹਾਲਤ ਵਿਚ ਹੋਵੇਗਾ। ਕੁਰਸੀ ਖ਼ਾਲੀ ਹੀ ਰਹੀ।

ਕਿਤਾਬ ਉੱਪਰ ਚਰਚਾ ਖ਼ਤਮ ਹੁੰਦੇ ਹੀ ਪਤਾ ਲੱਗਾ ਕਿ ਪ੍ਰਬੀਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਦੇ ਨਾਲ ਪ੍ਰਸ਼ਾਸਨਿਕ ਕੰਮ-ਕਾਜ ਦੇਖਣ ਵਾਲੇ ਅਮਿਤ ਚਕਰਵਰਤੀ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮੇਰਾ ਧਿਆਨ ਪ੍ਰਬੀਰ ਦੀ ਜੀਵਨ ਸਾਥੀ ਲੇਖਕਾ ਗੀਤਾ ਹਰੀਹਰਨ ਵੱਲ ਚਲਾ ਗਿਆ ਪਰ ਕਿੰਨੇ ਨੌਜਵਾਨ ਪੱਤਰਕਾਰ ਅਜੇ ਵੀ ਥਾਣੇ 'ਚ ਸਨ, ਸਾਨੂੰ ਇਹ ਪਤਾ ਨਹੀਂ ਸੀ।

ਜਦੋਂ ਕੁਝ ਲੋਕ ਥਾਣੇ 'ਚੋਂ ਛੱਡੇ ਗਏ ਤਾਂ ਪਤਾ ਲੱਗਾ ਕਿ ਪੁਲਿਸ ਉਨ੍ਹਾਂ ਤੋਂ ਕੀ ਪੁੱਛ ਰਹੀ ਸੀ: ਕੀ ਤੁਸੀਂ ਕਿਸਾਨ ਅੰਦੋਲਨ ਦੀ ਰਿਪੋਰਟਿੰਗ ਕੀਤੀ ਹੈ? ਕੀ ਤੁਸੀਂ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਵਿਰੁੱਧ ਚੱਲ ਰਹੇ ਅੰਦੋਲਨ ਬਾਰੇ ਰਿਪੋਰਟ ਕੀਤੀ ਹੈ? ਕੀ ਤੁਸੀਂ 2020 ਵਿਚ ਦਿੱਲੀ ਵਿਚ ਹੋਈ ਹਿੰਸਾ ਬਾਰੇ ਰਿਪੋਰਟ ਕੀਤੀ ਸੀ? ਕੀ ਤੁਸੀਂ ਸ਼ਾਹੀਨ ਬਾਗ਼ ਜਾਂਦੇ ਸੀ?

ਕੀ ਇਨ੍ਹਾਂ ਸਾਰੀਆਂ ਘਟਨਾਵਾਂ ਬਾਰੇ ਰਿਪੋਰਟ ਕਰਨਾ ਜੁਰਮ ਹੈ? ਜੇ ਕੋਈ ਪੱਤਰਕਾਰ ਅਜਿਹਾ ਨਹੀਂ ਕਰਦਾ ਤਾਂ ਉਸ ਦੇ ਪੱਤਰਕਾਰ ਹੋਣ ਦਾ ਕੀ ਮਤਲਬ ਹੈ? ਕੀ ਅਮਰੀਕਾ ਵਿਚ ਪੱਤਰਕਾਰ ਉੱਥੋਂ ਦੇ 'ਬਲੈਕ ਲਾਈਵਜ਼ ਮੈਟਰ' ਅੰਦੋਲਨ ਦੀ ਰਿਪੋਰਟ ਨਹੀਂ ਕਰਨਗੇ? ਜਾਂ ਜਦੋਂ ਅਰਬ ਮੁਲਕਾਂ ਵਿਚ ਸਰਕਾਰ ਵਿਰੋਧੀ ਅੰਦੋਲਨ ਉੱਠ ਖੜ੍ਹੇ ਤਾਂ ਉਨ੍ਹਾਂ ਦੀ ਰਿਪੋਰਟਿੰਗ ਨਹੀਂ ਕੀਤੀ ਗਈ? ਜਾਂ ਜਦੋਂ ਫਰਾਂਸ ਵਿਚ ਵਿਦਿਆਰਥੀਆਂ ਅਤੇ ਮਜ਼ਦੂਰਾਂ ਨੇ ਅੰਦੋਲਨ ਕੀਤਾ ਤਾਂ ਕੀ ਉੱਥੋਂ ਦੇ ਮੀਡੀਆ ਨੂੰ ਇਸ ਦੀ ਰਿਪੋਰਟ ਕਰਨੀ ਚਾਹੀਦੀ ਸੀ ਜਾਂ ਨਹੀਂ? ਇਜ਼ਰਾਈਲ ਵਿਚ ਜਦੋਂ ਸਰਕਾਰ ਨੇ ਨਿਆਂਪਾਲਿਕਾ 'ਤੇ ਕਬਜ਼ਾ ਕਰਨ ਵਾਲਾ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ ਤਾਂ ਉੱਥੇ ਦੇ ਲੋਕ ਇਸ ਦੇ ਖ਼ਿਲਾਫ਼ ਸੜਕਾਂ 'ਤੇ ਨਿਕਲ ਆਏ, ਕੀ ਉੱਥੋਂ ਦੀਆਂ ਅਖ਼ਬਾਰਾਂ ਨੂੰ ਇਸ ਦੀ ਖ਼ਬਰ ਦੇਣੀ ਚਾਹੀਦੀ ਸੀ ਜਾਂ ਨਹੀਂ? ਪੱਤਰਕਾਰ ਵਿਰੋਧ ਪ੍ਰਦਰਸ਼ਨ ਵਾਲੀ ਥਾਂ 'ਤੇ ਜਾਣ ਜਾਂ ਨਾ?

ਅਮਰੀਕਾ ਵਿਚ 'ਵਾਟਰਗੇਟ' ਸਕੈਂਡਲ ਦਾ ਪਰਦਾਫਾਸ਼ ਪੱਤਰਕਾਰਾਂ ਨੇ ਹੀ ਕੀਤਾ ਸੀ ਜਿਸ ਤੋਂ ਬਾਅਦ ਰਾਸ਼ਟਰਪਤੀ ਨਿਕਸਨ ਨੂੰ ਅਸਤੀਫ਼ਾ ਦੇਣਾ ਪਿਆ ਸੀ; ਕੀ ਉਸ ਰਿਪੋਰਟਿੰਗ ਨੂੰ ਅਮਰੀਕਾ ਵਿਰੋਧੀ ਕਿਹਾ ਜਾਂਦਾ ਅਤੇ ਰਿਪੋਰਟਰ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ? ਅੱਜ ਦੇ ਭਾਰਤ ਵਿਚ ਇਹੀ ਹੋ ਰਿਹਾ ਹੈ।

ਜੇਕਰ ਖ਼ਬਰਾਂ ਲੈਣਾ ਅਤੇ ਦੇਣਾ ਹੀ ਸਰਕਾਰ ਅਤੇ ਪੁਲਿਸ ਦੀਆਂ ਨਜ਼ਰਾਂ 'ਚ ਜੁਰਮ ਬਣ ਜਾਵੇ ਤਾਂ ਪੱਤਰਕਾਰੀ ਕਿਵੇਂ ਜ਼ਿੰਦਾ ਰਹੇਗੀ? ਜੇਕਰ ਸਰਕਾਰ ਦੀ ਆਲੋਚਨਾ ਕਰਨਾ ਜੁਰਮ ਬਣ ਜਾਵੇ ਤਾਂ ਸਮਾਜ ਅਤੇ ਮੁਲਕ ਵਿਚ ਸੁਤੰਤਰ ਵਿਚਾਰ ਕਿਵੇਂ ਜ਼ਿੰਦਾ ਰਹਿਣਗੇ?

'ਨਿਊਜ਼ਕਲਿੱਕ' ਨੇ ਕਿਸਾਨ ਅੰਦੋਲਨ, ਸੀ.ਏ.ਏ. ਵਿਰੋਧੀ ਅੰਦੋਲਨ ਦੀ ਸ਼ਾਨਦਾਰ ਰਿਪੋਰਟਿੰਗ ਕੀਤੀ ਸੀ। ਰਿਪੋਰਟਿੰਗ ਦੇ ਨਾਲ-ਨਾਲ ਇਹ ਵੀ ਸਪੱਸ਼ਟ ਸੀ ਕਿ ਇਨ੍ਹਾਂ ਦੋਹਾਂ ਮਾਮਲਿਆਂ 'ਚ ਉਸ ਦਾ ਆਪਣਾ ਵਿਚਾਰ ਸਰਕਾਰ ਦੇ ਰੁਖ਼ ਦੇ ਖ਼ਿਲਾਫ਼ ਸੀ ਪਰ ਕੀ ਇਹ ਜੁਰਮ ਹੈ? ਇਨ੍ਹਾਂ ਵਿਚੋਂ ਕਿਹੜੀ ਚੀਜ਼ ਦਹਿਸ਼ਤਵਾਦੀ ਹੈ? ਕੀ ਕਿਸੇ ਅਖ਼ਬਾਰ ਜਾਂ ਕਿਸੇ ਮੀਡੀਆ ਅਦਾਰੇ ਨੂੰ ਸਿਰਫ਼ ਸਰਕਾਰ ਦੀ ਹਮਾਇਤ ਹੀ ਕਰਨੀ ਚਾਹੀਦੀ ਹੈ?

ਸਰਕਾਰ ਦੀ ਆਲੋਚਨਾ ਮੁਲਕ ਦਾ ਵਿਰੋਧ ਕਿਵੇਂ ਹੋ ਗਿਆ? ਸਗੋਂ ਸਰਕਾਰ ਦੇ ਜਿਸ ਕਦਮ ਨਾਲ ਮੁਲਕ ਦਾ ਨੁਕਸਾਨ ਹੋਵੇ, ਉਸ ਦੀ ਆਲੋਚਨਾ ਹੀ ਮੁਲਕ ਦੇ ਹਿਤ ਵਿਚ ਹੈ। 'ਨਿਊਜ਼ਕਲਿੱਕ' ਦੀ ਸਾਰੀ ਰਿਪੋਰਟਿੰਗ ਯਕੀਨੀ ਤੌਰ 'ਤੇ ਸਰਕਾਰ ਦੇ ਦਾਅਵਿਆਂ ਦੀ ਪੁਣ-ਛਾਣ ਹੈ ਪਰ ਇਹੀ ਤਾਂ ਪੱਤਰਕਾਰੀ ਹੈ। ਜੇਕਰ ਸਰਕਾਰ ਦੇ ਹੱਕ ਵਿਚ ਲਿਖਦੇ-ਬੋਲਦੇ ਰਹੇ ਤਾਂ ਇਹ ਉਸ ਦਾ ਪ੍ਰਚਾਰ ਹੈ। ਇਸ ਵਿਚ ਪੱਤਰਕਾਰੀ ਕਿੱਥੇ ਹੈ?

ਰਾਹੁਲ ਗਾਂਧੀ ਉੱਪਰ ਕਿਤਾਬ ਦੀ ਚਰਚਾ 'ਚ ਇਹ ਸਵਾਲ ਉੱਠਿਆ ਕਿ ਉਹ ਕਾਮਯਾਬ ਕਿਉਂ ਨਹੀਂ ਹੋ ਰਿਹਾ? ਜਾਂ ਵਿਰੋਧੀ ਧਿਰ ਕਾਰਗਰ ਕਿਉਂ ਨਹੀਂ ਹੈ? ਰਾਹੁਲ ਗਾਂਧੀ ਨੇ ਇਹ ਗੱਲ ਵਾਰ-ਵਾਰ ਕਹੀ ਹੈ ਕਿ ਵਿਰੋਧੀ ਧਿਰ ਉਦੋਂ ਹੀ ਕਾਰਗਰ ਹੋ ਸਕਦੀ ਹੈ ਜਦੋਂ ਮੀਡੀਆ ਲੋਕਾਂ ਤੱਕ ਸੱਚੀਆਂ ਖ਼ਬਰਾਂ ਪਹੁੰਚਾਉਣ ਦਾ ਕੰਮ ਕਰਦਾ ਰਹੇ। ਬੇਖ਼ਬਰ ਜਨਤਾ ਆਖ਼ਿਰਕਾਰ ਆਪਣਾ ਫ਼ੈਸਲਾ ਕਿਵੇਂ ਕਰੇ?

ਇਹ ਸਪੱਸ਼ਟ ਹੈ ਕਿ 'ਨਿਊਜ਼ਕਲਿੱਕ' ਨੂੰ ਇਸ ਦੀ ਸਜ਼ਾ ਮਿਲ ਰਹੀ ਹੈ ਕਿ ਉਹ ਜਨਤਾ ਨੂੰ ਜਾਣਕਾਰੀ ਦੇਣ ਦੇ ਨਾਲ-ਨਾਲ ਖ਼ਬਰਦਾਰ ਵੀ ਕਰ ਰਿਹਾ ਹੈ।

ਪਤਾ ਨਹੀਂ ਕਿਉਂ, ਇਸ ਛੋਟੀ ਜਿਹੀ ਟਿੱਪਣੀ ਨੂੰ ਲਿਖਣ ਲਈ ਤਿੰਨ ਦਿਨ ਲੱਗ ਗਏ। ਇਨ੍ਹਾਂ ਤਿੰਨ ਦਿਨਾਂ ਦੌਰਾਨ ਪਤਾ ਲੱਗਾ ਹੈ ਕਿ ਇਤਿਹਾਸਕਾਰ ਦਲੀਪ ਸਿਮੀਅਨ, ਸਮਾਜੀ ਕਾਰਕੁਨ ਦੀਪਕ ਢੋਲਕੀਆ, ਜਮਾਲ ਕਿਦਵਈ, ਵਿਜੇ ਪ੍ਰਤਾਪ ਦੇ ਘਰਾਂ 'ਤੇ ਵੀ ਪੁਲਿਸ ਨੇ ਛਾਪੇ ਮਾਰੇ ਹਨ। ਉਨ੍ਹਾਂ ਦੇ ਫੋਨ ਵੀ ਲੈ ਗਏ। ਉਨ੍ਹਾਂ ਨੂੰ ਦੁਬਾਰਾ ਥਾਣੇ ਬੁਲਾਇਆ ਜਾ ਰਿਹਾ ਹੈ। ਇਨ੍ਹਾਂ ਵਿਚੋਂ ਕਿਸੇ ਦਾ ਵੀ 'ਨਿਊਜ਼ਕਲਿੱਕ' ਨਾਲ ਕੋਈ ਸਬੰਧ ਨਹੀਂ ਹੈ ਪਰ ਪੁਲਿਸ ਸਾਜ਼ਿਸ਼ ਦੀ ਕਹਾਣੀ ਘੜ ਰਹੀ ਹੈ। ਇਹ ਕਹਾਣੀ ਇਹ ਹੈ ਕਿ ਬੁੱਧੀਜੀਵੀ ਅਤੇ ਪੱਤਰਕਾਰ ਦਹਿਸ਼ਤਵਾਦੀ ਸਾਜ਼ਿਸ਼ ਰਚ ਰਹੇ ਹਨ। ਇਹ ਕੋਈ ਇਤਫਾਕ ਨਹੀਂ ਹੈ ਕਿ ਜਦੋਂ ਇਹ ਸਭ ਚੱਲ ਰਿਹਾ ਹੈ, ਮੁਲਕ ਦਾ ਗ੍ਰਹਿ ਮੰਤਰੀ ਦ੍ਰਿੜ ਇਰਾਦਾ ਜ਼ਾਹਿਰ ਕਰ ਰਿਹਾ ਹੈ ਕਿ ਖੱਬੇ ਪੱਖੀ ਦਹਿਸ਼ਤਵਾਦ ਦੀ ਰੀੜ੍ਹ ਦੀ ਹੱਡੀ ਤੋੜ ਦਿੱਤੀ ਜਾਵੇਗੀ।

## ਤਾਨਾਸ਼ਾਹ ਸਰਕਾਰ 'ਤੇ ਸਵਾਲ ਚੁੱਕਣ ਵਾਲੇ ਬਣ ਰਹੇ ਨੇ ਨਿਸ਼ਾਨਾ

*(ਪਿਛਲੇ ਸਫੇ ਦੀ ਬਾਕੀ)*

ਵਿਚ ਪੱਤਰਕਾਰੀ ਦੀ ਹਾਲਤ ਬਾਰੇ ਲੈਕਚਰ ਦੇਣ ਲੱਗ ਪੈਣਗੇ।

ਹਾਂ, ਇਹ ਬਿਲਕੁਲ ਸੱਚ ਹੈ ਕਿ ਮੀਡੀਆ ਬਾਰੇ ਜੋ ਕੁਝ ਉਹ ਕਹਿੰਦੇ ਹਨ, ਉਹ ਇਕ ਹੱਦ ਤੱਕ ਸਹੀ ਵੀ ਹੈ ਪਰ ਉਨ੍ਹਾਂ ਨੂੰ ਵੀ ਜੋ ਸੱਚਮੁੱਚ ਪੱਤਰਕਾਰੀ ਕਰ ਰਹੇ ਹਨ, ਨੂੰ ਇੱਕੋ ਰੱਸੇ ਬੰਨ੍ਹ ਦੇਣਾ ਕਿਸੇ ਵੀ ਲਿਹਾਜ ਨਾਲ ਵੀ ਸਹੀ ਨਹੀਂ ਹੈ। ਉਨ੍ਹਾਂ ਨੂੰ ਨਾ ਤਾਂ ਵੱਡੀਆਂ ਤਨਖ਼ਾਹਾਂ ਮਿਲਦੀਆਂ ਹਨ ਅਤੇ ਨਾ ਹੀ ਉਨ੍ਹਾਂ ਕੋਲ ਸਰਕਾਰੀ ਮਕਾਨ ਹਨ। ਉਹ ਸਰਕਾਰੀ ਗੱਡੀਆਂ ਵਿਚ ਸਫ਼ਰ ਨਹੀਂ ਕਰਦੇ ਅਤੇ ਉਨ੍ਹਾਂ ਦੀ ਸ਼ਿਕਾਇਤ ਸੁਣਨ ਵਾਲਾ ਵੀ ਕੋਈ ਨਹੀਂ ਹੈ। ਇਸ ਦੇ ਉਲਟ ਇਹ ਲੋਕ ਸਤਾਏ ਜਾਣ ਅਤੇ ਗ੍ਰਿਫਤਾਰੀਆਂ ਦੇ ਡਰ ਵਿਚ ਰਹਿਣ ਲਈ ਮਜਬੂਰ ਹਨ। ਇਹ ਲੋਕ ਪੱਤਰਕਾਰੀ ਦਾ ਖ਼ਤਰਾ ਇਸ ਲਈ ਮੁੱਲ ਨਹੀਂ ਲੈ ਰਹੇ ਕਿ ਚੀਨ ਉਨ੍ਹਾਂ ਨੂੰ ਪੈਸਾ ਦੇ ਰਿਹਾ ਹੈ ਸਗੋਂ ਉਹ ਅਜਿਹਾ ਇਸ ਲਈ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਦਾ ਡੂੰਘਾ ਅਹਿਸਾਸ ਹੈ ਕਿ ਇਸ ਦੌਰ ਵਿਚ ਪੱਤਰਕਾਰੀ ਸਭ ਤੋਂ ਜ਼ਰੂਰੀ ਚੀਜ਼ ਹੈ।

ਅੱਜ ਜੋ ਭਾਰਤ ਅਸੀਂ ਦੇਖ ਰਹੇ ਹਾਂ, ਜਾਂ ਜਿਵੇਂ ਸਾਡੀ ਸਰਕਾਰ ਹੈ, ਉਹ ਗਣਤੰਤਰ ਭਾਰਤ ਦੇ ਜਨਮ ਅਤੇ ਸੰਵਿਧਾਨ ਲਾਗੂ ਕਰਨ ਸਮੇਂ ਦੇਖੇ ਗਏ ਸੁਪਨੇ ਦੇ ਬਿਲਕੁਲ ਉਲਟ ਹੈ। ਅੱਜ ਜੋ ਸਰਕਾਰ ਚੱਲ ਰਹੀ ਹੈ, ਉਹ ਆਜ਼ਾਦ ਭਾਰਤ ਦੀ ਸਿਰਜਣਾ ਸਮੇਂ ਕੀਤੀ ਵਚਨਬੱਧਤਾ ਦੀ ਸਰਾਸਰ ਉਲੰਘਣਾ ਹੈ। ਇਹ ਸਰਕਾਰ ਤਾਨਾਸ਼ਾਹ ਬਣ ਜਾਣ ਤੋਂ ਬਸ ਕੁਝ ਕਦਮ ਦੂਰ ਹੈ। ਸਾਨੂੰ ਇਹ ਇਸ ਲਈ ਕਹਿਣਾ ਪੈ ਰਿਹਾ ਹੈ ਕਿਉਂਕਿ ਜੋ ਲੋਕ ਸੰਵਿਧਾਨਕ ਅਹੁਦਿਆਂ 'ਤੇ ਬੈਠੇ ਹਨ, ਉਹ ਸ਼ਾਇਦ ਭੁੱਲ ਗਏ ਹਨ ਕਿ ਸੰਵਿਧਾਨ ਉਨ੍ਹਾਂ ਤੋਂ ਕੀ ਮੰਗ ਕਰਦਾ ਹੈ।

# ਸੜਕ ਹਾਦਸਿਆਂ ਨੂੰ ਠੱਲ੍ਹ ਪਾਉਣ ਦੀ ਲੋੜ

ਮਨੁੱਖ ਦੀ ਪਦਾਰਥ ਲਈ ਦੌੜ ਦਿਨ ਪੁਰ ਦਿਨ ਤੇਜ਼ ਹੁੰਦੀ ਜਾ ਰਹੀ ਹੈ। ਰੋਜ਼ਾਨਾ ਜ਼ਿੰਦਗੀ ਦੀਆਂ ਬੇਲੋੜੀਆਂ ਲੋੜਾਂ ਦੀ ਪੂਰਤੀ ਲਈ ਉਹ ਮਨ ਦੀ ਸ਼ਾਂਤੀ ਗੁਆ ਕੇ ਸਰਪਟ ਦੌੜ ਰਿਹਾ ਹੈ। ਇਸ ਦੌੜ ਵਿਚ ਹਰ ਕਮ ਲਈ ਸਮੇਂ ਦੀ ਘਾਟ ਹੁੰਦੀ ਜਾ ਰਹੀ ਹੈ। ਭਾਵੇਂ ਇਸ ਤੇਜ਼ ਹੋ ਰਹੀ ਜ਼ਿੰਦਗੀ ਦੇ ਸੁੱਖ ਅਰਾਮ ਲਈ ਮਨੁੱਖ ਨੇ ਅਰਾਮਦਾਇਕ, ਸੁੰਦਰ ਅਤੇ ਤੇਜ਼ ਰਫਤਾਰ ਸਾਧਨ ਸੜਕੀ ਆਵਾਜਾਈ ਲਈ ਪੈਦਾ ਕਰ ਲਏ ਹਨ ਪਰ ਉਹ ਸਮੇਂ ਦੀ ਰਫਤਾਰ ਨਾਲ ਨਹੀ ਦੌੜ ਸਕਦੇ।

ਰਵਿੰਦਰ ਚੋਟ
ਫੋਨ: +91-98726-73703

ਮਨੁੱਖ ਕੋਲ ਸਮਾਂ ਘਟਦਾ ਜਾ ਰਿਹਾ ਹੈ ਪਰ ਸਫਰ ਵਧਦੇ ਜਾ ਰਹੇ ਹਨ। ਵਧਦੇ ਸਫਰਾਂ ਨੂੰ ਘਟਦੇ ਸਮਿਆਂ ਵਿਚ ਪੂਰਾ ਕਰਨ ਲਈ ਸੜਕੀ ਨਿਯਮਾਂ ਦੀ ਪ੍ਰਵਾਹ ਕੀਤੇ ਬਿਨਾਂ ਮਨੁੱਖ ਆਪਣੇ ਕਾਲ ਨੂੰ ਸੱਦਾ ਦੇ ਰਿਹਾ ਹੈ। ਰੋਜ਼ਾਨਾ ਸਵੇਰੇ ਅਖਬਾਰਾਂ ਵਿਚ ਸੜਕੀ ਦੁਰਘਟਨਾਵਾਂ ਵਿਚ ਅਨੇਕਾਂ ਮੌਤਾਂ, ਖੂਨ ਨਾਲ ਲੱਥਪੱਥ ਜ਼ਖਮੀ ਹੋਏ ਲੋਕਾਂ ਦੀਆਂ ਤਸਵੀਰਾਂ ਹਰ ਪਾਠਕ ਨੂੰ ਇਹ ਸੋਚਣ ਲਈ ਮਜਬੂਰ ਕਰਦੀਆਂ ਹਨ ਕਿ ਇਸ ਵਿਚ ਕਸੂਰ ਕਿਸ ਦਾ ਹੈ? ਇਨ੍ਹਾਂ ਨੂੰ ਰੋਕਣ ਲਈ ਸਰਕਾਰ ਵਲੋਂ ਕੀ ਪ੍ਰਬੰਧ ਕੀਤੇ ਗਏ ਹਨ ਅਤੇ ਇਸ ਵਿਚ ਲੋਕਾਂ ਦਾ ਕਿੰਨਾ ਕੁ ਹੱਥ ਹੋ ਸਕਦਾ ਹੈ।

ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੀਆਂ ਰਿਪੋਰਟਾਂ ਮੁਤਾਬਕ ਦੁਨੀਆਂ ਭਰ ਦੀਆਂ ਸੜਕਾਂ 'ਤੇ ਦੁਰਘਟਨਾਵਾਂ ਵਿਚ ਹਰ ਰੋਜ਼ 3700 ਲੋਕ ਆਪਣੀ ਜਾਨ ਤੋਂ ਹੱਥ ਧੋ ਬੈਠਦੇ ਹਨ। ਇਸ ਤਰ੍ਹਾਂ ਇਕ ਸਾਲ ਵਿਚ ਤਕਰੀਬਨ 13,50,500 ਲੋਕਾਂ ਦੀ ਅਣਆਈ ਮੌਤ ਹੁੰਦੀ ਹੈ। ਜੇਕਰ ਅਸੀਂ ਆਪਣੇ ਦੇਸ਼ ਵੱਲ ਨਜ਼ਰ ਮਾਰਦੇ ਹਾਂ ਤਾਂ ਬੜੇ ਭਿਆਨਕ ਤੱਥ ਸਾਹਮਣੇ ਆਉਂਦੇ ਹਨ। ਮਨਿਸਟਰੀ ਆਫ ਰੋਡ ਅਤੇ ਹਾਈਵੇਜ਼, ਗੌਰਮਿੰਟ ਆਫ ਇੰਡੀਆ ਦੀ ਸਾਲ 2021 ਬਾਬਤ ਰਿਪੋਰਟ ਮੁਤਾਬਕ ਸਾਰੇ ਦੇਸ਼ ਵਿਚ 4,12,432 ਸੜਕੀ ਦੁਰਘਟਨਾਵਾਂ ਹੋਈਆਂ ਜਿਨ੍ਹਾਂ ਵਿਚ 3,84,448 ਲੋਕ ਜ਼ਖਮੀ ਹੋਏ ਅਤੇ 1,53,972 ਮੌਤਾਂ ਹੋਈਆਂ। ਇਹ ਬੜਾ ਮੰਦਭਾਗਾ ਵਰਤਾਰਾ ਹੈ। ਇਹ ਵਰਤਾਰਾ ਆਮ ਕਰਕੇ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਦੇ ਸਿਟੇ ਵਜੋਂ ਵਾਪਰਦਾ ਹੈ।

ਆਮ ਕਰਕੇ ਬਹੁਤੇ ਹਾਦਸੇ ਸਕੂਲ ਕਾਲਜ ਪੜ੍ਹਦੇ ਵਿਦਿਆਰਥੀਆਂ ਨਾਲ ਵਾਪਰਦੇ ਹਨ ਕਿਉਂਕਿ ਆਮ ਕਰਕੇ ਉਹ ਦੋ-ਪਹੀਆ ਵਾਹਨ ਚਲਾਉਂਦੇ ਹਨ ਜਦਕਿ ਉਨ੍ਹਾਂ ਵਿਚੋਂ ਬਹੁਤਿਆਂ ਨੇ ਵਾਹਨ ਚਲਾਉਣ ਦੀ ਬਾਕਾਇਦਾ ਸਿੱਖਿਆ ਨਹੀਂ ਲਈ ਹੁੰਦੀ। ਨਾਬਾਲਗ ਹੋਣ ਕਰਕੇ ਉਨ੍ਹਾਂ ਵਿਚੋਂ ਬਹੁਤਿਆਂ ਕੋਲ ਕੋਈ ਡਰਾਈਵਿੰਗ ਲਾਇਸੈਂਸ ਵੀ ਨਹੀਂ ਹੁੰਦਾ ਪਰ ਮਾਪੇ ਵੀ ਇਨ੍ਹਾਂ ਗੱਲਾਂ ਵਲੋਂ ਅੱਖਾਂ ਮੀਟ ਕੇ ਵਾਹਨ ਚਲਾਉਣ ਲਈ ਦੇ ਦਿੰਦੇ ਹਨ। ਬਾਅਦ ਵਿਚ ਕਈ ਵਾਰੀ ਇਸ ਦੇ ਮਾੜੇ ਸਿੱਟੇ ਭੁਗਤਣੇ ਪੈਂਦੇ ਹਨ। ਬਗੈਰ ਲੋੜੀਂਦੀ ਸਿਖਲਾਈ ਤੋਂ ਡਰਾਈਵਿੰਗ ਲਾਇਸੈਂਸ ਪ੍ਰਾਪਤ ਕਰ ਲੈਣਾ ਵੀ ਜੁਰਮ ਮੰਨਿਆ ਜਾਣਾ ਚਾਹੀਦਾ ਹੈ। ਇਹ ਨੋਟ ਕੀਤਾ ਗਿਆ ਹੈ ਕਿ ਅਸੀਂ ਹੈਲਮੇਟ ਆਪਣੀ ਸੇਫਟੀ ਲਈ ਨਹੀਂ ਪਾਉਂਦੇ ਸਗੋਂ ਚੈਕਿੰਗ ਸਟਾਫ ਦੇ ਅੱਖੀਂ ਘੱਟਾ ਪਾਉਣ ਲਈ ਪਾਉਂਦੇ ਹਾਂ। ਇਹ ਤੱਥ ਨੌਜਵਾਨ ਲੜਕੇ-ਲੜਕੀਆਂ ਦੇ ਸਬੰਧ ਵਿੱਚ ਉਘੜ ਕੇ ਸਾਹਮਣੇ ਆਏ ਹਨ। ਇਹ ਵਰਤਾਰਾ ਉਨ੍ਹਾਂ ਛੋਟੇ ਸ਼ਹਿਰਾਂ ਜਾਂ ਪਿੰਡਾਂ ਵਿਚ ਵੱਧ ਨੋਟ ਕੀਤਾ ਗਿਆ ਜਿੱਥੇ ਪੁਲੀਸ ਕੁਝ ਨਰਮ ਵਿਹਾਰ ਰੱਖਦੀ ਹੈ। ਰਿਪੋਰਟਾਂ ਮੁਤਾਬਕ ਦੋ ਪਹੀਆ ਵਾਹਨ ਚਲਾਉਣ ਵੇਲੇ ਹੈਲਮੇਟ ਨਾ ਪਹਿਨਣ ਕਰਕੇ 2012 ਵਿਚ ਲਗਪਗ 32877 ਲੋਕਾਂ-ਜਿਹੜੇ ਵਾਹਨ ਚਲਾ ਰਹੇ ਸਨ-ਦੀ ਮੌਤ ਹੋਈ ਅਤੇ 57264 ਲੋਕ ਬੁਰੀ ਤਰ੍ਹਾਂ ਜ਼ਖਮੀ ਹੋਏ। ਜਿਹੜੇ ਯਾਤਰੀ ਪਿਛਲੀ ਸੀਟ 'ਤੇ ਸਫਰ ਕਰ ਰਹੇ ਸਨ ਉਨ੍ਹਾਂ ਵਿਚੋਂ 13716 ਦੀ ਮੌਤ ਹੋਈ ਅਤੇ 36499 ਬੁਰੀ ਤਰ੍ਹਾਂ ਜ਼ਖਮੀ ਹੋਏ ਦੱਸੇ ਗਏ। ਇਨ੍ਹਾਂ ਵਿਚੋਂ ਵੱਡੀ ਗਿਣਤੀ ਦੀ ਉਮਰ 5-29 ਸਾਲ ਦੇ ਦਰਮਿਆਨ ਸੀ।

ਚਾਰ ਪਹੀਆ ਵਾਹਨ ਚਲਾਉਣ ਵੇਲੇ ਬੈਲਟ ਨਾ ਲਗਾਉਣ ਦਾ ਵਰਤਾਰਾ ਵੀ ਹੈਲਮੇਟ ਪਹਿਨਣ ਵਾਂਗ ਹੀ ਹੈ। ਜਦੋਂ ਸਾਨੂੰ ਡਰ ਹੋਵੇ ਤਾਂ ਅਸੀਂ ਸੀਟ ਬੈਲਟ ਲਗਾ ਲੈਂਦੇ ਹਾਂ। ਇਸ ਨੂੰ ਵੀ ਆਤਮ ਸੁਰੱਖਿਆ ਦਾ ਸਾਧਨ ਨਹੀਂ ਸਮਝਦੇ ਸਗੋਂ ਵਾਧੂ ਭਾਰ ਸਮਝਦੇ ਹਾਂ। ਛੋਟੇ ਸ਼ਹਿਰਾਂ ਵਿਚ ਇਹ ਪੁਲਿਸ ਨੂੰ ਦਿਖਾਉਣ ਲਈ ਲਾਈ ਜਾਂਦੀ ਹੈ ਪਰ ਪੰਜਾਬ ਦੀ ਹੱਦ ਟੱਪ ਕੇ ਜਦੋਂ ਚੰਡੀਗੜ੍ਹ ਦੀ ਹੱਦ ਅੰਦਰ ਦਾਖਲ ਹੁੰਦੇ ਹਾਂ ਤਾਂ ਸਾਡਾ ਹੱਥ ਆਪਣੇ ਆਪ ਬੈਲਟ ਲਗਾਉਣ ਵੱਲ ਚਲਿਆ ਜਾਂਦਾ ਹੈ। ਉਪਰੋਕਤ ਰਿਪੋਰਟ ਮੁਤਾਬਕ ਸੜਕੀ ਦੁਰਘਟਨਾਵਾਂ ਵੇਲੇ ਸੀਟ ਬੈਲਟ ਨਾ ਲਗਾਉਣ ਕਰਕੇ ਸਾਲ 2021 ਵਿਚ 8438 ਚਾਲਕਾਂ ਦੀ ਮੌਤ ਹੋਈ ਅਤੇ 16416 ਚਾਲਕ ਬੁਰੀ ਤਰ੍ਹਾਂ ਜ਼ਖਮੀ ਹੋਏ। ਇਨ੍ਹਾਂ ਹਾਦਸਿਆਂ ਵਿਚ ਚਾਲਕਾਂ ਦੇ ਨਾਲ 7959 ਯਾਤਰੀਆਂ ਦੀ ਵੀ ਮੌਤ ਹੋਈ ਅਤੇ 22815 ਯਾਤਰੀ ਜ਼ਖਮੀ ਹੋਏ। ਕੁਲ ਹੋਈਆਂ ਮੌਤਾਂ ਵਿਚੋਂ 15% ਕਾਰਾਂ ਜਾਂ ਜੀਪਾਂ ਨਾਲ ਹੋਏ ਐਕਸੀਡੈਂਟਾਂ ਵਿਚ ਹੋਈਆਂ। ਸੜਕੀ ਹਾਦਸਿਆਂ ਵਿਚ ਹੋਈਆਂ ਮੌਤਾਂ ਵਿਚੋਂ ਬੱਸਾਂ ਵਿਚ ਸਿਰਫ 3%, ਤਿੰਨ ਪਹੀਆ ਵਾਹਨਾਂ ਵਿਚ 4.9%, ਟਰੱਕਾਂ ਜਾਂ ਮਿਨੀ ਟਰੱਕਾਂ ਵਿਚ 9.4% ਅਤੇ 12.2% ਪੈਦਲ ਯਾਤਰੀਆਂ



ਦੀਆਂ ਹੋਈਆਂ, ਜਿਨ੍ਹਾਂ ਵਿਚੋਂ ਕੁੱਝ ਤਾਂ ਬਿਨਾਂ ਇੰਜਣ ਵਾਲੇ ਵਾਹਨਾਂ ਦੀ ਲਪੇਟ ਵਿਚ ਆ ਕੇ ਮਾਰੇ ਗਏ।

ਸੜਕੀ ਦੁਰਘਟਨਾਵਾਂ ਨੂੰ ਘਟਾਉਣ ਲਈ ਸਾਨੂੰ ਕੁੱਝ ਗੱਲਾਂ ਦਾ ਧਿਆਨ ਰੱਖਣ ਦੀ ਲੋੜ ਹੈ। ਦੋ-ਪਹੀਆ ਵਾਹਨ ਚਲਾਉਣ ਵੇਲੇ ਹੈਲਮੇਟ ਜ਼ਰੂਰ ਪਾਉਣਾ ਚਾਹੀਦਾ ਹੈ ਅਤੇ ਚਾਰ-ਪਹੀਆ ਵਾਹਨ ਚਲਾਉਣ ਵੇਲੇ ਸੀਟ ਬੈਲਟ ਜ਼ਰੂਰ ਲਗਾਉਣੀ ਚਾਹੀਦੀ ਹੈ। ਕਦੀ ਵੀ ਸਪੀਡ ਲਿਮਟ ਤੋਂ ਵੱਧ ਤੇਜ਼ ਗੱਡੀ ਨਹੀਂ ਚਲਾਉਣੀ ਚਾਹੀਦੀ। ਸੜਕਾਂ 'ਤੇ ਲੱਗੇ ਟਰੈਫਿਕ ਸਿਗਨਲਜ਼ ਦੀ ਜਾਣਕਾਰੀ ਹੋਣੀ ਜ਼ਰੂਰੀ ਹੈ ਅਤੇ ਉਨ੍ਹਾਂ ਦਾ ਧਿਆਨ ਰੱਖ ਕੇ ਗੱਡੀ ਚਲਾਉਣੀ ਚਾਹੀਦੀ ਹੈ। ਗੱਡੀ ਚਲਾਉਂਦੇ ਵਕਤ ਸੜਕ 'ਤੇ ਬਣੀਆਂ ਲੇਨਜ਼ ਦਾ ਧਿਆਨ ਰੱਖ ਕੇ ਆਪਣੀ ਸਪੀਡ ਮੁਤਾਬਕ ਲੇਨ ਫੜਨੀ ਚਾਹੀਦੀ ਹੈ। ਲੇਨ ਬਦਲਦੇ ਸਮੇਂ ਇਸ਼ਾਰੇ ਦੀ ਜ਼ਰੂਰ ਵਰਤੋਂ ਕਰਨੀ ਚਾਹੀਦੀ ਹੈ। ਅਗਲੀ ਗੱਡੀ ਨਾਲੋਂ ਬਣਦੇ ਫਰਕ 'ਤੇ ਰਹਿਣਾ ਚਾਹੀਦਾ ਹੈ। ਉੱਚੀ ਅਵਾਜ਼ ਵਿਚ ਮਿਊਜ਼ਿਕ ਨਹੀਂ ਲਗਾਉਣਾ ਚਾਹੀਦਾ ਅਤੇ ਫੋਨ ਕੰਨ 'ਤੇ ਲਗਾ ਕੇ ਨਹੀਂ ਸੁਣਨਾ ਚਾਹੀਦਾ। ਸ਼ਹਿਰ ਦੇ ਅੰਦਰ ਅਤੇ ਭੀੜ ਵਾਲੀਆਂ ਸੜਕਾਂ 'ਤੇ ਰਾਤ ਵੇਲੇ ਡਿੱਪਰ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਹਾਈ ਬੀਮ ਲਾਈਟ ਨਹੀਂ ਵਰਤਣੀ ਚਾਹੀਦੀ। ਕਦੇ ਵੀ ਖੱਬੇ ਪਾਸਿਓਂ ਕਿਸੇ ਵਾਹਨ ਨੂੰ ਕਰਾਸ ਨਹੀਂ ਕਰਨਾ ਚਾਹੀਦਾ। ਗੱਡੀ ਚਲਾਉਂਦੇ ਸਮੇਂ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਐਂਬੂਲੈਂਸ, ਅੱਗ ਬੁਝਾਊ ਗੱਡੀਆਂ ਅਤੇ ਹੋਰ ਐਮਰਜੈਂਸੀ ਗੱਡੀਆਂ ਨੂੰ ਰਸਤਾ ਦੇਣਾ ਜ਼ਰੂਰੀ ਹੈ ਕਿਉਂਕਿ ਤੁਹਾਡੀ ਸਿਆਣਪ ਕਿਸੇ ਦੀ ਜਾਨ ਬਚਾ ਸਕਦੀ ਹੈ ਅਤੇ ਤੁਹਾਡੀ ਅਣਗਹਿਲੀ ਕਿਸੇ ਦੀ ਜਾਨ ਲੈ ਸਕਦੀ ਹੈ। ਰਾਤ ਵੇਲੇ ਆਪਣੀ ਗੱਡੀ ਦਾ ਸਾਹਮਣੇ ਵਾਲਾ ਸ਼ੀਸ਼ਾ ਚੰਗੀ ਤਰ੍ਹਾਂ ਸਾਫ ਰੱਖਣਾ ਚਾਹੀਦਾ ਹੈ। ਅਨੀਂਦਰੇ ਵਿਚ ਗੱਡੀ ਨਹੀਂ ਚਲਾਉਣੀ ਚਾਹੀਦੀ ਸਗੋਂ ਕੁਝ ਦੇਰ ਲਈ ਰੁਕ ਕੇ ਅਰਾਮ ਕਰ ਲੈਣ ਨਾਲ ਤੁਹਾਡੀ ਅਤੇ ਦੂਸਰਿਆਂ ਦੀ ਜ਼ਿੰਦਗੀ ਸੁਰੱਖਿਅਤ ਰਹੇਗੀ। ਸੜਕ 'ਤੇ ਗੱਡੀ ਚਲਾਉਣ ਵੇਲੇ ਸ਼ਰਾਬ ਜਾਂ ਕੋਈ ਹੋਰ ਨਸ਼ਾ ਨਹੀਂ ਵਰਤਣਾ ਚਾਹੀਦਾ।

ਸਾਡੇ ਦੇਸ਼ ਵਿਚ ਇਕ ਡਰ ਸਾਡੇ ਜ਼ਿਹਨ 'ਚ ਡੂੰਘਾ ਧਸਿਆ ਹੋਇਆ ਹੈ ਕਿ ਜੇ ਅਸੀਂ ਹਾਦਸਾਗ੍ਰਸਤ ਵਿਅਕਤੀ ਦੇ ਨੇੜੇ ਗਏ ਜਾਂ ਉਸ ਨੂੰ ਚੁੱਕ ਕੇ ਹਸਪਤਾਲ ਲੈ ਗਏ, ਮਰੀਜ਼ ਨੂੰ ਕੁਝ ਹੋ ਗਿਆ ਤਾਂ ਲੈਣੇ ਦੇ ਦੇਣੇ ਪੈ ਜਾਣਗੇ, 'ਬੰਦੇ ਨੂੰ ਮਾਰਨ ਦਾ ਕੇਸ' ਵੀ ਪੈ ਸਕਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਹਿਲਾਂ ਪੁਲਿਸ ਇਸੇ ਤਰ੍ਹਾਂ ਦਾ ਵਰਤਾਰਾ ਕਰਦੀ ਰਹੀ ਹੈ। ਇਸ ਕਰਕੇ ਕਈ ਵਾਰੀ ਸੜਕ 'ਤੇ ਪਿਆ ਬੰਦਾ ਦਮ ਤੋੜ ਜਾਂਦਾ ਸੀ, ਲੋਕ ਕੋਲੋਂ ਲੰਘ ਜਾਂਦੇ ਸਨ ਪਰ ਕੋਈ ਮਦਦ ਨਹੀਂ ਕਰਦਾ ਸੀ। ਇਹ ਦੇਖਦੇ ਹੋਏ ਸਰਕਾਰ ਨੇ ਮੋਟਰ ਵਹੀਕਲ ਐਕਟ ਦੀ ਧਾਰਾ 134 ਦੇ ਨਾਲ 134ਏ ਜੋੜੀ ਹੈ। ਇਹ ਧਾਰਾ ਜੁੜਨ ਨਾਲ ਜੇਕਰ ਕੋਈ ਵਿਅਕਤੀ ਕਿਸੇ ਹਾਦਸਾਗ੍ਰਸਤ ਵਿਅਕਤੀ ਦੀ ਮਦਦ ਕਰਦਾ ਹੈ, ਉਸਨੂੰ ਹਸਪਤਾਲ ਲੈ ਕੇ ਜਾਂਦਾ ਹੈ, ਉਸਦੀ ਜਾਨ ਬਚਾਉਣ ਵਿਚ ਮਦਦ ਕਰਦਾ ਹੈ-ਜੇ ਉਹ ਸਾਰਾ ਕੰਮ ਨਿਰਸਵਾਰਥ ਹੋ ਕੇ ਅਤੇ ਸੇਵਾ ਭਾਵਨਾ ਨਾਲ ਹੀ ਕਰਦਾ ਹੈ ਤਾਂ ਉਸ 'ਤੇ ਕੋਈ ਕੇਸ ਨਹੀਂ ਬਣਾਇਆ ਜਾ ਸਕਦਾ। ਉਸ ਨੂੰ ਕਿਸੇ ਗਵਾਹੀ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਕਾਨੂੰਨ ਵਿਚ ਇਹ ਤਬਦੀਲੀ ਹੋਣ ਨਾਲ ਹੁਣ ਲੋਕਾਂ ਦਾ ਸੜਕ 'ਤੇ ਤੜਫਦੇ ਮਨੁੱਖ ਦੀ ਮਦਦ ਕਰਨ ਲਈ ਹੌਸਲਾ ਵਧਿਆ ਹੈ। ਕਈ ਹੋਰ ਦੇਸ਼ਾਂ ਵਿਚ ਤਾਂ ਅਜਿਹਾ ਕਾਨੂੰਨ ਹੈ ਕਿ ਜੇ ਹਾਦਸਾ ਹੋਇਆ ਹੋਵੇ ਤਾਂ ਉਸ ਦੇ ਪਿੱਛੇ ਆਉਂਦੀ ਗੱਡੀ ਨੇ ਰੁਕ ਕੇ ਜੇਕਰ ਉਸਦੀ ਮਦਦ ਨਹੀਂ ਕੀਤੀ ਤਾਂ ਉਸ ਦਾ ਚਲਾਨ ਹੋ ਜਾਵੇਗਾ। ਇਹੋ ਜਿਹੇ ਮੌਕੇ ਇਨਸਾਨੀਅਤ ਦੇ ਤੌਰ 'ਤੇ ਫਰਜ਼ ਬਣਦਾ ਹੈ ਕਿ ਲੋੜਵੰਦ ਦੀ ਮਦਦ ਕੀਤੀ ਜਾਵੇ।

## ਕਾਵਿ-ਕਿਆਰੀ

### ਪਰਦੇਸੀਆਂ ਦੀ ਜ਼ਿੰਦਗੀ

ਪੰਛੀ ਉਡਗੇ ਨੇ ਬਾਗਾਂ ਦੇ
ਹਲ ਤੇ ਸੁਹਾਗੇ ਛੱਡ ਕੇ,
ਪੁੱਤ ਚੜ੍ਹਗੇ ਜਹਾਜ਼ਾਂ 'ਤੇ।

ਅੱਗ ਹਿਜਰਾਂ ਦੀ ਸੇਕਦੀਆਂ
ਪੁੱਤਾਂ ਨੂੰ ਕੈਨੇਡਾ ਭੇਜ ਕੇ,
ਮਾਵਾਂ ਕੰਧਾਂ ਵੱਲ ਵੇਖਦੀਆਂ,

ਨਾ ਫਿਕਰਾਂ 'ਚ ਸੌਂਦਾ ਏ
ਗਲ ਲੱਗ ਬਲਦਾਂ ਦੇ,
ਬਾਪੂ ਪੈਲੀਆਂ 'ਚ ਰੋਂਦਾ ਏ।

ਤੱਕ ਬੁੱਢੀਆਂ ਹਥੇਲੀਆਂ ਨੂੰ
ਬੇਬੇ ਬਾਪੂ ਬੇਰੀ ਤੋੜਦੇ,
ਚੇਤੇ ਕਰਦੇ ਹਵੇਲੀਆਂ ਨੂੰ

ਰੇਲ ਸਭ ਦੀ ਬਣਾਈ ਫਿਰਦਾ
ਕੈਨੇਡਾ ਵਾਲਾ ਘਰ ਮਿੱਤਰੋ,
ਸਾਰਾ ਟੱਬਰ ਭਜਾਈ ਫਿਰਦਾ।

ਚੱਲੇ ਦਿਲ ਉੱਤੇ ਆਰੀ ਮਿਤਰੋ
ਮੁੰਡਿਆਂ ਦਾ ਦਿਲ ਟੁੱਟਦਾ,
ਜਦੋਂ ਟੁੱਟਦੀ ਦਿਹਾੜੀ ਮਿੱਤਰੋ।

ਕੰਮ ਕਰਦੇ ਆ ਫਾਰਮਾਂ 'ਤੇ
ਡੱਕਾ ਜਿਹਨੀ ਤੋੜਿਆ ਨਹੀਂ,
ਇੱਥੇ ਉਠਦੇ ਅਲਾਰਮਾਂ 'ਤੇ।

ਮੁੰਡਾ ਲਗਦਾ ਏ sad ਮਿੱਤਰੋ
ਚੱਲਿਆ ਦਿਹਾੜੀ ਲਾਣ ਨੂੰ,
ਟੰਗ ਮੋਢੇ ਉੱਤੇ ਬੈਗ ਮਿੱਤਰੋ।

ਕਹਿੰਦੇ ਲੱਭਦੀ ਨੀਂ ਮੌਜ ਮਿੱਤਰੋ
ਇੱਕ ਬੇਸਮੈਂਟ ਨਾ ਮਿਲੇ,
ਦੂਜਾ ਲੱਭਦੀ ਨੀਂ ਜੌਬ ਮਿੱਤਰੋ।

ਗੱਦਾ ਥੱਲੇ ਈ ਲਗਾ ਲਿਆ ਏ
ਫਿਕਰ ਕਰੀਂ ਨਾ ਅੰਮੀਏ,
ਮੈਂ ਟਿਫਨ ਲਵਾ ਲਿਆ ਏ।

ਨੀਤ ਰੱਖਦੇ ਆ ਲੋਸਏ ਬਾਬਲਾ
ਮਾਲਿਕਾਂ ਦੇ ਹੱਥੋਂ ਧੀਆਂ ਦਾ,
ਇੱਥੇ ਹੁੰਦਾ ਏ ਅਬੁਸਏ ਬਾਬਲਾ।

ਨਿੱਤ ਕੰਮ ਉੱਤੇ ਜਾਣੇ ਆਂ
ਕਦੇ ਮਾਂ ਦੀ ਪੱਕੀ ਖਾਂਦੇ ਸੀ,
ਹੁਣ ਧੱਕੇ ਖਾਣੇ ਆਂ।

ਕਿੱਥੇ ਫਸਗੀ ਆ ਜਿੰਦ ਮਿੱਤਰੋ
ਉਂਝ ਭਾਵੇਂ Surrey ਵੱਸੀਏ,
ਰੂਹ ਵੱਸਦੀ ਆ ਪਿੰਡ ਮਿੱਤਰੋ।

ਭੱਠੀ ਹੌਲੀ ਹੌਲੀ ਮਘਦੀ ਏ
ਪੱਟ ਲਾਏ ਬੂਟੇ ਦੀ,
ਜੜ੍ਹ ਹੌਲੀ ਹੌਲੀ ਲਗਦੀ ਏ।

ਸਾਹੋਤੇਆ ਤੂੰ ਰੱਖ ਹੌਸਲਾ,
ਹਵਾ ਤੇਰੇ ਵੱਲ ਵਗਦੀ ਏ
ਟਾਇਮ ਲੱਗੂ set ਹੋਣ ਨੂੰ,
ਵਾਰੀ ਆਉਣੀ ਇੱਥੇ ਸਭ ਦੀ ਏ।

-ਕੁਲਵੀਰ ਸਿੰਘ ਡਾਨਸੀਵਾਲ
ਫੋਨ: 778 863 2472

---

### ਮਸਲਾ ਰੋਟੀ ਦਾ

ਘਰ ਨੂੰ ਛੱਡ ਪਰਦੇਸੀ ਹੋਇਆ,
ਨਾ ਚਾਹੁੰਦੇ ਵੀ ਕਿੰਨਾ ਕੁਝ ਖੋਇਆ
ਆਂਢ-ਗੁਆਂਢ ਸਭ ਮਿਲਣ ਸੀ ਆਇਆ,
ਬਾਪੂ ਦੇ ਗਲ ਲੱਗ ਕੇ ਸੀ ਰੋਇਆ
ਅੱਜ ਵੀ ਨਹੀਂ ਭੁੱਲਿਆ ਚੇਹਰਾ ਮਾਂ
ਦਰਾਂ ਵਿਚ ਰੋਂਦੀ ਖਲੋਤੀ ਦਾ
ਪਿੰਡ ਛੱਡਣ ਨੂੰ ਦਿਲ ਕਿੱਥੇ ਸੀ ਕਰਦਾ ਮੇਰਾ,
ਸੀ ਮਸਲਾ ਸਾਰਾ ਰੋਟੀ ਦਾ।

ਜੇ ਇਹ ਮਜਬੂਰੀ ਨਾ ਹੁੰਦੀ,
ਫਿਰ ਆਪਣਿਆਂ ਤੋਂ ਇਹ ਦੂਰੀ ਨਾ ਹੁੰਦੀ
ਜੇ ਪਿੰਡ ਰਹਿ ਕੇ ਹੀ ਸਰਦਾ ਹੁੰਦਾ,
ਫਿਰ ਪਰਦੇਸ ਆਣ ਦੀ ਵੀ ਜ਼ਰੂਰੀ ਨਾ ਹੁੰਦੀ।
ਕਰਜ਼ਾ ਸੀ ਬਾਪੂ ਸਿਰ ਬਹੁਤਾ ਤੇ
ਵਿਆਹ ਵੀ ਕਰਨਾ ਸੀ ਅਜੇ ਭੈਣ ਛੋਟੀ ਦਾ
ਪਿੰਡ ਛੱਡਣ ਨੂੰ ਦਿਲ ਕਿੱਥੇ ਸੀ ਕਰਦਾ ਮੇਰਾ,
ਸੀ ਮਸਲਾ ਸਾਰਾ ਰੋਟੀ ਦਾ।

ਪੜ੍ਹਾਈ ਵਿਚ ਸੀ ਮੈਂ ਹੁਸ਼ਿਆਰ ਬੜਾ,
ਪਿੰਡ ਨਾਲ ਸੀ ਮੈਨੂੰ ਪਿਆਰ ਬੜਾ
ਇਹ ਹੀ ਗੱਲ ਦੀ ਬਸ ਸਮਝ ਨਾ ਲੱਗੀ,
ਇਹ ਗਰੀਬੀ ਨਾਲ ਮੈਂ ਕਿਝ ਲੜਾਂ?
ਉੱਥੇ ਹੀ ਰਹਿ ਕੇ ਮੈਂ ਬਣ ਜਾਣਾ ਸੀ,
ਪੜ੍ਹ ਲਿਖ ਕੇ ਕੋਈ ਅਫ਼ਸਰ ਚੋਟੀ ਦਾ
ਪਿੰਡ ਛੱਡਣ ਨੂੰ ਦਿਲ ਕਿੱਥੇ ਸੀ ਕਰਦਾ ਮੇਰਾ,
ਸੀ ਮਸਲਾ ਸਾਰਾ ਰੋਟੀ ਦਾ।

ਕੰਮ ਕਰਨਾ ਪੈਂਦਾ ਇੱਥੇ ਮਸ਼ੀਨਾਂ ਵਾਂਗੂੰ ਤੇ
ਜ਼ਿੰਦਗੀ ਬੁਸੇ ਹੈ ਇੱਥੇ ਬਾਹਲੀ
ਪਤਾ ਨਹੀਂ ਚਲਦਾ ਕਦੋਂ ਲੰਘਿਆ ਦੁਸਿਹਰਾ
ਤੇ ਕਦੋਂ ਲੰਘ ਜਾਂਦੀ ਏ ਦੀਵਾਲੀ
ਦੱਸੋ ਕਿਸ ਨੂੰ ਮੈਂ ਹਾਲ ਸੁਣਾਵਾਂ,
ਆਪਣੀ ਕਿਸਮਤ ਖੋਟੀ ਦਾ
ਪਿੰਡ ਛੱਡਣ ਨੂੰ ਦਿਲ ਕਿੱਥੇ ਸੀ ਕਰਦਾ ਮੇਰਾ,
ਸੀ ਮਸਲਾ ਸਾਰਾ ਰੋਟੀ ਦਾ।

ਕਲਿਆਣਪੁਰੀ ਸੋਨੇ ਕਿਸ ਗੱਲ ਤੋਂ ਪਛਤਾਉਣਾ,
ਮਿੱਠਾ ਕਰ ਕੇ ਮੰਨ ਉਹਦਾ ਭਾਣਾ
ਜਿੱਥੇ ਜਿੱਥੇ ਉਹਨੇ ਹੈ ਚੋਗ ਖਿਲਾਰੀ,
ਉੱਥੇ ਉੱਥੇ ਜਾ ਕੇ ਪੈਣਾ ਹੈ ਖਾਣਾ
ਤੇਰੇ ਹਿੱਸੇ ਵੀ ਆ ਜਾਣਾ
ਜੋ ਹਿੱਸਾ ਲਿਖਿਆ
ਤੇਰੀ ਕਿਸਮਤ ਵਿਚ ਬੋਟੀ ਦਾ
ਪਿੰਡ ਛੱਡਣ ਨੂੰ ਦਿਲ ਕਿੱਥੇ ਸੀ ਕਰਦਾ ਮੇਰਾ,
ਸੀ ਮਸਲਾ ਸਾਰਾ ਰੋਟੀ ਦਾ।

*-ਸੋਨਾ ਕਲਿਆਣਪੁਰੀ*

### ਤੁਰਨਾ ਅਸਾਂ ਹੁਣ ਨਾਲ ਨਾਲ

ਚੱਲ ਹੁਣ ਛੱਡ ਵੀ ਦੇ ਉਹ ਸਦੀਆਂ ਪੁਰਾਣਾ ਰੌਲਾ
ਲਾਹ ਦੇ ਸੋਚਾਂ ਵਾਲਾ ਉਹ ਫਟਿਆ ਹੋਇਆ ਝੋਲਾ
ਚੱਲ ਹੁਣ ਚੱਲਦੇ ਹਾਂ ਕਦਮ ਨਾਲ ਕਦਮ ਮਿਲਾ ਕੇ
ਚੱਲ ਹੁਣ ਕਰਦੇ ਹਾਂ ਕੁਝ, ਮੋਢੇ ਨਾਲ ਮੋਢਾ ਲਾ ਕੇ।

ਮੈਂ ਜੰਗਾਂ ਲੜ ਸਕਦੀ ਹਾਂ, ਤੂੰ ਵੇਖ ਹੀ ਲਿਐ
ਵਿਚ ਪੁਲਾੜ ਉਡ ਸਕਦੀ ਹਾਂ, ਤੂੰ ਵੇਖ ਹੀ ਲਿਐ
ਤਵਾਰੀਖ ਬਦਲ ਸਕਦੀ ਹਾਂ, ਤੂੰ ਵੇਖ ਹੀ ਲਿਐ
ਤੇਰੀ ਤਕਦੀਰ ਬਦਲ ਸਕਦੀ ਹਾਂ, ਤੂੰ ਵੇਖ ਲਿਐ।

ਮੈਂ ਮੀਰਾ, ਮੁਖਤਾਰਾਂ ਮਾਈ, ਅਤੇ ਰਜ਼ੀਆ ਹਾਂ
ਮੈਂ ਮਾਇਆ ਐਂਜਲੋ, ਐਲਿਸ ਅਤੇ ਅੰਮ੍ਰਿਤਾ ਹਾਂ
ਮੈਂ ਓਪਰਾ, ਸੁਸ਼ਮਿਤਾ, ਮੈਰੀ ਕੌਮ ਤੇ ਨੇਹਵਾਲ
ਮੈਂ ਮਾਈ ਟਰੇਸਾ, ਭਾਗੋ ਤੇ ਜੋਨ ਆਫ਼ ਆਰਕ।

ਤੂੰ ਔਰਤ ਨੂੰ ਘੁੰਗਰੂ ਪੁਆ ਨਚਾਉਣਾ ਛੱਡ ਦੇ
ਹੁਣ ਉਸਦੀ ਦੇਹ ਨੂੰ ਨੰਗਾ ਦਿਖਾਉਣਾ ਛੱਡ ਦੇ
ਛੇੜ-ਛਾੜ ਵਾਲਾ ਕੰਮ ਹੈ ਘਿਨਾਉਣਾ, ਛੱਡ ਦੇ
ਪੱਤਾਂ ਰੋਲ ਕੰਜਕਾਂ ਨੂੰ ਇਉਂ ਰੁਆਉਣਾ ਛੱਡ ਦੇ।

ਤੂੰ ਵੀ ਚੱਲ ਮੈਂ ਵੀ ਚੱਲਾਂ ਚੱਲੀਏ ਹੁਣ ਨਾਲ ਨਾਲ
ਦੋਵੇਂ ਹਾਂ ਇਨਸਾਨ, ਤੁਰਨਾ ਹੈ ਹੁਣ ਨਾਲ ਨਾਲ
ਨਾ ਤੂੰ ਪੈਰਾਂ ਦੀ ਬੇੜੀ, ਨਾ ਮੈਂ ਤੇਰੇ ਰਾਹ ਦਾ ਰੋੜਾ
ਸਮਝੀਏ ਇਕ ਦੂਜੇ ਨੂੰ ਹੌਲੀ ਹੌਲੀ ਥੋੜਾ ਥੋੜਾ।

*-ਸੁਰਜੀਤ ਟੋਰਾਂਟੋ*

---

### ਰਹਿਮਤ

ਤੂੰ ਬਣ ਚੜ੍ਹਦਾ ਸੂਰਜ,
ਬਣੀ ਹਾਂ ਮੈਂ ਕਿਰਨ ਤੇਰੀ।

ਰਾਤੀਂ ਬਣ ਚੰਨ ਚੜ੍ਹੇਂ ਤਾਂ,
ਬਣੀ ਹਾਂ ਮੈਂ ਰਿਸ਼ਮ ਤੇਰੀ।

ਸਾਥ ਨਿਭੇ ਦਿਨ ਰਾਤ ਦਾ,
ਬਣ ਜਾਏ ਕਿਸਮਤ ਮੇਰੀ।


ਬੱਸ ਹੋਰ ਨਾ ਕੁੱਝ ਮੰਗਾਂ,
ਰੱਬਾ ਸਦਾ ਰਹੇ ਰਹਿਮਤ ਤੇਰੀ!

*-ਸੇਵਾ ਸਿੰਘ 'ਨੂਰਪੁਰੀ'*

# ਮਿੱਟੀ ਪਾਣੀ, ਅਜਬ ਕਹਾਣੀ



***ਪਿੱਛੇ ਜਿਹੇ ਲਗਾਤਾਰ ਅਤੇ ਭਾਰੇ ਮੀਂਹਾਂ ਕਾਰਨ ਹੜ੍ਹਾਂ ਨੇ ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਕੁਝ ਹੋਰ ਸੂਬਿਆਂ ਵਿਚ ਸਭ ਕੁਝ ਉਲਟਾ-ਪੁਲਟਾ ਕਰ ਦਿੱਤਾ। ਕੁਦਰਤ ਦੇ ਇਸ ਕਹਿਰ ਬਾਰੇ ਖੂਬ ਚਰਚਾ ਹੋਈ। ਚੰਡੀਗੜ੍ਹ ਦੇ ਸਰਕਾਰੀ ਕਾਲਜ ਵਿਚ 25 ਸਾਲ ਤੋਂ ਵੱਧ ਸਮਾਂ ਪੜ੍ਹਾਉਂਦੇ ਰਹੇ ਅਤੇ ਉਥੋਂ ਬਤੌਰ ਪ੍ਰਿੰਸੀਪਲ ਰਿਟਾਇਰ ਹੋਏ ਪ੍ਰੋ. ਬ੍ਰਿਜਿੰਦਰ ਸਿੰਘ ਸਿੱਧੂ ਨੇ ਆਪਣੇ ਇਸ ਲੇਖ ਵਿਚ ਇਸੇ ਪ੍ਰਸੰਗ ਵਿਚ ਪਾਣੀ ਅਤੇ ਮਿੱਟੀ ਬਾਰੇ ਚਰਚਾ ਛੇੜੀ ਹੈ। ਉਨ੍ਹਾਂ ਪਾਣੀ ਅਤੇ ਮਿੱਟੀ ਨਾਲ ਸਬੰਧਿਤ ਸਾਧਾਰਨ ਦਿਸਦੇ ਪਰ ਅਹਿਮ ਵਰਤਾਰਿਆਂ ਦੀ ਗੱਲ ਨਿੱਠ ਕੇ ਕੀਤੀ ਹੈ।***



**ਪ੍ਰੋਫੈਸਰ ਬ੍ਰਿਜਿੰਦਰ ਸਿੰਘ ਸਿੱਧੂ**
**ਸੇਵਾ ਮੁਕਤ ਪ੍ਰਿੰਸੀਪਲ**
**ਫੋਨ: 925-683-1982**

ਪੰਜਾਬ ਅਤੇ ਹਿਮਾਚਲ ਵਿਚ ਬਹੁਤੀ ਬਾਰਿਸ਼ ਅਤੇ ਹੜ੍ਹਾਂ ਕਾਰਨ ਜਾਨ-ਮਾਲ ਦੀ ਜੋ ਤਬਾਹੀ ਹੋਈ ਹੈ, ਉਸ ਨੇ ਕੁਝ ਲਿਖਣ ਲਈ ਮਨ ਵਿਚ ਹਲ-ਚਲ ਮਚਾ ਦਿੱਤੀ। ਗੁਰੂ ਨਾਨਕ ਜਪੁਜੀ ਸਾਹਿਬ ਵਿਚ ਫਰਮਾਉਂਦੇ ਹਨ:

ਪਵਣੁ ਗੁਰੂ ਪਾਣੀ ਪਿਤਾਮਾਤਾ ਧਰਤਿ ਮਹਤੁ॥

ਪਾਣੀ ਅਤੇ ਧਰਤੀ ਪਿਤਾ ਮਾਤਾ ਸਮਾਨ ਹਨ। ਹੜ੍ਹਾਂ ਅਤੇ ਬਾਰਿਸ਼ ਦੇ ਪਾਣੀ ਨਾਲ ਧਰਤੀ (ਜ਼ਮੀਨ) ਖਿਸਕਣ ਅਤੇ ਦਬਣ ਨਾਲ ਮਕਾਨਾਂ ਦਾ ਢਹਿ-ਢੇਰੀ ਹੋਣਾ, ਜ਼ਮੀਨ ਉੱਪਰ ਖੜ੍ਹੀਆਂ ਫ਼ਸਲਾਂ ਦਾ ਬਰਬਾਦ ਹੋ ਜਾਣਾ ਮਨੁੱਖਤਾ ਦੇ ਹੋਸ਼-ਹਵਾਸ ਉੱਡ ਜਾਣਾ ਸਾਬਤ ਹੋਇਆ ਹੈ। ਇਸ ਸਭ ਕੁਝ ਨੂੰ ਚਾਹੇ ਕੁਦਰਤ ਦਾ ਭਾਣਾ ਕਹੋ, ਚਾਹੇ ਕੁਝ ਹੋਰ ਕਹੋ ਪਰ ਹੋਇਆ ਧਰਤੀ ਅਤੇ ਪਾਣੀ ਵੱਲੋਂ ਹੀ ਹੈ। ਐਸਾ ਕਿਉਂ ਹੋਇਆ। ਮਾਤਾ ਪਿਤਾ ਤਾਂ ਸਦਾ ਮਿਹਰਬਾਨ ਹੁੰਦੇ ਹਨ। ਸ਼ਾਇਦ ਮਨੁੱਖ ਦੀਆਂ ਆਪਣੀਆਂ ਗਲਤੀਆਂ ਹੀ ਜ਼ਿੰਮੇਵਾਰ ਹਨ।

ਮਿੱਟੀ ਅਤੇ ਪਾਣੀ ਦਾ ਅਨੋਖਾ ਅਤੇ ਬਹੁਤ ਖ਼ੂਬਸੂਰਤ ਰਿਸ਼ਤਾ ਹੈ। ਆਓ ਇਨ੍ਹਾਂ ਦੇ ਸਬੰਧ ਦੀਆਂ ਰੌਚਕ ਗੱਲਾਂ ਕਰਨ ਤੋਂ ਪਹਿਲਾਂ ਇਨ੍ਹਾਂ ਦੇ ਸੁਭਾਅ ਵੱਲ ਨਜ਼ਰ ਮਾਰੀਏ।

ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥ ਸਾਡੇ ਜੀਵਨ ਵਿਚ ਪਾਣੀ ਦੀ ਮਹੱਤਤਾ ਨੂੰ ਕੌਣ ਨਹੀਂ ਜਾਣਦਾ। ਸਾਡੇ ਸਰੀਰ ਵਿਚ ਬਹੁਤਾ ਹਿੱਸਾ ਪਾਣੀ ਦਾ ਹੀ ਹੈ। ਜੇ ਹਵਾ ਨਾ ਮਿਲੇ ਤਾਂ ਕੁਝ ਘੰਟਿਆਂ ਵਿਚ ਅਤੇ ਜੇ ਪਾਣੀ ਨਾ ਮਿਲੇ ਤਾਂ ਇਕ ਦੋ ਦਿਨਾਂ ਵਿਚ ਹੀ ਮਨੁੱਖ ਖ਼ਤਮ ਹੋ ਜਾਂਦਾ ਹੈ। ਕਮਾਲ ਦੀ ਗੱਲ ਇਹ ਹੈ ਕਿ ਪਿਸ਼ਾਬ ਦੇ ਰੂਪ ਵਿਚ ਇਹੀ ਪਾਣੀ ਜੇਕਰ ਬਾਹਰ ਨਾ ਨਿਕਲੇ ਤਾਂ ਮੁਸੀਬਤ ਆ ਖੜ੍ਹਦੀ ਹੈ। ਪਿਆਸ ਬੁਝਾਉਣ ਲਈ ਪਾਣੀ ਕੁਝ ਦੇਰ ਨਾ ਮਿਲੇ ਤਾਂ ਬੁਰਾ ਹਾਲ ਹੋ ਜਾਂਦਾ ਹੈ।

ਇਸ ਵਡਮੁਲੀ ਵਸਤੂ ਦਾ ਵਿਗਿਆਨਕ ਨਾਮ ਐੱਚ2ਓ ਹੈ, ਮਤਲਬ ਹਾਈਡਰੋਜਨ ਅਤੇ ਆਕਸੀਜਨ ਗੈਸਾਂ ਦਾ ਮਿਸ਼ਰਨ। ਇਨ੍ਹਾਂ ਗੈਸਾਂ ਦਾ ਸੰਜੋਗ ਕਿਹੋ ਜਿਹੇ ਹਾਲਾਤ ਵਿਚ ਕਿਸ ਸਮੇਂ ਹੋਇਆ, ਸਾਇੰਸਦਾਨਾਂ ਦਾ ਵਿਸ਼ਾ ਹੈ ਪਰ ਇਸ ਦੀ ਤਾਸੀਰ ਹੋਰ ਵਸਤੂਆਂ ਤੋਂ ਵਿਲੱਖਣ ਹੈ। ਬਹੁਤ ਠੰਢਾ ਹੋ ਕੇ ਇਸ ਦੀ ਬਰਫ਼ ਬਣ ਜਾਂਦੀ ਹੈ, ਬਹੁਤ ਗਰਮ ਕਰਨ ਨਾਲ ਪਹਿਲਾਂ ਉਬਲਣ ਲੱਗ ਜਾਂਦਾ ਹੈ, ਫੇਰ ਇਸ ਦੀ ਭਾਫ਼ ਬਣ ਜਾਂਦੀ ਹੈ। ਵੈਸੇ ਹਰ ਤਾਪਮਾਨ 'ਤੇ ਹੀ ਗਿੱਲੇ ਕੱਪੜਿਆਂ, ਨਦੀ ਨਾਲਿਆਂ, ਸਮੁੰਦਰ ਵਿਚੋਂ; ਗੱਲ ਕੀ, ਹਰ ਥਾਂ ਉਤੋਂ ਹਰ ਵੇਲੇ ਚੁੱਪ-ਚਪੀਤੇ ਭਾਫ਼ ਬਣ ਕੇ ਹਵਾ ਦਾ ਸਾਥੀ ਬਣ ਕੇ ਅਸਮਾਨ ਵਿਚ ਮੌਜਾਂ ਮਾਣਦਾ ਹੈ। ਇਸ ਚੁੱਪ-ਚੁਪੀਤੀ ਭਾਫ਼ ਦੇ ਬਣ ਜਾਣ ਨੂੰ ਵਾਸ਼ਪੀਕਰਨ (ਅਵੈਪੋਰੇਸ਼ਨ) ਕਹਿੰਦੇ ਹਨ। ਹੈਰਾਨੀ ਦੀ ਗੱਲ ਹੈ ਕਿ ਕੁਦਰਤ ਨੇ ਪਾਣੀ ਨੂੰ ਨਿਰਮਾਣਤਾ ਦੇ ਲੱਛਣ ਬਖ਼ਸ਼ੇ ਹੋਏ ਹਨ। ਕੁਦਰਤ ਕਹਿੰਦੀ ਹੈ, ਹੁਣ ਤੇਰੀ ਸੈਰ ਖਤਮ ਹੋਈ, ਨੀਚੇ ਆ ਜਾ। ਸੋ, ਚੁੱਪ-ਚੁਪੀਤੀ ਭਾਫ਼ ਵੰਨ-ਸਵੰਨੇ ਹਾਲਾਤ ਵਿਚ ਕਦੀ ਬਾਰਿਸ਼, ਕਦੀ ਗੜਿਆਂ ਦੀ ਸ਼ਕਲ ਵਿਚ, ਕਦੀ ਬਰਫ਼ ਬਣ ਕੇ ਅਤੇ ਅਕਤੂਬਰ ਤੋਂ ਅਪਰੈਲ ਤੱਕ ਸਾਡੀ ਧਰਤੀ ਦੇ ਲੱਗਭਗ ਅੱਧੇ ਹਿੱਸੇ ਉਪਰ ਹਰ ਰੋਜ਼ ਸ਼ਬਨਮ (ਤਰੇਲ) ਦੀ ਸ਼ਕਲ ਵਿਚ ਆ ਜਾਂਦੀ ਹੈ। ਇਹ ਸਿਲਸਿਲਾ ਮੁੱਢ-ਕਦੀਮਾਂ ਤੋਂ ਜਾਰੀ ਹੈ। ਅਸਮਾਨ ਤੋਂ ਨੀਚੇ ਆਉਣਾ ਅਤੇ ਜ਼ਮੀਨ 'ਤੇ ਵੀ ਨੀਵੇਂ ਥਾਂ ਵੱਲ ਜਾਣਾ ਪਾਣੀ ਦੀ ਨਿਰਮਾਣਤਾ ਦਾ ਪ੍ਰਤੀਕ ਹੈ। ਸ਼ਾਇਦ ਇਸ ਦਾ ਇਹ ਗੁਣ ਹੀ ਇਸ ਨੂੰ ਮਹੱਤਤਾ ਦੀ ਚੋਟੀ 'ਤੇ ਲੈ ਜਾਂਦਾ ਹੈ। ਇਕ ਹੋਰ ਵਿਲੱਖਣ ਲੱਛਣ ਦਾ ਮਾਲਕ ਕੇਵਲ ਪਾਣੀ ਹੀ ਹੈ। ਉਹ ਹੈ- ਇਸ ਦੀ ਘਣਤਾ (ਡੈਂਸਿਟੀ) ਦਾ ਅਜੀਬ ਢੰਗ ਨਾਲ ਬਦਲਣਾ। ਸੌ ਡਿਗਰੀ ਸੈਲਸੀਅਸ ਤੋਂ ਚਾਰ ਡਿਗਰੀ ਤੱਕ ਠੰਢਾ ਹੋਣ ਵੇਲੇ ਇਸ ਦੀ ਘਣਤਾ ਵਧਦੀ ਜਾਂਦੀ ਹੈ ਅਤੇ ਚਾਰ ਤੋਂ ਸਿਫ਼ਰ ਤੱਕ ਪਹੁੰਚਣ ਵੇਲੇ ਘਟਦੀ ਜਾਂਦੀ ਹੈ। ਪਾਣੀ ਦੀ ਇਸ ਤਾਸੀਰ ਨੂੰ Anomalousdy ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦਾ ਅਰਥ ਹੈ- ਆਮ ਨਾਲੋਂ ਨਿਵੇਕਲਾ ਤੇ ਨਿਆਰਾ। ਸਿਫ਼ਰ ਡਿਗਰੀ ਪਾਣੀ ਦੀ ਬਰਫ਼ ਹਲਕੀ ਹੋਣ ਕਰਕੇ ਪਾਣੀ ਉਪਰ ਤੈਰਨ ਲੱਗ ਜਾਂਦੀ ਹੈ ਅਤੇ ਕਰੋੜਾਂ ਜੀਵ-ਜੰਤੂ ਜਿਹੜੇ ਪਾਣੀ ਦੇ ਵਸਨੀਕ ਹਨ, ਬਰਫ਼ ਨੀਚੇ ਕੁਚਲੇ ਜਾਣ ਤੋਂ ਬਚ ਜਾਂਦੇ ਹਨ। ਇਹ ਹੈ ਕੁਦਰਤ ਦਾ ਕਮਾਲ! ਵਿਗਿਆਨੀ ਕਿੰਨੀ ਵੀ ਕੋਸ਼ਿਸ਼ ਕਰਨ,ਸ਼ਾਇਦ ਇਹੋ ਜਿਹੇ ਅਸਚਰਜਤਾ ਭਰੇ ਲੱਛਣ ਵਾਲੀ ਕੋਈ ਵੀ ਵਸਤੂ ਤਿਆਰ ਨਾ ਕਰ ਸਕਣ।

ਕੁਦਰਤ ਦੇ ਸ਼ਕਤੀਸ਼ਾਲੀ ਹੋਣ ਦੀ ਫਿਤਰਤ ਦਾ ਮੈਂ ਬਚਪਨ ਤੋਂ ਹੀ ਸ਼ੈਦਾਈ ਹਾਂ। ਦੇਖਣ ਵਾਲੀ ਅੱਖ ਹੋਵੇ ਤਾਂ ਸਾਨੂੰ ਹਰ ਇਕ ਨੂੰ ਕੁਦਰਤ ਦੇ ਸ਼ਕਤੀਸ਼ਾਲੀ ਹੋਣ ਦੇ ਸਬੂਤ ਨਜ਼ਰ ਆ ਸਕਦੇ ਹਨ। ਪਾਣੀ ਬਾਬਤ ਹੋਰ ਕੁਝ ਲਿਖਣ ਦੀ ਥਾਂ ਇਤਨਾ ਹੀ ਕਾਫ਼ੀ ਹੈ ਕਿ ਸਵੇਰੇ ਉਠ ਕੇ ਨਹਾਉਣ ਪਿੱਛੋਂ ਸ਼ਾਮੀ ਸੌਣ ਤੱਕ ਪਾਣੀ ਦੀ ਹੀ ਵਰਤੋਂ ਚਲਦੀ ਹੈ। ਰਸੋਈ ਦਾ ਸਾਰਾ ਕੰਮ ਹੀ ਪਾਣੀ ਦਾ ਮੁਹਤਾਜ ਹੈ। ਸ਼ਹਿਰ ਦੇ ਨਲਕਿਆਂ ਵਿਚ ਪਾਣੀ ਨਾ ਆਵੇ ਤਾਂ ਹਾਹਾਕਾਰ ਮੱਚ ਜਾਂਦੀ ਹੈ। ਰਸੋਈ ਦੀ ਇਹ ਸ਼ਾਨ ਹੀ ਨਹੀਂ, ਜਿੰਦ-ਜਾਨ ਵੀ ਹੈ।

ਮਿੱਟੀ ਦੇ ਕਈ ਨਾਮ ਹਨ- ਖਾਕ, ਖੇਹ, ਧੂਲ, ਧੂੜ, ਰੇਤ, ਚੀਕਣੀ ਮਿੱਟੀ, ਰੇਤਲੀ ਮਿੱਟੀ ਵਗੈਰਾ। ਹਰ ਨਾਮ ਵਾਲੀ ਮਿੱਟੀ ਦੀ ਅਲੱਗ-ਅਲੱਗ ਮਹਾਨਤਾ ਹੈ। ਗੁਰਬਾਣੀ ਦਾ ਫਰਮਾਨ ਹੈ:

ਜਿਨ ਕੇ ਚੋਲੇ ਰਤੜੇ ਪਿਆਰੇਕੰਤੁ ਤਿਨ ਕੇ ਪਾਸਿ॥

ਧੂੜਿ ਤਿਨਾ ਕੀ ਜੇ ਮਿਲੈ ਜੀਕਹੁ ਨਾਨਕ ਕੀ ਅਰਦਾਸਿ॥

ਪਰਮਾਤਮਾ ਦੇ ਪਿਆਰਿਆਂ ਦੀ ਧੂੜ ਪਵਿੱਤਰ ਹੋ ਜਾਂਦੀ ਹੈ।

ਸਾਧਾਰਨ ਮਿੱਟੀ ਖ਼ਾਦ ਨਾਲ ਮਿਲ ਕੇ ਜ਼ਰਖੇਜ਼ ਅਤੇ ਉਪਜਾਊ ਜ਼ਮੀਨ ਬਣ ਜਾਂਦੀ ਹੈ। ਮਿੱਟੀ ਦਾ ਰੰਗ ਵੀ ਇਸ ਦੀ ਖਸਲਤ ਦੱਸ ਦਿੰਦਾ ਹੈ। ਕਾਲੀ ਮਿੱਟੀ ਕਪਾਹ ਦੀ ਫ਼ਸਲ ਲਈ ਚੰਗੀ ਹੈ। ਰੇਤਲੀ ਮਿੱਟੀ ਮੂੰਗਫਲੀ ਲਈ ਲਾਭਦਾਇਕ ਹੈ। ਅਮਰੀਕਾ ਦੇ ਕੈਲੀਫੋਰਨੀਆ ਸੂਬੇ ਵਿਚ ਬਹੁਤ ਕੁਝ ਪੈਦਾ ਕੀਤਾ ਜਾ ਸਕਦਾ ਹੈ ਪਰ ਅੰਬ ਦੇ ਦਰਖ਼ਤਾਂ ਨੂੰ ਇਹ ਮਿੱਟੀ ਮੁਆਫਿਕ ਨਹੀਂ। ਭਾਰਤ ਵਿਚ ਅਵਧ (ਲਖਨਊ) ਦੀ ਧਰਤੀ ਅੰਬਾਂ ਦਾ ਘਰ ਹੈ। ਬਨਾਰਸੀ ਲੰਗੜਾ ਅੰਬ ਆਪਣੇ ਇਲਾਕੇ ਦਾ ਹੀ ਬਾਦਸ਼ਾਹ ਹੈ।

ਮਿੱਟੀ ਦੀ ਤਾਸੀਰ ਨੂੰ ਘੋਖਣ ਵਾਲੇ ਵਿਗਿਆਨੀ ਬਹੁਤ ਕੁਝ ਜਾਣਦੇ ਹਨ। ਬਾਰੀਕੀਆਂ ਵਿਚ ਜਾਣਾ ਇਸ ਸਾਧਾਰਨ ਲੇਖ ਦੇ ਵੱਸ ਦੀ ਗੱਲ ਨਹੀਂ ਪਰ ਇਕ ਗੱਲ ਸਾਫ਼ ਹੈ ਕਿ ਪਾਣੀ ਬਗੈਰ ਮਿੱਟੀ ਦੀ ਵੁਕਅਤ ਨਹੀਂ। ਪਾਣੀ ਨਾਲ ਹੀ ਇਸ ਦੀ ਕੁੱਖ ਨੂੰ ਭਾਗ ਲਗਦੇ ਹਨ। ਇਸ ਤੋਂ ਬਿਨਾਂ ਇਹ ਬਾਂਝ ਹੈ। ਫ਼ਸਲਾਂ ਲਈ ਬੰਜਰ ਹੈ। ਠੀਕ ਮਿਕਦਾਰ ਨਾਲ ਵਰਤਿਆ ਪਾਣੀ ਮਿੱਟੀ ਦੀ ਔਕਾਤ ਨੂੰ ਅਸਮਾਨੀ ਚੜ੍ਹਾ ਦਿੰਦਾ ਹੈ। ਪਿਆਜ, ਲਸਣ, ਅਦਰਕ, ਆਲੂ, ਕਚਾਲੂ, ਗਾਜਰ, ਮੂਲੀ, ਸ਼ਲਗਮ, ਹਲਦੀ ਅਤੇ ਹੋਰ ਅਨੇਕਾਂ ਲਾਭਦਾਇਕ ਚੀਜ਼ਾਂ ਮਿੱਟੀ ਦੀ ਕੁੱਖ ਵਿਚ ਹੀ ਵਧਦੀਆਂ ਫੁਲਦੀਆਂ ਹਨ। ਚੀਕਣੀ ਮਿੱਟੀ ਦੀ ਮਹੱਤਤਾ ਖ਼ੂਬਸੂਰਤ ਬਰਤਨ ਬਣਾਉਣ ਵਿਚ ਹੈ। ਮਿੱਟੀ ਦੇ ਤੰਦੂਰ ਦੀ ਰੋਟੀ ਦੇ ਕਿਆ ਕਹਿਣੇ! ਭੱਠੇ ਦੀਆਂ ਇੱਟਾਂ ਮਿੱਟੀ, ਪਾਣੀ ਅਤੇ ਅੱਗ ਦੀ ਕਰਾਮਾਤ ਹਨ। ਆਲੀਸ਼ਾਨ ਅਤੇ ਮਜ਼ਬੂਤ ਇਮਾਰਤਾਂ ਬਹੁਤ ਵਾਰ ਸੋਹਣੀਆਂ ਪੱਕੀਆਂ ਇੱਟਾਂ ਦੀ ਬਦੌਲਤ ਹੁੰਦੀਆਂ ਹਨ।

ਅਜੀਬ ਇਤਫਾਕ ਹੈ। ਇਸ ਖਾਕ ਦੇ ਰੰਗ ਨਿਰਾਲੇ ਹਨ। ਇਸ ਵਿਚਾਰੀ ਨੂੰ ਅਸੀਂ ਸਾਰਾ ਦਿਨ ਪੈਰਾਂ ਥੱਲੇ ਹੀ ਦੱਬੀ ਰੱਖਦੇ ਹਾਂ। ਜੇ ਕਿਸੇ ਬੰਦੇ ਨੂੰ ਕੁਝ ਸਮਝ ਨਾ ਆਉਂਦਾ ਹੋਵੇ ਤਾਂ ਕਿਹਾ ਜਾਂਦਾ ਹੈ-"ਇਸ ਨੂੰ ਖਾਕ ਪਤਾ ਹੈ। ਮੁਰਦਾ ਜਿਸਮ ਨੂੰ ਖਾਕ ਦੀ ਢੇਰੀ ਕਿਹਾ ਜਾਂਦਾ ਹੈ। ਖਾਕ ਉੱਡ ਰਹੀ ਹੋਵੇ, ਉਸ ਨੂੰ ਬੁਰਾ ਸਮਝਿਆ ਜਾਂਦਾ ਹੈ। ਕਵੀ ਖਾਕ ਨੂੰ ਨਿਰਮਾਣਤਾ ਦਾ ਦਰਜਾ ਦਿੰਦੇ ਹਨ। ਸ਼ਾਇਰ ਇਕਬਾਲ ਕਹਿੰਦੇ ਹਨ:

ਮਿਟਾ ਦੇ ਅਪਨੀ ਹਸਤੀ ਕੋ ਅਗਰ ਕੁਛ ਮਰਤਬਾ ਚਾਹੇ

ਕਿ ਦਾਨਾ ਖਾਕ ਮੇਂ ਮਿਲ ਕੇ ਗੁਲ-ਓ-ਗੁਲਜ਼ਾਰ ਹੋਤਾ ਹੈ।

ਮਤਲਬ ਜਦੋਂ ਦਾਨਾ ਖਾਕ ਵਿਚ ਮਿਲ ਕੇ ਉਸ ਦੀ ਤਰ੍ਹਾਂ ਹੀ ਨਿਰਮਾਣ ਬਣ ਜਾਂਦਾ ਹੈ, ਫੇਰ ਹੀ ਉਸ ਨੂੰ ਭਾਗ ਲਗਦੇ ਹਨ। ਮੈਂ ਇਸ ਤੋਂ ਵੀ ਅੱਗੇ ਜਾਣ ਦੀ ਗੁਸਤਾਖੀ ਕਰਦਾ ਹਾਂ ਕਿ ਇਨ੍ਹਾਂ ਦੋਹਾਂ ਨਿਰਮਾਣਤਾ ਨੂੰ ਅਸਲੀਅਤ ਵਿਚ ਭਾਗ ਫੇਰ ਹੀ ਲਗਦੇ ਹਨ ਜੇ ਤੀਜਾ ਨਿਰਮਾਣਤਾ ਦਾ ਪੁੰਜ ਪਾਣੀ ਮਿਲ ਜਾਵੇ। ਇਸ ਤੋਂ ਬਿਨਾਂ ਦਾਣਾ ਜ਼ਮੀਨ ਦੀ ਕੁੱਖ ਵਿਚ ਮਰ ਜਾਵੇਗਾ।

ਜੇ ਹਰ ਪਾਸਿਓਂ ਨਿਰਮਾਣਤਾ ਦੀ ਲਹਿਰ ਚੱਲ ਪਵੇ ਤਾਂ ਇਹ ਸਰਜ਼ਮੀਨ ਗੁਲਜ਼ਾਰ ਬਣ ਜਾਵੇ। ਹੰਕਾਰ ਹੀ ਇਸ ਦੁਨੀਆ ਦੀ ਤਬਾਹੀ ਦਾ ਜ਼ਿੰਮੇਵਾਰ ਹੈ। ਨਹਿਰੀ ਪਾਣੀ ਅਤੇ ਪਿੰਡ ਦੀ ਜ਼ਮੀਨ ਨੇ ਬਚਪਨ ਯਾਦ ਕਰਾ ਦਿੱਤਾ। ਬਠਿੰਡਾ ਜ਼ਿਲ੍ਹੇ ਵਿਚ ਪਾਣੀ ਦੀ ਥੁੜ੍ਹ ਅਤੇ ਪਾਣੀ ਨਾਲ ਸਿੰਜੀ ਜਾਂਦੀ ਚੰਗੀ ਜ਼ਮੀਨ ਦੀ ਥੁੜ੍ਹ ਨੇ ਲੋਕਾਂ ਅੰਦਰ ਲੜਾਈ ਦੀ ਥੁੜ੍ਹ ਨਹੀਂ ਆਉਣ ਦਿੱਤੀ। ਜ਼ਿਲ੍ਹੇ ਦੀ ਜੇਲ੍ਹ ਵਿਚ ਉਨ੍ਹੀਂ ਦਿਨੀਂ ਅੱਧ ਤੋਂ ਵੱਧ ਕੈਦੀ ਨਹਿਰੀ ਪਾਣੀ ਅਤੇ ਵੱਟਾਂ ਵੱਢਣ ਕਰਕੇ ਹੀ ਪਹੁੰਚੇ ਹੋਏ ਸਨ। ਕਈ ਵਾਰ ਲੜਾਈ ਗੰਡਾਸੀਆਂ, ਤਲਵਾਰਾਂ ਦੀ ਹੱਦ ਟੱਪ ਜਾਂਦੀ ਸੀ ਅਤੇ ਗੋਲੀਆਂ ਚੱਲਣ ਨਾਲ ਮੌਤ ਵੀ ਹੋ ਜਾਂਦੀ ਸੀ। ਇਹ ਸਿਲਸਿਲਾ ਟਿਊਬਵੈੱਲਾਂ ਦੀ ਆਮਦ ਅਤੇ ਮੁਰੱਬੇਬੰਦੀ ਨਾਲ ਬਹੁਤ ਹੱਦ ਤੱਕ ਰੁਕ ਗਿਆ ਹੈ। ਚੰਗਾ ਹੋਇਆ, ਨਹੀਂ ਤਾਂ ਮੇਰੇ ਚੰਡੀਗੜ੍ਹ ਦੇ ਗ਼ਰੀਬਖਾਨੇ 'ਤੇ ਜਾਣੇ-ਪਛਾਣੇ ਮਹਿਮਾਨ ਪਹੁੰਚ ਜਾਂਦੇ ਸਨ। ਬੱਚਿਆਂ ਦੀਆਂ ਹਾਈ ਕੋਰਟ ਵਿਚ ਜ਼ਮਾਨਤਾਂ ਲਈ ਅਪੀਲਾਂ ਕਰਨ ਲਈ ਚੰਗੇ ਵਕੀਲ ਕਰਨ ਲਈ ਮੇਰੀ ਸਹਾਇਤਾ ਲੋੜਦੇ ਸਨ। ਮੈਂ ਇਹੋ ਜਿਹੇ ਕੰਮਾਂ ਤੋਂ ਅਣਜਾਣ ਸਾਂ।

ਅੱਜ ਕੱਲ੍ਹ ਪਿੰਡਾਂ ਵਿਚ ਇਸ ਲੜਾਈ ਦਾ ਰੁਝਾਨ ਬੇਸ਼ੱਕ ਖਤਮ ਹੈ ਪਰ ਸੂਬਿਆਂ ਵਿਚਕਾਰ ਦਰਿਆਵਾਂ ਅਤੇ ਨਹਿਰਾਂ ਦੇ ਪਾਣੀਆਂ ਦੇ ਝਗੜੇ ਸਾਹਮਣੇ ਆ ਗਏ ਹਨ। ਇਥੇ ਹੀ ਬੱਸ ਨਹੀਂ, ਦੁਨੀਆ ਦੇ ਬਹੁਤ ਦੇਸ਼ ਗੁਆਂਢੀ ਦੇਸ਼ਾਂ ਨਾਲ ਪਾਣੀ ਖੋਹਣ ਵਿਚ ਅਤੇ ਮਿੱਟੀ, ਮਤਲਬ ਆਪਣੀ ਹੱਦ ਵਧਾਉਣ ਵਿਚ ਹੀ ਤੜਫਦੇ ਰਹਿੰਦੇ ਹਨ। ਭਾਰਤ ਪਾਕਿਸਤਾਨ (ਕਸ਼ਮੀਰ ਦੀ ਅਤਿ ਪਿਆਰੀ ਮਿੱਟੀ ਅਤੇ ਦਰਿਆਵਾਂ ਦੇ ਪਾਣੀ) ਅਤੇ ਚੀਨ ਭਾਰਤ ਤੋਂ ਭੂਟਾਨ, ਅਰੁਨਾਚਲ ਪ੍ਰਦੇਸ਼ ਜਿਹੇ ਇਲਾਕਿਆਂ ਦੀ ਮਿੱਟੀ 'ਤੇ ਕਬਜ਼ਾ ਹੀ ਤਾਂ ਚਾਹੁੰਦਾ ਹੈ।

ਮਿੱਟੀ ਦੇ ਚੋਜ ਨਿਰਾਲੇ ਹਨ। ਕਿਤੇ ਇਸ ਵਿਚੋਂ ਤੇਲ ਨਿਕਲ ਆਉਂਦਾ ਹੈ, ਕਿਤੇ ਬਹੁਤ ਕੁਝ ਹੋਰ। ਸੂਚੀ ਬਹੁਤ ਲੰਮੀ ਹੈ। ਵਾਤਾਵਰਨ ਨੂੰ ਠੀਕ ਰੱਖਣ ਲਈ ਪੈਟਰੋਲ ਅਤੇ ਡੀਜ਼ਲ ਨਾਲ ਚੱਲਣ ਵਾਲੀਆਂ ਗੱਡੀਆਂ ਬੁਰੀਆਂ ਸਾਬਤ ਹੋ ਰਹੀਆਂ ਹਨ। ਵੈਸੇ ਵੀ ਡੀਜ਼ਲ, ਪੈਟਰੋਲ ਦੇ ਭੰਡਾਰ ਬਹੁਤ ਦੇਰ ਨਹੀਂ ਚੱਲਣਗੇ। ਬਿਜਲੀ ਨਾਲ ਚੱਲਣ ਵਾਲੀਆਂ ਗੱਡੀਆਂ ਨਵੀਂ ਉਮੀਦ ਲੈ ਕੇ ਆ ਗਈਆਂ ਹਨ। ਇਨ੍ਹਾਂ ਸਭ ਵਿਚ ਲਿਥੀਅਮ ਵਡਮੁੱਲਾ ਅੰਗ ਹੈ। ਇਹ ਬੇਅੰਤ ਮਿਕਦਾਰ ਵਿਚ ਧਰਤੀ ਅੰਦਰ ਲੁਕਿਆ ਪਿਆ ਹੈ। ਕਈਆਂ ਦਾ ਅਨੁਮਾਨ ਹੈ ਕਿ ਅਮਰੀਕਾ ਅਫ਼ਗਾਨਿਸਤਾਨ ਵਿਚ ਆਪਣੀਆਂ ਫੌਜਾਂ ਰੂਸ ਦੀ ਕੁੱਛੜ ਵਿਚ ਬੈਠਣ ਲਈ ਹੀ ਨਹੀਂ ਸੀ ਲਿਆਇਆ ਬਲਕਿ ਇਸ ਨਾਲ ਇਥੋਂ ਦੀ ਧਰਤੀ ਵਿਚੋਂ ਅਨੇਕਾਂ ਕਿਸਮ ਦੀਆਂ ਵੱਡਮੁਲੀਆਂ ਵਸਤਾਂ ਚੁਪ-ਚੁਪੀਤੇ ਖੋਦਣ ਲਈ ਵੀ ਆਇਆ ਸੀ।

ਜ਼ਮੀਨ ਨਖਰੇ ਹੱਥੀ ਅਤੇ ਮਜਾਜਣ ਵੀ ਹੈ। ਕੁਝ ਫ਼ਸਲਾਂ ਲਈ ਹਰ ਹਫ਼ਤੇ ਮੁਨਾਸਬ ਮਿਕਦਾਰ ਵਿਚ ਪਾਣੀ ਨੂੰ ਪਸੰਦ ਕਰਦੀ ਹੈ। ਚੌਲਾਂ ਦੀ ਫ਼ਸਲ ਵੇਲੇ ਪਾਣੀ ਨੂੰ ਖਿੜੇ ਮੱਥੇ ਪੁਕਾਰਦੀ ਹੈ। ਚਾਹ ਦੇ ਬੂਟਿਆਂ ਦੀ ਸਿਹਤ ਲਈ ਹਰ ਰੋਜ਼ ਪਾਣੀ ਦੀ ਹਾਜ਼ਰੀ ਲੋਚਦੀ ਹੈ ਪਰ ਪਾਣੀ ਦੇ ਖੜ੍ਹੇ ਰਹਿਣ ਨੂੰ ਠੀਕ ਨਹੀਂ ਸਮਝਦੀ। ਨਵਾਂ ਪਾਣੀ ਆਉਂਦਾ ਅਤੇ ਝੱਟ ਪੁਰਾਣਾ ਬਣਦਾ ਹੋਇਆ ਅਤੇ ਦੂਰ ਹੁੰਦਾ ਹੋਇਆ ਚਾਹ ਦੇ ਬੂਟਿਆਂ ਲਈ ਲਾਭਦਾਇਕ ਹੈ।

ਦਰਿਆਵਾਂ ਦਾ ਪਾਣੀ ਪਹਾੜਾਂ ਤੋਂ ਖਾਕ ਦੇ ਕਈ ਨਮੂਨੇ ਆਪਣੇ ਨਾਲ ਲਿਆਉਂਦਾ ਹੈ। ਸੀਮਿੰਟ ਦੇ ਰੰਗ ਨਾਲ ਮਿਲਦੀ ਜੁਲਦੀ ਬਰੇਤੀ ਇਮਾਰਤਾਂ ਉਸਾਰਨ ਲਈ ਬਹੁਤ ਅਹਿਮ ਹੈ। ਦਰਿਆਵਾਂ ਤੋਂ ਨਹਿਰਾਂ ਵਿਚ ਫੇਰ ਖਾਲਿਆਂ ਅਤੇ ਫੇਰ ਖੇਤਾਂ ਵਿਚ ਪਹੁੰਚ ਕੇ ਅੰਮ੍ਰਿਤ ਸਮਾਨ ਬਣ ਜਾਂਦਾ ਹੈ। ਮੈਨੂੰ ਭਲੀ ਭਾਂਤ ਯਾਦ ਹੈ ਕਿ ਸਾਡੀ ਜ਼ਮੀਨ ਵਿਚ ਕੱਲਰ, ਜਿੱਲ੍ਹਣ ਜਿਹੀਆਂ ਭੈੜੀਆਂ ਅਲਾਮਤਾਂ ਖਤਮ ਕਰਨ ਲਈ ਜਿਪਸਮ ਅਤੇ ਨਹਿਰੀ ਪਾਣੀ ਹੀ ਕਾਰ-ਆਮਦ ਹੁੰਦੇ ਸਨ। ਬਠਿੰਡਾ, ਮਾਨਸਾ, ਫਰੀਦਕੋਟ ਦੇ ਇਲਾਕੇ ਵਿਚ ਨਹਿਰ ਦੇ ਪਾਣੀ ਦੀ ਬਹੁਤ ਘਾਟ ਹੈ। ਜੇ ਇਹ ਪਾਣੀ ਜ਼ਰੂਰਤ ਅਨੁਸਾਰ ਮਿਲ ਜਾਵੇ, ਟਿਊਬਵੈੱਲਾਂ ਦੀ ਬਹੁਤੀ ਲੋੜ ਮਹਿਸੂਸ ਨਾ ਹੋਵੇ। ਮੁਫ਼ਤ ਦੀ ਬਿਜਲੀ ਨੇ ਕਿਸਾਨਾਂ ਨੂੰ ਪਾਣੀ ਬਰਬਾਦ ਕਰਨ ਵੱਲ ਉਤਸ਼ਾਹਤ ਕੀਤਾ ਹੈ। ਪਾਣੀ ਦੀ ਖੁਦਮੁਖਤਾਰੀ ਨੇ ਲੋਕਾਂ ਵਿਚ ਆਪਸੀ ਭਰੱਪਣ ਖਤਮ ਕਰ ਦਿੱਤਾ ਹੈ। ਹਰ ਸਾਲ ਟਿਊਬਵੈੱਲਾਂ ਦੇ ਪਾਣੀ ਦਾ ਨੀਵਾਂ ਹੋਣਾ ਜਿੱਥੇ ਰੇਗਿਸਤਾਨ ਵੱਲ ਇਸ਼ਾਰਾ ਕਰ ਰਿਹਾ ਹੈ, ਇਸ ਦੇ ਨਾਲ ਹੀ ਮੋਟਰਾਂ ਨੂੰ ਜ਼ਿਆਦਾ ਪਾਵਰ ਦੇਣ ਲਈ ਬਿਜਲੀ ਘਰਾਂ ਦੇ ਚੱਕਰ ਲਗਵਾ ਰਿਹਾ ਹੈ। ਦੋ-ਦੋ ਕਿੱਲੇ ਜ਼ਮੀਨ ਦੇ ਮਾਲਕ ਟਿਊਬਵੈੱਲਾਂ ਦਾ ਜਾਲ ਵਿਛਾਈ ਬੈਠੇ ਹਨ। ਖੰਭਿਆਂ ਤੋਂ ਲਟਕਦੀਆਂ ਬਿਜਲੀ ਦੀਆਂ ਤਾਰਾਂ ਬਹੁਤ ਵਾਰ ਕਣਕ ਦੀ ਪੱਕੀ ਫ਼ਸਲ ਨੂੰ ਅੱਗ ਦੇ ਹਵਾਲੇ ਕਰ ਦਿੰਦੀਆਂ ਹਨ। ਜੇ ਮੀਲ ਡੇਢ ਮੀਲ ਦੇ ਫਾਸਲਿਆਂ 'ਤੇ ਨਹਿਰੀ ਵਿਭਾਗ ਅਧੀਨ ਵੱਡੀ ਤਾਕਤ ਵਾਲੇ ਟਿਊਬਵੈੱਲ ਲੱਗ ਜਾਣ, ਇਹ ਨਹਿਰੀ ਪਾਣੀ ਕਮੀ ਨੂੰ ਥੋੜ੍ਹੀ ਜਿਹੀ ਪੂਰਾ ਕਰ ਦੇਣ ਤਾਂ ਹਾਲਾਤ ਸੁਧਰ ਸਕਦੇ ਹਨ। ਮੈਂ ਬਹੁਤ ਸਾਲ ਪਹਿਲਾਂ ਇਹੋ ਜਿਹੇ ਟਿਊਬਵੈੱਲ ਸੰਗਰੂਰ ਜ਼ਿਲ੍ਹੇ ਵਿਚ ਦੇਖੇ ਸਨ। ਇਸ ਨਾਲ ਲੱਖਾਂ ਟਿਊਬਵੈੱਲਾਂ ਤੋਂ ਵਰਤੋਂ ਕੀਤੀ ਬਿਜਲੀ ਪਿੰਡਾਂ ਵਿਚ ਛੋਟੀਆਂ ਸਨਅਤਾਂ ਲਈ ਕੰਮ ਆ ਸਕਦੀ ਹੈ। ਇਹੋ ਜਿਹੀਆਂ ਬਹੁਤ ਸਕੀਮਾਂ ਖੇਤੀ ਅਤੇ ਨਹਿਰੀ ਮਹਿਕਮੇ ਦੇ ਮਾਹਰ ਦੱਸ ਸਕਦੇ ਹਨ ਪਰ'ਕੌਣ ਸਾਹਿਬ ਨੂੰ ਆਖੇ ਇੰਝ ਨਹੀਂ ਇੰਝ ਕਰ!'

ਪਿਛਲੇ ਦਿਨਾਂ ਵਿਚ ਪਤਾ ਨਹੀਂ ਬਾਰਿਸ਼ ਦਾ ਪਾਣੀ ਮਿੱਟੀ ਨਾਲ ਕਿਉਂ ਨਾਰਾਜ਼ ਹੋ ਗਿਆ। ਪਹਾੜਾਂ ਵਿਚ ਬਹੁਤ ਥਾਵਾਂ 'ਤੇ ਇਸ (ਮਿੱਟੀ) ਨੂੰ ਖੋਰ ਕੇ ਮਕਾਨ ਧਰਤੀ ਵਿਚ ਧਸ ਗਏ। ਸੜਕਾਂ ਟੁੱਟ ਗਈਆਂ। ਬੰਨ੍ਹ ਟੁੱਟ ਗਏ। ਪੱਥਰਾਂ ਦੀਆਂ ਢਿਗਾਂ ਢਹਿ ਢੇਰੀ ਹੋ ਗਈਆਂ ਅਤੇ ਮੈਦਾਨੀ ਇਲਾਕੇ ਵਿਚ ਵੀ ਬਹੁਤ ਨੁਕਸਾਨ ਹੋਇਆ।

ਬਲਿਹਾਰੇ ਜਾਈਏ ਉਦਮੀ ਕਿਸਾਨਾਂ ਦੇ ਜਿਨ੍ਹਾਂ ਨੇ ਮਿੱਟੀ ਦੀ ਬਾਂਹ ਫੜੀ ਅਤੇ ਇਸ ਨਾਲ ਟਰਾਲੀਆਂ ਭਰ ਕੇ ਨਵੇਂ ਨਰੋਏ ਬੰਨ੍ਹ ਲਗਾ ਦਿੱਤੇ ਅਤੇ ਪਾਣੀ ਦੇ ਖੌਫ਼ਨਾਕ ਵਹਾ ਨੂੰ ਰੋਕ ਲਿਆ। ਖੇਤਾਂ ਵਿਚ ਖੜ੍ਹੇ ਪਾਣੀ ਨੂੰ ਕੁਝ ਸਮੇਂ ਪਿਛੋਂ ਜ਼ਮੀਨ ਨੇ ਆਪਣੇ ਆਪ ਅੰਦਰ ਜਜ਼ਬ ਕਰ ਲਿਆ। ਇਹ ਬਹਾਦਰ ਮਿੱਟੀ ਪਾਣੀ ਦੀ ਹਿੱਕ ਉਪਰ ਬੈਠ ਗਈ ਅਤੇ ਬਹਾਦਰ ਕਿਸਾਨਾਂ ਨੂੰ ਕਹਿ ਰਹੀ ਹੈ: ਆਓ! ਮੇਰੀ ਕੁੱਖ ਹਰੀ ਭਰੀ ਹੈ। ਮੈਂ ਫਸਲਾਂ ਲਈ ਜ਼ਰਖੇਜ਼ ਮਾਂ ਹਾਂ।

ਨਿਵਾਣ ਵੱਲ ਵਹਿਣਾ ਪਾਣੀ ਦੀ ਕੁਦਰਤ ਦੀ ਦਿੱਤੀ ਹੋਈ ਰੁਚੀ ਹੈ। ਰਸਤੇ ਦੀ ਰੁਕਾਵਟ ਨੂੰ ਮਨਜ਼ੂਰ ਕਰਨਾ ਇਸ ਦਾ ਸੁਭਾਅ ਨਹੀਂ। ਹੜ੍ਹਾਂ ਦਾ ਸਭ ਤੋਂ ਵੱਡਾ ਕਾਰਨ ਪਾਣੀ ਦੇ ਕੁਦਰਤੀ ਵਗ ਨੂੰ ਰੋਕਣਾ ਹੈ।

ਖੁਦਗਰਜ਼ ਅਤੇ ਤਾਕਤਵਰ ਰਾਜਸੀ ਲੋਕਾਂ ਨੇ ਆਪਣੇ ਜਾਤੀ ਫਾਇਦੇ ਲਈ ਸੜਕਾਂ ਬਣਾ ਕੇ ਅਤੇ ਕਿਸੇ ਨੀਵੇਂ ਪ੍ਰੰਤੂ ਢੁਕਵੇਂ ਇਲਾਕੇ ਵਿਚ ਮਿੱਟੀ ਦੀ ਭਰਤ ਪੁਆ ਕੇ ਮਕਾਨਾਂ ਦੀ ਉਸਾਰੀ ਕੀਤੀ ਹੈ। ਇਸ ਵਰਤਾਰੇ ਨੇ ਪਾਣੀ ਦੇ ਕੁਦਰਤੀ ਰਸਤੇ ਰੋਕ ਲਏ। ਨਤੀਜੇ ਸਾਹਮਣੇ ਹਨ।

ਚਲੋ ਹੋ ਗਿਆ ਸੋ ਬੀਤ ਗਿਆ; ਅੱਗੇ ਵਾਸਤੇ ਕੁਝ ਚੁਕੰਨੇ ਹੋਈਏ। ਮੈਂ ਸਿਵਲ ਇੰਜਨੀਅਰ ਨਹੀਂ। ਨਿਮਾਣੀ ਜਿਹੀ ਕੁਦਰਤੀ ਸੂਝ ਅਨੁਸਾਰ ਇਕ ਦੋ ਗੱਲਾਂ ਕਰਕੇ ਲੇਖ ਸਮਾਪਤ ਕਰਾਂਗਾ।

ਕਜੌਲੀ ਤੋਂ ਚੰਡੀਗੜ੍ਹ ਵਲ ਪਾਣੀ ਲਿਜਾਣ ਲਈ ਉਚਾਈ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਕੰਮ ਲਈ ਬਿਜਲੀ ਦਾ ਸਹਾਰਾ ਲੈਣਾ ਜ਼ਰੂਰੀ ਹੈ। ਅੱਗੇ ਵਾਸਤੇ ਇਹੋ ਜਿਹੇ ਖਰਚ ਤੋਂ ਬਚੀਏ।

ਇਕ ਹੋਰ ਭਿਆਨਕ ਦ੍ਰਿਸ਼ ਮੈਨੂੰ ਨਜ਼ਰ ਆ ਰਿਹਾ ਹੈ। ਦਰਿਆਵਾਂ ਨੂੰ ਜੋੜਨ ਦਾ ਜਨੂਨ ਸਿਆਸੀ ਗਲਿਆਰਿਆਂ ਵਿਚ ਗੂੰਜ ਰਿਹਾ ਹੈ। ਸਾਡੇ ਸਿਵਲ ਇੰਜਨੀਅਰ ਬਹੁਤ ਲਾਇਕ ਹਨ। ਵਿਦੇਸ਼ਾਂ ਵਿਚ ਵੀ ਕਈ ਥਾਵਾਂ 'ਤੇ ਇਨ੍ਹਾਂ ਦੀ ਮਸ਼ਹੂਰੀ ਹੈ ਪਰ ਭਾਰਤ ਵਿਚ ਪਤਾ ਨਹੀਂ ਕਿਉਂ ਮੈਨੂੰ ਇਨ੍ਹਾਂ ਵਿਚ ਕੁਝ ਕਮਜ਼ੋਰੀ ਨਜ਼ਰ ਆਉਂਦੀ ਹੈ। ਉਹ ਰਾਜਸੀ ਤਾਕਤਵਰ ਲੋਕਾਂ ਨੂੰ ਕਹਿ ਨਹੀਂ ਸਕਦੇ- ਰਾਣੀ ਸਾਹਿਬਾ ਅੱਗਾ ਢਕ। ਦਰਿਆਵਾਂ ਦੇ ਪਾਣੀ ਨੂੰ ਮਰਜ਼ੀ ਅਨੁਸਾਰ ਮੋੜਨਾ ਇਸ ਤਰ੍ਹਾਂ ਦੀ ਖੇਡ ਹੈ ਜਿਸ ਵਿਚ ਵਿਚਾਰੇ ਦਰਿਆ ਕਹਿਣਗੇ- ਜਿਨ੍ਹਾਂ ਰਾਹਾਂ ਦੀ ਅਸੀਂ ਸਾਰ ਨਾ ਜਾਣੀਏ, ਉਹਨੀਂ ਰਾਹੀਂ ਸਾਨੂੰ ਮੁੜਨਾ ਪਿਆ! ਰੱਬ ਜਾਣੇ ਨਤੀਜੇ ਕੀ ਨਿਕਲਣਗੇ!!

ਮਨੁੱਖ ਦੀ ਮਾਨਸਿਕਤਾ ਬਹੁਤ ਪੇਚੀਦਾ ਹੈ। ਸ਼ਕਤੀ ਅਤੇ ਮਾਇਆ ਬਹੁਤ ਵਿਅਕਤੀਆਂ ਵਿਚ ਮੁਹੰਮਦ ਤੁਗਲਕ ਵਾਲੀ ਰੁਚੀ ਨੂੰ ਜਨਮ ਦਿੰਦੀ ਹੈ। ਉਹ ਦਿੱਲੀ ਦੀ ਬਜਾਇ ਹਿੰਦੋਸਤਾਨ ਦੀ ਰਾਜਧਾਨੀ ਦੱਖਣ ਵੱਲ ਲਿਜਾਣ ਲਈ ਕਰੋੜਾਂ ਰੁਪਏ ਬਰਬਾਦ ਕਰ ਗਿਆ।

ਅੱਜ-ਕੱਲ੍ਹ ਸ਼ਹਿਰਾਂ ਅਤੇ ਪਿੰਡਾਂ ਵਿਚ ਖੁੱਲ੍ਹੇ ਫੰਡ ਮਿਲ ਜਾਣ, ਬੇਅੰਤ ਹਾਸੋ-ਹੀਣੇ ਪ੍ਰੋਜੈਕਟ ਨਜ਼ਰ ਆ ਜਾਂਦੇ ਹਨ। ਇਹ ਸਭ ਕੁਝ ਮੁਹੰਮਦ ਤੁਗਲਕ ਦੀ ਯਾਦ ਤਾਜ਼ਾ ਕਰਵਾ ਦਿੰਦਾ ਹੈ।

ਰੱਬ ਮਿਹਰ ਕਰੇ। ਇਸ ਤਰ੍ਹਾਂ ਦੀ ਮਾਨਸਿਕਤਾ ਨੂੰ ਬਰੇਕ ਲੱਗ ਜਾਣ ਤਾਂ ਚੰਗਾ ਹੈ; ਨਹੀਂ ਤਾਂ ਆਉਣ ਵਾਲੀਆਂ ਨਸਲਾਂ ਇਹ ਨਾ ਕਹਿਣ ਲੱਗ ਜਾਣ:

ਹਰ ਸ਼ਾਖ ਪੇ ਉੱਲੂ ਬੈਠਾ ਹੈ
ਅੰਜਾਮ-ਏ-ਗੁਲਿਸਤਾਂ ਕਿਆ ਹੋਗਾ।

# ਨੰਨਣ ਪਰਿਵਾਰ ਨੂੰ ਸਦਮਾ; ਮਾਤਾ ਗੁਰਦੀਪ ਕੌਰ ਦਾ ਦੇਹਾਂਤ

**ਬਰੈਂਪਟਨ:** ਗੁਰਦੀਪ ਕੌਰ ਨੰਨਣ ਲੰਘੀ 3 ਅਕਤੂਬਰ ਨੂੰ ਵਾਹਿਗੁਰੂ ਵਲੋਂ ਬਖਸ਼ੀ ਆਰਜਾ ਪੂਰੀ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਚਾਰ ਕੁ ਸਾਲ ਪਹਿਲਾਂ ਉਨ੍ਹਾਂ ਨੂੰ ਅਟੈਕ ਆਇਆ ਸੀ ਪਰ ਬੜੇ ਹੌਂਸਲੇ ਵਾਲੇ ਅਤੇ ਮਿਹਨਤੀ ਸਨ। ਬੜੇ ਸ਼ਾਂਤਮਈ ਉਨ੍ਹਾਂ ਨੇ ਆਖਰੀ ਸਾਹ ਲਿਆ। ਉਹ 93 ਸਾਲਾਂ ਦੇ ਸਨ। ਧਾਰਮਿਕ ਖਿਆਲਾਂ ਦੇ ਮਾਲਕ ਲੋੜਵੰਦਾਂ ਦੀ ਮਦਦ ਲਈ ਹਮੇਸ਼ਾਂ ਤਤਪਰ ਰਹਿੰਦੇ ਸਨ। ਉਨ੍ਹਾਂ ਦੇ ਪਤੀ ਸ. ਰਾਮ ਸਿੰਘ ਨੰਨਣ 25 ਸਾਲ ਪਹਿਲਾਂ 1998 ਵਿਚ ਗੁਜ਼ਰ ਗਏ ਸਨ। ਉਨ੍ਹਾਂ ਦੇ ਦੋ ਪੁੱਤਰ-ਗੁਰਦੇਵ ਸਿੰਘ ਨੰਨਣ ਅਤੇ ਮਨਜੀਤ ਸਿੰਘ ਨੰਨਣ ਮਿਸ਼ੀਗਨ ਰਹਿੰਦੇ ਹਨ ਅਤੇ ਸੁਰਜੀਤ ਸਿੰਘ, ਅਤੇ ਧੀ ਬਲਦੇਵ ਕੌਰ ਟੋਰਾਂਟੋ ਰਹਿੰਦੇ ਸਨ। ਉਹ ਆਪਣੇ ਪਿਛੇ 11 ਪੋਤੇ-ਪੋਤੀਆਂ ਅਤੇ ਦੋਹਤੇ-ਦੋਹਤੀਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

ਉਹ ਪੰਜਾਬ ਤੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੋਹਕਮਗੜ੍ਹ ਤੋਂ ਸਨ ਅਤੇ ਲੰਬਾ ਸਮਾਂ ਪਹਿਲਾਂ ਅਮਰੀਕਾ ਆ ਗਏ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ 14 ਅਕਤੂਬਰ ਸ਼ਨਿਚਰਵਾਰ ਨੂੰ Suite D&E 30 Bramwin Court, Brampton, Ontario ਵਿਖੇ 11 ਤੋਂ 1 ਵਜੇ ਦਰਮਿਆਨ ਹੋਵੇਗਾ। ਉਪਰੰਤ ਸਿੱਖ ਸਪਿਰਿਚੁਅਲ ਸੈਂਟਰ ਰੈਕਸਡੇਲ (9 Carrier Dr, Etobicoke, On, M9V 4B2) ਵਿਖੇ 2 ਤੋਂ 4 ਵਜੇ ਦਰਮਿਆਨ ਭੋਗ ਅਤੇ ਅੰਤਿਮ ਅਰਦਾਸ ਹੋਵੇਗੀ। ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਮਨਜੀਤ ਸਿੰਘ ਨੰਨਣ ਨਾਲ 269-876-0394 'ਤੇ ਸੰਪਰਕ ਕੀਤਾ ਜਾ ਸਕਦਾ ਹੈ।


TBF
THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !

CALIFORNIA
IMMIGRATION SERVICES INC.
Registered & Bonded

* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES

* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ



ROSY (Kanwal) KAUR
Immigration Consultant
408-422-8585
510-573-3666

Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377


Website: www.caials.com e-mail: rosy@caials.com

ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।



Homeopathicvibes

Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

GLOBAL

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਮੇਰੇ ਹਿੱਸੇ ਦਾ ਐੱਮ ਐੱਸ ਸਵਾਮੀਨਾਥਨ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
ਫੋਨ: 91-98157-78469
Sandhugulzar@yahoo.com

ਮੇਰੇ ਤਿੰਨ ਦਹਾਕੇ ਦੀ ਸਰਕਾਰੀ ਨੌਕਰੀ ਦਾ ਸਬੰਧ ਕੇਂਦਰ ਦੇ ਕ੍ਰਿਸ਼ੀ ਤੇ ਗ੍ਰਾਮ ਵਿਕਾਸ ਮੰਤਰਾਲਿਆਂ ਨਾਲ ਰਿਹਾ ਹੈ। ਮੈਂ ਐਮ.ਐਸ. ਰੰਧਾਵਾ, ਅਮਰੀਕ ਸਿੰਘ ਚੀਮਾ, ਤੇ ਜੀ.ਐਸ. ਕਾਲਕਟ ਵਰਗੇ ਖੇਤੀ ਵਿਗਿਆਨੀਆਂ ਨਾਲ ਕੰਮ ਕੀਤਾ ਹੈ। ਏਸ ਅਰਸੇ ਦੌਰਾਨ ਮੇਰਾ ਅਜਿਹੇ ਮਹਾਰਥੀਆਂ ਨਾਲ ਵੀ ਵਾਹ ਪਿਆ ਜਿਹੜੇ ਦੇਸ਼ ਦੇ ਖੇਤੀ ਪ੍ਰਬੰਧ ਨੂੰ ਪਰਨਾਏ ਹੋਏ ਸਨ। ਉਨ੍ਹਾਂ ਵਿਚੋਂ ਐੱਮ ਐੱਸ ਸਵਾਮੀਨਾਥਨ ਪ੍ਰਮੁੱਖ ਹੈ। ਮੈਡੀਕਲ ਡਾਕਟਰ ਦੀ ਸੰਤਾਨ ਹੋਣ ਦੇ ਬਾਵਜੂਦ ਉਸਨੇ ਖੇਤੀ ਵਿਗਿਆਨ ਨੂੰ ਅਪਣਾਇਆ। 18 ਵਰ੍ਹਿਆਂ ਦੇ ਨੌਜਵਾਨ ਸਵਾਮੀਨਾਥਨ ਨੂੰ 1943 ਦੇ ਬੰਗਾਲ ਕਾਲ ਨੇ ਏਨਾ ਝੰਜੋੜਿਆ ਕਿ ਉਸ ਦੇ ਮਨ ਉੱਤੇ ਦੇਸ਼ ਨੂੰ ਅਨਾਜ ਦੇ ਮਾਮਲੇ ਵਿਚ ਆਤਮ-ਨਿਰਭਰ ਕਰਨ ਦੀ ਡੂੰਘੀ ਲਕੀਰ ਖਿੱਚੀ ਗਈ।

ਜਦੋਂ ਕਾਇਮ-ਮੁਕਾਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਉਸ ਨੂੰ ਵੰਗਾਰਿਆ ਤਾਂ ਉਸ ਨੇ ਆਪਣੇ ਦੇਸ਼ ਵਿਚ ਕਣਕ ਦੀ ਉਪਜ ਵਿਚ ਕ੍ਰਾਂਤੀ ਲਿਆਉਣ ਲਈ ਨੌਰਮਨ ਬੋਰਲਾਗ ਵਲੋਂ ਮੈਕਸੀਕੋ ਵਿਚ ਅਪਣਾਏ ਗਏ ਮਧਰੀਆਂ ਕਣਕਾਂ ਦੇ ਮਾਡਲ ਨੂੰ ਆਪਣੇ ਦੇਸ਼ ਵਿਚ ਲਾਗੂ ਕਰ ਕੇ ਹੈਰਾਨ ਕਰਨ ਵਾਲੀ ਸਫਲਤਾ ਪਾਈ। ਉਦੋਂ ਸਵਾਮੀਨਾਥਨ ਨਵੀਂ ਦਿੱਲੀ ਦੇ ਪਟੇਲ ਨਗਰ ਇਲਾਕੇ ਦੀ ਬੁੱਕਲ ਵਿਚ ਪੈਂਦੇ ਪੂਸਾ ਇੰਸਟੀਚਿਊਟ ਵਿਚ ਤਾਇਨਾਤ ਸੀ। ਉਸ ਨੇ ਮਧਰੀ ਕਣਕ ਪੈਦਾ ਕਰ ਕੇ ਇਸ ਦੇ ਬੀਜਾਂ ਦੀਆਂ ਛੋਟੀਆਂ ਥੈਲੀਆਂ ਪੰਜਾਬ, ਹਰਿਆਣਾ ਤੇ ਪੱਛਮੀ ਉਤਰ ਪ੍ਰਦੇਸ਼ ਵਿਚ ਪਹੁੰਚਦੀਆਂ ਕਰ ਕੇ 1966-67 ਵਿਚ ਕਣਕ ਦੀ ਉਪਜ 1947 ਵਾਲੇ 60 ਲੱਖ ਟਨ ਦੀ ਥਾਂ 1966-67 ਵਿਚ ਪੌਣੇ ਦੋ ਸੌ ਕਰੋੜ ਟਨਾਂ ਤੱਕ ਪਹੁੰਚਾ ਦਿੱਤੀ।

ਇਨ੍ਹਾਂ ਦਿਨਾਂ ਵਿਚ ਹੀ ਮੈਂ ਆਪਣੇ ਜੱਦੀ ਪਿੰਡ (ਸੂਨੀ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ) ਅਤੇ ਨੇੜਲੇ ਪਿੰਡ ਵਿਚ ਮਧਰੀ ਕਣਕ ਦਾ ਬੀਜ ਪ੍ਰਚਾਰਨ ਦਾ ਮਨ ਬਣਾਇਆ ਤਾਂ ਮੈਨੂੰ ਐਮ.ਐਸ. ਰੰਧਾਵਾ ਸਵਾਮੀਨਾਥਨ ਕੋਲ ਭੇਜ ਦਿੱਤਾ। ਮੈਂ ਆਪਣੇ ਪੁਰਾਣੇ ਕੁਲੀਗ ਜੀ. ਮੁੱਥੁਸਵਾਮੀ ਨੂੰ ਨਾਲ ਲੈ ਕੇ ਸਵਾਮੀਨਾਥਨ ਨੂੰ ਜਾ ਮਿਲਿਆ। ਮੈਨੂੰ ਇਸ ਮੁਲਾਕਾਤ ਸਮੇਂ ਸਵਾਮੀਨਾਥਨ ਵਲੋਂ ਬੋਲੇ ਇਹ ਸ਼ਬਦ ਅੱਜ ਤੱਕ ਚੇਤੇ ਹਨ 'ਇਹ ਕੰਮ ਪੰਜਾਬੀ ਕਿਸਾਨ ਕਰ ਸਕਦੇ ਹਨ, ਤਾਮਿਲੀਅਨ ਨਹੀਂ।' ਫੇਰ ਉਸ ਨੇ ਸਾਨੂੰ ਬੀਜ ਵੰਡਣ ਵਾਲੇ ਅਧਿਕਾਰੀ ਕੋਲ ਭੇਜਦਿਆਂ ਉਸਨੂੰ ਤਾੜਨਾ ਕੀਤੀ ਕਿ ਇਸ ਪੰਜਾਬੀ ਨੌਜਵਾਨ ਨੂੰ ਮੁੜ ਮੇਰੇ ਕੋਲ ਨਾ ਆਉਣਾ ਪਵੇ।

ਉਹ ਦਿਨ ਤੇ ਅਹਿ ਦਿਨ ਮੇਰੀ ਸਵਾਮੀਨਾਥਨ ਨਾਲ ਮੁੜ ਕੋਈ ਮੁਲਾਕਾਤ ਨਹੀਂ ਹੋਈ। ਇਹ ਵੀ ਉਸਦੇ ਅਕਾਲ ਚਲਾਣੇ ਦੀਆਂ ਖ਼ਬਰਾਂ ਤੋਂ ਪਤਾ ਲੱਗਿਆ ਕਿ ਉਹ ਮੇਰੇ ਨਾਲੋਂ ਕੇਵਲ ਨੌਂ ਸਾਲ ਵੱਡਾ ਸੀ ਪਰ ਉਹਦੇ ਕੋਲ ਮੈਗਾਸੇਸੇ ਸਨਮਾਨ, ਪਦਮ ਸ੍ਰੀ, ਪਦਮ ਭੂਸ਼ਨ, ਤੇ ਪਦਮ ਵਿਭੂਸ਼ਨ ਤੋਂ ਬਿਨਾਂ 80 ਦੇ ਲਗਪਗ ਆਨਰੇਰੀ ਡਿਗਰੀਆਂ ਸਨ।

ਉਦੋਂ ਮੇਰੀ ਰਿਹਾਇਸ਼ ਰਾਜਿੰਦਰਾ ਨਗਰ ਦਿੱਲੀ ਦੇ ਉਸ ਮਕਾਨ ਵਿਚ ਸੀ ਜਿਸਦੀ ਛੱਤ ਉੱਤੋਂ ਰੋੜਾ ਮਾਰਿਆਂ ਪੂਸਾ ਇੰਸਟੀਚਿਊਟ ਦੇ ਵਿਹੜੇ ਜਾ ਗਿਰਦਾ ਸੀ। ਮੈਂ ਸ਼ਨਿੱਚਰਵਾਰ ਨੂੰ ਪੂਸਾ ਤੋਂ ਬੀਜ ਪ੍ਰਾਪਤ ਕਰ ਕੇ ਰਾਤ ਦੀ ਗੱਡੀ ਸਵਾਰ ਹੋ ਕੇ ਸਵੇਰ ਤੱਕ ਲੁਦਿਹਾਣਾ ਦੇ ਰੇਲਵੇ ਸਟੇਸ਼ਨ ਪਹੁੰਚ ਜਾਂਦਾ ਸਾਂ ਜਿਸਦੀ ਪਾਰਕਿੰਗ ਲਾਟ ਵਿਚ ਮੇਰਾ ਸਕੂਟਰ ਮੈਨੂੰ ਉਡੀਕ ਰਿਹਾ ਹੁੰਦਾ ਸੀ।



ਮੈਂ ਪੂਸਾ ਤੋਂ ਪ੍ਰਾਪਤ ਕੀਤੇ ਬੀਜਾਂ ਸਮੇਤ ਸਕੂਟਰ ਉੱਤੇ ਸਵਾਰ ਹੋ ਕੇ ਫਿਲੌਰ ਤੇ ਬੰਗਾ ਰਾਹੀਂ ਚਾਲੀ ਮੀਲ ਦਾ ਪੈਂਡਾ ਤੈਅ ਕਰਦਿਆਂ ਸਵੇਰ ਦੀ ਚਾਹ ਵੇਲੇ ਤੱਕ ਆਪਣੇ ਪਿੰਡ ਸੂਨੀ ਪਹੁੰਚ ਜਾਂਦਾ ਸਾਂ। ਨਵੇਂ ਬੀਜਾਂ ਦਾ ਚਰਚਾ ਤਾਂ ਬਹੁਤ ਪਰ ਇਹ ਮੇਰੇ ਬਾਪੂ ਜੀ ਨੂੰ ਨਹੀਂ ਸੀ ਭਾਉਂਦਾ। ਉਹ ਦੁਚਿੱਤੀ ਦਾ ਸ਼ਿਕਾਰ ਹੋਏ ਮੇਰੀ ਉਡੀਕ ਜ਼ਰੂਰ ਕਰਦੇ ਰਹਿੰਦੇ। ਬਹੁਤੀ ਏਸ ਕਰਕੇ ਕਿ ਉਨ੍ਹਾਂ ਦਾ ਪੜ੍ਹਿਆ-ਲਿਖਿਆ ਬੇਟਾ ਏਨਾ ਔਖਾ ਹੋ ਕੇ ਦਿੱਲੀ ਤੋਂ ਬੀਜ ਲਿਆਉਂਦਾ ਸੀ।

ਹੋਇਆ ਇਹ ਕਿ ਸਾਰੇ ਖੇਤ ਬੀਜੇ ਗਏ। ਪੂਸਾ ਵਾਲਿਆਂ ਕੋਲੋਂ ਵੀ ਹਰਿਆਣਾ ਤੇ ਯੂਪੀ ਵਾਲੇ ਏਨੇ ਬੀਜ ਲਿਜਾ ਚੁੱਕੇ ਸਨ ਕਿ ਉਨ੍ਹਾਂ ਦਾ ਖ਼ਜ਼ਾਨਾ ਖਾਲੀ ਹੋ ਗਿਆ। ਇਹ ਸਬੱਬ ਦੀ ਗੱਲ ਹੈ ਕਿ ਹਫ਼ਤੇ ਪਿੱਛੋਂ ਮੇਰੇ ਹੱਥ 10 ਕਿਲੋ ਬੀਜ ਹੋਰ ਲੱਗ ਗਿਆ, ਜਿਸ ਨੂੰ ਲੈ ਕੇ ਮੈਂ ਇਕ ਵਾਰੀ ਫੇਰ ਰਾਤ ਦੀ ਗੱਡੀ ਚੜ੍ਹ ਗਿਆ। ਘਰ ਪਹੁੰਚਿਆ ਤਾਂ ਮੇਰੇ ਮਾਪੇ ਹੈਰਾਨ ਹੋ ਗਏ, ਕਿਉਂਕਿ ਸਾਰੇ ਖੇਤਾਂ ਵਿਚ ਬਿਜਾਈ ਹੋ ਚੁੱਕੀ ਸੀ। ਜਿਹੜੇ ਮਾਰੂ ਖੇਤ ਨਵੇਂ ਬੀਜਾਂ ਦੀ ਪਹੁੰਚ ਤੋਂ ਪਹਿਲਾਂ ਬੀਜੇ ਗਏ ਸਨ ਉਨ੍ਹਾਂ ਵਿਚ ਬੀਜੀ ਹੋਈ ਕਣਕ ਗਿੱਠ-ਗਿੱਠ ਹੋਣ ਵਾਲੀ ਸੀ। ਮੈਂ ਆਪਣੇ ਮਾਪਿਆਂ ਨੂੰ ਮਨਾਉਣ ਦਾ ਯਤਨ ਕੀਤਾ ਕਿ ਉਸਦੇ ਉੱਤੇ ਸੁਹਾਗਾ ਫੇਰ ਕੇ ਉਸ ਥਾਂ ਮੇਰੇ ਲਿਆਂਦੇ ਨਵੇਂ ਬੀਜ ਬੀਜੇ ਜਾਣ।

ਮੇਰੀ ਮਾਂ ਤਾਂ ਚੁੱਪ ਰਹੀ ਪਰ ਬਾਪੂ ਜੀ ਪੈਰਾਂ 'ਤੇ ਪਾਣੀ ਨਾ ਪੈਣ ਦੇਣ। ਉਹ ਪੱਕੀ ਨਾਂਹ ਕਰ ਕੇ ਘਰੋਂ ਨਿਕਲ ਪਿੰਡ ਵੱਲ ਨੂੰ ਚਲੇ ਗਏ। ਮੈਂ ਇਸ ਮੌਕੇ ਦਾ ਲਾਭ ਲੈ ਕੇ ਤੇ ਮਾਂ ਦਾ ਵਿਸ਼ਵਾਸ ਜਿੱਤ ਕੇ ਖੁਰਲੀ ਬੱਧੇ ਬਲਦ ਖੋਲ੍ਹੇ ਤੇ ਉੱਗੀ ਹੋਈ ਕਣਕ ਉੱਤੇ ਸੁਹਾਗਾ ਫੇਰਨਾ ਸ਼ੁਰੂ ਕਰ ਦਿੱਤਾ। ਹਥਲਾ ਬੀਜ ਪੂਰਾ ਨਾ ਹੋਣ ਕਾਰਨ ਮੈਂ ਖੇਤ ਦਾ ਚੌਥਾ ਕੁ ਹਿੱਸਾ ਨਹੀਂ ਛੇੜਿਆ। ਉਧਰੋਂ ਬਾਪੂ ਜੀ ਵੀ ਪਿੰਡ ਦਾ ਗੇੜਾ ਕੱਢ ਕੇ ਘਰ ਪਹੁੰਚੇ ਤਾਂ ਉਨ੍ਹਾਂ ਨੂੰ ਮੇਰੀ ਮਾਂ ਕੋਲੋਂ ਸਾਰੀ ਖ਼ਬਰ ਮਿਲ ਗਈ। ਉਹ ਖੇਤ ਪਹੁੰਚ ਕੇ ਮੇਰਾ ਕਾਰਾ ਵੇਖ ਥੋੜ੍ਹੀ ਦੇਰ ਤਾਂ ਚੁੱਪ ਰਹੇ ਫੇਰ ਮੈਨੂੰ ਸੁਹਾਗੇ ਤੋਂ ਉਤਾਰ ਖ਼ੁਦ ਸੁਹਾਗੇ ਉੱਤੇ ਚੜ੍ਹਨ ਸਮੇਂ ਕੇਵਲ ਏਨਾ ਹੀ ਬੋਲੇ, 'ਵੇਖ ਲਵਾਂਗੇ ਪਹਿਲਾਂ ਬੀਜੇ ਪੌਦਿਆਂ ਦੀ ਥਾਂ ਤੇਰੇ ਵਾਲਿਆਂ ਨੂੰ ਜਿਹੜੇ ਅੰਗੂਰ ਲੱਗਣਗੇ। ਜਿਹੜਾ ਭਾਣਾ ਵਰਤਣਾ ਸੀ ਵਰਤ ਚੁੱਕਾ ਹੈ, ਤੂੰ ਪਾਰ ਜਾ ਕੇ ਮੇਰੇ ਲਈ ਚਾਹ ਭਿਜਵਾ ਦੇ।'

ਮੈਂ ਘਰ ਜਾਣ ਦੀ ਥਾਂ ਗਵਾਂਢੀ ਪਿੰਡ ਦੇ ਉਸ ਕਿਸਾਨ ਕੋਲ ਚਲਾ ਗਿਆ ਜਿਸਦੇ ਖੇਤ ਦਾ ਬੰਨਾ ਸਾਡੇ ਖੇਤ ਨਾਲ ਸਾਂਝਾ ਸੀ ਤੇ ਜਿਸਦੇ ਖੇਤ ਵਿਚ ਟਿਊਬਵੈੱਲ ਲੱਗਿਆ ਹੋਇਆ ਸੀ। ਮੈਂ ਜਾਣਦਾ ਸਾਂ ਕਿ ਨਵੀਂ ਕਣਕ ਨੂੰ ਨਵੀਂ ਖਾਦ ਤੇ ਪਾਣੀ ਦੀ ਲੋੜ ਸੀ। ਮੈਂ ਉਸ ਜੱਟ ਨੂੰ ਪੈਸਿਆਂ ਦੇ ਪਾਣੀ ਲਈ ਮਨਾ ਲਿਆ। ਉਹ ਵੀ ਖੁਸ਼ ਤੇ ਮੈਂ ਵੀ। ਓਧਰ ਘਰੋਂ ਚਾਹ ਵੀ ਆ ਚੁੱਕੀ ਸੀ ਜਿਹੜੀ ਮੈਂ ਤੇ ਬਾਪੂ ਜੀ ਨੇ ਚੁੱਪ ਚੁਪੀਤਿਆਂ ਪੀਤੀ। ਇੱਕ ਦੂਜੇ ਨਾਲ ਇੱਕ ਵੀ ਸ਼ਬਦ ਸਾਂਝਾ ਕੀਤੇ ਬਿਨਾਂ।

ਮੇਰਾ ਪਿੰਡ ਆਉਣਾ ਜਾਰੀ ਰਿਹਾ। ਨਵੇਂ ਬੀਜਾਂ ਲਈ ਰਸਾਇਣਕ ਖਾਦ ਵੀ ਚਾਹੀਦੀ ਸੀ ਤੇ ਕੀਟ ਨਾਸ਼ਕ ਦੁਆਈਆਂ ਵੀ, ਜਿਸਦਾ ਜੁਗਾੜ ਮੈਂ ਹੀ ਕਰ ਸਕਦਾ ਸੀ। ਥੋੜ੍ਹੇ ਦਿਨਾਂ ਪਿੱਛੋਂ ਨਵੇਂ ਬੀਜ ਉੱਗ ਕੇ ਵਧਣ ਲੱਗੇ ਤਾਂ ਨਾਲ ਗਵਾਂਢੀ ਪਿੰਡਾਂ ਦੇ ਲੋਕ ਵੇਖਣ ਆਉਂਦੇ। ਮੇਰੇ ਪਿਤਾ ਕੋਲ ਮੇਰੀਆਂ ਸਿਫਤਾਂ ਵੀ ਕਰਦੇ ਤੇ ਅਗਲੇ ਸਾਲ ਵਾਸਤੇ ਬੀਜਾਂ ਦੀ ਮੰਗ ਵੀ ਪਾਉਂਦੇ। ਬਾਪੂ ਜੀ ਤਨੋਂ-ਮਨੋਂ ਤਾਂ ਖੁਸ਼ ਹੁੰਦੇ ਪਰ ਮੂੰਹੋਂ ਕੁਝ ਨਾ ਬੋਲਦੇ। ਰਸਾਇਣਕ ਖਾਦਾਂ ਸਦਕਾ ਉੱਗੀ ਮਧਰੀ ਕਣਕ ਦੇ ਪੌਦਿਆਂ ਨੂੰ ਹਨੇਰੀ ਝੱਖੜ ਨੇ ਤਾਂ ਕੀ ਕਹਿਣਾ ਸੀ ਕੀਟਨਾਸ਼ਕ ਦੁਆਈਆਂ ਦੀ ਵਰਤੋਂ ਕਾਰਨ ਕੋਈ ਰੋਗ ਵੀ ਨਹੀਂ ਲੱਗਿਆ। ਅੰਤਕਾਰ ਉਪਜ ਏਨੀ ਵੱਧ ਹੋਈ ਕਿ ਬਾਪੂ ਜੀ ਰਿਸ਼ਤੇਦਾਰਾਂ ਕੋਲ ਇਸਦੀ ਬਾਤ ਪਾਉਂਦੇ ਨਾ ਥੱਕਦੇ। ਆਪਣੀਆਂ ਭੈਣਾਂ ਦੇ ਜਾਂਦੇ ਜਾਂ ਨੂੰਹਾਂ ਧੀਆਂ ਦੇ ਘਰ, ਆਪਣੇ ਪੱਲੇ ਨਵੇਂ ਬੀਜ ਏਦਾਂ ਲੈ ਕੇ ਜਾਂਦੇ ਜਿਵੇਂ ਸ਼ਹਿਰੋਂ ਪਰਤਦੇ ਸਮੇਂ ਲੱਡੂ ਪੇੜੇ ਲੈ ਕੇ ਆਇਆ ਕਰਦੇ ਸਨ। ਇਹ ਸਾਰਾ ਮੇਰੀ ਸਵਾਮੀਨਾਥਨ ਨਾਲ ਦਸ ਮਿੰਟ ਦੀ ਮਿਲਣੀ ਦਾ ਪ੍ਰਤਾਪ ਸੀ।

ਸਵਾਮੀਨਾਥਨ ਨੇ ਮੇਰੇ ਇਲਾਕੇ ਦੇ ਲੋਕਾਂ ਨੂੰ ਨਵੇਂ ਬੀਜ ਹੀ ਨਹੀਂ ਦਿੱਤੇ ਸਮੇਂ ਦੀ ਸਰਕਾਰ ਨੂੰ ਘੱਟੋ-ਘੱਟ ਖਰੀਦ ਮੁੱਲ ਲਈ ਵੀ ਪ੍ਰੇਰਿਆ। ਭਾਰਤ ਨੂੰ ਉਸ ਦੀ ਦੇਣ ਮਹਾਨ ਸੀ। ਜੇ ਕਿਧਰੇ ਦੂਰ ਨੇੜੇ ਦੇ ਪਹਾੜੀ ਇਲਾਕੇ ਉਹਦੇ ਵੱਲੋਂ ਰੁੱਖਾਂ ਦੀ ਸਾਂਭ-ਸੰਭਾਲ ਲਈ ਪ੍ਰਚਾਰੇ ਨੁਕਤਿਆਂ ਉੱਤੇ ਅਮਲ ਕਰਦੇ ਤਾਂ ਨਾ ਹੀ ਹਿਮਾਚਲ ਪ੍ਰਦੇਸ਼ ਵਿਚ ਵਰਖਾ ਵਾਲੀ ਤਬਾਹੀ ਹੋਣੀ ਸੀ ਤੇ ਨਾ ਹੀ ਜੋਸ਼ੀਮੱਠ ਵਰਗਾ ਵਰਤਾਰਾ। ਐਮ.ਐਸ. ਸਵਾਮੀਨਾਥਨ ਅਮਰ ਰਹੇ!

### ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਜਨਮ ਦਿਨ

ਮਨਮੋਹਨ ਸਿੰਘ ਦਸ ਸਾਲ ਪ੍ਰਧਾਨ ਮੰਤਰੀ ਰਹੇ। ਉਹ ਇਸ ਤੋਂ ਪਹਿਲਾਂ ਪੀ.ਵੀ. ਨਰਸਿਮਹਾ ਰਾਓ ਦੀ ਸਰਕਾਰ ਵਿਚ ਵਿੱਤ ਮੰਤਰੀ ਸਨ। ਆਪਣੇ ਕਾਰਜ ਕਾਲ ਵਿਚ ਉਨ੍ਹਾਂ ਨੇ ਦੇਸ਼ ਦੀ ਅਰਥ-ਵਿਵਸਥਾ ਨੂੰ ਡੋਲਣ ਨਹੀਂ ਦਿੱਤਾ। ਸਤੰਬਰ 2023 ਦੇ ਅੰਤਲੇ ਹਫ਼ਤੇ ਉਹ 91 ਸਾਲ ਦੇ ਹੋ ਗਏ ਹਨ। ਮੈਂ ਉਨ੍ਹਾਂ ਨੂੰ ਕੇਵਲ ਇਕ ਵਾਰ ਮਿਲਿਆ। ਆਪਣੀ 'ਦੇਸ ਸੇਵਕ' ਦੀ ਸੰਪਾਦਕੀ ਸਮੇਂ ਲਾਜਪਤ ਰਾਏ ਭਵਨ, ਚੰਡੀਗੜ੍ਹ ਵਿਚ ਇਕ ਸਮਾਗਮ ਸਮੇਂ ਜਿਥੇ ਉਹ ਮੁੱਖ ਮਹਿਮਾਨ ਸਨ। ਉਹ ਐਨ ਸਮੇਂ ਸਿਰ ਪਹੁੰਚ ਗਏ। ਪ੍ਰਬੰਧਕਾਂ ਨੇ ਉਨ੍ਹਾਂ ਨੂੰ ਆਦਰ ਮਾਣ ਨਾਲ ਅਗਲੀਆਂ ਕੁਰਸੀਆਂ 'ਤੇ ਬਿਠਾ ਦਿੱਤਾ ਤੇ ਦੂਜੇ ਮਹਿਮਾਨਾਂ ਦੇ ਸਵਾਗਤ ਲਈ ਜਾਣ ਤੋਂ ਪਹਿਲਾਂ ਸੰਸਥਾ ਦੇ ਚੇਅਰਮੈਨ ਓਂਕਾਰ ਚੰਦ ਨੇ ਮੈਨੂੰ ਵੇਖ ਲਿਆ ਤੇ ਮੁੱਖ ਮਹਿਮਾਨ ਦੀ ਇਕੱਲਤਾ ਤੋੜਨ ਮੈਨੂੰ ਉਨ੍ਹਾਂ ਦੇ ਕੋਲ ਬਿਠਾ ਆਇਆ।

ਮੈਨੂੰ ਸਮਝ ਨਾ ਆਵੇ ਮੈਂ ਉਨ੍ਹਾਂ ਨਾਲ ਕੀ ਗੱਲ ਕਰਾਂ। ਪਰ ਮੈਂ ਜਾਣਦਾ ਸਾਂ ਕਿ ਉਹ ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਪੜ੍ਹੇ ਹੋਏ ਸਨ ਜਿੱਥੇ ਮੇਰਾ ਮਿੱਤਰ ਸੁਰਜੀਤ ਹਾਂਸ ਉਨ੍ਹਾਂ ਵਾਂਗ ਹੋਸਟਲ ਵਿਚ ਰਹਿੰਦਾ ਸੀ। ਹੋਰ ਕੁਝ ਨਾ ਸੁੱਝਦਾ ਮੈਂ ਸੁਰਜੀਤ ਹਾਂਸ ਨਾਲ ਆਪਣੀ ਦੋਸਤੀ ਦੀ ਗੱਲ ਕੀਤੀ। 'ਉਹ ਤਾਂ ਅੱਜ ਕੱਲ੍ਹ ਪੰਜਾਬੀ ਯੂਨੀਵਰਸਟੀ ਪਟਿਆਲਾ ਦੇ ਫੈਲੋ ਹਨ ਤੇ ਸਮੁੱਚੇ ਸ਼ੇਕਸਪੀਅਰ ਦਾ ਪੰਜਾਬੀ ਅਨੁਵਾਦ ਕਰ ਰਹੇ ਹਨ।' ਉਨ੍ਹਾਂ ਦੇ ਸ਼ਬਦਾਂ ਵਿਚ ਹਾਂਸ ਪ੍ਰਤੀ ਸਤਿਕਾਰ ਦੀ ਭਾਵਨਾ ਨੇ ਮੈਨੂੰ ਹੈਰਾਨ ਕਰ ਦਿੱਤਾ। ਇਹ ਵੀ ਕਿ ਏਨੇ ਵਰ੍ਹਿਆਂ ਪਿੱਛੋਂ ਉਹ ਆਪਣੇ ਹੋਸਟਲ ਮੇਟ ਦੀਆਂ ਵਰਤਮਾਨ ਗਤੀਵਿਧੀਆਂ ਤੋਂ ਜਾਣੂ ਸਨ।

ਉਨ੍ਹਾਂ ਦੇ ਜਨਮ ਦਿਨ 'ਤੇ ਵਧਾਈ ਦਿੰਦਿਆਂ ਵੱਡੇ ਨੇਤਾਵਾਂ ਨੇ ਮਨਮੋਹਨ ਸਿੰਘ ਦੀ ਦੇਣ ਨੂੰ ਸਲਾਹੁੰਦਿਆਂ ਇਹ ਕਿਹਾ ਕਿ ਉਨ੍ਹਾਂ ਦਾ ਕੰਮ ਉਨ੍ਹਾਂ ਦੇ ਸ਼ਬਦਾਂ ਨਾਲੋਂ ਵੱਧ ਬੋਲਦਾ ਹੈ ਪਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਵਧਾਈ ਸੰਦੇਸ਼ ਵਿਚ ਏਸ ਤਰ੍ਹਾਂ ਦਾ ਕੋਈ ਵਿਸ਼ੇਸ਼ਣ ਨਹੀਂ ਵਰਤਿਆ। ਸ਼ਾਇਦ ਇਸ ਲਈ ਕਿ ਉਹ ਕਈ ਸਾਲਾਂ ਤੋਂ ਆਪਣੇ ਕਾਰਜਕਾਲ ਦੀਆਂ ਪ੍ਰਾਪਤੀਆਂ ਗਿਣਦੇ ਸਮੇਂ ਇਹੀਓ ਕਹਿੰਦੇ ਆ ਰਹੇ ਹਨ ਕਿ ਜੋ ਸੱਤਰ ਸਾਲ ਵਿਚ ਨਹੀਂ ਹੋ ਸਕਿਆ, ਉਨ੍ਹਾਂ ਨੇ ਸੱਤ ਸਾਲ ਵਿਚ ਕਰ ਵਿਖਾਇਆ ਹੈ। ਕਿੱਥੇ ਮਨਮੋਹਨ ਸਿੰਘ ਕਿੱਥੇ ਨਰਿੰਦਰ ਮੋਦੀ!

**ਅੰਤਿਕਾ**

—ਮਿਰਜ਼ਾ ਗ਼ਾਲਿਬ—

ਯੇਹ ਕਹਾਂ ਕੀ ਦੋਸਤੀ ਹੈ ਕਿ ਬਨੇ ਹੈਂ ਦੋਸਤ ਨਾਸਿਹ
ਕੋਈ ਚਾਰਾਸਾਜ਼ ਹੋਤਾ ਕੋਈ ਗ਼ਮ-ਗੁਸਾਰ ਹੋਤਾ।
ਯੇਹ ਮਸਾਇਲ ਏ ਤਸਵੱਫ, ਯੇਹ ਤੇਰਾ ਬਿਆਨ ਗ਼ਾਲਿਬ,
ਤੁਝੇ ਹਮ ਵਲੀ ਸਮਝਤੇ, ਜੋ ਨਾ ਬਾਦਖ਼ਵਾਰ ਹੋਤਾ।

# ਲਗਾਂ-ਮਾਤਰਾਂ ਤੋਂ ਅਣਜਾਣ ਕਰਦੇ ਘਾਣ!

ਇਸ ਸ਼ਿਅਰ ਤੋਂ ਗੱਲ ਸ਼ੁਰੂ ਕਰਦੇ ਹਾਂ-

'ਕਿੰਨਾਂ ਫਿਕਰ ਗਜ਼ਲਗੋ ਕਰਦੇ
ਨਿੱਕੀ ਇੱਕ ਸਿਹਾਰੀ ਦਾ।
ਐਪਰ ਚੇਤਾ ਭੁੱਲ ਜਾਂਦੇ ਨੇ
ਦਿਲ 'ਤੇ ਚਲਦੀ ਆਰੀ ਦਾ!'



**ਤਰਲੋਚਨ ਸਿੰਘ 'ਦੁਪਾਲ ਪੁਰ'**
ਫੋਨ: 1-408-915-1268

ਜਦੋਂ ਤੋਂ ਸਕੂਲਾਂ ਵਿਚ ਫੱਟੀਆਂ ਲਿਖਣੀਆਂ ਅਤੇ ਮੁਹਾਰਨੀ ਸਿਖਾਉਣੀ ਬੰਦ ਹੋਈਆਂ, ਉਦੋਂ ਤੋਂ ਹੀ ਪੰਜਾਬੀ ਲਿਖਣ ਵਿਚ ਗਲਤੀਆਂ ਦੀ ਭਰਮਾਰ ਹੋਣ ਲੱਗ ਪਈ ਹੈ। ਸਿਹਾਰੀ ਬਿਹਾਰੀ ਦੀਆਂ ਅਵਾਜ਼ਾਂ ਤੋਂ ਅਣਜਾਣ ਕਈ ਸੱਜਣ 'ਕੋਟਿ ਕੋਟਿ' ਨੂੰ 'ਕੋਟੀ ਕੋਟੀ' ਲਿਖਦੇ ਅਤੇ ਬੋਲਦੇ ਆਮ ਦੇਖੀ ਦੇ ਹਨ।

ਬਹੁਤੇ ਪੰਜਾਬੀ ਪੱਤਰਕਾਰਾਂ ਦੀਆਂ ਲਿਖਤਾਂ ਪੜ੍ਹ ਕੇ ਦੁੱਖ ਵੀ ਹੁੰਦਾ ਹੈ ਤੇ ਹਾਸਾ ਵੀ ਆਉਂਦਾ ਹੈ। ਸ੍ਰੀ ਨਰਿੰਦਰ ਮੋਦੀ ਨੂੰ ਪਹਿਲੀ ਵਾਰ ਪ੍ਰਧਾਨ ਮੰਤਰੀ ਬਣਾਉਣ ਵਾਲੀ ਲੋਕ ਸਭਾ ਚੋਣ ਮੌਕੇ ਸਵਰਗੀ ਬਾਦਲ ਨੇ ਪੰਜਾਬ 'ਚ ਕਿਤੇ ਚੋਣ ਪ੍ਰਚਾਰ ਕਰਦਿਆਂ ਕਿਹਾ ਕਿ ਜੇ ਸ੍ਰੀ ਮੋਦੀ ਪ੍ਰਧਾਨ ਮੰਤਰੀ ਬਣ ਗਏ ਤਾਂ ਉਹ ਪੰਜਾਬ ਨੂੰ ਨੋਟਾਂ ਦੇ ਟਰੰਕ ਭਰ ਭਰ ਕੇ ਭੇਜਿਆ ਕਰਨਗੇ। ਟਿੱਪੀ ਤੋਂ ਅਣਜਾਣ ਕਿਸੇ ਪੱਤਰਕਾਰ ਨੇ ਟਰੰਕ ਨੂੰ 'ਟਰਕ' ਲਿਖ ਮਾਰਿਆ। ਬਸ ਫਿਰ ਮੱਖੀ 'ਤੇ ਮੱਖੀ ਮਾਰਨ ਵਾਲੇ ਪੱਤਰਕਾਰਾਂ ਨੇ ਇਹ ਨਹੀਂ ਸੋਚਿਆ ਕਿ ਬੈਂਕਾਂ ਵਾਲੇ ਕਰੰਸੀ ਨੋਟ ਇੱਧਰ ਉੱਧਰ ਦੀਆਂ ਬਰਾਂਚਾਂ ਵੱਲ ਭੇਜਣ ਵੇਲੇ ਟਰੰਕਾਂ ਵਿਚ ਨੋਟ ਭੇਜਦੇ ਹਨ ਟਰੱਕਾਂ ਵਿਚ ਨਹੀਂ! ਸੋ ਉਨ੍ਹਾਂ 'ਚੋਂ ਕਈਆਂ ਨੇ 'ਟਰਕ' ਉੱਤੇ ਟਿੱਪੀ ਪਾਉਣ ਦੀ ਬਜਾਏ ਅੱਧਕ ਵੀ ਪਾ ਲਿਆ ਹੋਵੇ ਗਾ! ਬਸ ਜੀ, ਬਾਦਲ ਸਾਹਬ ਲਈ 'ਨੋਟਾਂ ਦੇ ਟਰੱਕਾਂ' ਵਾਲਾ ਮਿਹਣਾ ਹੀ ਗੱਜ ਵੱਜ ਕੇ ਮਸ਼ਹੂਰ ਹੋ ਗਿਆ!

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਭਾਈ ਬਲਵੀਰ ਸਿੰਘ ਨਾਂ ਵਾਲੇ ਸੇਵਾਦਾਰ ਰਹੇ ਹਨ ਜਿਨ੍ਹਾਂ ਨੇ ਬਰਗਾੜੀ ਦੇ ਬੇਅਦਬੀ ਕਾਂਡ ਤੋਂ ਬਾਅਦ ਸ੍ਰੀ ਦਰਬਾਰ ਸਾਹਬ ਮੱਥਾ ਟੇਕਣ ਗਏ ਵੱਡੇ ਬਾਦਲ ਨੂੰ ਪੰਥਕ ਰੋਹ 'ਚ ਆ ਕੇ ਸਿਰੋਪਾ ਨਹੀਂ ਸੀ ਦਿੱਤਾ। ਸ੍ਰੀ ਦਰਬਾਰ ਸਾਹਿਬ




ਅੰਦਰ 'ਫਰਾਸ਼' ਦੀ ਸੇਵਾ ਕਰਨ ਸਦਕਾ ਉਨ੍ਹਾਂ ਨੂੰ 'ਭਾਈ ਬਲਵੀਰ ਸਿੰਘ ਫਰਾਸ਼' ਵਜੋਂ ਜਾਣਿਆ ਜਾਂਦਾ ਸੀ ਪਰ ਬਾਦਲ ਨੂੰ ਸਿਰੋਪਾ ਨਾ ਦੇਣ ਵਾਲੀ ਘਟਨਾ ਬਾਰੇ ਖਬਰ ਬਣਾਉਣ ਵਾਲੇ ਕਿਸੇ ਪੱਤਰਕਾਰ ਭਰਾ ਨੇ ਫਰਾਸ਼ ਸ਼ਬਦ ਨੂੰ 'ਫਰਾਂਸ' ਲਿਖ ਦਿੱਤਾ!

'ਕੱਢੀ ਕਢਾਈ ਕਬਰ ਚਾਹੁਣ' ਦੇ ਮੁਹਾਵਰੇ ਮੂਜਬ ਪੱਤਰਕਾਰਾਂ ਨੇ ਬਿਨਾਂ ਕੋਈ ਪੁੱਛ ਪੜਤਾਲ ਕਰਨ ਦੇ ਭਾਈ ਬਲਵੀਰ ਸਿੰਘ ਹੁਣਾ ਨੂੰ 'ਫਰਾਂਸੀਸੀ' ਬਣਾ ਛੱਡਿਆ!

ਇਸ ਗੱਲ ਦਾ ਭੇਤ ਤਾਂ ਉਦੋਂ ਖੁੱਲ੍ਹਿਆ ਜਦ ਇੱਕ ਪੱਤਰਕਾਰ ਨਾਲ ਇੰਟਰਵਿਊ ਕਰਦਿਆਂ ਭਾਈ ਸਾਹਿਬ ਨੇ ਕਿਹਾ, "ਮੈਂ ਤਾਂ ਆਪਣੀ ਡਿਊਟੀ ਕਰਨ ਵਾਸਤੇ ਵੀ ਸ੍ਰੀ ਦਰਬਾਰ ਸਾਹਿਬ ਨੂੰ ਸਾਈਕਲ 'ਤੇ ਆਉਂਦਾ ਹਾਂ! ਮੈਂ ਤਾਂ ਕਦੇ ਜਹਾਜ਼ ਦਾ ਸਫਰ ਹੀ ਨਹੀਂ ਕੀਤਾ, ਮੇਰਾ ਫਰਾਂਸ ਨਾਲ ਕੀ ਸਬੰਧ ਹੋਇਆ?"

ਪੰਜਾਬ ਦੇ ਸਰਹੱਦੀ ਖੇਤਰ ਵਿਚ ਇੱਕ ਪਿੰਡ ਹੈ ਆਸਲ ਉਤਾੜ! ਕਿਸੇ ਭੱਦਰ ਪੁਰਸ਼ ਪੱਤਰਕਾਰ ਨੇ ਕਿਤੇ ਅੰਗਰੇਜ਼ੀ ਵਿਚ ਲਿਖਿਆ Asal Otar ਦੇਖ ਕੇ ਪਿੰਡ ਦਾ ਨਾਂ ਲਿਖ ਦਿੱਤਾ-'ਅਸਲ ਉੱਤਰ!'

ਮੈਂ ਖ਼ੁਦ ਅਕਸਰ ਲਿਖਦਾ ਰਿਹਾਂ ਕਿ ਫਲਾਣੇ ਲੇਖਕ ਦੀਆਂ ਲਿਖਤਾਂ ਵਿਚ 'ਕਮਾਲ ਦੀ ਰਵਾਨਗੀ' ਹੈ! ਇੰਗਲੈਂਡ ਦੀ 'ਪੰਜਾਬ ਟਾਈਮਜ਼' ਵਿਚ ਛਪੀ ਮੇਰੀ ਕਿਸੇ ਲਿਖਤ ਵਿਚ ਇਹ ਸ਼ਬਦ ਪੜ੍ਹ ਕੇ ਮਰਹੂਮ ਅਮੀਨ ਮਲਿਕ ਜੀ ਨੇ ਮੈਨੂੰ ਟੋਕਿਆ ਕਿ ਜਨਾਬ ਰਵਾਨਗੀ ਅਤੇ 'ਰਵਾਨੀ' ਵਿਚ ਬਹੁਤ ਫਰਕ ਹੁੰਦਾ ਏ! ਉਨ੍ਹਾਂ ਸਮਝਾਇਆ ਕਿ ਕਿਸੇ ਇੱਕ ਵਿਅਕਤੀ ਜਾਂ ਜਨਸਮੂਹ ਵਲੋਂ ਇੱਕ ਥਾਂ ਤੋਂ ਦੂਜੀ ਜਗ੍ਹਾ ਵੱਲ ਚੱਲ ਪੈਣ ਨੂੰ 'ਰਵਾਨਗੀ' ਕਹਿੰਦੇ ਨੇ ਤੇ ਵਗਦੇ ਪਾਣੀ ਦੀ ਰਵਾਨੀ ਹੁੰਦੀ ਏ!

ਇਸੇ ਤਰ੍ਹਾਂ ਇਕ ਵਾਰ ਪਿੰਡੋਂ ਨਵਾਂ ਸ਼ਹਿਰ ਵੱਲ ਜਾਂਦਿਆਂ ਸਾਡੀ ਕਾਰ ਦੇ ਅੱਗੇ ਜਾ ਰਹੀ ਕਾਰ ਦੇ ਪਿਛਲੇ ਸ਼ੀਸ਼ੇ ਉੱਤੇ 'ਅਗਰੇਜ ਖਗੇ ਤਾ ਟਗੇ ਸੀ!' ਲਿਖਿਆ ਦੇਖ ਕੇ ਮੈਂ ਸੋਚੀਂ ਪੈ ਗਿਆ ਕਿ ਇਹ ਤਾਂ ਆਮ ਵਾਂਗ ਕੋਈ ਜਾਤ-ਗੋਤ ਜਾਂ ਕਿਸੇ ਪਿੰਡ ਦਾ ਨਾਂ ਵੀ ਨਹੀਂ ਲਗਦਾ! ਉਸੇ ਵੇਲੇ ਮੇਰੀ ਨਜ਼ਰ ਪਈ ਇਸ ਸਤਰ ਦੇ ਹੇਠਾਂ ਹੱਥ ਵਿਚ ਪਿਸਤੌਲ ਤੇ ਮੁੱਛ ਮਰੋੜਦੇ ਸ਼ਹੀਦ ਭਗਤ ਸਿੰਘ ਦੀ ਫੋਟੋ 'ਤੇ! ਫਿਰ ਮੇਰੇ ਖਾਨੇ ਪੈ ਗਈ ਕਿ ਇਹ ਲਿਖਣ ਵਾਲਾ 'ਅਣਖੀਲਾ ਸ੍ਰੀ ਮਾਨ' ਤਿੰਨ ਟਿੱਪੀਆਂ ਤੇ ਇੱਕ ਬਿੰਦੀ ਖਾ ਗਿਆ ਐ-'ਅੰਗਰੇਜ਼ ਖੰਘੇ ਤਾਂ ਟੰਗੇ ਸੀ!'

ਹਮ ਦੁਆ ਲਿਖਤੇ ਗਏ ਵੋਹ ਦਗਾ ਪੜ੍ਹਤੇ ਗਏ
ਏਕ ਨੁਕਤੇ ਨੇ ਹਮੇਂ ਮਹਰਮ ਸੇ ਮੁਜ਼ਰਮ ਕਰ ਦੀਆ।

# ਸ਼ਿਵ ਦੀ ਸ਼ਾਇਰੀ ਤੇ ਜੀਵਨ

**ਕਲਾ ਪਰਿਕਰਮਾ**

ਪੰਜਾਬੀ ਸਾਹਿਤ ਵਿਚ ਸ਼ਿਵ ਨੂੰ ਬਿਰਹਾ ਦਾ ਸ਼ਾਇਰ ਮੰਨਿਆ ਗਿਆ ਹੈ। ਅੱਜ ਵੀ ਨੌਜਵਾਨ ਪੀੜ੍ਹੀ ਸ਼ਿਵ ਦੀ ਪਾਠਕ ਤੇ ਪ੍ਰਸ਼ੰਸਕ ਹੈ। ਜਿਊਂਦੇ ਜੀਅ ਸ਼ਿਵ ਮਿੱਥ ਬਣਿਆ ਰਿਹਾ। ਉਸ ਦੇ ਆਲੇ-ਦੁਆਲੇ ਉਹਦੀ ਰਚਨਾ ਅਤੇ ਜ਼ਿੰਦਗੀ ਨੂੰ ਲੈ ਕੇ ਕਈ ਭਰਮ ਭੁਲੇਖੇ ਸਿਰਜੇ ਗਏ। ਜ਼ਿਆਦਾਤਰ ਕਰੀਬੀਆਂ ਨੇ ਉਸ ਦੀ ਨੇੜਤਾ ਦਾ ਫ਼ਾਇਦਾ ਉਠਾ ਕੇ ਉਸ ਬਾਰੇ ਕਈ ਮਿੱਥਾਂ ਘੜ ਲਈਆਂ। ਉਸ ਦੇ ਪ੍ਰੇਮ ਪ੍ਰਸੰਗਾਂ ਨੂੰ ਚਟਖਾਰੇ ਲਾ-ਲਾ ਕੇ ਪੇਸ਼ ਕੀਤਾ। ਅਸਲ ਵਿਚ ਸ਼ਿਵ ਪੰਜਾਬੀ ਦਾ ਅਜਿਹਾ ਕਵੀ ਸੀ ਜਿਸ ਨੇ ਪੰਜਾਬੀ ਕਾਵਿ ਜਗਤ ਨੂੰ ਨਵੇ ਭਾਸ਼ਾਈ ਨਕਸ਼ ਦਿੱਤੇ। ਉਸ ਦੀ ਕਵਿਤਾ ਵਿਚ ਨਵੇਂ ਸੰਚਾਰ ਮਾਡਲ ਨਜ਼ਰ ਆਉਂਦੇ ਹਨ। ਇੱਕ ਪਾਸੇ ਉਹ ਪਰੰਪਰਾ ਦਾ ਭੰਜਕ ਹੈ, ਦੂਜੇ ਪਾਸੇ ਨਵੀਆਂ ਪਰੰਪਰਾਵਾਂ ਲਈ ਆਧਾਰ ਤਿਆਰ ਕਰਦਾ ਹੈ। 'ਲੂਣਾ' ਇਸ ਦੀ ਪ੍ਰਮੁੱਖ ਉਦਾਹਰਨ ਹੈ। ਅੱਜ ਵੀ ਲੋਕ ਉਸ ਦੀ ਨਿੱਜੀ ਜ਼ਿੰਦਗੀ ਤੇ ਉਸ ਨਾਲ ਜੁੜੇ



**ਪਰਮਜੀਤ ਢੀਂਗਰਾ**
ਫੋਨ: +91-94173-58120


ਸਰੋਕਾਰਾਂ ਬਾਰੇ ਜਾਣਨ ਦੇ ਇਛੁੱਕ ਹਨ। ਲੇਖਕਾ ਮਨੁ ਸ਼ਰਮਾ ਸੋਹਲ ਨੇ ਬੜੀ ਮਿਹਨਤ ਅਤੇ ਲਗਨ ਨਾਲ ਸ਼ਿਵ ਦੇ ਨੇੜਲੇ ਰਿਸ਼ਤੇਦਾਰਾਂ, ਜਾਣਕਾਰਾਂ, ਸਾਥੀਆਂ ਕੋਲੋਂ ਵੱਧ ਤੋਂ ਵੱਧ ਜਾਣਕਾਰੀ ਇਕੱਤਰ ਕਰ ਕੇ ਵੱਡ-ਆਕਾਰੀ ਕਿਤਾਬ 'ਇਹੋ ਜਿਹਾ ਸੀ ਸ਼ਿਵ' ਤਿਆਰ ਕੀਤੀ ਹੈ।

ਇਸ ਕਿਤਾਬ ਦੇ ਦੋ ਭਾਗ ਹਨ। ਪਹਿਲਾ ਭਾਗ ਉਸ ਦੇ ਜੀਵਨ ਪ੍ਰਸੰਗਾਂ ਨਾਲ ਜੁੜਿਆ ਹੋਇਆ ਹੈ; ਮਸਲਨ, ਬਾਲ ਵਰੇਸ, ਸਕੂਲੀ ਵਿਦਿਆ, ਉਚੇਰੀ ਪੜ੍ਹਾਈ, ਰੁਜ਼ਗਾਰ ਦੇ ਵਸੀਲੇ, ਅਦਬੀ ਪਸਮੰਜਰ ਦੇ ਨਾਲ-ਨਾਲ ਪਿੰਡ ਭੋਆ, ਮੋਗਾ, ਨਾਭਾ, ਅੰਮ੍ਰਿਤਸਰ, ਚੰਡੀਗੜ੍ਹ, ਇੰਗਲੈਂਡ ਆਦਿ ਵਿਚ ਉਸ ਦੇ ਵਾਸ ਬਾਰੇ ਵਿਸਥਾਰ ਨਾਲ ਲਿਖਿਆ ਹੈ। ਬਾਲ ਵਰੇਸ ਵਾਲੇ ਹਿੱਸੇ ਵਿਚ ਸ਼ਿਵ ਦੇ ਵੱਡੇ ਵਡੇਰਿਆਂ ਤੋਂ ਲੈ ਕੇ ਉਸ ਦੇ ਜਨਮ ਬਾਰੇ ਦਿਲਚਸਪ ਜਾਣਕਾਰੀ ਦਿੱਤੀ ਹੈ, ਜਿਵੇਂ ਉਸ ਦੇ ਬਚਪਨ ਦਾ ਸਾਥੀ ਛੱਜੂ ਰਾਮ ਉਸ ਸਮੇਂ ਨੂੰ ਚਿਤਾਰਦਿਆਂ ਦੱਸਦਾ ਹੈ: 'ਜਦੋਂ ਤੱਕ ਘਰ ਵਿਚ ਨਲਕਾ ਨਹੀਂ ਲੱਗਿਆ, ਅਸੀਂ ਸਾਰੇ ਬਾਲ ਬਸੰਤਰ 'ਤੇ ਨਹਾਉਣ ਜਾਂਦੇ ਹੁੰਦੇ ਸਾਂ। ਲਾਗੇ ਹੀ ਬੇਲਾ ਸੀ ਜਿੱਥੇ ਅਸੀਂ ਖੇਡਦੇ ਸਾਂ। ਮੈਂ, ਦਵਾਰਕਾ ਤੇ ਸ਼ਿਵ ਚੌਕ ਵਿਚ ਬਣੇ ਵਰਨੈਕੂਲਰ ਸਕੂਲ ਵਿਚ ਇਕੱਠੇ ਪੜ੍ਹਨ ਜਾਂਦੇ ਸਾਂ। ਇਸ ਚੌਕ ਤੋਂ ਇੱਕ ਗਲੀ ਸਾਡੇ ਘਰਾਂ ਨੂੰ ਜਾਂਦੀ ਸੀ। ਸ਼ਿਵ ਨੂੰ ਛੋਟੇ ਹੁੰਦਿਆਂ ਕਾਕਾ ਕਹਿੰਦੇ ਸਨ। 'ਮੰਦੋ ਮਲੰਗ' ਵੀ ਕਹਿੰਦੇ ਸਨ। ਮੰਦੋ ਦੀ ਜੋ ਕਹਾਣੀ ਮੈਂ ਸੁਣੀ, ਉਹ ਇਸ ਤਰ੍ਹਾਂ ਸੀ ਕਿ ਮੰਦੋ ਮਲੰਗ ਲਾਹੌਰ ਵਿਚ ਕਿਤੇ ਮਜ਼ਦੂਰੀ ਕਰਦਾ ਸੀ ਤੇ ਆਪਣੇ ਪੈਸੇ ਕਿਸੇ ਕੋਲ ਜਮ੍ਹਾਂ ਕਰਵਾ ਦਿੰਦਾ ਸੀ ਕਿ ਮੈਂ ਇਕੱਠੇ ਲੈ ਲਵਾਂਗਾ। ਸ਼ਾਇਦ ਉਹਨੂੰ ਪੈਸੇ ਵਾਪਸ ਨਹੀਂ ਮਿਲੇ ਤੇ ਉਹ ਸ਼ੁਦਾਈ ਹੋ ਗਿਆ।'

ਅਸਲ ਵਿਚ ਸ਼ਿਵ ਦੇ ਘੁਮੱਕੜ ਅਤੇ ਮਸਤ ਮਲੰਗ ਸੁਭਾਅ ਕਰ ਕੇ ਹੀ ਉਸ ਨੂੰ ਮੰਦੋ ਮਲੰਗ ਕਿਹਾ ਜਾਂਦਾ ਸੀ। ਪਾਕਿਸਤਾਨ ਬਣਨ ਵੇਲੇ ਦਾ ਵੀ ਇੱਕ ਪ੍ਰਸੰਗ ਆਉਂਦਾ ਹੈ ਕਿ ਕਿਵੇਂ ਇੱਕ ਹਮਦਰਦ ਮੁਸਲਮਾਨ ਉਸ ਦੇ ਪਰਿਵਾਰ ਨੂੰ ਦੱਸਦਾ ਹੈ ਕਿ ਅੱਜ ਰਾਤ ਪਿੰਡ ਵਿਚ ਲੁੱਟ ਮਾਰ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ ਤੇ ਉਹ ਆਪਣਾ ਬਚਾਅ ਕਰ ਲੈਣ। ਅਖੀਰ ਉਨ੍ਹਾਂ ਦੇ ਪਿੰਡ ਛੱਡਣ ਦਾ ਵੇਲਾ ਆ ਗਿਆ ਜੋ ਅੱਜ ਕੱਲ੍ਹ ਜ਼ਿਲ੍ਹਾ ਨਾਰੋਵਾਲ ਪਾਕਿਸਤਾਨ ਵਿਚ ਹੈ। ਸ਼ਿਵ ਅਤੇ ਦਵਾਰਕਾ ਇਸ ਮਾਰ-ਧਾੜ ਦੇ ਸਮੇਂ ਬਚਦੇ ਬਚਾਉਂਦੇ ਅਖੀਰ ਡੇਰਾ ਬਾਬਾ ਨਾਨਕ ਪਹੁੰਚ ਗਏ। ਅਜਿਹੇ ਸਮੇਂ ਬਾਰੇ ਬਾਅਦ ਵਿਚ ਉਸ ਨੇ ਪ੍ਰਸਿੱਧ ਨਜ਼ਮ ਲਿਖੀ ਸੀ 'ਦੁੱਧ ਦਾ ਕਤਲ':

ਮੈਨੂੰ ਤੇ ਯਾਦ ਹੈ ਅੱਜ ਵੀ,  
ਤੇ ਤੈਨੂੰ ਯਾਦ ਹੋਵੇਗਾ  
ਜਦੋਂ ਦੋਹਾਂ ਨੇ ਰਲ ਕੇ  
ਆਪਣੀ ਮਾਂ ਦਾ ਕਤਲ ਕੀਤਾ ਸੀ  
ਉਸ ਦਾ ਲਹੂ ਜਿੱਦਾਂ  
ਕੁੱਤਿਆਂ ਕਾਵਾਂ ਨੇ ਪੀਤਾ ਸੀ  
ਆਪਣਾ ਨਾਂ ਅਸਾਂ ਸਾਰੇ ਹੀ ਪਿੰਡ ਵਿਚ  
ਭੰਡ ਲੀਤਾ ਸੀ  
ਅਸੀਂ ਇਸ ਕਤਲ ਲਈ  
ਦੋਹਾਂ ਹੀ ਮਜ਼ਹਬਾਂ ਦੇ ਪੜ੍ਹਾਏ ਸਾਂ  
ਤੇ ਦੋਵੇਂ ਹੀ ਕਪੁੱਤਰ ਸਾਂ  
ਤੇ ਮਜ਼ਹਬੀ ਜੂਨ ਆਏ ਸਾਂ।

ਸ਼ਿਵ ਕਵਿਤਾ ਲਿਖਣ ਦੇ ਨਾਲ-ਨਾਲ ਗਾਉਂਦਾ ਵੀ ਬਹੁਤ ਵਧੀਆ ਸੀ। ਉਸ ਦੇ ਗਲੇ ਵਿਚ ਸੁਰ-ਸੰਗੀਤ ਦਾ ਵਾਸ ਸੀ। ਖੈਰਾਤੀ ਲਾਲ ਨੇ ਸ਼ਿਵ ਨੂੰ ਪਹਿਲੀ ਵਾਰ ਆਪਣੀ ਦੁਕਾਨ 'ਤੇ ਗਾਉਂਦਿਆਂ ਸੁਣਿਆ, "ਸਾਡੀ ਬੜੀ ਪੁਰਾਣੀ ਸੋਡਾ ਵਾਟਰ ਦੀ ਦੁਕਾਨ ਸੀ। ਕੁਝ ਹੋਰ ਵਿਅਕਤੀ ਵੀ ਆਏ ਹੋਏ ਸਨ। ਸ਼ਿਵ ਨੇ ਚਿੱਟਾ ਕੁੜਤਾ ਪਜਾਮਾ ਪਾਇਆ ਹੋਇਆ ਸੀ। ਸਾਦੇ ਕੱਪੜਿਆਂ ਵਿਚ ਵੀ ਉਹ ਸਭ ਤੋਂ ਅਲੱਗ ਜਚ ਰਿਹਾ ਸੀ। ਜਦ ਉਸ ਨੇ ਗੀਤ ਛੋਹਿਆ ਤਾਂ ਜਿਵੇਂ ਹਵਾ ਠਹਿਰ ਗਈ ਸੀ। ਉਸ ਦੀ ਆਵਾਜ਼ ਬੜੀ ਕਮਾਲ ਦੀ ਸੀ।"





*ਸ਼ਿਵ ਕੁਮਾਰ ਬਾਰੇ ਕਿਤਾਬ ਦਾ ਮੁਖੜਾ।*



*ਸ਼ਿਵ ਕੁਮਾਰ*

ਉਸ ਦੀ ਜਮਾਤਣ ਸ੍ਰੀਮਤੀ ਗੁਰਸ਼ਰਨ ਨੇ ਦੱਸਿਆ ਕਿ ਉਸ ਅਤੇ ਸ਼ਿਵ ਨੇ ਦਸਵੀਂ ਇਕੱਠਿਆਂ ਸਾਲਵੇਸ਼ਨ ਆਰਮੀ ਹਾਈ ਸਕੂਲ ਤੋਂ ਕੀਤੀ ਸੀ। ਸ਼ਿਵ ਨੂੰ ਬਚਪਨ ਤੋਂ ਹੀ ਗਾਉਣ ਤੇ ਨਾਟਕਾਂ ਵਿਚ ਹਿੱਸਾ ਲੈਣ ਦਾ ਸ਼ੌਕ ਸੀ।

ਉਚੇਰੀ ਪੜ੍ਹਾਈ ਸ਼ਿਵ ਨੇ ਸਿੱਖ ਨੈਸ਼ਨਲ ਕਾਲਜ ਕਾਦੀਆਂ ਤੋਂ ਕੀਤੀ। ਸ਼ਿਵ ਦੇ ਕਾਲਜ ਵੇਲੇ ਦੇ ਸਹਿਪਾਠੀ ਰਾਮ ਪ੍ਰਕਾਸ਼ ਤ੍ਰੇਹਨ ਨੇ ਦੱਸਿਆ, "ਮੈਂ ਤੇ ਸ਼ਿਵ ਸਿੱਖ ਨੈਸ਼ਨਲ ਕਾਲਜ ਕਾਦੀਆਂ ਵਿਚ ਇਕੱਠੇ ਪੜ੍ਹਦੇ ਸਾਂ ਤੇ ਹਰ ਰੋਜ਼ ਇਕੱਠੇ ਗੱਡੀ ਵਿਚ ਜਾਂਦੇ ਆਉਂਦੇ ਸਾਂ। ਲੂਣਾ ਦੇ ਕਿੱਸੇ ਦਾ ਸ਼ਿਵ ਅਕਸਰ ਜ਼ਿਕਰ ਕਰਦਾ ਰਹਿੰਦਾ ਸੀ ਕਿ ਲੂਣਾ ਦਾ ਕੋਈ ਕਸੂਰ ਨਹੀਂ ਪਰ ਕਿਸੇ ਨੂੰ ਨਹੀਂ ਸੀ ਪਤਾ ਕਿ ਸ਼ਿਵ ਨੇ ਲੂਣਾ ਦਾ ਸ਼ਾਹਕਾਰ ਰਚ ਦੇਣਾ ਏ।"

ਬੈਜਨਾਥ ਦਾ ਮੇਲਾ ਸ਼ਿਵ ਜ਼ਰੂਰ ਦੇਖਣ ਜਾਂਦਾ ਹੁੰਦਾ ਸੀ। ਇੱਕ ਵਾਰ ਮੇਲੇ ਵਿਚ ਉਸ ਨੂੰ ਇੱਕ ਕੁੜੀ ਨਜ਼ਰ ਆਈ ਤਾਂ ਉਸ ਨੂੰ ਲੱਗਿਆ ਕਿ ਇਹ ਤਾਂ ਉਸ ਦੀ ਕਲਪਨਾ ਵਿਚਲੀ ਮਹਿਬੂਬਾ ਦਾ ਅਸਲ ਰੂਪ ਹੈ ਤੇ ਇੱਥੋਂ ਹੀ ਉਹ ਬਿਰਹੋਂ ਤੇ ਮੁਹੱਬਤ ਦੀ ਸ਼ਾਇਰੀ ਦਾ ਸਫ਼ਰ ਸ਼ੁਰੂ ਕਰਦਾ ਹੈ। ਉਹ ਲਿਖਦਾ ਹੈ:

ਏਸ ਗਰਾਂ ਦੀਆਂ ਕੁੜੀਆਂ ਚਿੜੀਆਂ  
ਇੱਕ ਦਿਨ ਤੀਰ ਨਦੀ 'ਤੇ ਮਿਲੀਆਂ  
ਬਿਨਾ ਬੁਲਾਇਆਂ ਝੋਲ ਮੇਰੀ ਵਿਚ  
ਰੁਗ-ਰੁਗ ਕਲੀਆਂ ਧਰ ਕੇ ਮੁੜੀਆਂ।

ਕਈ ਰੁਜ਼ਗਾਰ ਵਸੀਲਿਆਂ ਵਿਚੋਂ ਲੰਘਦਾ ਉਹ ਬੈਂਕ ਦੀ ਨੌਕਰੀ ਤੱਕ ਜਾ ਪਹੁੰਚਿਆ। ਹੁਣ ਸ਼ਾਇਰੀ ਦੇ ਵਿਹੜੇ ਉਸ ਦਾ ਧਮਾਲਾਂ ਪਾਉਣ ਦਾ ਸਮਾਂ ਸੀ। ਹਰ ਪਾਸੇ ਸ਼ਿਵ ਸ਼ਿਵ ਦੀ ਕੂਕ ਸੁਣਾਈ ਦੇ ਰਹੀ ਸੀ। ਨਵੇਂ-ਨਵੇਂ ਉੱਠ ਰਹੇ ਮੁਹੱਬਤਾਂ ਦੇ ਸ਼ਾਇਰਾਂ ਲਈ ਉਹ ਪੀਰ ਸੀ। ਉਹ ਉਸ ਦੇ ਵਾਂਗ ਲਿਖਣ ਤੇ ਗਾਉਣ ਦੀ ਕੋਸ਼ਿਸ਼ ਕਰਦੇ। ਸ਼ਿਵ ਨੂੰ ਸ਼ਾਇਰ ਵਜੋਂ ਪਛਾਣ ਦੇਣ ਤੇ ਮਾਨਤਾ ਦਿਵਾਉਣ ਵਿਚ ਉਸ ਦੇ ਉਸਤਾਦ ਬਰਕਤ ਰਾਮ ਯੁਮਨ ਦਾ ਮਿਹਰ ਭਰਿਆ ਹੱਥ ਸੀ।

ਪਟਵਾਰਪੁਣੇ ਦੇ ਕਸਬ ਵਿਚੋਂ ਉਸ ਨੇ ਪੰਜਾਬ ਦੇ ਪਿੰਡਾਂ ਵਿਚ ਵਿਸਰ ਗਏ ਸ਼ਬਦਾਂ ਨੂੰ ਮੁੜ ਕਾਵਿਕ ਜ਼ਬਾਨ ਦਿੱਤੀ। ਉਸ ਦੀ ਕਾਵਿਕ ਭਾਸ਼ਾ ਦਾ ਵੱਡਾ ਗੁਣ ਉਸ ਵਿਚਲੀ ਪ੍ਰਾਣਵੰਤੀ ਸੁਰ ਹੈ। ਇਸ ਸੁਰ ਨੇ ਲੇਖਕਾਂ/ਆਲੋਚਕਾਂ ਦਾ ਧਿਆਨ ਖਿੱਚਿਆ ਤੇ ਸ਼ਿਵ ਸਭ ਦਾ ਮਹਿਬੂਬ ਲੇਖਕ ਹੀ ਨਹੀਂ ਸਗੋਂ ਰੋਲ ਮਾਡਲ ਬਣ ਗਿਆ। ਨਵੀਂ ਪੀੜ੍ਹੀ ਉਸ ਦੀ ਸ਼ਾਇਰੀ ਦੀ ਦੀਵਾਨੀ ਸੀ।

'ਕਿਹੋ ਜਿਹਾ ਸੀ ਸ਼ਿਵ' ਵਾਲੇ ਹਿੱਸੇ ਵਿਚ ਲੇਖਕਾ ਨੇ ਉਸ ਦੀ ਸ਼ਖ਼ਸੀਅਤ ਦੇ ਕਈ ਪੱਖ ਉਸਾਰੇ ਹਨ ਜਿਵੇਂ ਦਿਲਕਸ਼ ਦਿੱਖ, ਪਰਿਵਾਰ ਦਾ ਲਾਡਲਾ, ਸਲੀਕਾਪਸੰਦ, ਨੌਜਵਾਨ ਵਰਗ ਦਾ ਚਹੇਤਾ, ਹਰਮਨ ਪਿਆਰਾ, ਭਾਵੁਕ, ਸਾਦਗੀ ਤੇ ਨਿਮਰਤਾ ਦੀ ਮੂਰਤ, ਅਧਿਐਨ ਦਾ ਅਭਿਲਾਖੀ, ਸਟੇਜ ਦਾ ਧਨੀ, ਲੋਕ ਸੱਭਿਆਚਾਰ ਦਾ ਪ੍ਰਸ਼ੰਸਕ, ਮੋਹ-ਖੋਰਾ, ਸੂਖ਼ਮ ਸੋਝੀ ਵਾਲਾ, ਯਾਰਾਂ ਦਾ ਯਾਰ, ਦਿਲਦਾਰ, ਦਰਿਆ-ਦਿਲ, ਅਣਖੀ ਤੇ ਮਾਣ-ਮੱਤਾ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸ਼ਿਵ ਕੁਮਾਰ ਦੀ ਜ਼ਿੰਦਗੀ ਅਤੇ ਸਿਰਜਣਾ ਸੰਸਾਰ ਨੂੰ ਸਮਝਣ ਦਾ ਇਹ ਸੁਹਿਰਦ ਯਤਨ ਹੈ। ਹੁਣ ਤੱਕ ਮਿਲਦੀਆਂ ਸ਼ਿਵ ਦੀਆਂ ਜੀਵਨੀਆਂ ਵਿਚੋਂ ਇਹ ਜੀਵਨੀ ਸਿਰਕੱਢਵੀਂ ਤੇ ਮਹੱਤਵਪੂਰਨ ਹੈ ਕਿਉਂਕਿ ਲੇਖਕਾ ਨੇ ਸ਼ਿਵ ਨਾਲ ਜੁੜੇ ਵਿਅਕਤੀਆਂ ਤੋਂ ਅਸਲੀ ਰੂਪ ਵਿਚ ਜਾਣਕਾਰੀ ਇਕੱਤਰ ਕਰ ਕੇ ਇਸ ਨੂੰ ਵਿਉਂਤਿਆ ਹੈ। ਬਕੌਲ ਲੇਖਕਾ ਉਸ ਦੇ ਪੰਝੀ ਵਰ੍ਹਿਆਂ ਦੀ ਖੋਜ ਦਾ ਸਿੱਟਾ ਹੈ ਇਹ ਕਿਤਾਬ।

## ਕਿਤਾਬ ਦੀ ਖਾਸੀਅਤ

*'ਇਹੋ ਜਿਹਾ ਸੀ ਸ਼ਿਵ' ਕਿਤਾਬ ਦੀ ਖਾਸੀਅਤ ਇਹ ਹੈ ਕਿ ਸ਼ਿਵ ਦੀ ਜ਼ਿੰਦਗੀ ਨਾਲ ਜੁੜੇ ਹਰ ਵਿਅਕਤੀ ਰਾਹੀਂ ਸ਼ਿਵ ਦੀ ਸ਼ਖ਼ਸੀਅਤ ਤੇ ਉਸ ਦੇ ਲੇਖਣ ਕਾਰਜ ਨੂੰ ਘੋਖਣ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਦੇ ਕੰਮ ਲਈ ਪ੍ਰੋਜੈਕਟ ਬਣਾ ਕੇ ਲਿਖਣ ਦੀ ਲੋੜ ਪੈਂਦੀ ਹੈ ਤੇ ਲੇਖਕਾ ਨੇ ਬੜੇ ਸਹਿਜ ਸਲੀਕੇ ਨਾਲ ਇਸ ਨੂੰ ਨੇਪਰੇ ਚਾੜ੍ਹਿਆ ਹੈ। ਉਸ ਦੀ ਜ਼ਿੰਦਗੀ ਨਾਲ ਜੁੜੇ ਹਰ ਪਹਿਲੂ ਦੇ ਨਾਲ ਨਾਲ ਉਸ ਦੀਆਂ ਕਾਵਿਕ ਵਿਸ਼ੇਸ਼ਤਾਵਾਂ ਨੂੰ ਵੀ ਵੱਖਰੇ ਅੰਦਾਜ਼ ਵਿਚ ਪੇਸ਼ ਕੀਤਾ ਹੈ ਜਿਵੇਂ ਸ਼ਿਵ ਕਾਵਿ ਤੇ ਪਰੰਪਰਾ, ਵਿਸ਼ੈਗਤ ਵੰਨ-ਸਵੰਨਤਾ, ਸ਼ਿਵ ਕਾਵਿ ਵਿਚ ਸੁਹਜ ਤੇ ਵਿਸਮਾਦ, ਸ਼ਿਵ ਕਾਵਿ ਵਿਚ ਸਰੋਦੀ ਅੰਸ਼, ਸਿਰਜਣ ਪ੍ਰਕਿਰਿਆ, ਸ਼ਿਵ ਕਾਵਿ ਦੀ ਵਿਲੱਖਣਤਾ, ਕਾਵਿ ਸਫ਼ਰ, ਵਿਯੋਗਆਦਿ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਅਕਤੂਬਰ 2023 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-608



*ਸਾਗ ਤੋੜਨ ਨੂੰ ਤੁਰ ਪਈ ਮਾਂ, ਚੁੱਕ ਟੋਕਰਾ ਸਿਰ ਟਿਕਾਇਆ,  
ਛੋਟੇ ਨੂੰ ਕੁੱਛੜ ਚੁੱਕਿਆ ਉਨ੍ਹੇ, ਦੂਜੇ ਨੇ ਅੜਾਹਟ ਸੀ ਪਾਇਆ।  
ਵੱਡਾ ਦੇਖ ਕੇ ਕਰਦਾ ਈਰਖਾ, ਡਾਢਾ ਉਦ੍ਹਾ ਜੀਅ ਸਤਾਇਆ,  
ਅੰਤ ਵੱਡੇ ਨੂੰ ਚੁੱਕ ਕੇ ਕੁੱਛੜ, ਛੋਟੇ ਨੂੰ ਟੋਕਰੇ ਵਿਚ ਬੈਠਾਇਆ।  
ਮਾਂ ਤਾਂ ਆਖਰ ਮਾਂ ਹੀ ਹੁੰਦੀ, ਮੋਹ ਮਮਤਾ ਵਿਚ ਫਰਕ ਨ ਰੱਖੇ,  
ਬੱਚੇ ਲਈ ਤਨ ਬਦਨ ਤੋੜ ਕੇ, ਦਿਵਸ ਰਾਤ ਪਿਆਰ ਰਸ ਚੱਖੇ।*

## ਕੈਪਸ਼ਨ ਮੁਕਾਬਲਾ-606



ਲੈ ਕੇ ਭੱਤਾ ਖੇਤ ਨੂੰ ਚੱਲ ਪਈ,  
ਕਿਰਸਾਨਾਂ ਦੀ ਧੀ ਉਹ ਜਾਪੇ,  
ਮੰਦਹਾਲੀ ਉਦ੍ਹੇ ਵੇਸ 'ਚੋਂ ਝਾਕੇ,  
ਨਿੱਕੀ ਉਮਰੇ ਨੇ ਪਏ ਸਿਆਪੇ।  
ਨੀਲੀਆਂ ਵੰਗਾਂ ਨੰਗੇ ਪੈਰ ਨੇ,  
ਵਾਹੋ ਦਾਹੀ ਬੱਸ ਭੱਜਦੀ ਆਪੇ,  
ਬੜੀ ਸਿਆਣੀ ਧੀ ਨਿਆਣੀ,  
ਮਤਾਂ ਦੇਰ ਹੋਈ ਝਿੜਕਣ ਮਾਪੇ।  
***-ਸੇਵਾ ਸਿੰਘ ਨੂਰਪੁਰੀ***  
***ਫ਼ੋਨ +1408-912-3438***

---

ਖੇਡਣ ਦੇ ਹਾਲੇ ਦਿਨ ਸੀ ਮੇਰੇ  
ਪੈ ਗੇ ਮਾਮਲੇ ਬਹੁਤੇ ਭਾਰੀ।  
ਵੱਡੇ ਤੜਕੇ ਦੇ ਖੇਤ ਨੇ ਵੀਰੇ  
ਦੇਖਣ ਪਿੰਡ ਵੱਲ ਵਾਰੋ ਵਾਰੀ।  
ਚਿੱਤ ਕਰਦਾ ਮੈਂ ਪਲ ਨਾ ਲਾਵਾਂ  
ਝੱਟ ਪਹੁੰਚਾਂ ਮਾਰ ਉਡਾਰੀ।  
***-ਜਗਮੀਤ ਸਿੰਘ ਪੰਧੇਰ***  
***ਕਲਾਹੜ (ਲੁਧਿਆਣਾ)***  
***ਫੋਨ: 98783-37222***

---

ਮਾਂ ਬਾਪ ਜਦ ਤੁਰੇ ਖੇਤ ਨੂੰ,  
ਜ਼ਿੰਮੇਵਾਰੀ ਧੀ ਦੀ ਲਾਈ  
ਤਿਆਰ ਟੋਕਰੀ ਨੂੰ ਕਰ ਰੱਖਿਆ,  
ਮਾਂ ਨੇ ਸਾਰੀ ਗੱਲ ਸਮਝਾਈ  
ਚੁੱਕ ਟੋਕਰੀ ਤੁਰੀ ਖੇਤ ਨੂੰ,  
ਡਰ ਕਾਰਨ ਜਾਪੇ ਘਬਰਾਈ  
ਥੱਕ ਗਏ ਹੋਣੇ ਨੇ ਕੰਮ ਕਰਦੇ,  
ਢਿੱਡੋਂ ਭੁੱਖੀ ਹੋਊ ਮੇਰੀ ਮਾਂ  
ਧੀ ਤੇ ਰੁੱਖ ਮੁਸੀਬਤ ਵੇਲੇ,  
ਬਣ ਜਾਂਦੇ ਨੇ ਠੰਢੀ ਛਾਂ।  
***-ਮਾਸਟਰ ਪ੍ਰੀਤਮ ਸਿੰਘ ਲੰਮੇ***  
***1-925-325-2486***

---


ਸਿਰ 'ਤੇ ਭੱਤਾ ਚੁੱਕ  
ਨਿੱਕੀ ਜਿਹੀ ਕੁੜੀ,  
ਨੰਗੇ ਪੈਰੀਂ, ਛੋਟੀ ਲਾਂਘੇ  
ਕੱਚੇ ਪੈਂਡੇ ਹੋ ਤੁਰੀ।  
ਚਿਹਰੇ 'ਤੇ ਛਾਈ ਐਂ  
ਬੇਵਸੀ ਦੀ ਘਬਰਾਹਟ  
ਰੁੱਖ ਤੇ ਝਾੜੀਆਂ ਸਭ ਦਿੰਦੇ ਨੇ ਸਹਾਰਾ  
ਮਜਬੂਰੀਆਂ ਨੇ ਝੰਬਿਆ  
ਬਚਪਨ ਪਿਆਰਾ।  
***-ਹਰਜੋਤ ਕੌਰ ਮਹੇਸ਼ਪੁਰਾ***  
***ਫੋਨ: 734-883-6704***

---

ਖੇਤੀ ਧੰਦਾ, ਸਾਰਾ ਟੱਬਰ ਹੱਥ ਵਟਾਉਂਦਾ  
ਬੱਚੀ ਹੈ ਭਾਵੇਂ ਨਿੱਕੀ  
ਭਾਂਪਦੀ ਹੈ ਭੁੱਖ ਮਾਪਿਆਂ ਦੀ  
ਚੁੱਕ ਛਾਬਾ ਸਿਰ 'ਤੇ ਟੁੱਕਰ ਦਾ  
ਕਦਮ ਦੱਸਦੇ ਹਨ ਕਾਹਲੀ ਤੁਰਨ ਦਾ ਰਾਜ  
ਮਾਨਸਿਕਤਾ ਦਰਸਾਉਂਦੀ ਹੈ ਤਹਿ ਦਿਲੋਂ  
ਬੱਚੀ ਦਾ ਮਾਂ ਬਾਪ ਲਈ ਅਟੁੱਟ ਪਿਆਰ  
ਖ਼ਿਆਲ 'ਚ ਡੁੱਬੀ,  
ਥੱਕ ਟੁੱਟ ਰਾਹ ਤੱਕਦੇ ਹੋਣਗੇ।  
***-ਦਰਸ਼ਨ ਪਾਲ ਦੋਸਾਂਝ***

# ਇਜ਼ਰਾਈਲ-ਫਲਸਤੀਨ ਜੰਗ ਦਾ ਨਵਾਂ ਦੌਰ

ਸੱਤ ਅਕਤੂਬਰ ਨੂੰ ਇਜ਼ਰਾਈਲ ਦੀ ਫੌਜ ਅਤੇ ਫਲਸਤੀਨ ਲੋਕਾਂ ਦੀ ਚੁਣੀ ਹੋਈ ਸਿਆਸੀ-ਫੌਜੀ ਜਥੇਬੰਦੀ 'ਹਮਾਸ' 'ਚ ਭਿਅੰਕਰ ਜੰਗ ਛਿੜ ਗਈ। ਮੁੱਢਲੀਆਂ ਰਿਪੋਰਟਾਂ ਮੁਤਾਬਕ ਲੜਾਈ ਦੇ ਪਹਿਲੇ ਹੀ ਦਿਨ, ਇਜ਼ਰਾਈਲ ਦੇ 100 ਦੇ ਕਰੀਬ ਅਤੇ ਫਲਸਤੀਨ ਦੇ 232 ਵਿਅਕਤੀ ਕਤਲ ਅਤੇ 1610 ਜਖ਼ਮੀ ਹੋਏ ਹਨ। 'ਹਮਾਸ' ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਇਜ਼ਰਾਈਲ ਦੇ 53 ਫੌਜੀ (ਜਿਨ੍ਹਾਂ 'ਚ ਕੁੱਝ ਅਫਸਰ ਵੀ ਸ਼ਾਮਲ ਹਨ) ਕੈਦੀ ਬਣਾ ਲਏ ਹਨ। ਜੇ ਜੰਗ ਦੇ ਪਹਿਲੇ ਦਿਨ ਹੀ



**ਪੀ.ਐਸ.ਰੋਡੇ**
**ਫੋਨ: 737-274-2370**

ਦੋਨਾਂ ਧਿਰਾਂ ਦਾ ਐਡਾ ਨੁਕਸਾਨ ਹੋਇਆ ਹੈ ਤਾਂ ਆਉਣ ਵਾਲੇ ਦਿਨਾਂ 'ਚ ਕੀ ਹੋਣ ਵਾਲਾ ਐ? ਇਸਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਅਜੇ ਤਾਂ ਇਜ਼ਰਾਇਲੀ ਜਹਾਜ਼ਾਂ ਨੇ ਅਸਮਾਨ ਤੋਂ ਅੱਗ ਵਰ੍ਹਾਉਣੀ ਹੈ, ਲਾਸ਼ਾਂ ਦੇ ਅੰਬਾਰ ਲਾਉਣੇ ਹਨ ਅਤੇ ਬਹੁ-ਮੰਜ਼ਲੀ ਇਮਾਰਤਾਂ ਨੇ ਮਲਬੇ ਦੇ ਢੇਰ ਬਣਨਾ ਐ।

ਇਸ ਜੰਗ ਦੇ ਪ੍ਰਤੀਕਰਮ ਵਜੋਂ ਦੁਨੀਆ ਦੇ ਵੱਖ-ਵੱਖ ਦੇਸ਼ਾਂ/ਲੀਡਰਾਂ ਨੇ ਵੱਖੋ-ਵੱਖਰੇ ਬਿਆਨ ਦਿੱਤੇ ਤੇ ਪੁਜ਼ੀਸ਼ਨਾਂ ਲਈਆਂ ਹਨ। ਯੂਰਪ ਦੇ ਪ੍ਰਮੁੱਖ ਦੇਸ਼ਾਂ; ਯੂ.ਕੇ, ਫਰਾਂਸ, ਜਰਮਨੀ, ਇਟਲੀ, ਨੀਦਰਲੈਂਡ ਵਗੈਰਾ ਨੇ ਹਰ-ਵਾਰ ਵਾਂਗ ਜੰਗ ਨੂੰ ਹਮਾਸ ਦਾ ਅਤਿਵਾਦੀ ਹਮਲਾ ਕਰਾਰ ਦਿੱਤਾ ਹੈ। ਇੰਡੀਆ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਇਨ੍ਹਾ ਦੇਸ਼ਾਂ ਦੀ ਹਾਂ 'ਚ ਹਾਂ ਮਿਲਾਈ ਹੈ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਇਜ਼ਰਾਈਲ ਦੀ ਹਮਾਇਤ ਕਰਦਿਆਂ, ਇਸ ਜੰਗ 'ਚ ਉਸਦੀ ਹਰ ਲੋੜ ਪੂਰੀ ਕਰਨ ਦਾ ਭਰੋਸਾ ਦੁਆਇਆ ਹੈ। ਇਰਾਨ ਅਤੇ ਸੀਰੀਆ ਨੇ ਸਿੱਧੇ-ਰੂਪ 'ਚ ਫਲਸਤੀਨ ਦੀ ਹਮਾਇਤ 'ਚ ਬਿਆਨ ਦਿੱਤਾ ਹੈ। ਕਤਰ, ਇਰਾਕ ਅਤੇ ਸਾਊਦੀ ਅਰਬ ਨੇ ਤਾਜ਼ਾ ਲੜਾਈ ਲਈ ਇਜ਼ਰਾਈਲ ਵਲੋਂ ਵਧਦੀ ਹਿੰਸਾ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਰੂਸ ਅਤੇ ਬਹੁਤ ਸਾਰੇ ਹੋਰ ਮੁਲਕਾਂ ਨੇ ਦੋਨਾਂ ਧਿਰਾਂ ਨੂੰ ਸੰਜਮ ਵਰਤਣ ਦੀ ਸਲਾਹ ਦਿੱਤੀ ਹੈ।

ਉਂਜ ਤਾਂ ਇਜ਼ਰਾਈਲ ਤੇ ਫਲਸਤੀਨ 'ਚ ਲੜਾਈ ਦਾ ਲੰਮਾ ਇਤਿਹਾਸ ਹੈ ਪਰ ਪਿਛਲੇ ਪੰਦਰਾਂ ਸਾਲਾਂ 'ਚ ਹੀ ਇਹ, ਇਨ੍ਹਾਂ ਵਿਚਕਾਰ ਪੰਜਵੀਂ ਲੜਾਈ ਹੈ। ਪਹਿਲੀ ਵਾਰ 2008 'ਚ ਜਦੋਂ 1300 ਫਲਸਤੀਨੀ ਅਤੇ 13 ਇਜ਼ਰਾਇਲੀ ਮਾਰੇ ਗਏ, ਦੂਜੀ 2012 'ਚ ਜਦੋਂ 170 ਫਲਸਤੀਨੀ ਅਤੇ 6 ਇਜ਼ਰਾਇਲੀ ਮਾਰੇ ਗਏ, ਤੀਜੀ 2014 'ਚ ਜਦੋਂ ਲੜਾਈ 51 ਦਿਨ ਚੱਲੀ, ਜਿਸ 'ਚ 2251 ਫਲਸਤੀਨੀ (ਜਿਨ੍ਹਾਂ 'ਚ 1462 ਸਿਵਲੀਅਨ ਸਨ) ਅਤੇ 67 ਇਜ਼ਰਾਇਲੀ ਫੌਜੀ ਮਾਰੇ ਗਏ, ਚੌਥੀ 2021 'ਚ ਜਦੋਂ 243 ਫਲਸਤੀਨੀ ਅਤੇ 67 ਇਜ਼ਰਾਇਲੀ ਫੌਜੀ ਮਾਰੇ ਗਏ ਸਨ! ਹੁਣ ਵਾਲੀ ਪੰਜਵੀਂ ਹੈ ਜੋ 7 ਅਕਤੂਬਰ ਨੂੰ ਸ਼ੁਰੂ ਹੋਈ ਹੈ! ਇਸ ਲੜਾਈ 'ਚ ਕੀ ਕੀ ਹੋਵੇਗਾ? ਇਸ ਬਾਰੇ ਕੋਈ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ।

1948 ਤੋਂ ਪਹਿਲਾ 'ਇਜ਼ਰਾਈਲ' ਨਾਮ ਦਾ ਕੋਈ ਦੇਸ਼ ਦੁਨੀਆਂ ਦੇ ਨਕਸ਼ੇ 'ਤੇ ਨਹੀਂ ਸੀ। ਇੱਥੇ ਜੋ ਦੇਸ਼ ਸੀ ਉਸਦਾ ਨਾਮ 'ਫਲਸਤੀਨ' ਸੀ ਜਿਸ ਅੰਦਰ ਕਿੰਨੇ ਹੀ ਧਰਮਾਂ ਦੇ ਲੋਕ ਜਿਵੇਂ; ਯਹੂਦੀ, ਮੁਸਲਿਮ, ਇਸਾਈ ਵਗੈਰਾ ਰਲ-ਮਿਲ ਕੇ ਰਹਿੰਦੇ ਸਨ। ਇਹ ਸਾਰੇ ਹੀ ਆਪਣੇ-ਆਪ ਨੂੰ ਫਲਸਤੀਨੀ ਕਹਾਉਂਦੇ\ਮੰਨਦੇ ਸਨ। ਉਸ ਮੌਕੇ ਫਲਸਤੀਨ ਵੀ ਭਾਰਤ ਵਾਂਗ ਇੰਗਲੈਂਡ ਦੀ ਹੀ ਬਸਤੀ ਸੀ। ਭਾਰਤ ਵਾਂਗ ਹੀ ਫਲਸਤੀਨ ਦੇ ਲੋਕ, ਦੇਸ਼ ਦੀ ਆਜ਼ਾਦੀ ਲਈ ਵੱਖ-ਵੱਖ ਢੰਗਾਂ ਨਾਲ ਬਰਤਾਨਵੀ ਸਾਮਰਾਜ ਦੇ ਖ਼ਿਲਾਫ਼ ਜੂਝ ਰਹੇ ਸਨ।

ਦੂਸਰੀ ਸੰਸਾਰ ਜੰਗ ਮੌਕੇ ਹਿਟਲਰ ਦੀ ਨਾਜ਼ੀ ਫਾਸ਼ੀਵਾਦੀ ਸਰਕਾਰ ਅਤੇ ਕੁੱਝ ਹੋਰ ਮੁਲਕਾਂ ਦੇ ਫਾਸ਼ੀਵਾਦੀਆਂ ਨੇ ਯਹੂਦੀਆਂ ਦਾ ਵੱਡੀ ਪੱਧਰ 'ਤੇ ਕਤਲੇਆਮ ਕੀਤਾ। ਜਰਮਨ ਹਾਰ ਗਿਆ, ਹਿਟਲਰ ਆਤਮ-ਹੱਤਿਆ ਕਰ ਗਿਆ, ਨਾਜ਼ੀ ਸਰਕਾਰ ਅਤੇ ਨਾਜ਼ੀਵਾਦ ਦਾ ਭੋਗ ਪੈ ਗਿਆ ਅਤੇ ਸੰਸਾਰ ਜੰਗ ਵੀ ਖਤਮ ਹੋ ਗਈ। ਜੰਗ ਖਤਮ ਹੋਣ 'ਤੇ ਚਾਹੀਦਾ ਤਾਂ ਇਹ ਸੀ ਕਿ ਫਾਸ਼ੀਵਾਦ ਦਾ ਸ਼ਿਕਾਰ ਯਹੂਦੀ, ਜਿੱਥੇ ਅਤੇ ਜਿਨ੍ਹਾਂ ਦੇਸ਼ਾਂ ਦੇ ਨਾਗਰਿਕ ਸਨ, ਉਨ੍ਹਾਂ ਦੀਆਂ ਸਰਕਾਰਾਂ ਅਤੇ



ਕੌਮਾਂਤਰੀ ਕਮਿਊਨਿਟੀ ਉਨ੍ਹਾਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਲਾਉਂਦੀ, ਮੁਆਵਜ਼ਾ ਤੇ ਹੋਰ ਵਿੱਤੀ ਸਹਾਇਤਾ ਦੇ ਕੇ ਉਨ੍ਹਾਂ ਨੂੰ ਸਮਾਜ 'ਚ ਮੁੜ ਪੈਰਾਂ 'ਤੇ ਖੜ੍ਹਾ ਕਰਦੀ ਪਰ ਅਜਿਹਾ ਨਹੀਂ ਹੋਇਆ। ਛੇਤੀ ਹੀ ਇਕ ਹੋਰ ਦੁਖਾਂਤ ਵਰਤ ਗਿਆ। ਫਾਸ਼ੀਵਾਦੀਆਂ ਦੇ ਕਾਰਨਾਮਿਆਂ ਦੀ ਸਜ਼ਾ ਜੰਗ ਤੋਂ ਦੂਰ ਬੈਠੇ ਬੇਕਸੂਰ ਫਲਸਤੀਨੀਆਂ ਨੂੰ ਮਿਲ ਗਈ।

ਯਹੂਦੀਆਂ ਦਾ ਮਿਥਿਹਾਸ ਹੈ ਕਿ ਸਦੀਆਂ ਪਹਿਲਾਂ ਫਲਸਤੀਨ ਦੀ ਧਰਤੀ, ਯਹੂਦੀਆਂ ਦਾ ਦੇਸ਼ ਹੋਇਆ ਕਰਦੀ ਸੀ। ਸੋ ਉਨ੍ਹਾਂ ਨੇ ਮੰਗ ਕਰਨੀ ਸ਼ੁਰੂ ਕਰ ਦਿੱਤੀ ਕਿ ਉਨ੍ਹਾਂ ਨੂੰ 'ਮੁੜ' ਉਸ ਧਰਤੀ 'ਤੇ ਵਸਾਇਆ ਜਾਵੇ ਜਿੱਥੇ ਹੁਣ ਦੇਸ਼ ਫਲਸਤੀਨ ਹੈ। ਦੂਜੇ ਪਾਸੇ, ਜੇਤੂ ਸਾਮਰਾਜੀ ਮੁਲਕਾਂ (ਖਾਸ ਕਰਕੇ ਬਰਤਾਨੀਆ, ਅਮਰੀਕਾ, ਫਰਾਂਸ ਆਦਿ) ਦੀ ਸਾਂਝੀ ਲੋੜ ਸੀ ਕਿ ਬਾਗੀ ਮੱਧ-ਪੂਰਬ 'ਚ ਉਨ੍ਹਾਂ ਦਾ ਕੋਈ ਅਜਿਹਾ ਵਫਾਦਾਰ ਤੇ ਸ਼ਕਤੀਸ਼ਾਲੀ ਮੁਲਕ ਹੋਵੇ ਜਿਸ ਨੂੰ ਉਹ ਲੰਮੇ ਦਾਅ ਤੋਂ ਆਪਣੇ ਸਾਮਰਾਜੀ ਹਿੱਤਾਂ ਦੇ ਵਧਾਰੇ ਤੇ ਪਸਾਰੇ ਲਈ ਮਜ਼ਬੂਤ ਕਿਲੇ ਵਜੋਂ ਵਰਤ ਸਕਣ। ਸੋ ਦੋਨਾਂ ਧਿਰਾਂ ਦੇ ਹਿੱਤ ਮੈਚ ਕਰ ਗਏ ਇਸ ਲਈ ਨਵੀਂ-ਨਵੀਂ ਬਣੀ ਯੂ.ਐਨ.ਓ. ਦੀ ਮੱਦਦ ਨਾਲ ਫਲਸਤੀਨ ਦੀ ਧਰਤੀ 'ਤੇ ਨਵਾਂ ਦੇਸ਼ 'ਇਜ਼ਰਾਈਲ' ਬਣਾਉਣ ਦਾ ਫੈਸਲਾ ਹੋ ਗਿਆ। ਇਜ਼ਰਾਈਲ ਦੇ ਨਾਮ ਦਾ ਐਲਾਨ ਹੋਣ ਦੀ ਦੇਰ ਸੀ ਕਿ ਦੁਨੀਆ ਭਰ ਦੇ ਯਹੂਦੀਆਂ ਨੇ ਫਲਸਤੀਨ ਵੱਲ ਵਹੀਰਾਂ ਘੱਤ ਦਿੱਤੀਆਂ।

14 ਮਈ, 1948 ਨੂੰ ਬਰਤਾਨੀਆ ਦਾ ਫਲਸਤੀਨ 'ਚੋਂ ਰਸਮੀ ਤੌਰ 'ਤੇ ਅੰਤ ਹੋ ਗਿਆ ਅਤੇ 15 ਮਈ 1948 ਨੂੰ ਨਵੇਂ ਬਣੇ ਦੇਸ਼ 'ਇਜ਼ਰਾਈਲ' ਦੀ ਆਜ਼ਾਦੀ ਦਾ ਐਲਾਨ ਹੋ ਗਿਆ। ਐਲਾਨ ਹੁੰਦਿਆਂ ਹੀ ਯਹੂਦੀ ਲੋਕਾਂ ਨੇ ਫਲਸਤੀਨੀ ਮੁਸਲਮਾਨਾਂ ਦਾ ਸਫਾਇਆ (ਨਕਬਾ) ਕਰਨਾ ਅਤੇ ਘਰਾਂ 'ਚੋਂ ਭਜਾਉਣਾ ਸ਼ੁਰੂ ਕਰ ਦਿੱਤਾ। 70 ਕਤਲੇਆਮ ਰਚਾਏ ਗਏ ਜਿਨ੍ਹਾਂ 'ਚ 1500 ਦੇ ਕਰੀਬ ਫਲਸਤੀਨੀ ਮਾਰੇ ਗਏ। 539 ਕਸਬੇ ਜਾਂ ਪਿੰਡ ਮਲੀਆਮੇਟ ਕਰ ਦਿੱਤੇ ਗਏ ਅਤੇ 7 ਲੱਖ 50 ਹਜ਼ਾਰ ਫਲਸਤੀਨੀ ਭੱਜ ਕੇ ਗੁਆਂਢੀ ਮੁਲਕਾਂ; ਜਾਰਡਨ, ਸੀਰੀਆ, ਮਿਸਰ ਵਗੈਰਾ 'ਚ ਜਾ ਵੜੇ ਜਿੱਥੇ ਉਹ ਹੁਣ ਤੱਕ, ਪੀੜ੍ਹੀ-ਦਰ-ਪੀੜ੍ਹੀ ਸ਼ਰਨਾਰਥੀ ਕੈਂਪਾਂ 'ਚ ਰਹਿ ਰਹੇ ਹਨ। ਭੀੜ-ਭੜੱਕੇ ਵਾਲੇ ਅਜਿਹੇ 68 ਕੈਂਪ ਹਨ। ਇਜ਼ਰਾਈਲ 'ਚ ਬਾਕੀ ਬਚੇ ਅਰਬ ਫਲਸਤੀਨੀਆਂ ਨੂੰ ਆਨੇ-ਬਹਾਨੇ ਭਜਾਉਣ ਅਤੇ ਉਜਾੜਨ ਦਾ ਸਿਲਸਿਲਾ ਅਜੇ ਤੱਕ ਜਾਰੀ ਹੈ। ਕੁਲ ਮਿਲਾ ਕੇ ਅਜਿਹੇ 56 ਲੱਖ ਫਲਸਤੀਨੀ ਹਨ ਜਿਨ੍ਹਾਂ ਦਾ ਆਪਣਾ ਕੋਈ ਦੇਸ਼ ਨਹੀਂ। ਉਹ ਅੱਜ ਤੱਕ ਲੜ ਰਹੇ ਹਨ ਕਿ ਉਨ੍ਹਾਂ ਦਾ ਵੀ ਕੋਈ ਦੇਸ਼ ਹੋਵੇ। ਅੱਜ ਦੀ ਲੜਾਈ ਉਸ ਲੰਮੀ ਲੜਾਈ ਦੀ ਹੀ ਇਕ ਕੜੀ ਹੈ।

ਇਹ ਸੱਚ ਹੈ ਕਿ ਯਹੂਦੀਆਂ 'ਤੇ ਨਾਜ਼ੀ ਫਾਸ਼ੀਵਾਦੀਆਂ ਨੇ ਬਹੁਤ ਜ਼ੁਲਮ ਕੀਤੇ! ਉਨ੍ਹਾ ਦੇ ਕਤਲੇਆਮ ਰਚਾਏ ਅਤੇ ਗੈਸ ਚੈਂਬਰਾਂ 'ਚ ਸਾੜਿਆ ਪਰ ਉਨ੍ਹਾਂ ਨੂੰ ਇਹ ਹੱਕ ਕਿਸ ਨੇ ਦਿੱਤਾ ਕਿ ਜੋ ਕੁੱਝ ਉਨ੍ਹਾਂ ਨਾਲ ਹੋਇਆ ਹੈ ਉਹ ਉਹੀ ਕੁੱਝ ਫਲਸਤੀਨੀਆਂ ਨਾਲ ਵੀ ਕਰਨ? ਨਾਜ਼ੀਆਂ ਦੇ ਜ਼ੁਲਮਾਂ ਦਾ ਬਦਲਾ ਫਲਸਤੀਨੀਆਂ ਤੋਂ ਹੀ ਕਿਉਂ? ਨਮੋਸ਼ੀ, ਮਾਯੂਸੀ ਅਤੇ ਬੇਵਸੀ ਦਾ ਸ਼ਿਕਾਰ ਫਲਸਤੀਨੀ ਆਪਣੀਆਂ ਮੁਸ਼ਕਲਾਂ ਦਾ ਹੱਲ ਪਹਿਲਾਂ 'ਯਾਸਰ ਅਰਾਫਤ' ਵਾਲੀ ਪੀ.ਐਲ. ਤੋਂ ਲੱਭਦੇ ਰਹੇ, ਫਿਰ 2004 'ਚ ਅਰਾਫਤ ਦੀ ਮੌਤ ਤੋਂ ਬਾਅਦ 'ਮਹਿਮੂਦ ਅਬਾਸ' ਵਾਲੀ ਪੀ.ਐਲ ਓ ਤੋਂ ਅਤੇ ਹੁਣ 'ਹਮਾਸ ਤੋਂ! ਪਰ ਗੱਲ ਕਿਸੇ ਤਣ-ਪੱਤਣ ਨਹੀਂ ਲੱਗੀ। ਅਜੋਕੀ ਹਾਲਤ ਦੇ ਰਹਿੰਦਿਆਂ, ਨੇੜ ਭਵਿੱਖ 'ਚ ਇਸ ਦੀ ਕੋਈ ਸੰਭਾਵਨਾ ਵੀ ਨਹੀਂ ਦਿਸ ਰਹੀ ਬਸ਼ਰਤੇ ਕਿ ਖਿੱਤੇ 'ਚ ਤਾਕਤਾਂ ਦਾ ਤੋਲ ਅਤੇ ਸਮੀਕਰਨ ਨਾ ਬਦਲ ਜਾਣ।

ਰੂਸ-ਯੂਕਰੇਨ ਜੰਗ ਕਰਕੇ ਦੁਨੀਆਂ ਪਹੀਲਾਂ ਹੀ ਤੀਜੀ ਸੰਸਾਰ ਜੰਗ ਵੱਲ ਵਧ ਰਹੀ ਹੈ। ਜੇ ਇਜ਼ਰਾਈਲ-ਫਲਸਤੀਨ ਜੰਗ ਲਮਕ ਜਾਂਦੀ ਹੈ ਤਾਂ ਵੱਡੀ ਸੰਭਾਵਨਾ ਹੈ ਕਿ ਇਹ ਜੰਗ, ਖਿੱਤੇ ਦੇ ਹੋਰਨਾਂ ਦੇਸ਼ਾਂ ਨੂੰ ਵੀ ਆਪਣੇ ਕਲਾਵੇ 'ਚ ਲੈ ਲਵੇ। ਜੇ ਅਜਿਹਾ ਵਾਪਰਦਾ ਹੈ ਤਾਂ ਫਲਸਤੀਨੀਆਂ ਦੀ ਆਜ਼ਾਦੀ ਅਤੇ ਉਨ੍ਹਾਂ ਦੇ ਆਪਣੇ ਦੇਸ਼ ਦੀ ਸਥਾਪਤੀ ਦੀ ਸੰਭਾਵਨਾ ਵੀ ਪੈਦਾ ਹੋ ਸਕਦੀ ਹੈ ਬਸ਼ਰਤੇ ਕਿ ਅਜਿਹੀ ਹਾਲਤ ਦਾ ਲਾਹਾ ਲੈਣ ਲਈ ਉਨ੍ਹਾਂ ਕੋਲ ਕੋਈ ਯੋਗ ਲੀਡਰਸ਼ਿਪ ਹੋਵੇ!

# ਅੰਮ੍ਰਿਤ ਸ਼ੇਰਗਿੱਲ

**ਸ਼ਬਦ ਚਿੱਤਰ**

ਚਿੱਤਰਕਾਰ ਅੰਮ੍ਰਿਤ ਦੀ ਮੁਸਕਾਨ ਮੈਨੂੰ ਸਦਾ ਪਿਆਰੀ-ਪਿਆਰੀ ਲੱਗਦੀ ਰਹੇਗੀ। ਅੰਮ੍ਰਿਤ ਹੁਣਜਿਉਂਦੀ ਨਹੀਂ, ਪਰ ਉਸ ਦੀ ਮੁਸਕਾਨ ਅੱਜ ਵੀ ਹਾਜ਼ਰ ਹੈ। ਇਸ ਨੂੰ ਕੈਮਰਾਮੈਨ ਦਾ ਕੌਸ਼ਲ ਕਿਹਾ ਜਾਣਾ ਚਾਹੀਦਾ ਹੈ ਕਿ ਕਿਵੇਂ ਉਸ ਨੇ ਸੁਹਣੇ ਵਾਲਾਂ ਵਾਲੀ ਕੁੜੀ ਦੇ ਚਿਹਰੇ ਉਪਰ ਉਹੀ ਮੁਸਕਰਾਹਟ ਪੇਸ਼ ਕੀਤੀ ਜੋ ਅੰਮ੍ਰਿਤ ਦੇ ਬੁੱਲ੍ਹਾਂ 'ਤੇ ਨੱਚੀ ਸੀ ਜਦੋਂ ਮੈਂ ਉਸ ਨੂੰ ਪਹਿਲੀ ਵਾਰ 1936 ਵਿਚ ਦੇਖਿਆ ਸੀ। ਸ਼ਿਮਲੇ ਦੀ ਸਮਰ ਹਿੱਲ ਵਾਲੀ ਥਾਂ ਉਸ ਦੇ ਬਜ਼ੁਰਗ ਅਤੇ ਚਿੰਤਨਸ਼ੀਲ ਪਿਤਾ ਸਰਦਾਰ ਉਮਰਾਓ ਸਿੰਘ ਸ਼ੇਰਗਿੱਲ ਦੀ ਰਿਹਾਇਸ਼ਗਾਹ ਸੀ।

''ਤੁਹਾਨੂੰ ਅੰਮ੍ਰਿਤ ਦੀਆਂ ਤਸਵੀਰਾਂ ਕਿਵੇਂ

**ਦੇਵਿੰਦਰ ਸਤਿਆਰਥੀ**
**ਅਨੁਵਾਦ: ਜਗਤਾਰਜੀਤ ਸਿੰਘ**
**ਫੋਨ: 98990-91186**

ਲੱਗੀਆਂ ਹਨ?'' ਉਸ ਦੇ ਪਿਤਾ ਨੇ ਪੁੱਛਿਆ।

ਮੈਂ ਕਿਹਾ, ''ਮੇਰੇ ਵਾਸਤੇ ਇਨ੍ਹਾਂ ਵਿਚ ਨਵਾਂਪਣ ਹੈ। ਜੇਕਰ ਅੰਮ੍ਰਿਤ ਦੀ ਪ੍ਰਤਿਭਾ ਦਾ ਵਿਕਾਸ ਯੂਰੋਪੀਅਨ ਪ੍ਰਭਾਵਾਂ ਦਾ ਰਿਣੀ ਹੈ ਤਾਂ ਇਸ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਜਾਪਦਾ ਹੈ ਉਸ ਨੇ ਭਾਰਤੀਪਣ ਦਾ ਦਿਲ ਲੱਭ ਲਿਆ ਹੈ।''

ਸ਼ਿਮਲੇ ਵਿਖੇ ਅੰਮ੍ਰਿਤ ਦੀ ਛੋਟੀ ਜਿਹੀ ਗੈਲਰੀ ਕਿੰਨੀ ਸੋਹਣੀ ਸੀ। ਉੱਥੇ ਬੈਠ ਕੇ ਉਸ ਨੇ ਰੰਗ ਤੇ ਬੁਰਸ਼ ਨਾਲ ਕਈ ਤਜਰਬੇ ਕੀਤੇ। ਥੋੜ੍ਹੇ ਜਿਹੇ ਸਮੇਂ ਵਿਚ ਉਸ ਨੇ ਭਾਰਤੀ ਚਿੱਤਰਕਾਰਾਂ ਸਾਹਮਣੇ ਇਕ ਚੁਣੌਤੀ ਰੱਖ ਦਿੱਤੀ ਕਿਉਂਕਿ ਉਸ ਨੂੰ, ਚਿੰਤਨ ਦੀ ਪਿੱਠਭੂਮੀ ਦੇ ਰੂਪ ਵਿਚ ਬਜ਼ੁਰਗ ਪਿਤਾ ਦਾ ਗਿਆਨ ਪ੍ਰਾਪਤ ਸੀ।

ਅੰਮ੍ਰਿਤ ਨੇ ਖ਼ੁਦ ਮੈਨੂੰ ਦੱਸਿਆ ਕਿ 1934 ਵਿਚ ਜਦੋਂ ਉਹ ਭਾਰਤ ਆਈ ਹੀ ਸੀ, ਉਸ ਦੀ ਬਣਾਈ ਪੇਂਟਿੰਗ ਨੂੰ ਸ਼ਿਮਲਾ ਵਿਖੇ ਲੱਗੀ ਇਕ ਨੁਮਾਇਸ਼ ਵਿਚ ਸਨਮਾਨਿਤ ਕੀਤਾ ਗਿਆ। ਪਰ ਇਨਾਮ ਅਜਿਹੀ ਤਸਵੀਰ ਨੂੰ ਦਿੱਤਾ ਗਿਆ ਜੋ ਖ਼ੁਦ ਅੰਮ੍ਰਿਤ ਦੀ ਨਜ਼ਰ ਵਿਚ ਏਨੀ ਸ਼ਾਨਦਾਰ ਨਹੀਂ ਸੀ। ਉਸ ਨੇ ਇਸ ਨੂੰ ਆਪਣੇ ਪੋਰਟਰੇਟ ਦਾ ਅਪਮਾਨ ਸਮਝਿਆ। ਉਹ ਉਸ ਨੂੰ ਆਪਣੀ ਸਭ ਤੋਂ ਬਿਹਤਰ ਪੇਂਟਿੰਗ ਮੰਨਦੀ ਸੀ। ਇਸ ਕਾਰਨ ਉਸ ਨੇ ਇਨਾਮ ਵਾਲੀ ਰਕਮ ਪ੍ਰਦਰਸ਼ਨੀ ਕਮੇਟੀ ਨੂੰ ਵਾਪਸ ਕਰ ਦਿੱਤੀ। ਮੈਂ ਉਸੇ ਵੇਲੇ ਸਮਝ



ਗਿਆ ਕਿ ਉਸ ਨੂੰ ਆਪਣੇ ਪੇਂਟ-ਬੁਰਸ਼ ਵਿਚ ਕਿੰਨਾ ਵਿਸ਼ਵਾਸ ਸੀ।

''ਅੰਮ੍ਰਿਤ ਤੇਰਾ ਜਨਮ ਕਿੱਥੇ ਹੋਇਆ ਸੀ?'' ਮੈਂ ਪੁੱਛਿਆ।

''ਹੰਗਰੀ ਦੀ ਰਾਜਧਾਨੀ ਬੁਡਾਪੈਸਟ ਵਿਚ,'' ਉਸ ਨੇ ਕਿਹਾ। 'ਮੇਰਾ ਜਨਮ 1913 ਵਿਚ ਹੋਇਆ ਸੀ।'

ਮੈਂ ਉਛਲ ਕੇ ਕਿਹਾ, ''ਅੰਮ੍ਰਿਤ ਤੂੰ ਮੇਰੇ ਤੋਂਪੰਜ ਸਾਲ ਛੋਟੀ ਏਂ।''

''ਛੋਟੀ ਈ ਸਹੀ,'' ਅੰਮ੍ਰਿਤ ਮੁੜ ਬੋਲੀ, ''ਮੈਨੂੰ ਹਮੇਸ਼ਾ ਇਹੋ ਲੱਗਦਾ ਆ ਰਿਹਾ ਏ ਕਿ ਮੈਂ ਸਦਾ ਤਸਵੀਰਾਂ ਬਣਾਉਂਦੀ ਰਹੀ ਹਾਂ।''

''ਤਾਂ ਤੂੰ ਵੱਡੀ ਏਂ, ਅੰਮ੍ਰਿਤ!''

''ਚਿੱਤਰ ਰਚਨਾ ਦੇ ਅਨੁਭਵ ਦੇ ਆਧਾਰ 'ਤੇ ਨਿਸ਼ਚਿਤ ਤੌਰ 'ਤੇ ਮੈਂ ਵੱਡੀ ਹਾਂ।''

ਸੰਨ 1935 ਨੂੰ ਦਿੱਲੀ ਦੀ 'ਆਲ ਇੰਡੀਆ ਫਾਈਨ ਆਰਟਸ ਐਂਡ ਕਰਾਫਟਸ ਸੋਸਾਇਟੀ' ਵੱਲੋਂ ਅੰਮ੍ਰਿਤ ਦੀ ਇਕ ਪੇਂਟਿੰਗ ਨੂੰ ਇਨਾਮ ਦਿੱਤਾ ਗਿਆ। ਇਸੇ ਸਾਲ ਬੰਬਈ ਆਰਟਸ ਸੋਸਾਇਟੀ ਵੱਲੋਂ ਉਸ ਦੇ 'ਕੁਝ ਹਿੰਦੋਸਤਾਨੀ ਕੁੜੀਆਂ' ਚਿੱਤਰ ਨੂੰ ਸੋਨੇ ਦਾ ਤਮਗਾ ਦਿੱਤਾ ਗਿਆ। ਇਨ੍ਹਾਂ ਦਿਨਾਂ ਦੌਰਾਨ ਅੰਮ੍ਰਿਤ ਨੇ ਪੂਰੇ ਭਾਰਤ ਦੀ ਯਾਤਰਾ ਕੀਤੀ ਅਤੇ ਕਈ ਥਾਵਾਂ 'ਤੇ ਉਸ ਨੇ ਸੁਤੰਤਰ ਪ੍ਰਦਰਸ਼ਨੀਆਂ ਲਾਈਆਂ। ਜਦੋਂ ਉਸ ਨੇ ਦੱਖਣ ਦੀਆਂ ਅਜੰਤਾ ਦੀਆਂ ਗੁਫ਼ਾਵਾਂ ਵਾਲੀਆਂ ਪ੍ਰਸਿੱਧ ਤਸਵੀਰਾਂ ਦਾ ਰਸ ਮਾਣਿਆ ਤਾਂ ਸੱਚੀਂ-ਮੁੱਚੀਂ ਉਸ ਨੂੰ ਇਕ ਨਵੀਂ ਪ੍ਰੇਰਣਾ ਮਿਲੀ।

ਅੰਮ੍ਰਿਤ ਨੂੰ ਛੋਟੇ ਕੈਨਵਸ ਦੀ ਵਰਤੋਂ ਨਾਪਸੰਦ ਸੀ। ਵੱਡੇ ਕੈਨਵਸ ਦੀ ਵਰਤੋਂ ਕਾਰਨ ਆਪਣੇ ਕੰਮ ਵਿਚ ਕੰਧ-ਚਿੱਤਰਾਂ ਦੇ ਗੁਣ-ਲੱਛਣ ਰਲਾਉਣੇ ਉਸ ਲਈਸਹਿਜ ਹੋ ਗਏ। ਅਜੰਤਾ ਫੇਰੀ ਤੋਂ ਬਾਅਦ ਅੰਮ੍ਰਿਤ ਦੇ ਬੁਰਸ਼ ਵਿਚ ਆਈ ਤਬਦੀਲੀ ਜੱਗ ਜ਼ਾਹਿਰ ਹੈ। ਉਨ੍ਹੀਂ ਦਨਿੀਂ ਇਕ ਦੋਸਤ ਨੂੰ ਲਿਖੇ ਖ਼ਤਾਂ ਵਿਚ ਆਪਣੇ ਸ਼ਬਦਾਂ ਰਾਹੀਂ ਵੀ ਉਸ ਇਹ ਗੱਲ ਸਪੱਸ਼ਟ ਕਰ ਦਿੱਤੀ ਸੀ, ''ਮੈਂ ਬਹੁਤ ਮਿਹਨਤ ਕਰ ਰਹੀ ਆਂ ਅਤੇ ਵੱਡੇ ਕੈਨਵਸ ਤਿਆਰ ਕਰਨ ਵਿਚ ਮਸਰੂਫ਼ ਹਾਂ। ਵਿਸ਼ੇ ਦੇ ਲਿਹਾਜ਼ ਪੱਖੋਂ ਉਹ ਦੱਖਣੀ ਭਾਰਤ ਦੀ ਛਾਪ ਰੱਖਦੇ ਹਨ ਜਿਸ ਨੂੰ ਮੈਂ ਗ੍ਰਹਿਣ ਕੀਤਾ ਹੈ। ਚਿੱਤਰਕਾਰੀ ਦੇ ਪੱਖੋਂ ਇਹ ਉਸ ਮਹਾਨ ਸਿੱਖਿਆ ਦਾ ਪ੍ਰਗਟਾਵਾ ਹੈ ਜੋ ਮੈਂ ਅਜੰਤਾ ਵਿਖੇ ਪ੍ਰਾਪਤ ਕੀਤੀ ਸੀ।''

ਬੰਬਈ ਦੇ ਪ੍ਰਸਿੱਧ ਕਲਾ ਸਮੀਖਿਆਕਾਰ ਕਾਰਲ ਖੰਡੇਲਵਾਲ ਨੇ ਅੰਮ੍ਰਿਤ ਸ਼ੇਰਗਿੱਲ ਦੇ ਚਿੱਤਰਾਂ ਦਾ ਇਕ ਸੰਗ੍ਰਹਿ ਛਪਵਾਇਆ। ਸ੍ਰੀ ਖੰਡੇਲਵਾਲ ਅਨੁਸਾਰ, ''ਅੰਮ੍ਰਿਤ ਸ਼ੇਰਗਿੱਲ ਭਾਰਤੀ ਮੂਰਤੀ ਕਲਾ ਤੋਂ ਪ੍ਰਭਾਵਿਤ ਸੀ। ਇਹ ਤੱਥ ਉਸ ਦੇ ਚਿੱਤਰਾਂ ਦੀ ਬਣਤਰ, ਰੱਖ-ਰਖਾਓ ਤੋਂ ਸਾਹਮਣੇ ਆਉਂਦਾ ਹੈ।'' ਇਕ ਦੋਸਤ ਨੂੰ ਲਿਖੀ ਆਪਣੀ ਚਿੱਠੀ ਵਿਚ ਉਸ ਨੇ ਇੱਥੋਂ ਤੱਕ ਲਿਖਿਆ, ''ਮੈਨੂੰ ਰੂਪ ਨਾਲ ਬਹੁਤ ਪਿਆਰ ਹੈ, ਹਾਲਾਂਕਿ ਮੈਂ ਰੰਗਾਂ ਦੀ ਪੂਜਾ ਕਰਦੀ ਹਾਂ।''

ਸੰਨ 1941 ਨੂੰ ਮੇਰੀ ਅੰਮ੍ਰਿਤ ਨਾਲ ਮੁਲਾਕਾਤ ਹੋਈ। ਉਹ ਆਪਣੀਆਂ ਨਵੀਆਂ ਤਸਵੀਰਾਂ ਨੂੰ ਲੈ ਉਨ੍ਹਾਂ ਦੀ ਨੁਮਾਇਸ਼ ਦੀ ਤਿਆਰੀ ਵਿਚ ਰੁੱਝੀ ਹੋਈ ਸੀ। ਅਚਾਨਕ ਉਹ ਬਿਮਾਰ ਹੋ ਗਈ ਅਤੇ ਇਕ ਦਨਿ ਖ਼ਬਰ ਆਈ ਕਿ ਉਸ ਦੀ ਮੌਤ ਹੋ ਗਈ ਹੈ। ਭਾਰਤ ਦੀ ਇਸ ਚਿਤੇਰੀ ਦੀ ਜੁਆਨੀ ਵਿਚ ਹੀ ਮੌਤ ਹੋ ਗਈ- ਇਹ ਦੁਖਦਾਈ ਘਟਨਾ ਭਾਰਤੀ ਕਲਾ ਇਤਿਹਾਸ ਵਿਚ ਹਮੇਸ਼ਾ ਬਹੁਤ ਉਦਾਸੀ ਨਾਲ ਯਾਦ ਕੀਤੀ ਜਾਵੇਗੀ।

## *ਅੰਮ੍ਰਿਤਾ ਸ਼ੇਰਗਿੱਲ ਦੀ ਪੇਂਟਿੰਗ 'ਦਿ ਸਟੋਰੀ ਟੈਲਰ' 61.8 ਕਰੋੜ ਰੁਪਏ 'ਚ ਨਿਲਾਮ, ਦੇਸ਼ ਦੀ ਸਭ ਤੋਂ ਮਹਿੰਗੀ ਕਲਾਕ੍ਰਿਤੀ ਬਣੀ*

ਨਵੀਂ ਦਿੱਲੀ: ਮਸ਼ਹੂਰ ਚਿੱਤਰਕਾਰ ਅੰਮ੍ਰਿਤਾ ਸ਼ੇਰਗਿੱਲ ਦੀ ਪੇਂਟਿੰਗ 'ਦਿ ਸਟੋਰੀ ਟੈਲਰ' ਵਿਸ਼ਵ ਨਿਲਾਮੀ ਵਿਚ 61.8 ਕਰੋੜ ਰੁਪਏ ਵਿਚ ਵਿਕਣ ਤੋਂ ਬਾਅਦ ਕਿਸੇ ਭਾਰਤੀ ਦੀ ਸਭ ਤੋਂ ਮਹਿੰਗੀ ਕਲਾਕ੍ਰਿਤੀ ਬਣ ਗਈ ਹੈ। ਸ਼ੇਰਗਿੱਲ ਦੀ 1937 ਦੀ ਪੇਂਟਿੰਗ ਦਿ ਸਟੋਰੀ ਟੈਲਰ ਇਥੇ ਸੈਫਰੋਨਾਰਟ ਦੀ ਈਵਨਿੰਗ ਸੇਲ: ਮਾਡਰਨ ਆਰਟ ਨਿਲਾਮੀ ਵਿਚ ਵੇਚੀ ਗਈ। ਇਸ ਨਿਲਾਮੀ ਵਿਚ ਐੱਮਐੱਫ ਹੁਸੈਨ, ਵੀਸੀ ਗਾਯਤੋਂਡੇ, ਜੈਮੀਨੀ ਰਾਏ ਅਤੇ ਐੱਫਐੱਸ ਸੂਜ਼ਾ ਸਮੇਤ ਵੱਖ-ਵੱਖ ਕਲਾਕਾਰਾਂ ਦੀਆਂ 70 ਤੋਂ ਵੱਧ ਕਲਾਕ੍ਰਿਤੀਆਂ ਪੇਸ਼ ਕੀਤੀਆਂ ਗਈਆਂ। ਪਿਛਲੇ ਮਹੀਨੇ ਰਜ਼ਾ ਦੀ 1989 ਦੀ ਕਲਾਕ੍ਰਿਤੀ ਗੈਸਟੇਸ਼ਨ ਨੂੰ ਮੁੰਬਈ ਸਥਿਤ ਨਿਲਾਮੀ ਘਰ ਪੁੰਡੋਲੇ ਵੱਲੋਂ 51.75 ਕਰੋੜ ਰੁਪਏ ਵਿਚ ਵੇਚਿਆ ਗਿਆ ਸੀ, ਜੋ ਨਿਲਾਮੀ ਵਿਚ ਵਿਕਣ ਵਾਲੀ ਸਭ ਤੋਂ ਮਹਿੰਗੀ ਭਾਰਤੀ ਕਲਾ ਬਣ ਗਈ ਸੀ।

# ਮੋਦੀ ਦੇ ਰਾਜ ਵਿਚ ਹਿੰਦੂਤਵ ਦੇ ਮਨੁੱਖਤਾ ਵਿਰੁੱਧ ਜੁਰਮ-2

***ਉਘੇ ਪੱਤਰਕਾਰ ਹਰਤੋਸ਼ ਸਿੰਘ ਬੱਲ ਜੋ 'ਦਿ ਕਾਰਵਾਂ' ਮੈਗਜ਼ੀਨ ਦੇ ਕਾਰਜਕਾਰੀ ਸੰਪਾਦਕ ਅਤੇ 'ਵਾਟਰਸ ਕਲੋਜ਼ ਓਵਰ ਅਸ: ਏ ਜਰਨੀ ਅਲੌਂਗ ਦੀ ਨਰਮਦਾ' ਨਾਂ ਦੀ ਚਰਚਿਤ ਕਿਤਾਬ ਦੇ ਲੇਖਕ ਹਨ, ਨੇ ਆਪਣੇ ਇਸ ਲੰਮੇ ਲੇਖ ਵਿਚ ਮੋਦੀ ਰਾਜ ਦੇ ਕੁਝ ਬੇਹੱਦ ਕਰੂਰ ਪੱਖਾਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਹੈ। ਇਸ ਲੇਖ ਦੀ ਦੂਜੀ ਅਤੇ ਆਖਰੀ ਕਿਸ਼ਤ ਆਪਣੇ ਪਾਠਕਾਂ ਨਾਲ ਸਾਂਝੀ ਕੀਤੀ ਜਾ ਰਹੀ ਹੈ। ਅੱਜ ਦੇ ਦੌਰ ਦੀ ਇਸ ਅਹਿਮ ਲਿਖਤ ਦਾ ਤਰਜਮਾ ਸਾਡੇ ਕਾਲਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਦਿੱਲੀ ਵਿਚ ਕੁਝ ਸਮਾਂ ਨਿਜ਼ਾਮੂਦੀਨ ਪੱਛਮ 'ਚ ਰਹਿਣ ਤੋਂ ਬਾਅਦ ਜੋ ਦਿੱਲੀ ਦੇ ਸਭ ਤੋਂ ਮਹਿੰਗੇ ਖੇਤਰਾਂ ਵਿਚੋਂ ਇਕ ਹੈ ਜਿਵੇਂ ਨਿਜ਼ਾਮੂਦੀਨ ਪੂਰਬ, ਜੋਰ ਬਾਗ਼ ਅਤੇ ਗੌਲਫ ਲਿੰਕ ਦੇ ਨੇੜੇ ਦਾ ਇਲਾਕਾ, ਮੈਂ ਵੱਡੀ ਰਿਹਾਇਸ਼ ਲਈ ਵਸੰਤ ਕੁੰਜ ਨਾਲੋਂ ਘੱਟ ਕਿਰਾਇਆ ਦਿੱਤਾ। ਕਾਰਨ ਮਾਮੂਲੀ ਜਿਹਾ ਸੀ: ਨਿਜ਼ਾਮੂਦੀਨ ਪੱਛਮੀ ਮੁੱਖ ਤੌਰ 'ਤੇ ਮੁਸਲਮਾਨ ਬਹੁਗਿਣਤੀ ਵਾਲਾ ਇਲਾਕਾ ਸੀ। ਹਿੰਸਾ ਅਤੇ ਕੱਟੜਤਾ 'ਚੋਂ ਉਪਜੇ ਇਸ ਬਸਤੀ ਵਰਤਾਰੇ ਨੂੰ ਗੁਜਰਾਤ ਵਰਗੇ ਰਾਜਾਂ 'ਚ ਗਿਣੇ-ਮਿਥੇ ਤਰੀਕੇ ਨਾਲ ਨਿਯਮਾਂ ਅਤੇ ਕਾਨੂੰਨਾਂ ਵਿਚ ਸ਼ਾਮਲ ਕਰ ਲਿਆ ਗਿਆ ਹੈ ਜਿੱਥੇ ਕਲੋਨੀਆਂ ਨੂੰ ਇਹ ਅਧਿਕਾਰ ਹੈ ਕਿ ਉਨ੍ਹਾਂ ਦੇ ਆਂਢ-ਗੁਆਂਢ ਵਿਚ ਜਾਇਦਾਦ ਨੂੰ ਕੌਣ ਖ਼ਰੀਦ ਜਾਂ ਵੇਚ ਸਕਦਾ ਹੈ। ਦਰਅਸਲ,



ਮੁਸਲਮਾਨਾਂ ਨੂੰ ਬਾਹਰ ਜਾਣ ਤੋਂ ਰੋਕਿਆ ਜਾ ਰਿਹਾ ਹੈ ਜਾਂ ਉਨ੍ਹਾਂ ਦੀਆਂ ਜਾਇਦਾਦਾਂ ਦਾ ਮਾਰਕੀਟ ਵਿਚ ਮਿਲਣ ਵਾਲੇ ਮੁੱਲ ਤੋਂ ਕਿਤੇ ਘੱਟ ਮੁੱਲ ਦੇ

**ਹਰਤੋਸ਼ ਸਿੰਘ ਬੱਲ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਕੇ ਉਨ੍ਹਾਂ ਨੂੰ ਉੱਥੋਂ ਚਲੇ ਜਾਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਗੁਜਰਾਤ ਵਿਚ 1991 ਦੇ 'ਅਸ਼ਾਂਤ ਖੇਤਰ' ਐਕਟ ਦੀ ਵਰਤੋਂ ਇਸ ਨੂੰ ਦਰਸਾਉਂਦੀ ਹੈ। 'ਦਿ ਕਾਰਵਾਂ' ਵਿਚ ਨੀਲਿਨਾ ਐੱਮ.ਐੱਸ. ਲਿਖਦੀ ਹੈ, "ਇਸ ਨੂੰ ਰਾਜ ਵਿਚ ਵਾਰ-ਵਾਰ ਹੋਣ ਵਾਲੀ ਫਿਰਕੂ ਹਿੰਸਾ ਦੀ ਰੋਸ਼ਨੀ 'ਚ ਜਾਇਦਾਦਾਂ ਦੀ ਸੰਕਟਪੂਰਨ ਵਿਕਰੀ, ਭਾਵ ਜਦੋਂ ਜਾਇਦਾਦਾਂ ਮਾਰਕੀਟ ਦੇ ਭਾਅ ਤੋਂ ਘੱਟ 'ਤੇ ਵੇਚੀਆਂ ਜਾਂਦੀਆਂ ਹਨ, ਦੀ ਜਾਂਚ ਲਈ ਪਾਸ ਕੀਤਾ ਗਿਆ ਸੀ।" "ਹਾਲਾਂਕਿ ਵਿਹਾਰ ਵਿਚ ਰਾਜ ਨੇ ਮੁਸਲਮਾਨਾਂ ਨਾਲ ਜਾਇਦਾਦ ਦੇ ਲੈਣ-ਦੇਣ ਨੂੰ ਨਿਰਉਤਸ਼ਾਹਤ ਕਰਨ ਲਈ ਕਾਨੂੰਨ ਨੂੰ ਹਥਿਆਰ ਬਣਾਇਆ ਹੈ ਜਿਸ ਨਾਲ ਧਾਰਮਿਕ ਲੀਹਾਂ 'ਤੇ ਸਥਾਨਕ ਅਲਹਿਦਗੀ ਹੋ ਰਹੀ ਹੈ।" ਕਾਨੂੰਨ ਨੂੰ ਹੋਰ ਜ਼ਿਆਦਾ ਸਖ਼ਤ ਬਣਾਉਣ ਲਈ ਸੋਧ ਦੀ ਚਰਚਾ ਕਰਦਿਆਂ ਗੁਜਰਾਤ ਦੇ ਮੁੱਖ ਮੰਤਰੀ ਵਿਜੇ ਰੂਪਾਣੀ ਨੇ ਕਿਹਾ, "ਕਿਸੇ ਹਿੰਦੂ ਦਾ ਮੁਸਲਮਾਨ ਨੂੰ ਜਾਇਦਾਦ ਵੇਚਣਾ ਸਹੀ ਨਹੀਂ ਹੈ। ਕਿਸੇ ਮੁਸਲਮਾਨ ਦਾ ਹਿੰਦੂ ਨੂੰ ਜਾਇਦਾਦ ਵੇਚਣਾ ਵੀ ਸਹੀ ਨਹੀਂ ਹੈ।" ਉਸ ਨੇ ਕਿਹਾ, "ਅਸੀਂ ਇਹ ਨਿਯਮ ਉਨ੍ਹਾਂ ਇਲਾਕਿਆਂ ਵਿਚ ਤੈਅ ਕੀਤਾ ਹੈ ਜਿੱਥੇ ਦੰਗੇ ਹੋਏ ਹਨ ਤਾਂ ਜੋ ਉਨ੍ਹਾਂ (ਮੁਸਲਮਾਨਾਂ) ਨੂੰ ਦੱਸਿਆ ਜਾਵੇ ਕਿ ਉਨ੍ਹਾਂ ਨੂੰ ਆਪਣੇ ਇਲਾਕੇ ਵਿਚ ਜਾਇਦਾਦ ਖ਼ਰੀਦਣੀ ਹੋਵੇਗੀ।"

ਜਾਤੀਆਂ ਦੀ ਥੋਪੀ ਗਈ ਦਰਜਾਬੰਦੀ ਦਾ ਇਕ ਕੰਮ ਇਹ ਤੈਅ ਕਰਨਾ ਸੀ ਕਿ ਨੀਚ ਦਰਜੇ ਦੇ ਸਮਝੇ ਜਾਂਦੇ ਲੋਕਾਂ ਨੂੰ ਪਿੰਡਾਂ ਦੇ ਬਾਹਰਲੇ ਇਲਾਕੇ 'ਚ ਧੱਕ ਦਿੱਤਾ ਜਾਵੇ ਅਤੇ ਉਨ੍ਹਾਂ ਨੂੰ ਬੁਨਿਆਦੀ ਸਹੂਲਤਾਂ ਤੇ ਪਾਣੀ ਤੋਂ ਵੀ ਵਾਂਝੇ ਕਰ ਦਿੱਤਾ ਜਾਵੇ। ਅੱਜ ਦੇ ਭਾਰਤ ਵਿਚ ਮੁਸਲਮਾਨ ਹੁਣ ਹਿੰਦੂਤਵ ਰਾਸ਼ਟਰ ਦੇ ਕਸਬਿਆਂ ਅਤੇ ਸ਼ਹਿਰਾਂ ਵਿਚ ਉਸੇ ਦੁਰਦਸ਼ਾ ਵਿਚ ਜੀ ਰਹੇ ਹਨ।

ਇਸ ਸਮੇਂ ਸੱਤਾਧਾਰੀ ਭਾਜਪਾ ਦਾ ਸੰਸਦ ਵਿਚ ਕੋਈ ਵੀ ਮੁਸਲਮਾਨ ਸੰਸਦ ਮੈਂਬਰ ਨਹੀਂ ਹੈ। 543 ਵਿਚੋਂ 301 ਸੰਸਦ ਮੈਂਬਰ ਲੋਕ ਸਭਾ ਵਿਚ ਸੱਤਾਧਾਰੀ ਪਾਰਟੀ ਦੀ ਮਜ਼ਬੂਤ ਪਕੜ ਬਣਾਉਂਦੇ ਹਨ। ਇਸ ਤਰ੍ਹਾਂ ਦੂਜੀਆਂ ਪਾਰਟੀਆਂ ਦੇ ਸੰਸਦ ਮੈਂਬਰਾਂ ਦੀ ਨੀਤੀ ਬਣਾਉਣ ਵਿਚ ਲੱਗਭੱਗ ਕੋਈ ਭੂਮਿਕਾ ਨਹੀਂ ਹੈ। ਇਸ ਤਰ੍ਹਾਂ ਭਾਰਤ ਦੇ ਲੱਗਭੱਗ 20 ਕਰੋੜ ਨਾਗਰਿਕਾਂ ਨੂੰ ਸੱਚਮੁੱਚ ਬਾਹਰ ਕਰ ਦਿੱਤਾ ਗਿਆ ਹੈ। ਇਹੀ ਹਾਲ ਜ਼ਿਆਦਾਤਰ ਭਾਜਪਾ ਦੀ ਹਕੂਮਤ ਵਾਲੇ ਰਾਜਾਂ ਦਾ ਹੈ। ਆਜ਼ਾਦੀ ਤੋਂ ਬਾਅਦ ਭਾਰਤ ਬਾਰੇ ਜੋ ਸੱਚ ਹੈ, ਉਹ ਇਹ ਹੈ ਕਿ ਮੁਲਕ ਵਿਚ ਸੱਤਾ ਦੇ ਸਾਰੇ ਅੰਗਾਂ (ਵਿਧਾਨਪਾਲਿਕਾ, ਨਿਆਂਪਾਲਿਕਾ ਤੇ ਕਾਰਜਪਾਲਿਕਾ) ਵਿਚ ਮੁਸਲਮਾਨਾਂ ਦੀ ਘੱਟ-ਨੁਮਾਇੰਦਗੀ ਨੂੰ ਹੁਣ ਭਾਜਪਾ ਦੇ ਅਧੀਨ ਇਕ ਵਧੇਰੇ ਗੰਭੀਰ ਰੂਪ ਵਿਚ ਜਨਤਕ ਨੀਤੀ ਵਜੋਂ ਲਾਗੂ ਕੀਤਾ ਜਾ ਰਿਹਾ ਹੈ।

"1980 ਅਤੇ 2014 ਦਰਮਿਆਨ ਭਾਰਤ ਦੀ ਸੰਸਦ ਦੇ ਹੇਠਲੇ ਸਦਨ ਵਿਚ ਮੁਸਲਮਾਨ ਸੰਸਦ ਮੈਂਬਰਾਂ ਦੀ ਨੁਮਾਇੰਦਗੀ ਤਕਰੀਬਨ ਦੋ ਤਿਹਾਈ ਘਟ ਗਈ ਹੈ, ਜਦੋਂ ਕਿ ਇਸੇ ਸਮੇਂ ਦੌਰਾਨ ਆਬਾਦੀ ਵਿਚ ਮੁਸਲਮਾਨਾਂ ਦੀ ਹਿੱਸੇਦਾਰੀ ਵਧੀ ਹੈ।" ਇਹ ਕ੍ਰਿਸਟੋਫ ਜੈਫਰਲੋ ਅਤੇ ਜੀਲਸ ਵਰਨੀਅਰਜ ਨੇ 2018 'ਚ ਇੰਡੀਅਨ ਐਕਸਪ੍ਰੈੱਸ ਵਿਚ ਲਿਖਿਆ ਸੀ। ਉਸ ਸਮੇਂ ਲੋਕ ਸਭਾ ਵਿਚ ਮੁਸਲਿਮ ਮੈਂਬਰਾਂ ਦੀ ਗਿਣਤੀ 19 ਸੀ ਜੋ 1952 ਤੋਂ ਬਾਅਦ ਸਭ ਤੋਂ ਘੱਟ ਹੈ। ਜੈਫਰਲੋ ਅਤੇ ਵਰਨੀਅਰਜ ਲਿਖਦੇ ਹਨ, "ਇਸ ਤਬਦੀਲੀ ਲਈ ਭਾਜਪਾ ਖ਼ਾਸ ਤੌਰ 'ਤੇ ਜ਼ਿੰਮੇਵਾਰ ਹੈ ਜਿਸ ਨੇ 1980 ਤੋਂ ਲੈ ਕੇ ਹੁਣ ਤੱਕ ਆਮ ਚੋਣਾਂ ਵਿਚ ਸਿਰਫ਼ 20 ਮੁਸਲਿਮ ਉਮੀਦਵਾਰ ਖੜ੍ਹੇ ਕੀਤੇ ਹਨ ਜਿਨ੍ਹਾਂ ਵਿਚੋਂ ਸਿਰਫ਼ ਤਿੰਨ ਹੀ ਜਿੱਤੇ ਹਨ।"



2019 ਵਿਚ ਮੁਸਲਿਮ ਸੰਸਦ ਮੈਂਬਰਾਂ ਦੀ ਗਿਣਤੀ ਵਿਚ ਥੋੜ੍ਹਾ ਵਾਧਾ ਹੋਇਆ ਪਰ ਇਸ ਦਾ ਭਾਜਪਾ ਨਾਲ ਕੋਈ ਲੈਣਾ-ਦੇਣਾ ਨਹੀਂ ਸੀ ਅਤੇ ਇਸ ਦਾ ਕਾਰਨ ਤ੍ਰਿਣਮੂਲ ਕਾਂਗਰਸ ਤੇ ਸਮਾਜਵਾਦੀ ਪਾਰਟੀ ਵਰਗੀਆਂ ਹੋਰ ਪਾਰਟੀਆਂ ਦੇ ਜੇਤੂ ਉਮੀਦਵਾਰ ਸਨ। ਭਾਜਪਾ ਕਾਂਗਰਸ ਉੱਪਰ ਮੁਸਲਮਾਨਾਂ ਨੂੰ ਖ਼ੁਸ਼ ਕਰਨ ਦਾ ਇਲਜ਼ਾਮ ਲਾਉਂਦੀ ਹੈ ਪਰ ਇਸ ਪਾਰਟੀ ਨੇ ਵੀ ਮੁਲਕ ਵਿਚ ਆਬਾਦੀ ਦੇ ਅਨੁਪਾਤ ਵਿਚ ਕਦੇ ਵੀ ਮੁਸਲਿਮ ਉਮੀਦਵਾਰ ਖੜ੍ਹੇ ਨਹੀਂ ਕੀਤੇ।

ਸੱਤਾ ਤੋਂ ਵਾਂਝੇ ਰਹਿਣ ਨਾਲ ਇਹ ਯਕੀਨੀ ਹੁੰਦਾ ਹੈ ਕਿ ਪਹੁੰਚ ਦੇ ਸਾਰੇ ਗ਼ੈਰ-ਰਸਮੀ ਸਾਧਨ (ਰਿਸ਼ਤੇਦਾਰਾਂ ਅਤੇ ਭਾਈਚਾਰਕ ਤਾਣੇ-ਬਾਣੇ ਦੇ ਜ਼ਰੀਏ) ਵੀ ਬੰਦ ਹੋ ਰਹੇ ਹਨ ਜੋ ਭਾਰਤ ਵਿਚ ਜਿਊਣ ਦਾ ਜ਼ਰੀਆ ਹੈ। ਇਹ ਅਹਿਸਾਨ ਜਾਫ਼ਰੀ ਕਾਂਡ ਵਿਚ ਦਿਖਾਈ ਦੇ ਰਿਹਾ ਸੀ ਕਿਉਂਕਿ ਉਸ ਦੀ ਆਵਾਜ਼ ਅਣਸੁਣੀ ਕਰ ਦਿੱਤੀ ਗਈ।

ਮੋਦੀ ਅਤੇ ਉਸ ਦੇ ਹਮਾਇਤੀ ਲੰਮੇ ਸਮੇਂ ਤੋਂ ਇਹ ਦਲੀਲ ਦਿੰਦੇ ਆ ਰਹੇ ਹਨ ਕਿ ਵਿਕਾਸ ਭਾਈਚਾਰਿਆਂ ਵਿਚ ਵਿਤਕਰਾ ਨਹੀਂ ਕਰਦਾ, ਇਹ ਮੁਸਲਮਾਨਾਂ ਨੂੰ ਧਿਆਨ 'ਚ ਰੱਖ ਕੇ ਬਣਾਈਆਂ ਵਿਕਾਸ ਯੋਜਨਾਵਾਂ ਦਾ ਵਿਰੋਧ ਕਰਨ ਦਾ ਬਹਾਨਾ ਹੈ। ਵਿਕਾਸ ਨਾਲ ਜੁੜੇ ਅਰਥ ਸ਼ਾਸਤਰੀਆਂ ਦੇ ਜ਼ਰੀਏ ਵੀ ਇਹ ਅਫ਼ਵਾਹ ਵੱਡੀ ਗਿਣਤੀ 'ਚ ਦੁਹਰਾਈ ਗਈ ਹੈ ਕਿਉਂਕਿ ਉਨ੍ਹਾਂ ਕੋਲ ਅਜਿਹੀਆਂ ਅਸਮਾਨਤਾਵਾਂ ਦਾ ਅਧਿਐਨ ਕਰਨ ਲਈ ਵਸੀਲਿਆਂ ਅਤੇ ਅੰਕੜਿਆਂ ਦੀ ਘਾਟ ਹੈ।

ਮੋਦੀ ਦੇ ਪੁਰਾਣੇ ਵਿਧਾਨ ਸਭਾ ਖੇਤਰ ਮਣੀਨਗਰ ਦਾ ਮਾਮਲਾ ਇਸ ਸਿਧਾਂਤ ਵਿਚ ਛੇਕ ਕਰ ਦਿੰਦਾ ਹੈ, ਜਿਵੇਂ ਮੈਂ ਦੀ ਨਿਊਯਾਰਕ ਟਾਈਮਜ਼ ਲਈ 2013 'ਚ ਲਿਖੇ ਲੇਖ ਵਿਚ ਦਰਜ ਕੀਤਾ ਸੀ। ਅਹਿਮਦਾਬਾਦ ਵਿਚ ਸਥਿਤ ਮਣੀਨਗਰ ਜ਼ਿਆਦਾਤਰ ਮੱਧ ਵਰਗੀ ਇਲਾਕਾ ਹੈ। "ਪਰ ਮਿੱਲਤ ਨਗਰ ਦੀਆਂ ਸੜਕਾਂ 'ਚ ਟੋਏ ਹੀ ਟੋਏ ਹਨ ਜਿਸ ਨੂੰ ਮਣੀਨਗਰ ਦਾ ਦਿਲ ਕਿਹਾ ਜਾਂਦਾ ਹੈ ਅਤੇ ਜੋ 20,000 ਮੁਸਲਮਾਨਾਂ ਦਾ ਘਰ ਹੈ।"

2007 ਵਿਚ ਖੇਤਰ ਦੇ ਮੇਰੇ ਪਹਿਲੇ ਦੌਰੇ 'ਤੇ ਵਸਨੀਕਾਂ ਨੇ ਦੱਸਿਆ ਕਿ ਜ਼ਿਆਦਾਤਰ ਘਰਾਂ ਵਿਚ ਪੀਣ ਵਾਲਾ ਪਾਣੀ ਨਹੀਂ ਹੈ ਅਤੇ ਨਾ ਹੀ ਮੋਦੀ ਤੇ ਨਾ ਹੀ ਕੋਈ ਹੋਰ ਭਾਜਪਾ ਮੈਂਬਰ ਕਦੇ ਉਨ੍ਹਾਂ ਨੂੰ ਆ ਕੇ ਮਿਲਿਆ। ਮੈਂ 2012 ਦੀਆਂ ਰਾਜ ਚੋਣਾਂ ਦੌਰਾਨ ਇਸ ਇਲਾਕੇ 'ਚ ਮੁੜ ਗਿਆ ਅਤੇ ਦੇਖਿਆ ਕਿ "ਇਲਾਕੇ ਵਿਚ ਕੁਝ ਵੀ ਨਹੀਂ ਬਦਲਿਆ ਹੈ, ਸਿਵਾਇ ਸੜਕਾਂ ਅਤੇ ਸੀਵਰੇਜ ਉੱਪਰ ਕੀਤੇ ਕੁਝ ਕੰਮ ਦੇ ਜੋ 2011 ਵਿਚ ਨਗਰ ਨਿਗਮ ਚੋਣਾਂ ਵਿਚ ਕਾਂਗਰਸ ਦੀ ਟਿਕਟ 'ਤੇ ਚੁਣੇ ਗਏ ਇਲਾਕੇ ਦੇ ਕੁਝ ਮੁਸਲਮਾਨਾਂ ਦੁਆਰਾ ਸ਼ੁਰੂ ਕੀਤਾ ਗਿਆ ਸੀ।" ਫਿਰ ਵੀ ਮੁਸਲਮਾਨਾਂ ਨੂੰ ਛੱਡ ਕੇ ਜਿਨ੍ਹਾਂ ਕੋਲ ਮਣੀਨਗਰ 'ਚ ਸਿਰਫ਼ 8 ਫ਼ੀਸਦੀ ਵੋਟ ਹਨ, ਬਾਕੀ ਸਾਰੇ ਇਲਾਕਿਆਂ 'ਤੇ ਧਿਆਨ ਕੇਂਦਰਤ ਕਰ ਕੇ ਮੋਦੀ ਨੇ ਆਪਣੇ ਹਲਕੇ 'ਚ 77 ਫ਼ੀ ਸਦੀ ਵੋਟਾਂ ਹਾਸਲ ਕੀਤੀਆਂ।

ਵਸੋਂ ਦੇ ਇਕ ਹਿੱਸੇ ਨੂੰ ਖ਼ਾਸ ਬਸਤੀਆਂ 'ਚ ਸੀਮਤ ਕਰਨਾ (ਗੇਟੋਆਈਜੇਸ਼ਨ), ਮੁਸਲਮਾਨਾਂ ਨੂੰ ਸਹੂਲਤਾਂ ਤੋਂ ਵਾਂਝੇ ਰੱਖਣ ਦਾ ਇਕ ਹੋਰ ਜ਼ਰੀਆ ਬਣ ਗਿਆ ਹੈ। ਇਸ ਦੇ ਨਾਲ ਹੀ ਸਾਡੀ ਬਹੁਮਤ ਪ੍ਰਣਾਲੀ ਨੇ ਮੁਸਲਮਾਨਾਂ ਨੂੰ ਜਾਣ-ਬੁੱਝ ਕੇ ਹਾਸ਼ੀਏ 'ਤੇ ਰੱਖਿਆ ਹੈ। ਮੋਦੀ ਦੀ ਪਾਰਟੀ ਵੱਲੋਂ ਭੜਕਾਏ ਗਏ ਕੱਟੜਤਾ ਦੇ ਇਸ ਮਾਹੌਲ ਵਿਚ ਦੂਜੀਆਂ ਪਾਰਟੀਆਂ ਨੇ ਵੀ ਅਜਿਹਾ ਹੀ ਕੀਤਾ ਹੈ ਅਤੇ ਮੁਸਲਮਾਨਾਂ ਉਮੀਦਵਾਰਾਂ ਨੂੰ ਓਨੀ ਗਿਣਤੀ ਵਿਚ ਚੋਣਾਂ 'ਚ ਟਿਕਟਾਂ ਨਹੀਂ ਦਿੱਤੀਆਂ ਜਿੰਨੀਆਂ ਹੀ ਉਹ ਕਦੇ ਦਿੰਦੇ ਰਹੇ ਸਨ। ਇਹ ਅਜਿਹਾ ਅਮਲ ਹੈ ਜੋ ਖ਼ੁਦ ਨੂੰ ਪ੍ਰਫੁੱਲਤ ਕਰਦਾ ਹੈ। ਮੁਸਲਮਾਨਾਂ ਕੋਲ ਹੁਣ ਜਿੰਨੀ ਘੱਟ ਤਾਕਤ ਹੈ, ਭਵਿੱਖ ਵਿਚ ਉਨ੍ਹਾਂ ਦੀ ਤਾਕਤ ਓਨੀ ਹੀ ਘੱਟ ਹੋਵੇਗੀ।

ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਆਰ.ਐੱਸ.ਐੱਸ. ਨੇ ਹਿੰਦੂ ਰਾਸ਼ਟਰ ਦੀ ਆਪਣੀ ਧਾਰਨਾ ਨੂੰ ਮੁਸਲਮਾਨਾਂ ਪ੍ਰਤੀ ਘੋਰ ਨਫ਼ਰਤ ਨਾਲ ਜੋੜਿਆ ਹੈ। ਮੁਸਲਮਾਨਾਂ ਪ੍ਰਤੀ ਰੋਜ਼ਮੱਰਾ ਨਫ਼ਰਤ, ਕੱਟੜਤਾ ਅਤੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਣ ਲਈ ਇਸਤੇਮਾਲ ਕੀਤੀ ਜਾ ਰਹੀ ਸਰੀਰਕ ਤੇ ਮਨੋਵਿਗਿਆਨਕ ਹਿੰਸਾ ਅੱਪਵਾਦ ਨਹੀਂ ਹੈ ਸਗੋਂ ਇਹ ਆਰ.ਐੱਸ.ਐੱਸ. ਦੇ ਲੰਮੇ ਸਮੇਂ ਤੋਂ ਚਲੇ ਆ ਰਹੇ ਵਿਚਾਰਾਂ ਦੇ ਅਨੁਸਾਰੀ ਹੀ ਹੈ।

'ਡਾ. ਹੇਡਗੇਵਾਰ: ਦਿ ਇਪਾਕ ਮੇਕਰ' (ਯੁਗ-ਪੁਰਸ਼ ਡਾ. ਹੈਡਗੇਵਾਰ) ਵਿਚ ਆਰ.ਐੱਸ.ਐੱਸ. ਦੇ ਉੱਘੇ ਮੈਂਬਰ ਦੇਸ਼ਪਾਂਡੇ ਅਤੇ ਐੱਸ.ਆਰ. ਰਾਮਾਸਵਾਮੀ ਲਿਖਦੇ ਹਨ: "ਸੰਘ ਦੀ ਸਥਾਪਨਾ ਤੋਂ ਪਹਿਲਾਂ 1925 ਵਿਚ ਹੇਡਗੇਵਾਰ ਕੁਝ ਬੁਨਿਆਦੀ ਸਵਾਲਾਂ ਦੇ ਜਵਾਬ ਲੱਭਣ ਵਿਚ ਰੁੱਝੇ ਹੋਏ ਸਨ; ਜਿਵੇਂ ਸਾਡੇ ਭਾਈਚਾਰੇ ਦੇ ਇਨ੍ਹਾਂ ਸਾਲਾਂ ਵਿਚ ਕੀ ਮੁਸਲਮਾਨਾਂ ਨੇ ਕਦੇ ਸਾਡੇ ਕਿਸੇ ਕਦਮ 'ਤੇ ਸਕਾਰਾਤਮਕ ਪ੍ਰਤੀਕ੍ਰਮ ਦਿੱਤਾ ਹੈ? ਕੀ ਉਸ ਵਿਚ ਹਿੰਦੂ ਸਮਾਜ ਪ੍ਰਤੀ ਕੋਈ ਗਰਮਜੋਸ਼ੀ ਪੈਦਾ ਹੋਈ ਹੈ? ਕੀ ਉਨ੍ਹਾਂ ਨੇ ਸਹਿਣਸ਼ੀਲਤਾ, 'ਜੀਓ ਤੇ ਜੀਣ ਦਿਓ' ਦੀ ਹਿੰਦੂ ਪਰੰਪਰਾ ਨੂੰ ਦੁਹਰਾਇਆ ਹੈ? ਕੀ ਉਨ੍ਹਾਂ ਨੇ ਭਾਰਤ ਮਾਂ ਨੂੰ ਸ਼ਰਧਾਂਜਲੀ ਦੇਣ 'ਚ ਸਾਡੇ ਨਾਲ ਸ਼ਾਮਲ ਹੋਣ ਦੀ ਮਾਮੂਲੀ ਇੱਛਾ ਵੀ ਦਿਖਾਈ ਹੈ?"

ਅਜਿਹੇ ਬੇਤੁਕੇ ਸੂਤਰੀਕਰਨ ਇਨ੍ਹਾਂ ਸਾਲਾਂ 'ਚ ਸੰਘ ਦੀ ਕੱਟੜਤਾ ਦੀ ਮੁੱਖ ਖ਼ੁਰਾਕ ਬਣ ਗਏ। ਇਕ ਹੋਰ ਜੀਵਨੀਕਾਰ ਸੀ.ਪੀ. ਭਿਸ਼ੀਕਰ ਜੋ ਆਰ.ਐੱਸ.ਐੱਸ. ਨਾਲ ਵੀ ਜੁੜਿਆ ਹੋਇਆ ਹੈ, ਵਧੇਰੇ ਸਪੱਸ਼ਟ ਹੈ ਜਦੋਂ ਉਹ ਕਹਿੰਦਾ ਹੈ ਕਿ ਹੇਡਗੇਵਾਰ ਨੇ ਮੁਸਲਮਾਨਾਂ ਨੂੰ 'ਯਵਨੀ ਸਾਂਪ' (ਵਿਦੇਸ਼ੀ ਨਾਗ) ਕਿਹਾ ਸੀ।

ਮੁਸਲਮਾਨਾਂ ਬਾਰੇ ਹੇਡਗੇਵਾਰ ਦੇ ਨਜ਼ਰੀਏ ਨੂੰ ਵਿਚਾਰਧਾਰਕ ਸਰੂਪ ਵੀ.ਡੀ. ਸਾਵਰਕਰ ਦੇ 'ਹਿੰਦੂਤਵ: ਹੂ ਇਜ਼ ਹਿੰਦੂ?' ਨੇ ਦਿੱਤਾ। ਦੇਸ਼ਪਾਂਡੇ ਅਤੇ ਰਾਮਾਸਵਾਮੀ ਲਿਖਦੇ ਹਨ, "ਸਾਵਰਕਰ ਦੀ 'ਹਿੰਦੂਤਵ' ਦੀ ਧਾਰਨਾ ਦੀ ਪ੍ਰੇਰਨਾਦਾਇਕ ਅਤੇ ਸ਼ਾਨਦਾਰ ਵਿਆਖਿਆ ਜੋ ਅਕੱਟ ਦਲੀਲ ਅਤੇ ਸਪਸ਼ਟਤਾ ਵਾਲੀ ਸੀ, ਨੇ ਡਾਕਟਰ ਜੀ ਦੇ ਦਿਲ ਨੂੰ ਟੁੰਬਿਆ।" ਸੰਘ ਦੇ ਅੰਦਰੂਨੀ ਸੂਤਰਾਂ ਵੱਲੋਂ 'ਸ਼ਾਨਦਾਰ' ਅਤੇ 'ਅਕੱਟ' ਵਰਗੇ ਸ਼ਬਦਾਂ ਦੀ ਵਰਤੋਂ ਸਾਵਰਕਰ ਦੇ ਗੁਰ ਦੇ ਮਾੜੇ ਕਿਰਦਾਰ ਉੱਪਰ ਪਰਦਾ ਪਾਉਣ ਲਈ ਹੈ। ਅੰਗਰੇਜ਼ਾਂ ਨੂੰ ਵਾਰ-ਵਾਰ ਰਹਿਮ ਦੀ ਅਪੀਲ ਕਰਨ ਤੋਂ ਬਾਅਦ ਸਾਵਰਕਰ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਅਤੇ ਉਸ ਦੀ ਕਿਤਾਬ ਬਸਤੀਵਾਦੀ ਰਾਜ ਦੀ ਅਸਲੀਅਤ ਬਾਰੇ ਕੁਝ ਨਹੀਂ ਕਹਿੰਦੀ। ਦਰਅਸਲ, ਬਰਤਾਨੀਆ ਪ੍ਰਤੀ ਵਫ਼ਾਦਾਰੀ ਦੀ ਕਸਮ ਖਾਣ ਵਾਲੇ ਕਿਸੇ ਸ਼ਖ਼ਸ ਦੁਆਰਾ ਲਿਖੀ ਇਹ ਕਿਤਾਬ ਕੁਝ ਇਸ ਤਰ੍ਹਾਂ ਲਿਖੀ ਗਈ ਹੈ ਜੋ ਹਿੰਦੂਆਂ ਨੂੰ ਅੰਦਰੂਨੀ ਅਤੇ ਮੁਸਲਮਾਨਾਂ ਨੂੰ ਬਾਹਰਲਿਆਂ ਵਜੋਂ ਪੇਸ਼ ਕਰਦੀ ਹੈ।

ਸਾਵਰਕਰ ਸਿਆਸੀ ਸ਼ਖ਼ਸ ਸੀ ਅਤੇ ਹਿੰਦੂ ਮਹਾਂ ਸਭਾ ਦੇ ਮੁਖੀ ਵਜੋਂ ਉਹ ਉਸ ਸੰਘ ਦਾ ਹਿੱਸਾ ਸੀ ਜਿਸ ਨੂੰ ਅਸੀਂ ਅੱਜ ਸੰਘ ਪਰਿਵਾਰ ਕਹਿੰਦੇ ਹਾਂ। ਜਿਵੇਂ ਧੀਰੇਂਦਰ ਕੇ. ਝਾਅ ਨੇ ਨੱਥੂਰਾਮ ਗੌਡਸੇ ਬਾਰੇ 'ਦਿ ਕਾਰਵਾਂ' ਲਈ ਲਿਖੇ ਆਪਣੇ ਖੋਜ ਭਰਪੂਰ ਲੇਖ ਵਿਚ ਲਿਖਿਆ ਹੈ- ਐੱਮ.ਕੇ. ਗਾਂਧੀ ਦੇ ਕਤਲ ਤੋਂ ਪਹਿਲਾਂ ਦੇ ਸਾਲਾਂ ਵਿਚ ਮਹਾਂ ਸਭਾ ਅਤੇ ਆਰ.ਐੱਸ.ਐੱਸ. ਵਿਚ ਤਕਰੀਬਨ ਕੋਈ ਅੰਤਰ ਨਹੀਂ ਸੀ, ਬਹੁਤ ਸਾਰੇ ਸੀਨੀਅਰ ਆਗੂ ਇੱਕੋ ਸਮੇਂ ਦੋਹਾਂ ਜਥੇਬੰਦੀਆਂ ਦਾ ਹਿੱਸਾ ਸਨ। ਕਤਲ ਤੋਂ ਬਾਅਦ ਹੀ, ਇਸ ਦੇ ਨਤੀਜਿਆਂ ਤੋਂ ਬਚਣ ਲਈ ਆਰ.ਐੱਸ.ਐੱਸ. ਨੇ ਮਹਾਂ ਸਭਾ ਤੋਂ ਆਪਣੇ ਵੱਖ ਹੋਣ ਦੀ ਕਹਾਣੀ ਘੜਨ ਦੀ ਕੋਸ਼ਿਸ਼ ਕੀਤੀ।

ਸਾਵਰਕਰ ਨੇ ਹਿੰਦੂ ਮਹਾਂ ਸਭਾ ਦੇ ਬਾਨੀ ਪ੍ਰਧਾਨ ਵਜੋਂ ਜੋ ਭਾਸ਼ਣ ਦਿੱਤਾ ਸੀ, ਉਸ ਵਿਚ ਉਸ ਨੇ 'ਹਿੰਦੂ ਕੌਣ ਹੈ?' ਉੱਪਰ ਆਪਣਾ ਰੁਖ ਸਪੱਸ਼ਟ ਕਰਦਿਆਂ ਕਿਹਾ ਸੀ, "ਹਰ ਕੋਈ ਜੋ ਸਿੰਧੂ ਤੋਂ ਲੈ ਕੇ ਸਮੁੰਦਰ ਤੱਕ ਭਾਰਤ ਦੀ ਇਸ ਧਰਤੀ ਨੂੰ ਆਪਣੀ ਜਨਮ ਭੂਮੀ ਅਤੇ ਪਵਿੱਤਰ ਭੂਮੀ ਮੰਨਦਾ ਹੈ ਅਤੇ ਉਸ ਉੱਪਰ ਦਾਅਵਾ ਕਰਦਾ ਹੈ, ਉਹ ਹਿੰਦੂ ਹੈ।" ਹੇਡਗੇਵਾਰ ਦੀ ਭਾਰਤ ਮਾਂ ਦੀ ਧਾਰਨਾ ਅਤੇ ਸਾਵਰਕਰ ਦੀ ਪਿਤਰ ਭੂਮੀ ਦੀ ਧਾਰਨਾ ਵਿਚਕਾਰ ਟਕਰਾਅ ਓੜਕ 'ਮਾਂ' ਸ਼ਬਦ ਦੇ ਹੱਕ ਵਿਚ ਹੱਲ ਹੋ ਗਿਆ ਸੀ ਪਰ ਕਿਸੇ ਵੀ ਤਰੀਕੇ ਨਾਲ ਇਸ ਦਾ ਮਤਲਬ ਬਾਈਕਾਟ ਸੀ। ਸਾਵਰਕਰ ਨੇ ਕਿਹਾ, "ਜਿਵੇਂ ਹਿੰਦੂਤਵ ਦਾ ਪਹਿਲਾ ਹਿੱਸਾ, ਸਾਂਝੀ ਪਵਿੱਤਰ ਧਰਤੀ ਉੱਪਰ ਕਬਜ਼ਾ, ਭਾਰਤੀ ਮੁਸਲਮਾਨਾਂ, ਯਹੂਦੀਆਂ, ਇਸਾਈਆਂ, ਪਾਰਸੀਆਂ ਆਦਿ ਨੂੰ ਆਪਣੇ ਆਪ ਨੂੰ ਹਿੰਦੂ ਹੋਣ ਦਾ ਦਾਅਵਾ ਕਰਨ ਤੋਂ ਬਾਹਰ ਰੱਖਦਾ ਹੈ ਜੋ ਅਸਲ ਵਿਚ ਉਹ ਕਰਦੇ ਵੀ ਨਹੀਂ ਹਨ... ਦੂਜੇ ਪਾਸੇ, ਪਰਿਭਾਸ਼ਾ ਦਾ ਦੂਜਾ ਹਿੱਸਾ, ਭਾਵ ਸਾਂਝੀ ਪਿਤਰ ਭੂਮੀ ਹੋਣਾ, ਜਾਪਾਨੀ, ਚੀਨੀ ਅਤੇ ਹੋਰ ਲੋਕਾਂ ਨੂੰ ਹਿੰਦੂ ਧਰਮ ਤੋਂ ਬਾਹਰ ਰੱਖਦਾ ਹੈ।"

ਇਸ ਬਾਈਕਾਟ ਦੀ ਹੇਡਗੇਵਾਰ ਦੇ ਵਾਰਿਸ ਐੱਮ.ਐੱਸ. ਗੋਲਵਲਕਰ ਨੇ ਹਮਾਇਤ ਕੀਤੀ ਜਿਸ ਨੇ ਜਰਮਨੀ ਦੀਆਂ ਯਹੂਦੀ ਘੱਟ-ਗਿਣਤੀਆਂ ਨਾਲ ਹਿਟਲਰ ਦੇ ਸਲੂਕ ਦੀ ਖੁੱਲ੍ਹ ਕੇ ਤਾਰੀਫ਼ ਕੀਤੀ। "ਵੀ ਔਰ ਅਵਰ ਨੇਸ਼ਨਹੁਡ ਡੀਫਾਈਨਡ" (ਅਸੀਂ ਜਾਂ ਸਾਡੀ ਰਾਸ਼ਟਰ ਦੀ ਪਰਿਭਾਸ਼ਾ) ਵਿਚ ਉਹ ਲਿਖਦਾ ਹੈ, "ਜਰਮਨੀ ਨੇ ਇਹ ਵੀ ਦਿਖਾਇਆ ਹੈ ਕਿ ਨਸਲਾਂ ਅਤੇ ਸੰਸਕ੍ਰਿਤੀਆਂ ਲਈ ਜਿਨ੍ਹਾਂ ਵਿਚ ਮੂਲ ਮਤਭੇਦ ਹਨ, ਇਕਜੁੱਟ ਇਕਾਈ ਵਿਚ ਸਮੋਣਾ ਕਿੰਨਾ ਅਸੰਭਵ ਹੈ; ਇਹ ਹਿੰਦੁਸਤਾਨ ਵਿਚ ਸਾਡੇ ਲਈ ਸਿੱਖਣ ਅਤੇ ਲਾਭ ਉਠਾਉਣ ਲਈ ਚੰਗਾ ਸਬਕ ਹੈ।" 2014 ਵਿਚ ਮੋਦੀ ਦੀ ਜਿੱਤ ਤੋਂ ਤੁਰੰਤ ਬਾਅਦ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਨੇ ਬਿਆਨ ਦਿੱਤਾ ਜਿਸ ਨੂੰ ਇਸ ਇਤਿਹਾਸ ਦੇ ਪ੍ਰਸੰਗ ਵਿਚ ਪੜ੍ਹਿਆ ਜਾਣਾ ਚਾਹੀਦਾ ਹੈ: "ਹਿੰਦੁਸਤਾਨ ਹਿੰਦੂ ਰਾਸ਼ਟਰ ਹੈ... ਹਿੰਦੂਤਵ ਸਾਡੇ ਰਾਸ਼ਟਰ ਦੀ ਪਛਾਣ ਹੈ, ਤੇ ਇਹ ਦੂਜਿਆਂ ਨੂੰ ਆਪਣੇ 'ਚ ਸਮੋ ਸਕਦਾ ਹੈ।"

ਇਸ ਤੋਂ ਬਾਅਦ ਜੋ ਵੀ ਹੋਇਆ, ਉਹ ਆਰ.ਐੱਸ.ਐੱਸ. ਦੀ ਇਸ ਵਿਚਾਰਧਾਰਾ ਦੇ ਅਨੁਸਾਰ ਹੈ। ਕੇਂਦਰ ਸਰਕਾਰ ਇਸ ਅਮਲ ਵਿਚ ਭਾਈਵਾਲ ਰਹੀ ਹੈ। ਪ੍ਰਧਾਨ ਮੰਤਰੀ ਖੁਦ ਵੀ ਆਰ.ਐੱਸ.ਐੱਸ. ਤੋਂ ਹੈ ਅਤੇ ਇਸ ਦੇ ਮੂੱਲਾਂ ਨਾਲ ਗੜੁੱਚ ਹੈ। 2008 ਵਿਚ ਉਸ ਨੇ 'ਜੋਤੀਪੁੰਜ: ਬੀਮਜ਼ ਆਫ ਲਾਈਟ' ਨਾਂ ਦੀ ਕਿਤਾਬ ਲਿਖੀ ਜਿਸ ਵਿਚ ਆਰ.ਐੱਸ.ਐੱਸ. ਦੇ 16 ਮੁਖੀਆਂ ਦੀਆਂ ਜੀਵਨੀਆਂ ਹਨ ਜਿਨ੍ਹਾਂ ਨੇ ਉਸ ਨੂੰ ਪ੍ਰੇਰਿਆ ਹੈ। ਸਭ ਤੋਂ ਲੰਮਾ ਲੇਖ ਗੋਲਵਲਕਰ ਬਾਰੇ ਸੀ। ਮੋਦੀ ਨੇ ਅਜਿਹੀ ਸਰਕਾਰ ਦੀ ਅਗਵਾਈ ਕੀਤੀ ਹੈ ਜਿਸ ਨੇ ਸੰਘ ਪਰਿਵਾਰ ਦੇ ਮੈਂਬਰਾਂ ਅਤੇ ਹਿੰਦੂਤਵ ਦੀ ਵਿਚਾਰਧਾਰਾ ਨਾਲ ਜੁੜੇ ਲੋਕਾਂ ਵੱਲੋਂ ਮੁਸਲਮਾਨਾਂ ਵਿਰੁੱਧ ਹਿੰਸਾ ਭੜਕਾਉਣ ਉੱਪਰ ਚੁੱਪ ਧਾਰੀ ਹੋਈ ਹੈ।

2002 ਦੀ ਗੁਜਰਾਤ ਹਿੰਸਾ ਤੋਂ ਲੈ ਕੇ ਮੋਦੀ ਦਾ ਰਾਜਨੀਤਕ ਕਰੀਅਰ ਮੁਸਲਿਮ ਘੱਟਗਿਣਤੀਆਂ ਬਾਰੇ ਲਗਾਤਾਰ ਅਫਵਾਹਾਂ 'ਤੇ ਆਧਾਰਿਤ ਰਿਹਾ ਹੈ। ਸਤੰਬਰ 2002 ਵਿਚ ਗੁਜਰਾਤ ਵਿਚ ਮੁਸਲਿਮ ਵਿਰੋਧੀ ਹਿੰਸਾ ਤੋਂ ਬਾਅਦ ਇਕ ਭਾਸ਼ਣ ਵਿਚ ਉਸ ਨੇ ਕਿਹਾ, "ਮੈਂ ਆਪਣੇ ਕਾਂਗਰਸੀ ਮਿੱਤਰਾਂ ਨੂੰ ਸਵਾਲ ਪੁੱਛਦਾ ਹਾਂ... ਅਸੀਂ ਸ਼੍ਰਾਵਣ ਦੇ ਮਹੀਨੇ ਸਾਬਰਮਤੀ ਵਿਚ ਪਾਣੀ ਲਿਆਉਂਦੇ ਹਾਂ, ਜਦੋਂ ਤੁਸੀਂ ਉੱਥੇ ਹੁੰਦੇ ਹੋ ਤਾਂ ਤੁਸੀਂ ਇਸ ਨੂੰ ਰਮਜ਼ਾਨ ਦੇ ਮਹੀਨੇ 'ਚ ਲਿਆਉਂਦੇ ਹੋ। ਜਦੋਂ ਅਸੀਂ ਸ਼੍ਰਾਵਣ ਦੇ ਮਹੀਨੇ

***ਮੋਦੀ ਦੇ ਪੁਰਾਣੇ ਵਿਧਾਨ ਸਭਾ ਖੇਤਰ ਮਣੀਨਗਰ ਦਾ ਮਾਮਲਾ ਇਸ ਸਿਧਾਂਤ ਵਿਚ ਛੇਕ ਕਰ ਦਿੰਦਾ ਹੈ, ਜਿਵੇਂ ਮੈਂ ਦੀ ਨਿਊਯਾਰਕ ਟਾਈਮਜ਼ ਲਈ 2013 'ਚ ਲਿਖੇ ਲੇਖ ਵਿਚ ਦਰਜ ਕੀਤਾ ਸੀ। ਅਹਿਮਦਾਬਾਦ ਵਿਚ ਸਥਿਤ ਮਣੀਨਗਰ ਜ਼ਿਆਦਾਤਰ ਮੱਧ ਵਰਗੀ ਇਲਾਕਾ ਹੈ। "ਪਰ ਮਿੱਲਤ ਨਗਰ ਦੀਆਂ ਸੜਕਾਂ 'ਚ ਟੋਏ ਹੀ ਟੋਏ ਹਨ ਜਿਸ ਨੂੰ ਮਣੀਨਗਰ ਦਾ ਦਿਲ ਕਿਹਾ ਜਾਂਦਾ ਹੈ ਅਤੇ ਜੋ 20,000 ਮੁਸਲਮਾਨਾਂ ਦਾ ਘਰ ਹੈ।" 2007 ਵਿਚ ਖੇਤਰ ਦੇ ਮੇਰੇ ਪਹਿਲੇ ਦੌਰੇ 'ਤੇ ਵਸਨੀਕਾਂ ਨੇ ਦੱਸਿਆ ਕਿ ਜ਼ਿਆਦਾਤਰ ਘਰਾਂ ਵਿਚ ਪੀਣ ਵਾਲਾ ਪਾਣੀ ਨਹੀਂ ਹੈ ਅਤੇ ਨਾ ਹੀ ਮੋਦੀ ਤੇ ਨਾ ਹੀ ਕੋਈ ਹੋਰ ਭਾਜਪਾ ਮੈਂਬਰ ਕਦੇ ਉਨ੍ਹਾਂ ਨੂੰ ਆ ਕੇ ਮਿਲਿਆ।***

**(ਬਾਕੀ ਅਗਲੇ ਸਫੇ 'ਤੇ)**

# 'ਆਪ' ਸਰਕਾਰ ਦੇ ਦਾਅਵੇ ਅਤੇ ਮਜ਼ਦੂਰਾਂ ਵੱਲ ਪਹੁੰਚ

ਪਿਛਲੇ ਦੋ-ਤਿੰਨ ਦਹਾਕਿਆਂ ਦੌਰਾਨ ਪੰਜਾਬ ਦੇ ਖੇਤੀ ਖੇਤਰ ਵਿਚ ਹੋਏ ਬੇਲੋੜੇ ਮਸ਼ੀਨੀਕਰਨ ਨੇ ਮਜ਼ਦੂਰਾਂ ਦੇ ਗਿਣਨਯੋਗ ਹਿੱਸੇ ਅਤੇ ਛੋਟੀ ਕਿਸਾਨੀ ਦੇ ਨੌਜਵਾਨਾਂ ਨੂੰ ਖੇਤੀ ਖੇਤਰ ਵਿਚੋਂ ਬਾਹਰ ਕਰ ਦਿੱਤਾ ਹੈ। ਸਾਡੀਆਂ ਸੂਬਾ ਸਰਕਾਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਸੀ ਕਿ ਸੂਬੇ ਵਿਚ ਖੇਤੀ ਆਧਾਰਿਤ ਸਨਅਤਾਂ ਨੂੰ ਪ੍ਰਫੁੱਲਿਤ ਕੀਤਾ ਜਾਂਦਾ ਅਤੇ ਪਬਲਿਕ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾਂਦੇ ਪਰ ਉਹਨਾਂ ਅਜਿਹਾ ਨਹੀਂ ਕੀਤਾ। ਸੂਬੇ ਵਿਚ ਫੈਲੀ ਬੇਰੁਜ਼ਗਾਰੀ ਕਾਰਨ ਅਨਿਸ਼ਚਿਤ ਭਵਿੱਖ ਕਾਰਨ ਨੌਜਵਾਨਾਂ ਵਿਚ ਬੇਚੈਨੀ ਵਾਲੇ ਹਾਲਾਤ ਬਣੇ ਹੋਏ ਹਨ। ਇਨ੍ਹਾਂ ਹਾਲਾਤ ਵਿਚ ਪੰਜਾਬੀਆਂ ਨੂੰ ਸਬਜ਼ਬਾਗ ਦਿਖਾਉਂਦਿਆਂ 'ਆਪ' ਨੇ ਸੱਤਾ ਹਾਸਲ ਕੀਤੀ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

'ਆਪ' ਸਰਕਾਰ ਨੇ ਪਿਛਲੇ ਡੇਢ ਸਾਲ ਦੌਰਾਨ ਬੰਦ ਪਈਆਂ ਸਹਿਕਾਰੀ ਖੰਡ ਮਿੱਲਾਂ ਨੂੰ ਚਲਾਉਣ ਜਾਂ ਖੇਤੀ ਆਧਾਰਿਤ ਸਹਿਕਾਰੀ ਸਨਅਤਾਂ ਲਗਾਉਣ ਦੀ ਬਜਾਇ ਆਪਣਾ ਸਾਰਾ ਜ਼ੋਰ ਇਹ ਝੂਠਾ ਬਿਰਤਾਂਤ ਸਿਰਜਣ 'ਤੇ ਲਗਾ ਦਿੱਤਾ ਕਿ ਸੂਬੇ ਵਿਚ ਇੰਡਸਟਰੀ ਲਿਆਉਣ ਨਾਲ ਹੀ ਵਿਕਾਸ ਹੋਵੇਗਾ। ਇਹ ਕਹਿਣਾ ਕੋਈ ਅਤਿ-ਕਥਨੀ ਨਹੀਂ ਹੋਵੇਗੀ ਕਿ ਭਗਵੰਤ ਮਾਨ ਨੇ ਦੁਨੀਆ ਭਰ ਦੇ ਵੱਡੇ-ਵੱਡੇ ਕਾਰਪੋਰੇਟ ਘਰਾਣਿਆਂ ਲਈ ਗਲੀਚੇ ਵਿਛਾਏ ਹਨ। ਉਹ ਕਦੇ ਬੀ.ਐਮ.ਡਬਲਿਊ. ਦਾ ਪਲਾਂਟ ਲਵਾਉਣ ਅਤੇ ਕਦੇ ਕਿਸੇ ਹੋਰ ਕਾਰਪੋਰੇਟ ਘਰਾਣੇ ਨਾਲ ਸਾਂਝ ਭਿਆਲੀ ਲਈ ਤਤਪਰ ਹੋਇਆ ਸਾਫ ਦੇਖਿਆ ਜਾ ਸਕਦਾ ਹੈ ਹਾਲਾਂਕਿ ਦੁਨੀਆਂ ਦੀ ਸਭ ਤੋਂ ਉਪਜਾਊ ਧਰਤੀ 'ਤੇ ਗੈਰ-ਖੇਤੀ ਸਨਅਤ ਲਾਉਣਾ ਪੰਜਾਬ ਨਾਲ ਸਭ ਤੋਂ ਵੱਡਾ ਧ੍ਰੋਹ ਹੋਵੇਗਾ।

ਸਨਅਤਕਾਰਾਂ ਨੂੰ ਖੁਸ਼ ਕਰਨ ਲਈ ਸੂਬਾ ਸਰਕਾਰ ਨੇ 20 ਸਤੰਬਰ 2023 ਨੂੰ ਮਜ਼ਦੂਰਾਂ ਦੇ ਕੰਮ ਕਰਨ ਦੇ ਘੰਟਿਆਂ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਹੈ। 'ਆਪ' ਸਰਕਾਰ ਦੇ ਕਿਰਤ ਵਿਭਾਗ ਵੱਲੋਂ ਜਾਰੀ ਇਹ ਨੋਟੀਫਿਕੇਸ਼ਨ ਪੜ੍ਹਦਿਆਂ ਹੀ ਸਮਝ ਪੈਂਦਾ ਹੈ ਕਿ ਇਹ ਸਨਅਤਕਾਰਾਂ ਦੀ ਇੱਛਾ ਅਨੁਸਾਰ, ਉਹਨਾਂ ਨੂੰ ਖੁਸ਼ ਕਰਨ ਲਈ ਜਾਰੀ ਕੀਤਾ ਗਿਆ ਹੈ। ਸੂਬਾ ਸਰਕਾਰ ਨੇ ਇਸ ਪੱਤਰ ਨਾਲ ਮਜ਼ਦੂਰਾਂ ਦੇ ਪਹਿਲਾਂ ਹੀ ਜਾਰੀ ਆਰਥਿਕ, ਮਾਨਸਿਕ ਸ਼ੋਸ਼ਣ ਨੂੰ ਇੱਕ ਤਰੀਕੇ ਕਾਨੂੰਨੀ ਮਾਨਤਾ ਦੇ ਦਿੱਤੀ ਹੈ।

ਮਜ਼ਦੂਰਾਂ ਤੋਂ ਦਿਨ ਵਿਚ 8 ਘੰਟੇ ਕੰਮ ਕਰਵਾਉਣ ਤੋਂ ਇਲਾਵਾ ਵੱਧ ਤੋਂ ਵੱਧ ਦੋ ਘੰਟੇ ਓਵਰਟਾਈਮ ਕੰਮ ਲੈ ਸਕਣ ਦਾ ਨਿਯਮ ਲਾਗੂ ਹੈ; ਹਾਲਾਂਕਿ ਓਵਰਟਾਈਮ ਦਾ ਮਿਹਨਤਾਨਾ ਵੱਧ ਦੇਣ ਦੀ ਵਿਵਸਥਾ ਹੈ ਪਰ 20 ਸਤੰਬਰ ਨੂੰ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਅਨੁਸਾਰ ਮਜ਼ਦੂਰ ਤੋਂ ਇੱਕ ਦਿਨ ਵਿਚ 12 ਘੰਟੇ ਤੱਕ ਕੰਮ ਲਿਆ ਜਾ ਸਕਦਾ ਹੈ। ਇਸ ਦੀ ਅਗਲੀ ਲਾਈਨ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਮਜ਼ਦੂਰ ਦੇ ਆਰਾਮ ਦਾ ਸਮਾਂ ਵਿਚ ਜੋੜ ਕੇ 13 ਘੰਟਿਆਂ ਤੱਕ ਮਜ਼ਦੂਰ ਫੈਕਟਰੀ ਵਿਚ ਰਹਿ ਸਕਦਾ ਹੈ।

ਮੰਨ ਲਓ, ਕੋਈ ਮਜ਼ਦੂਰ 12 ਘੰਟੇ ਕੰਮ ਕਰਨ ਸਮੇਤ 13 ਘੰਟੇ ਕਿਸੇ ਫੈਕਟਰੀ ਵਿਚ ਬਤੀਤ ਕਰਦਾ ਹੈ, ਇੱਕ ਘੰਟਾ ਉਸ ਦਾ ਤਿਆਰ ਹੋਣ ਸਮੇਤ ਘਰ ਤੋਂ ਫੈਕਟਰੀ ਤੱਕ ਆਉਣ ਦਾ ਅਤੇ ਇੱਕ ਘੰਟਾ ਉਸ ਦਾ ਫੈਕਟਰੀ ਤੋਂ ਘਰ ਜਾਣ ਦਾ, ਭਾਵ ਕੁੱਲ 15 ਘੰਟੇ ਉਸ ਦੇ ਕੰਮ ਲਈ ਨਿੱਕਲ ਗਏ ਤਾਂ ਬਾਕੀ ਪਰਿਵਾਰਕ ਜ਼ਿੰਮੇਵਾਰੀਆਂ ਤਾਂ ਦੂਰ ਦੀ ਗੱਲ, ਕੀ ਉਹ 8 ਘੰਟੇ ਦੀ ਨੀਂਦ ਵੀ ਪੂਰੀ ਕਰ ਸਕੇਗਾ? ਇਸ ਨੋਟੀਫਿਕੇਸ਼ਨ ਮੁਤਾਬਿਕ ਤਿੰਨ ਮਹੀਨਿਆਂ ਵਿਚ ਪਹਿਲਾਂ ਜਿੱਥੇ ਓਵਰਟਾਈਮ ਕੰਮ ਦੇ ਘੰਟੇ 75 ਹੋ ਸਕਦੇ ਸਨ, ਹੁਣ ਵਧਾ ਕੇ 115 ਕਰ ਦਿੱਤੇ ਹਨ।

'ਆਪ' ਸਰਕਾਰ ਨੇ ਸਨਅਤਕਾਰਾਂ ਨਾਲ ਮੀਟਿੰਗਾਂ ਲਈ ਸਰਕਾਰੀ ਖਜ਼ਾਨੇ ਦੀ ਖੁੱਲ੍ਹ ਕੇ ਵਰਤੋਂ ਕੀਤੀ ਹੈ। ਕਿਰਤ ਵਿਭਾਗ ਵੱਲੋਂ ਜਾਰੀ ਇਸ ਨੋਟੀਫਿਕੇਸ਼ਨ ਤੋਂ 6 ਦਿਨ ਪਹਿਲਾਂ 14 ਸਤੰਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਸਨਅਤਕਾਰਾਂ ਨਾਲ ਮੀਟਿੰਗ ਕੀਤੀ ਸੀ ਜਿਸ ਤੋਂ ਸਾਫ ਜ਼ਾਹਿਰ ਹੈ ਕਿ ਮਜ਼ਦੂਰ ਜਥੇਬੰਦੀਆਂ ਨਾਲ ਮੀਟਿੰਗਾਂ ਲਈ ਲਗਾਤਾਰ ਸਮਾਂ ਦੇ ਕੇ ਵੀ ਮੀਟਿੰਗ ਨਾ ਕਰਨ ਵਾਲੇ ਮੁੱਖ ਮੰਤਰੀ ਜੀ ਸਨਅਤਕਾਰਾਂ ਦੀ ਕਿੰਨੀ ਸੁਣਦੇ ਹਨ!

ਇਸ ਸਮੇਂ ਕਿਸੇ ਸਨਅਤ ਵਿਚ ਓਵਰਟਾਈਮ ਲਾਉਣ ਦੀ ਵਿਵਸਥਾ ਦੇ ਦੋ ਹੀ ਕਾਰਨ ਹੋ ਸਕਦੇ ਹਨ; ਪਹਿਲਾ, ਮਜ਼ਦੂਰਾਂ ਦੀ ਘਾਟ ਤੇ ਦੂਜਾ ਮਜ਼ਦੂਰ ਕੋਲ ਗੁਜ਼ਾਰੇ ਯੋਗ ਤਨਖਾਹ



ਦੀ ਘਾਟ। ਉਂਝ, ਜੇ ਇਹਨਾਂ ਦੋਵਾਂ ਮੁੱਦਿਆਂ ਦਾ ਹੱਲ ਮੌਜੂਦ ਹੋਵੇ ਤਾਂ ਓਵਰਟਾਈਮ ਦੀ ਕੋਈ ਲੋੜ ਨਹੀਂ ਪੈਂਦੀ। ਪਹਿਲੀ ਗੱਲ, ਭਾਰਤ ਦੁਨੀਆ ਦਾ ਉਹ ਖੂਬਸੂਰਤ ਮੁਲਕ ਹੈ ਜਿੱਥੇ ਸਭ ਤੋਂ ਵੱਧ ਨੌਜਵਾਨ ਹਨ। ਦੁਨੀਆ ਦੇ ਜਪਾਨ ਵਰਗੇ ਅਨੇਕਾਂ ਮੁਲਕਾਂ ਵਿਚ ਨੌਜਵਾਨਾਂ ਦੀ ਘਾਟ ਰੜਕ ਰਹੀ ਹੈ ਪਰ ਸਾਡੇ ਨੌਜਵਾਨ ਰੁਜ਼ਗਾਰ ਦੀ ਘਾਟ ਕਾਰਨ ਵਿਦੇਸ਼ਾਂ ਵੱਲ ਕੂਚ ਕਰ ਰਹੇ ਹਨ। ਨੌਜਵਾਨਾਂ ਦੀ ਗਿਣਤੀ ਦੇ ਹਿਸਾਬ ਨਾਲ ਸਰਕਾਰ ਨੂੰ ਚਾਹੀਦਾ ਤਾਂ ਇਹ ਹੈ ਕਿ ਸਭਨਾਂ ਨੌਜਵਾਨਾਂ ਲਈ 'ਯੋਗਤਾ ਅਨੁਸਾਰ ਰੁਜ਼ਗਾਰ ਤੇ ਰੁਜ਼ਗਾਰ ਅਨੁਸਾਰ ਮਿਹਨਤਾਨਾ' ਦੇਣ ਦਾ ਨਿਯਮ ਲਾਗੂ ਕਰ ਕੇ 8 ਘੰਟੇ ਲਈ ਸਨਮਾਨਯੋਗ ਤਨਖਾਹ ਦੇਣ ਦੀ ਵਿਵਸਥਾ ਕੀਤੀ ਜਾਵੇ; ਭਾਵ, ਅੱਠ ਘੰਟੇ ਦੇ ਕੰਮ ਦੀ ਇੰਨੀ ਤਨਖਾਹ ਹੋਣੀ ਚਾਹੀਦੀ ਹੈ ਕਿ ਕਿਸੇ ਮਜ਼ਦੂਰ ਨੂੰ ਓਵਰਟਾਈਮ ਕੰਮ ਹੀ ਨਾ ਕਰਨਾ ਪਵੇ ਪਰ ਸਨਅਤਕਾਰਾਂ ਪੱਖੀ ਇਹ ਸਰਕਾਰਾਂ ਉਲਟੇ ਰਾਹ ਤੁਰਦੇ ਹੋਏ ਨਾ ਤਾਂ ਘੱਟੋ-ਘੱਟ ਢੁੱਕਵੀਂ ਤਨਖਾਹ ਤੈਅ ਕਰਦੀਆਂ ਹਨ ਤੇ ਨਾ ਹੀ ਲਾਗੂ ਕਰਵਾਉਂਦੀਆਂ ਹਨ, ਉਲਟਾ ਓਵਰਟਾਈਮ ਕੰਮ ਦੇ ਘੰਟਿਆਂ ਸਬੰਧੀ ਨਿਯਮ ਕਨੂੰਨਾਂ ਵਿਚ ਵੀ ਸਨਤਕਾਰਾਂ ਪੱਖੀ ਬਦਲਾਉ ਕਰ ਰਹੀਆਂ ਹਨ। ਨੌਜਵਾਨਾਂ ਦੀ ਗਿਣਤੀ ਦੇ ਹਿਸਾਬ ਨਾਲ ਸਾਰੇ ਹੱਥਾਂ ਨੂੰ ਕੰਮ ਦੇਣ ਲਈ ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਵਿਚ ਵੀ ਸੇਵਾ ਮੁਕਤੀ ਉਮਰ ਘੱਟ ਕਰਨੀ ਚਾਹੀਦੀ ਹੈ।

ਹਕੀਕਤ ਇਹ ਹੈ ਕਿ ਅਜੇ ਵੀ ਬਹੁਤੇ ਕਿਰਤ ਕਾਨੂੰਨ ਮਜ਼ਦੂਰਾਂ 'ਤੇ ਲਾਗੂ ਨਹੀਂ ਹੋਏ ਪਰ ਇਹ ਵੀ ਤੱਥ ਹੈ ਕਿ ਮਜ਼ਦੂਰਾਂ ਨੇ ਜੋ ਵੀ ਹੱਕ ਹਾਸਲ ਕੀਤੇ ਹਨ, ਉਹ ਬਹੁਤ ਵੱਡੀਆਂ ਕੁਰਬਾਨੀਆਂ ਦੇ ਕੇ ਹਾਸਲ ਕੀਤੇ ਹਨ। ਅੱਠ ਘੰਟੇ ਕੰਮ ਦਾ ਨਿਯਮ ਮਜ਼ਦੂਰਾਂ ਨੇ ਬਹੁਤ ਲੰਮੇ ਸੰਘਰਸ਼ ਰਾਹੀਂ ਖੂਨ ਡੋਲ੍ਹ ਕੇ ਹਾਸਲ ਕੀਤਾ ਸੀ। 1886 ਵਿਚ ਅਮਰੀਕਾ ਅੰਦਰ ਕੰਮ ਦੇ ਘੰਟੇ ਨਿਸ਼ਚਿਤ ਕਰਨ ਲਈ ਸ਼ੁਰੂ ਹੋਈ ਲਹਿਰ ਨੇ ਬਾਅਦ ਵਿਚ ਅੰਦੋਲਨ ਦਾ ਰੂਪ ਧਾਰਿਆ ਜਿਸ ਤਹਿਤ ਅਮਰੀਕਾ ਦੇ ਮਜ਼ਦੂਰ ਕੰਮ ਦੇ ਘੰਟੇ ਨਿਸ਼ਚਿਤ ਕਰਵਾਉਣ ਲਈ ਸੜਕਾਂ 'ਤੇ ਆਏ। ਇਸ ਹੜਤਾਲ ਦੌਰਾਨ ਸ਼ਿਕਾਗੋ ਵਿਚ ਪੁਲਿਸ ਵੱਲੋਂ ਮਜ਼ਦੂਰ ਆਗੂਆਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕੀਤਾ ਗਿਆ। ਇਸ ਲਹਿਰ ਦੇ ਤਿੰਨ ਸਾਲ ਬਾਅਦ 1889 ਵਿਚ ਤੈਅ ਹੋਇਆ ਕਿ ਮਜ਼ਦੂਰ ਤੋਂ ਇੱਕ ਦਿਨ ਵਿਚ ਸਿਰਫ 8 ਘੰਟੇ ਕੰਮ ਲਿਆ ਜਾਵੇਗਾ। ਅਮਰੀਕਾ ਵਿਚ ਮਜ਼ਦੂਰਾਂ ਦੇ ਅੱਠ ਘੰਟੇ ਕੰਮ ਕਰਨ ਦੇ ਨਿਯਮ ਤੋਂ ਬਾਅਦ ਕਈ ਦੇਸ਼ਾਂ ਵਿਚ ਮਜ਼ਦੂਰ ਸੰਘਰਸ਼ਾਂ ਦੀ ਬਦੌਲਤ ਇਹ ਲਾਗੂ ਹੋਇਆ ਹੈ।

ਸੂਬਾ ਸਰਕਾਰ ਦੇ ਕਿਰਤ ਵਿਭਾਗ ਵੱਲੋਂ ਓਵਰਟਾਈਮ ਦੇ ਘੰਟੇ ਵਧਾਉਣ ਲਈ ਤਾਂ ਝੱਟ 'ਫਰਲਾ' ਜਾਰੀ ਕਰ ਦਿੱਤਾ ਗਿਆ ਹੈ ਪਰ ਸਨਅਤਕਾਰਾਂ ਵੱਲੋਂ ਕਿਰਤ ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਮਜ਼ਦੂਰਾਂ ਨੂੰ ਦਿੱਤੀਆਂ ਜਾਂਦੀਆਂ ਨਿਗੂਣੀਆਂ ਤਨਖਾਹਾਂ ਵੱਲ ਉਹਨਾਂ ਦਾ ਕਦੇ ਧਿਆਨ ਹੀ ਨਹੀਂ ਗਿਆ ਹੈ। ਮਹਿੰਗਾਈ ਦੇ ਮੌਜੂਦਾ ਦੌਰ ਵਿਚ ਬੇਹੱਦ ਘੱਟ ਤਨਖਾਹਾਂ ਉੱਤੇ ਮਜ਼ਦੂਰ ਹੱਡ ਭੰਨਵੀਂ ਮਿਹਨਤ ਕਰਦੇ ਹਨ ਪਰ ਕਿਰਤ ਵਿਭਾਗ ਚੁੱਪ ਹੈ।

'ਆਪ' ਸਰਕਾਰ ਵੱਲੋਂ ਦਿਹਾੜੀ ਦੇ ਕੰਮ ਘੰਟੇ ਵਧਾਉਣ ਸਬੰਧੀ ਜਾਰੀ ਇਸ ਨੋਟੀਫਿਕੇਸ਼ਨ 'ਤੇ ਵਿਰੋਧੀ ਧਿਰਾਂ ਇਸ ਕਰ ਕੇ ਚੁੱਪ ਵੱਟ ਗਈਆਂ ਹਨ ਕਿਉਂਕਿ ਸਾਰੀਆਂ ਹੀ ਹਾਕਮ ਜਮਾਤੀ ਪਾਰਟੀਆਂ ਦਾ ਕਿਰਦਾਰ ਲੋਕ ਵਿਰੋਧੀ ਤੇ ਸਰਮਾਏਦਾਰ ਪੱਖੀ ਰਿਹਾ ਹੈ। ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲਿਆਂਦੇ ਨਵੇਂ ਕਿਰਤ ਕਨੂੰਨ ਵੀ ਸਨਅਤਕਾਰਾਂ ਦੇ ਪੱਖ ਵਿਚ ਤੇ ਮਜ਼ਦੂਰਾਂ ਦੇ ਖਿਲਾਫ ਭੁਗਤਦੇ ਹਨ। ਕਈ ਸੂਬਿਆਂ ਵਿਚ ਕਾਂਗਰਸ ਦੀਆਂ ਸਰਕਾਰਾਂ ਵੀ ਇਸ ਤਰ੍ਹਾਂ ਦੀਆਂ ਚਿੱਠੀਆਂ ਜਾਰੀ ਕਰ ਕੇ ਮਜ਼ਦੂਰ ਵਿਰੋਧੀ ਹੋਣ ਦਾ ਸਬੂਤ ਦੇ ਚੁੱਕੀਆਂ ਹਨ। ਕੈਪਟਨ ਸਰਕਾਰ ਨੇ ਵੀ ਕਰੋਨਾਵਾਇਰਸ ਕਾਰਨ ਹੋਈ ਤਾਲਾਬੰਦੀ ਦੌਰਾਨ ਤਿੰਨ ਮਹੀਨਿਆਂ ਦੌਰਾਨ ਵੱਧ ਤੋਂ ਵੱਧ ਓਵਰਟਾਈਮ ਘੰਟਿਆਂ ਦੀ ਗਿਣਤੀ ਵਧਾ ਦਿੱਤੀ ਸੀ।

ਹੈਰਾਨੀਜਨਕ ਇਹ ਹੈ ਕਿ ਅਨੇਕਾਂ ਕੁਰਬਾਨੀਆਂ ਕਰ ਕੇ ਹਾਸਲ ਕੀਤਾ 8 ਘੰਟੇ ਦਿਹਾੜੀ ਦਾ ਨਿਯਮ ਉਹ ਸਰਕਾਰ ਖੋਹ ਰਹੀ ਹੈ ਜਿਸ ਨੇ ਆਪਣੇ ਦਫਤਰਾਂ ਵਿਚ ਸ਼ਹੀਦ ਭਗਤ ਸਿੰਘ ਅਤੇ ਭੀਮ ਰਾਓ ਅੰਬੇਡਕਰ ਦੀਆਂ ਤਸਵੀਰਾਂ ਲਾ ਕੇ ਖੁਦ ਨੂੰ 'ਇਨਕਲਾਬੀ' ਸਰਕਾਰ ਵਜੋਂ ਪੇਸ਼ ਕੀਤਾ ਹੈ। ਸਿਰੇ ਦੇ ਪੂੰਜੀਵਾਦੀ ਮੁਲਕ ਵੀ ਇਸ ਧਾਰਨਾ 'ਤੇ ਚੱਲਦੇ ਮਜ਼ਦੂਰਾਂ ਨੂੰ ਕੁਝ ਸਹੂਲਤਾਂ ਦਿੰਦੇ ਹਨ ਕਿ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਖਰੀਦ ਸ਼ਕਤੀ ਅਤੇ ਜੀਵਨ ਪੱਧਰ ਨੂੰ ਬਣਾਈ ਰੱਖਣ ਲਈ ਘੱਟੋ-ਘੱਟ ਉਜਰਤ ਅਤੇ ਨਿਸ਼ਚਿਤ ਕੰਮ ਘੰਟੇ ਜ਼ਰੂਰੀ ਹਨ ਪਰ ਇਸ ਅਖੌਤੀ 'ਬਦਲਾਅ' ਵਾਲੀ ਸਰਕਾਰ ਤਾਂ ਮਜ਼ਦੂਰਾਂ ਨੂੰ ਇਹ ਦੇਣ ਤੋਂ ਵੀ ਇਨਕਾਰੀ ਹੋ ਰਹੀ ਹੈ।

ਸੂਬੇ ਦਾ ਮੁੱਖ ਧਾਰਾ ਮੀਡੀਆ ਇਸ ਨੋਟੀਫਿਕੇਸ਼ਨ ਨੂੰ ਦੇਖ ਕੇ ਵੀ ਅੱਖਾਂ ਮੀਚ ਗਿਆ ਹੈ; ਕਾਂਗਰਸ, ਅਕਾਲੀ ਦਲ (ਬਾਦਲ), ਭਾਜਪਾ, ਬਸਪਾ ਵਰਗੀਆਂ ਸੂਬੇ ਦੀਆਂ ਵਿਰੋਧੀ ਧਿਰਾਂ ਦਾ ਕਿਰਦਾਰ ਮਜ਼ਦੂਰ ਵਿਰੋਧੀ ਹੀ ਹੈ। ਇਸ ਸੂਰਤ ਵਿਚ ਮਜ਼ਦੂਰ ਜਥੇਬੰਦੀਆਂ, ਟਰੇਡ ਯੂਨੀਅਨਾਂ ਨੂੰ ਸੂਬਾ ਸਰਕਾਰ ਦੇ ਇਸ ਲੋਕ ਵਿਰੋਧੀ ਫੈਸਲੇ ਖਿਲਾਫ ਸਾਂਝਾ ਮੋਰਚਾ ਉਸਾਰ ਕੇ ਸੰਘਰਸ਼ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ।

# ਮੋਦੀ ਦੇ ਰਾਜ ਵਿਚ ਹਿੰਦੂਤਵ ਦੇ ਮਨੁੱਖਤਾ ਵਿਰੁੱਧ ਜੁਰਮ-2

*(ਪਿਛਲੇ ਸਫੇ ਦੀ ਬਾਕੀ)*

ਵਿਚ ਪਾਣੀ ਲੈ ਕੇ ਆਏ ਤਾਂ ਤੁਹਾਨੂੰ ਬੁਰਾ ਲੱਗਦਾ ਹੈ... ਭਾਈ ਕੀ ਅਸੀਂ ਰਾਹਤ ਕੈਂਪ ਚਲਾਈਏ? ਕੀ ਮੈਂ ਉੱਥੇ ਬੱਚੇ ਜੰਮਣ ਦੇ ਕੇਂਦਰ ਸ਼ੁਰੂ ਕਰਾਂ? ਅਸੀਂ ਦ੍ਰਿੜ ਇਰਾਦੇ ਨਾਲ ਪਰਿਵਾਰ ਨਿਯੋਜਨ ਦੀ ਨੀਤੀ ਅਪਨਾ ਕੇ ਤਰੱਕੀ ਹਾਸਲ ਕਰਨਾ ਚਾਹੁੰਦੇ ਹਾਂ। ਹਮ ਪਾਂਚ ਔਰ ਹਮਾਰੇ ਪੱਚੀਸ! ਅਜਿਹਾ ਵਿਕਾਸ ਕਿਸ ਦੇ ਨਾਂ 'ਤੇ ਕੀਤਾ ਜਾਂਦਾ ਹੈ? ਕੀ ਗੁਜਰਾਤ ਪਰਿਵਾਰ ਨਿਯੋਜਨ ਨੂੰ ਲਾਗੂ ਨਹੀਂ ਕਰ ਸਕਦਾ? ਸਾਡੇ ਰਾਹ ਵਿਚ ਕੌਣ ਰੁਕਾਵਟਾਂ ਪਾ ਰਿਹਾ ਹੈ? ਕਿਹੜਾ ਧਾਰਮਿਕ ਫਿਰਕਾ ਅੜਿੱਕਾ ਬਣ ਰਿਹਾ ਹੈ? ਗ਼ਰੀਬੀ ਤੱਕ ਪੈਸਾ ਕਿਉਂ ਨਹੀਂ ਪਹੁੰਚ ਰਿਹਾ? ਜੇਕਰ ਕੁਝ ਲੋਕ ਬੱਚੇ ਜੰਮਦੇ ਰਹਿਣਗੇ ਤਾਂ ਬੱਚੇ ਸਾਈਕਲਾਂ ਨੂੰ ਪੈਂਚਰ ਹੀ ਲਗਾਉਣਗੇ?"

ਇਸ ਲਈ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਅੱਜ ਭਾਰਤ ਵਿਚ ਜੋ ਕੁਝ ਵੀ ਹੋ ਰਿਹਾ ਹੈ, ਉਸ ਦੀ ਭਵਿੱਖਬਾਣੀ ਗੋਲਵਲਕਰ ਨੇ ਹੀ ਕੀਤੀ ਸੀ। ਉਸ ਦਾ ਵਿਚਾਰ ਸੀ, "ਹਿੰਦੁਸਤਾਨ ਵਿਚ ਵਿਦੇਸ਼ੀ ਨਸਲਾਂ ਨੂੰ ਜਾਂ ਤਾਂ ਹਿੰਦੂ ਨਸਲ ਵਿਚ ਮਿਲ ਜਾਣ ਲਈ ਆਪਣੀ ਵੱਖਰੀ ਹੋਂਦ ਤਿਆਗਣੀ ਹੋਵੇਗੀ ਜਾਂ ਮੁਲਕ ਵਿਚ ਰਹਿਣਾ ਹੈ ਤਾਂ ਪੂਰੀ ਤਰ੍ਹਾਂ ਹਿੰਦੂ ਰਾਸ਼ਟਰ ਦੇ ਅਧੀਨ ਹੋ ਕੇ ਰਹਿਣਾ ਹੋਵੇਗਾ ਅਤੇ ਕੁਝ ਵੀ ਦਾਅਵਾ ਨਹੀਂ ਕਰਨਾ ਹੋਵੇਗਾ, ਉਨ੍ਹਾਂ ਨੂੰ ਕੋਈ ਵਿਸ਼ੇਸ਼ ਅਧਿਕਾਰ ਨਹੀਂ ਹੋਵੇਗਾ, ਕਿਸੇ ਵੀ ਤਰਜੀਹੀ ਵਿਹਾਰ ਦੀ ਤਾਂ ਗੱਲ ਛੱਡੋ। ਇੱਥੋਂ ਤੱਕ ਕਿ ਨਾਗਰਿਕ ਅਧਿਕਾਰ ਵੀ ਨਹੀਂ ਮਿਲਣਗੇ।"

ਮਾਨਵਤਾ ਵਿਰੁੱਧ ਜੁਰਮਾਂ ਨੂੰ ਪਰਿਭਾਸ਼ਿਤ ਕਰਨ ਦਾ ਵਿਚਾਰ ਨਾਜ਼ੀਆਂ ਦੇ ਨਿਊਰਮਬਰਗ ਮੁਕੱਦਮਿਆਂ ਤੋਂ ਬਾਅਦ ਦੇ ਸਮੇਂ ਤੋਂ ਹੀ ਵਿਚਾਰ ਅਧੀਨ ਰਿਹਾ ਹੈ ਪਰ ਆਖ਼ਿਰਕਾਰ 1998 ਵਿਚ ਇਸ ਨੂੰ ਰੋਮ ਕਨਵੈਨਸ਼ਨ (ਕੌਮਾਂਤਰੀ ਜੁਰਮ ਅਦਾਲਤ ਦਾ ਰੋਮ ਕਾਨੂੰਨ) ਤਹਿਤ ਤਿਆਰ ਕੀਤਾ ਗਿਆ। ਨਸਲਕੁਸ਼ੀ ਦੀ ਰੋਕਥਾਮ ਬਾਰੇ ਸੰਯੁਕਤ ਰਾਸ਼ਟਰ ਨੇ ਅਜਿਹੇ ਐਕਟ ਦੇ ਗਠਨ ਲਈ ਪੂਰੀਆਂ ਸ਼ਰਤਾਂ ਸੂਚੀਬਧ ਕੀਤੀਆਂ ਹਨ।

ਯੂ.ਐਨ. ਓ.ਜੀ.ਪੀ. (ਓਪਨ ਗਵਰਨਮੈਂਟ ਪਾਰਟੀਸੀਪੇਸ਼ਨ ਜੋ ਵੱਖ-ਵੱਖ ਮੁਲਕਾਂ ਦੀ ਬਹੁ-ਧਿਰੀ ਪਹਿਲਕਦਮੀ ਹੁੰਦੀ ਹੈ) ਦਾ ਕਹਿਣਾ ਹੈ, "ਰੋਮ ਕਨਵੈਨਸ਼ਨ ਦੀ ਧਾਰਾ 7(1) ਅਨੁਸਾਰ, ਮਾਨਵਤਾ ਦੇ ਵਿਰੁੱਧ ਜੁਰਮਾਂ ਨੂੰ ਹਥਿਆਰਬੰਦ ਸੰਘਰਸ਼ ਨਾਲ ਜੋੜਨ ਦੀ ਜ਼ਰੂਰਤ ਨਹੀਂ ਹੈ ਅਤੇ ਇਹ ਨਸਲਕੁਸ਼ੀ ਦੇ ਜੁਰਮ ਵਾਂਗ ਸ਼ਾਂਤੀ ਦੇ ਸਮੇਂ ਵਿਚ ਵੀ ਹੋ ਸਕਦਾ ਹੈ।" ਉਸੇ ਲਿਖਤ ਵਿਚ ਕਿਹਾ ਗਿਆ ਹੈ ਕਿ ਅਜਿਹੇ ਜੁਰਮ ਦੇ ਤਿੰਨ ਤੱਤ ਹੁੰਦੇ ਹਨ: (1) ਭੌਤਿਕ ਰੂਪ 'ਚ ਇਸ ਵਿਚ "ਹੇਠ ਦਿੱਤਿਆਂ ਵਿਚੋਂ ਕੋਈ ਵੀ ਕੰਮ ਕਰਨਾ ਸ਼ਾਮਲ ਹੈ: ੳ. ਕਤਲ; ਅ. ਵਿਨਾਸ਼; ੲ. ਗ਼ੁਲਾਮੀ; ਸ. ਆਬਾਦੀ ਨੂੰ ਉਜਾੜਨਾ ਜਾਂ ਜ਼ਬਰਦਸਤੀ ਤਬਾਦਲਾ; ਹ. ਕੈਦ; ਕ. ਤਸੀਹੇ/ਤਸ਼ੱਦਦ; ਖ. ਜਿਨਸੀ ਹਿੰਸਾ ਦੇ ਗੰਭੀਰ ਰੂਪ; ਗ. ਖ਼ਾਸ ਸਮੂਹ ਨੂੰ ਸਤਾਉਣਾ; ਘ. ਵਿਅਕਤੀਆਂ ਨੂੰ ਜ਼ਬਰਦਸਤੀ ਲਾਪਤਾ ਕਰਨਾ; ਙ. ਨਸਲੀ ਜੁਰਮ; ਚ. ਹੋਰ ਅਣਮਨੁੱਖੀ ਕਾਰੇ। (2) ਪ੍ਰਸੰਗ ਦੇ ਰੂਪ 'ਚ ਇਸ ਵਿਚ ਸ਼ਾਮਲ ਹਨ: "ਜਦੋਂ ਕਿਸੇ ਨਾਗਰਿਕ ਆਬਾਦੀ ਦੇ ਵਿਰੁੱਧ ਵਿਆਪਕ ਜਾਂ ਯੋਜਨਾਬਧ ਹਮਲੇ ਕੀਤੇ ਜਾਂਦੇ ਹਨ"; ਅਤੇ (3) ਮਾਨਸਿਕ ਤੌਰ 'ਤੇ ਇਸ ਵਿਚ ਸ਼ਾਮਲ ਹਨ: "ਹਮਲੇ ਅਚਾਨਕ ਨਾ ਹੋਣ।"



ਆਰ.ਐਸ.ਐਸ. ਦਾ ਅਸਰ ਹੁਣ ਚੁਫੇਰੇ ਦਿਸਦਾ ਹੈ।

ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਣਾ ਭੌਤਿਕ ਮਾਪਦੰਡ ਨੂੰ ਪੂਰਾ ਕਰਦਾ ਹੈ। ਗਊ ਮਾਸ ਦੇ ਨਾਂ 'ਤੇ ਕੀਤੀ ਜਾਣ ਵਾਲੀ ਲਿੰਚਿੰਗ ਕਤਲ ਦੀ ਕਸੌਟੀ ਉੱਪਰ ਪੂਰੀ ਉਤਰਦੀ ਹੈ।

ਪ੍ਰਸੰਗਿਕ ਰੂਪ 'ਚ ਲਿੰਚਿੰਗ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਯੂ.ਐਨ. ਓ.ਜੀ.ਪੀ. ਦੇ ਪ੍ਰਸੰਗਿਕ ਰੂਪ 'ਚ ਵਿਸਤਾਰ 'ਚ ਕਿਹਾ ਗਿਆ ਹੈ ਕਿ "ਮਾਨਵਤਾ ਵਿਰੁੱਧ ਜੁਰਮਾਂ ਵਿਚ ਜਾਂ ਤਾਂ ਪੀੜਤਾਂ ਦੀ ਸੰਖਿਆ ਦੇ ਸਬੰਧ ਵਿਚ ਵੱਡੇ ਪੈਮਾਨੇ ਦੀ ਹਿੰਸਾ ਜਾਂ ਵਿਸ਼ਾਲ ਭੂਗੋਲਿਕ ਖੇਤਰ (ਵਿਆਪਕ), ਜਾਂ ਯੋਜਨਾਬਧ ਕਿਸਮ ਦੀ ਹਿੰਸਾ (ਗਿਣੀ-ਮਿੱਥੀ) ਸ਼ਾਮਲ ਹੈ।" ਲਿੰਚਿੰਗ ਦੇ ਮਾਮਲੇ ਉੱਤਰ ਪ੍ਰਦੇਸ਼ ਤੋਂ ਲੈ ਕੇ ਮਹਾਰਾਸ਼ਟਰ ਤੱਕ ਹਨ, ਪੀੜਤਾਂ ਦੀ ਗਿਣਤੀ 50 ਨੂੰ ਪਾਰ ਕਰ ਗਈ ਹੈ ਅਤੇ ਸਾਰਿਆਂ ਵਿਚ ਯੋਜਨਾਬੱਧ ਤੇ ਤਾਲਮੇਲ ਵਾਲੇ ਹਮਲਿਆਂ ਦਾ ਇੱਕੋ ਹੀ ਪੈਟਰਨ ਹੈ। ਇਨ੍ਹਾਂ ਕਾਰਵਾਈਆਂ ਦੀ ਜਾਣਕਾਰੀ ਦਾ ਮਾਨਸਿਕ ਰੂਪ ਲਿੰਚਿੰਗ ਦੇ ਮਾਮਲੇ 'ਚ ਦਿੱਤਾ ਗਿਆ ਹੈ ਜਿੱਥੇ ਪੀੜਤਾਂ ਨੂੰ ਚੁਣਿਆ ਜਾਂਦਾ ਹੈ, ਧੂਹ ਲਿਆ ਜਾਂਦਾ ਹੈ ਅਤੇ ਫਿਰ ਮਾਰ ਦਿੱਤਾ ਜਾਂਦਾ ਹੈ।

ਯੂ.ਐਨ. ਓ.ਜੀ.ਪੀ. ਦੇ ਨੋਟ ਵਿਚ ਵਿਸਤਾਰ 'ਚ ਦੱਸਿਆ ਗਿਆ ਹੈ ਕਿ "ਹਮਲਾ ਕਰਨ ਲਈ ਰਾਜ ਜਾਂ ਸੰਗਠਨਾਤਮਕ ਨੀਤੀ ਨੂੰ ਅੱਗੇ ਵਧਾਉਣਾ ਮਾਨਵਤਾ ਵਿਰੁੱਧ ਜੁਰਮ ਮੰਨਿਆ ਜਾਣਾ ਚਾਹੀਦਾ ਹੈ। ਯੋਜਨਾ ਜਾਂ ਨੀਤੀ ਨੂੰ ਸਪੱਸ਼ਟ ਰੂਪ 'ਚ ਤੈਅ ਕਰਨ ਜਾਂ ਰਸਮੀ ਤੌਰ 'ਤੇ ਅਪਣਾਏ ਜਾਣ ਦੀ ਜ਼ਰੂਰਤ ਨਹੀਂ ਹੈ ਅਤੇ ਇਸ ਲਈ ਹਾਲਾਤ ਦੀ ਸਮੁੱਚਤਾ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ।"

ਇਸ ਗੱਲ 'ਤੇ ਜ਼ੋਰ ਦੇਣਾ ਮਹੱਤਵਪੂਰਨ ਹੈ ਕਿ ਨਸਲਕੁਸ਼ੀ ਦੀ ਯੋਜਨਾ ਜਾਂ ਨੀਤੀ ਨੂੰ ਸਪੱਸ਼ਟ ਤੌਰ 'ਤੇ ਨਿਰਧਾਰਤ ਜਾਂ ਰਸਮੀ ਤੌਰ 'ਤੇ ਅਪਣਾਏ ਜਾਣ ਦੀ ਜ਼ਰੂਰਤ ਨਹੀਂ ਹੈ ਅਤੇ ਇਸ ਲਈ ਹਾਲਾਤ ਨੂੰ ਦੇਖ ਕੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇੱਥੇ ਪੇਸ਼ ਕੀਤਾ ਗਿਆ ਕੇਸ (ਨਫ਼ਰਤ ਅਤੇ ਵਿਤਕਰੇ ਦੀ ਵਿਚਾਰਧਾਰਾ ਤੋਂ ਲੈ ਕੇ ਹਿੰਸਾ ਦੀਆਂ ਵਾਰਦਾਤਾਂ ਦੇ ਨਾਲ-ਨਾਲ ਬਾਈਕਾਟ ਲਈ ਕਾਨੂੰਨੀ ਆਧਾਰ ਤੱਕ) ਇਹ ਸਥਾਪਿਤ ਕਰਨ ਤੋਂ ਕਿਤੇ ਜ਼ਿਆਦਾ ਹੈ ਕਿ ਅਜਿਹੀ ਯੋਜਨਾ ਦਾ ਅੰਦਾਜ਼ਾ ਹਾਲਾਤ ਦੇਖ ਕੇ ਲਗਾਇਆ ਜਾ ਸਕਦਾ ਹੈ। ਅਸਲ ਵਿਚ, ਇਸ ਨੂੰ ਸਭ ਤੋਂ ਬਿਹਤਰ ਗੋਲਵਲਕਰ ਨੇ ਬਿਆਨ ਕੀਤਾ ਹੈ, ਉਹ ਸ਼ਖ਼ਸ ਜਿਸ ਨੂੰ ਮੋਦੀ ਅਤੇ ਭਾਗਵਤ ਦੋਵੇਂ ਨਾ ਸਿਰਫ਼ ਆਪਣਾ ਵਿਚਾਰਧਾਰਕ ਰਾਹਬਰ ਮੰਨਦੇ ਹਨ ਸਗੋਂ ਆਪਣਾ ਗੁਰੂ ਵੀ ਮੰਨਦੇ ਹਨ। *(ਸਮਾਪਤ)*

# ਇਤਿਹਾਸ ਨੂੰ ਪੁੱਠਾ ਗੇੜਾ- ਕਾਮਿਆਂ ਦੀ ਦਿਹਾੜੀ 8 ਘੰਟੇ ਤੋਂ 12 ਘੰਟੇ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਇਤਿਹਾਸ ਨੂੰ ਪੁੱਠਾ ਗੇੜਾ ਦਿੰਦਿਆਂ ਭਾਰਤ ਦੇ ਸਰਹੱਦੀ ਸੂਬੇ ਪੂਰਬੀ ਪੰਜਾਬ ਦੀ 'ਆਪ' ਸਰਕਾਰ ਨੇ 20 ਸਤੰਬਰ 2023 ਨੂੰ ਫੈਕਟਰੀ 1948 ਐਕਟ 'ਚ ਸੋਧ ਕਰਦਿਆਂ ਇਕ ਨੋਟੀਫਿਕੇਸ਼ਨ ਜਾਰੀ ਕਰ ਕੇ ਕਾਨੂੰਨੀ ਤੌਰ 'ਤੇ ਕਾਮਿਆਂ ਦੀ ਦਿਹਾੜੀ 8 ਘੰਟਿਆਂ ਤੋਂ 12 ਘੰਟੇ ਕਰ ਦਿੱਤੀ ਹੈ। ਇਸ ਨੋਟੀਫਿਕੇਸ਼ਨ ਤੋਂ ਇਕ ਹਫ਼ਤਾ ਪਹਿਲਾਂ ਮੁੱਖ ਮੰਤਰੀ ਭਗਵੰਤ ਮਾਨ ਨੇ ਦੇਸ਼ ਦੇ ਸਨਅਤਕਾਰਾਂ ਨਾਲ ਮੀਟਿੰਗ ਕੀਤੀ ਸੀ। ਪੰਜਾਬ ਤੋਂ ਪਹਿਲਾਂ ਰਾਜਸਥਾਨ, ਤਾਮਿਲਨਾਡੂ, ਕਰਨਾਟਕ ਸੂਬਿਆਂ 'ਚ ਇਹ ਕਾਨੂੰਨ ਲਾਗੂ ਕੀਤਾ ਜਾ ਚੁੱਕਾ ਹੈ। ਹੁਣ ਇਕ ਕਾਮੇ ਤੋਂ 48 ਘੰਟੇ ਹਫ਼ਤੇ ਦੀ ਥਾਂ 60 ਘੰਟੇ ਹਫ਼ਤਾ ਕੰਮ ਲਿਆ ਜਾ ਸਕਦਾ ਹੈ। ਸਚਮੁੱਚ ਮੌਜੂਦਾ 'ਆਪ' ਸਰਕਾਰ ਦਾ ਇਹ ਅਲੋਕਾਰਾ ਕਾਰਨਾਮਾ ਹੈ।

ਯਾਦ ਰਹੇ ਅਮਰੀਕਾ ਦੇ ਸ਼ਹਿਰ ਸ਼ਿਕਾਗੋ ਵਿਖੇ ਸੰਨ 1864 ਵਿਚ ਇਕੱਠੇ ਹੋ ਕੇ ਕਾਮਿਆਂ ਨੇ ਹੋਰ ਮੰਗਾਂ ਦੇ ਨਾਲ-ਨਾਲ ਰੋਜ਼ਾਨਾ ਕੰਮ ਦਾ ਸਮਾਂ 12 ਤੋਂ 14 ਘੰਟੇ ਪ੍ਰਤੀ ਦਿਨ ਤੋਂ 8 ਘੰਟੇ ਕਰਨ ਦੀ ਮੰਗ ਕੀਤੀ ਸੀ।

ਉਂਜ ਪਹਿਲੋ-ਪਹਿਲ ਕਾਮਿਆਂ ਲਈ ਦਿਨ 'ਚ 10 ਘੰਟੇ ਕੰਮ ਦੀ ਮੰਗ 19ਵੀਂ ਸਦੀ 'ਚ ਸਨਅਤੀ ਇਨਕਲਾਬ ਵੇਲੇ ਰੋਬਰਟ ਓਵਨ ਨੇ 1810 'ਚ ਕੀਤੀ ਸੀ। ਬਾਅਦ 'ਚ ਇਹੋ ਮੰਗ 8 ਘੰਟੇ ਪ੍ਰਤੀ ਦਿਨ 'ਚ 1817 'ਚ ਤਬਦੀਲ ਹੋਈ ਅਤੇ ਨਾਹਰਾ ਬਣਿਆ, "ਅੱਠ ਘੰਟੇ ਕੰਮ, ਅੱਠ ਘੰਟੇ ਆਰਾਮ, ਅੱਠ ਘੰਟੇ ਪਰਿਵਾਰ, ਦੋਸਤਾਂ ਨਾਲ ਮੌਜ ਮਸਤੀ"। ਇਸ ਮੰਗ ਲਈ ਅੰਦੋਲਨ ਚੱਲਿਆ। ਪਹਿਲੀ ਮਈ 1867 ਨੂੰ ਅਮਰੀਕਾ 'ਚ ਮਜ਼ਦੂਰ ਸੰਗਠਨਾਂ ਨੇ ਸ਼ਿਕਾਗੋ ਦੇ ਹੇਮਾਕੈਂਟ ਚੌਰਾਹੇ 'ਤੇ ਸ਼ਾਂਤੀਪੂਰਵਕ ਰੈਲੀ ਕੱਢੀ। ਇਸ ਰੈਲੀ 'ਚ ਕਿਸੇ ਨੇ ਬੰਬ ਧਮਾਕਾ ਕਰ ਦਿੱਤਾ ਅਤੇ ਉਸ ਸਮੇਂ ਮਜ਼ਦੂਰਾਂ 'ਚ ਭਗਦੜ ਮਚ ਗਈ। ਇਸ ਭੀੜ ਨੂੰ ਕਾਬੂ ਕਰਨ ਲਈ ਪੁਲਿਸ ਨੇ ਗੋਲੀਆਂ ਚਲਾਈਆਂ। ਕਈ ਮਜ਼ਦੂਰਾਂ ਦੀ ਜਾਨ ਚਲੀ ਗਈ। ਇਸ ਕਾਂਡ ਤੋਂ ਬਾਅਦ ਅੱਠ ਘੰਟੇ ਕੰਮ ਦਾ ਨਿਯਮ ਬਣਿਆ। ਪਰ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਕਾਰਖ਼ਾਨਿਆਂ ਵਿਚ ਮਜ਼ਦੂਰਾਂ ਤੋਂ 10 ਤੋਂ 16 ਘੰਟੇ ਕੰਮ ਕਰਵਾਇਆ ਜਾਂਦਾ ਰਿਹਾ ਅਤੇ ਹਫ਼ਤੇ 'ਚ 6 ਦਿਨ ਕੰਮ ਲਿਆ ਜਾਂਦਾ ਰਿਹਾ। ਬਾਲ ਮਜ਼ਦੂਰੀ ਵੀ ਕਰਵਾਈ ਜਾਂਦੀ ਰਹੀ। ਪਹਿਲੀ ਮਈ ਮਜ਼ਦੂਰਾਂ ਲਈ ਪਵਿੱਤਰ ਦਿਨ ਬਣਿਆ, ਮਜ਼ਦੂਰ ਦਿਵਸ।

25 ਸਤੰਬਰ, 1926 ਨੂੰ ਫੋਰਡ ਕੰਪਨੀ ਨੇ ਪਹਿਲੀ ਵੇਰ 8 ਘੰਟੇ ਦਾ ਨਿਯਮ ਅਤੇ ਕੁੱਲ 40 ਘੰਟੇ ਦਾ ਹਫ਼ਤਾ ਤੈਅ ਕੀਤਾ। ਉਜਰਤ ਵੀ ਦੁੱਗਣੀ ਕਰ ਦਿੱਤੀ। ਦੋ ਸਾਲਾਂ 'ਚ ਇਸ ਕੰਪਨੀ ਨੇ ਦੋ ਗੁਣਾ ਮੁਨਾਫ਼ਾ ਖੱਟਿਆ। ਹੌਲੀ-ਹੌਲੀ ਦੁਨੀਆ ਵਿਚ ਇਹ ਨਿਯਮ ਚੱਲਣ ਲੱਗਿਆ।

ਭਾਰਤ ਵਿਚ ਆਜ਼ਾਦੀ ਉਪਰੰਤ ਮਜ਼ਦੂਰਾਂ ਦੀ ਭਲਾਈ ਲਈ ਫੈਕਟਰੀ ਐਕਟ 1948 'ਚ ਬਣਿਆ। ਫੈਕਟਰੀ ਐਕਟ 1948 ਦੇ ਅਨੁਸਾਰ ਇਕ ਬਾਲਗ ਵਿਅਕਤੀ (18 ਸਾਲ ਦੀ ਉਮਰ ਪੂਰਾ ਕਰ ਚੁੱਕਾ) ਤੋਂ ਇਕ ਹਫ਼ਤੇ 'ਚ 48 ਘੰਟੇ ਤੋਂ ਜ਼ਿਆਦਾ ਕੰਮ ਨਹੀਂ ਕਰਵਾਇਆ ਜਾ ਸਕਦਾ। ਉਸ ਤੋਂ ਇਕ ਦਿਨ ਵਿਚ 9 ਘੰਟੇ ਤੋਂ ਜ਼ਿਆਦਾ ਕੰਮ ਵੀ ਨਹੀਂ ਕਰਵਾਇਆ ਜਾ ਸਕਦਾ। ਇਸ ਐਕਟ ਅਨੁਸਾਰ ਜੇਕਰ 8 ਘੰਟੇ ਤੋਂ ਬਾਅਦ ਦੋ ਘੰਟੇ ਵੱਧ ਕੰਮ ਕਾਮੇ ਤੋਂ ਲੈਣਾ ਹੈ ਤਾਂ ਉਸ ਸਮੇਂ ਦੀ ਉਜਰਤ ਮਾਲਕ ਵਲੋਂ ਦੁੱਗਣੀ ਅਦਾ ਕੀਤੀ ਜਾਵੇਗੀ।

ਭਾਰਤ ਵਿਚ ਅੱਠ ਘੰਟੇ ਕੰਮ ਦੀ ਮੰਗ ਡਾ: ਭੀਮ ਰਾਓ ਅੰਬੇਦਕਰ ਨੇ ਸਾਲ 1942 'ਚ ਉਠਾਈ। ਡਾ: ਅੰਬੇਦਕਰ ਜਿਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਮੌਜੂਦਾ 'ਆਪ' ਸਰਕਾਰ ਦੇ ਹਾਕਮ ਚੱਲਣ ਦੀ ਗੱਲ ਕਰਦੇ ਹਨ ਅਤੇ ਸ਼ਹੀਦੇ-ਆਜ਼ਮ-ਭਗਤ ਸਿੰਘ ਦੀ ਸੋਚ ਦੇ ਪਹਿਰੇਦਾਰ ਹੋਣ ਦਾ ਦਮ ਭਰਦੇ ਹਨ, ਜੋ ਮਜ਼ਦੂਰ ਕਾਮਿਆਂ ਦਾ ਪੱਕਾ ਹਿਮੈਤੀ ਸੀ। ਉਸੇ "ਆਪ ਸਰਕਾਰ" ਨੇ ਆਖ਼ਰ ਸੂਬੇ ਪੰਜਾਬ 'ਚ ਸਨਅਤਕਾਰਾਂ ਦੀ ਉਸ ਮੰਗ ਨੂੰ ਸਨਅਤਕਾਰਾਂ ਵਲੋਂ ਪੰਜਾਬ 'ਚ ਸਨਅਤਾਂ ਲਗਾਉਣਾ ਪ੍ਰਵਾਨ ਕਰਦਿਆਂ ਹਾਮੀ ਕਿਉਂ ਭਰੀ ਅਤੇ ਨਵਾਂ ਕਾਨੂੰਨ ਲਾਗੂ ਕਿਉਂ ਕੀਤਾ? ਸਨਅਤਕਾਰ ਕਹਿ ਰਹੇ ਸਨ ਕਿ ਪੰਜਾਬ 'ਚ ਕਾਮਿਆਂ ਦੀ ਕਮੀ ਹੈ ਤੇ ਕੰਮ ਦੇ ਘੰਟੇ 8 ਤੋਂ 12 ਘੰਟੇ ਹੋਣੇ ਚਾਹੀਦੇ ਹਨ। ਇਹ 'ਆਪ ਸਰਕਾਰ' ਦਾ ਸਨਅਤਕਾਰਾਂ ਨਾਲ ਯਾਰੀ ਨਿਭਾਉਣ ਦਾ ਵੱਡਾ ਕਾਰਨਾਮਾ ਹੈ। ਇਸ ਕਿਸਮ ਦੀ ਕਾਰਵਾਈ ਅਤੇ ਕਾਮਿਆਂ ਪ੍ਰਤੀ ਵਰਤਾਰਾ ਕੀ ਇਨਕਲਾਬੀ ਸ਼ਹੀਦ ਭਗਤ ਸਿੰਘ ਦੀ ਸੋਚ ਨੂੰ ਖੁੰਢਾ ਕਰਨ ਅਤੇ ਉਨ੍ਹਾਂ ਦੇ ਆਦਰਸ਼ਾਂ ਨੂੰ ਪਿੱਠ ਦਿਖਾਉਣ ਸਮਾਨ ਨਹੀਂ ਹੈ। ਉਂਜ ਪਹਿਲੀ ਮਈ 2023 ਨੂੰ ਮਜ਼ਦੂਰ ਦਿਹਾੜੇ 'ਤੇ 'ਆਪ ਸਰਕਾਰ' ਨੇ ਛੁੱਟੀ ਦਾ ਐਲਾਨ ਕੀਤਾ। ਮਜ਼ਦੂਰਾਂ ਲਈ ਵੱਡਾ ਪਰਉਪਕਾਰੀ ਕੰਮ ਕਰਨ ਦਾ ਛੁੱਟੀ ਦੇ ਕੇ ਵੱਡਾ ਦਾਅਵਾ ਕੀਤਾ।

ਵਿਸ਼ਵ 'ਚ ਕਾਮਿਆਂ ਦੇ ਹਾਲਾਤ ਸਬੰਧੀ ਇਕ ਰਿਪੋਰਟ ਛਪੀ ਹੈ। ਉਸ ਅਨੁਸਾਰ ਸਭ ਤੋਂ ਵੱਧ ਕੰਮ ਭਾਰਤ ਵਿਚ ਕਾਮਿਆਂ ਤੋਂ ਲਿਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਉਜਰਤ ਦੁਨੀਆ 'ਚ ਸਭ ਤੋਂ ਘੱਟ ਮਿਲਦੀ ਹੈ। ਔਰਤ ਕਾਮਿਆਂ ਦੀ ਉਜਰਤ ਤਾਂ ਹੋਰ ਵੀ ਘੱਟ ਹੈ।

ਭਾਰਤ ਵਿਚ 92 ਫੀਸਦੀ ਕਾਮੇ (ਗੈਰ ਸੰਗਠਿਤ) ਖੇਤਰ 'ਚ ਅਤੇ ਸਿਰਫ਼ 8 ਫੀਸਦੀ ਸੰਗਠਿਤ ਖੇਤਰ 'ਚ ਕੰਮ ਕਰਦੇ ਹਨ। ਗੈਰ ਸੰਗਠਿਤ ਕਾਮਿਆਂ ਦੀ ਹਾਲਤ ਤਾਂ ਪਹਿਲਾਂ ਹੀ ਬਹੁਤ ਭੈੜੀ ਹੈ। ਘਰਾਂ 'ਚ ਕੰਮ ਕਰਨ ਵਾਲੀਆਂ ਔਰਤਾਂ, ਸੈਕਸ ਵਰਕਰਾਂ, ਰੇਹੜੀ, ਰਿਕਸ਼ਾ ਚਾਲਕ ਆਦਿ ਦੇ ਹਾਲਾਤ ਕੰਮ ਦੇ ਘੰਟੇ 'ਚ ਮਿੱਥੇ ਹੀ ਨਹੀਂ ਜਾ ਸਕਦੇ। ਉਨ੍ਹਾਂ ਕਾਮਿਆਂ ਦੇ ਘੰਟਿਆਂ ਦੀ ਤਾਂ ਗਿਣਤੀ-ਮਿਣਤੀ ਹੀ ਕੋਈ ਨਹੀਂ, ਜਿਹੜੇ ਜਾਬ ਵਰਕ, ਪੀਸ ਰੇਟ 'ਤੇ ਕੰਮ ਕਰਦੇ ਹਨ। ਭੱਠਿਆਂ 'ਤੇ ਕੰਮ ਕਰਨ ਵਾਲਿਆਂ ਦੀ ਹਾਲਤ ਤਾਂ ਹੋਰ ਵੀ ਤਰਸਯੋਗ ਹੈ। ਸੜਕਾਂ ਉਤੇ ਲੁੱਕ ਪਾਉਣ ਵਾਲੇ ਵਰਕਰ ਤਾਂ ਕੰਮ ਦੇ ਘੰਟਿਆਂ ਪ੍ਰਤੀ ਅਤੇ ਉਜਰਤ ਪ੍ਰਤੀ ਅਤਿ ਪੀੜਤ ਹਨ।



ਹਰ ਇਨਸਾਨ ਨੂੰ ਆਰਾਮ ਚਾਹੀਦਾ ਹੈ। ਕਾਮੇ ਵੀ ਇਨਸਾਨ ਹਨ। ਜੇਕਰ ਕੰਮ ਦੇ ਘੰਟੇ ਨੀਅਤ ਨਾ ਹੋਣ ਅਤੇ ਕੋਈ ਨਿਯਮ ਲਾਗੂ ਹੀ ਨਾ ਹੋਵੇ ਤਾਂ ਕੰਪਨੀਆਂ ਵਾਲੇ 10 ਤੋਂ 16 ਘੰਟੇ ਤੱਕ ਕੰਮ ਕਰਵਾਉਣਗੇ। ਬੈਂਕਾਂ 'ਚ ਹਾਲਾਤ ਸੱਚਮੁਚ ਭੈੜੇ ਹਨ। ਬੈਂਕ ਮੁਲਾਜ਼ਮ 12 ਘੰਟੇ ਤੋਂ ਘੱਟ ਕੰਮ ਨਹੀਂ ਕਰਦੇ। ਡਰਾਈਵਰਾਂ ਦਾ ਸਮਾਂ ਤਾਂ ਨੀਅਤ ਹੀ ਨਹੀਂ। ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਜੇਕਰ ਇਨਸਾਨ ਕੰਮ ਹੀ ਕਰਦਾ ਰਹੇਗਾ ਤਾਂ ਉਹ ਜ਼ਿੰਦਗੀ ਦੀਆਂ ਖੁਸ਼ੀਆਂ ਅਤੇ ਆਦਰਸ਼ਾਂ ਤੋਂ ਪੂਰੀ ਤਰ੍ਹਾਂ ਲਾਂਭੇ ਹੋ ਜਾਏਗਾ। ਆਰਾਮ ਨਾ ਮਿਲਣ ਕਾਰਨ ਉਨੀਂਦਰੇ ਦਾ ਸ਼ਿਕਾਰ ਹੋਏਗਾ, ਬੀਮਾਰੀਆਂ ਉਸਨੂੰ ਘੇਰ ਲੈਣਗੀਆਂ। ਉਸ ਦਾ ਸੁੱਖ ਚੈਨ ਸਭ ਖ਼ਤਮ ਹੋ ਜਾਏਗਾ।

ਪੰਜਾਬ ਸਰਕਾਰ ਵਲੋਂ ਚੁਪ-ਚੁਪੀਤੇ ਫੈਕਟਰੀ ਐਕਟ 1948 'ਚ ਸੋਧ ਕਰ ਦਿੱਤੀ ਗਈ। ਸਨਅਤਕਾਰਾਂ ਅੱਗੇ ਆਤਮ ਸਮਰਪਣ ਕਰ ਦਿੱਤਾ ਗਿਆ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਇਸ ਮਾਮਲੇ ਉਤੇ ਚੁੱਪੀ ਸਾਧ ਕੇ ਬੈਠੀਆਂ ਰਹੀਆਂ। ਬੁੱਧੀਜੀਵੀ ਵਰਗ ਨੇ ਇਸਦੇ ਵਿਰੋਧ 'ਚ ਕਲਮ ਨਹੀਂ ਉਠਾਈ। ਚੈਨਲਾਂ, ਅਖ਼ਬਾਰਾਂ 'ਚ ਇਹ ਖ਼ਬਰ ਸੁਰਖੀਆਂ 'ਚ ਨਹੀਂ ਆਈ। ਮਜ਼ਦੂਰ ਟਰੇਡ ਯੂਨੀਅਨਾਂ ਕਿਉਂ ਚੁੱਪ ਰਹੀਆਂ? ਮੁਲਾਜ਼ਮ ਜਥੇਬੰਦੀਆਂ ਬੋਲ-ਕੁਸਕ ਕਿਉਂ ਨਹੀਂ ਰਹੀਆਂ? ਕੀ ਇਹ ਕਾਮੇ ਮਨੁੱਖ ਨਹੀਂ ਹਨ? ਉਨ੍ਹਾਂ ਦੀ ਕਿਰਤ ਅਤੇ ਉਨ੍ਹਾਂ ਦੀ ਜ਼ਿੰਦਗੀ ਦੀ ਕੋਈ ਕੀਮਤ ਨਹੀਂ ਹੈ? ਉਨ੍ਹਾਂ ਦੇ ਹੱਕ ਲਈ ਉਨ੍ਹਾਂ ਦੇ ਹਮਾਇਤੀ ਸਾਜ਼ਿਸ਼ੀ ਚੁੱਪੀ ਕਿਉਂ ਵੱਟ ਗਏ?

ਪੰਜਾਬ ਸਰਕਾਰ ਕੋਲੋਂ ਇਹ ਸਵਾਲ ਪੁੱਛਿਆ ਜਾਣਾ ਬਣਦਾ ਹੈ ਕਿ ਸਰਕਾਰ ਨਵੇਂ ਕਲੀਨਿਕ ਖੋਲ੍ਹਦੀ ਹੈ ਤਾਂ ਪ੍ਰਚਾਰ ਪੂਰੇ ਦੇਸ਼ 'ਚ ਹੁੰਦਾ ਹੈ। ਸਿੱਖਿਆ ਲਈ ਕੋਈ ਨਵਾਂ ਸਕੂਲ ਖੋਲ੍ਹਦੀ ਹੈ, ਉਸਦੀ ਚਰਚਾ ਇਸ਼ਤਿਹਾਰਾਂ ਰਾਹੀਂ ਹੁੰਦੀ ਹੈ, ਬੋਰਡ ਟੰਗੇ ਜਾਂਦੇ ਹਨ, ਫੋਟੋ ਲਗਾਈਆਂ ਜਾਂਦੀਆਂ ਹਨ। ਪਰ ਮਜ਼ਦੂਰਾਂ ਲਈ ਕੀਤੇ ਇਸ "ਪਰਉਪਕਾਰੀ ਕੰਮ" ਲਈ ਚੁੱਪੀ ਖਟਕਦੀ ਹੈ। ਇਹ ਕਾਨੂੰਨ ਪਾਸ ਕਰਨਾ ਕੀ ਸਰਕਾਰ ਦੀ ਕੋਈ ਮਜਬੂਰੀ ਹੈ? ਕੀ ਪੰਜਾਬ ਦੀ ਸਰਕਾਰ, ਕੇਂਦਰ ਸਰਕਾਰ ਦਾ ਹੱਥ ਠੋਕਾ ਬਣ ਕੇ ਉਹ ਸਾਰੇ ਲੋਕ ਵਿਰੋਧੀ ਕਾਨੂੰਨ ਲਾਗੂ ਕਰਕੇ ਧਨ ਕੁਬੇਰਾਂ ਪੱਖੀ, ਕਾਰਪੋਰੇਟਾਂ ਦੀ ਹਮਾਇਤੀ ਕੇਂਦਰ ਸਰਕਾਰ ਤੋਂ ਸ਼ਾਬਾਸ਼ ਲੈਣਾ ਚਾਹੁੰਦੀ ਹੈ?

ਦੇਸ਼ 'ਚ ਕਿਸਾਨ ਵਿਰੋਧੀ ਕਾਨੂੰਨ ਬਣੇ। ਪੰਜਾਬ ਦੇ ਕਿਸਾਨਾਂ ਨੇ ਇਨ੍ਹਾਂ ਕਾਨੂੰਨਾਂ ਵਿਰੁੱਧ ਕੀਤੇ ਵਿਸ਼ਾਲ ਤੇ ਲੰਮੇ ਚੱਲੇ ਅੰਦੋਲਨ 'ਚ ਅਗਵਾਈ ਕੀਤੀ, ਕੇਂਦਰੀ ਹਾਕਮਾਂ ਨੂੰ ਗੋਡੇ ਟੇਕਣੇ ਪਏ। ਆਪ ਮੁਹਾਰੇ ਲੋਕ ਇਸ ਅੰਦੋਲਨ ਦਾ ਅੰਗ ਬਣੇ।

ਹੁਣ ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਮਾਮਲੇ 'ਚ ਇਕ ਵਿਸ਼ਾਲ ਇਕੱਠ ਰਾਮ ਲੀਲਾ ਮੈਦਾਨ 'ਚ ਹੋਇਆ। ਦੇਸ਼ ਵਿਆਪੀ ਇਹ ਇਕ ਲਹਿਰ ਬਣਦੀ ਜਾਪਦੀ ਹੈ, ਟਰੇਡ ਯੂਨੀਅਨਾਂ, ਮਜ਼ਦੂਰ ਜਥੇਬੰਦੀਆਂ ਗਾਇਬ ਹਨ, ਪਰ ਵਿਰੋਧੀ ਸਿਆਸੀ ਧਿਰਾਂ ਇਸਦੀ ਹਮਾਇਤ ਕਰਨ ਲੱਗੀਆਂ ਹਨ।

ਤਾਂ ਫਿਰ ਕਾਮਿਆਂ ਦਾ ਲਹੂ ਪੀਣ ਲਈ ਬਣਾਏ ਇਸ ਫੈਕਟਰੀ ਐਕਟ 1948 'ਚ ਸੋਧ ਕਰ ਕੇ 8 ਤੋਂ 12 ਦਿਨ ਦੇ ਘੰਟੇ ਅਤੇ ਹਫਤੇ ਦੇ 48 ਘੰਟੇ ਤੋਂ 60 ਘੰਟੇ ਕਰਨ ਦਾ ਵਿਆਪਕ ਵਿਰੋਧ ਕਿਉਂ ਨਹੀਂ? ਸੂਬਾ ਸਰਕਾਰ ਨੇ ਮਜ਼ਦੂਰਾਂ ਵਲੋਂ ਡੇਢ ਸੌ ਸਾਲ ਪਹਿਲਾਂ ਲੜੀ ਲੜਾਈ 'ਚ ਕੀਤੀ ਪ੍ਰਾਪਤੀ ਨੂੰ ਪਿਛਲਖੁਰੀ ਤੋਰ ਦਿੱਤਾ ਹੈ। ਲੋਕਾਂ ਨੇ ਸਵਾਲ ਪੁਛਣੇ ਸ਼ੁਰੂ ਕਰ ਦਿੱਤੇ ਹਨ, ਕੀ ਇਹੀ ਹੈ ਬਦਲਾਅ! ਕੀ ਆਮ ਆਦਮੀ ਦੀ ਪਾਰਟੀ 'ਆਪ' "ਖਾਸ ਆਦਮੀਆਂ" ਸਰਮਾਏਦਾਰਾਂ ਨਾਲ ਯਾਰੀ ਪੁਗਾਉਣ ਦੇ ਰਾਹ ਤੁਰ ਪਈ ਹੈ?

ਯਾਦ ਰਹੇ ਐਕਟ 63 ਆਫ 1948, 23 ਸਤੰਬਰ 1948 ਨੂੰ ਪਾਸ ਹੋਇਆ। ਇਹ ਐਕਟ ਪਹਿਲੀ ਅਪ੍ਰੈਲ 1949 ਨੂੰ ਲਾਗੂ ਹੋਇਆ ਅਤੇ 'ਦੀ ਫੈਕਟਰੀਜ਼ ਐਕਟ-1948 (63 ਆਫ 1948) ਕਹਿਲਾਇਆ। ਇਸ ਐਕਟ ਅਨੁਸਾਰ ਕਾਮਿਆਂ ਲਈ ਕੰਮ ਦੇ ਘੰਟੇ ਪ੍ਰਤੀ ਦਿਨ 8 ਘੰਟੇ ਅਤੇ ਹਫ਼ਤੇ ਦੇ 48 ਘੰਟੇ ਅਤੇ ਇਕ ਹਫ਼ਤਾਵਾਰੀ ਛੁੱਟੀ ਨੀਅਤ ਹੋਈ। ਇਸ ਐਕਟ ਵਿਚ ਕਾਰਪੋਰੇਟ ਪੱਖੀ ਕੇਂਦਰ ਸਰਕਾਰ ਵਲੋਂ ਸੋਧ ਕੀਤੀ ਗਈ ਅਤੇ ਹੁਣ ਇਹ 'ਦੀ ਫੈਕਟਰੀਜ਼ ਐਕਟ ਸੋਧ ਬਿੱਲ 2016' ਵਜੋਂ ਜਾਣਿਆ ਜਾਂਦਾ ਹੈ।

ਇਸ ਸੋਧ ਅਨੁਸਾਰ ਇਕ ਤਿਮਾਹੀ 'ਚ ਕੰਮ ਦੇ ਵਾਧੂ ਘੰਟੇ (ਓਵਰਟਾਈਮ) ਉਦਯੋਗਪਤੀਆਂ ਦੀ ਮੰਗ ਉਤੇ ਕਰਨ ਦਾ ਪ੍ਰਵਾਧਾਨ ਕਰਨ ਦਾ ਅਧਿਕਾਰ ਰਾਜਾਂ ਨੂੰ ਦਿੱਤਾ ਗਿਆ ਤਾਂ ਕਿ ਉਦਯੋਗਪਤੀ ਆਪਣਾ ਕੰਮ ਜ਼ਰੂਰੀ ਆਧਾਰ 'ਤੇ ਮਜ਼ਦੂਰਾਂ ਤੋਂ ਕਰਵਾ ਸਕਣ। ਜੇਕਰ ਜ਼ਰੂਰੀ ਹੋਵੇ ਤਾਂ ਇਹ ਘੰਟੇ 125 ਪ੍ਰਤੀ ਤਿਮਾਹੀ ਤੱਕ ਸਨਅਤਕਾਰਾਂ ਦੀ ਮੰਗ 'ਤੇ ਵਧਾਏ ਜਾ ਸਕਦੇ ਹਨ। ਭਾਵ ਹਫ਼ਤਾਵਾਰੀ ਨਿਯਮਤ 48 ਘੰਟੇ ਜਮਾਂ 42 ਘੰਟੇ ਵਾਧੂ ਸਮਾਂ, ਕੁਲ ਮਿਲਾ ਕੇ 90 ਘੰਟੇ ਭਾਵ 15 ਘੰਟੇ ਰੋਜ਼ਾਨਾ। ਕਿੰਨਾ ਤ੍ਰਾਸਦਿਕ ਹੈ ਇਹ! ਮਨੁੱਖ ਤੇ ਮਸ਼ੀਨ 'ਚ ਆਖ਼ਿਰ ਕੀ ਅੰਤਰ ਰਹਿ ਜਾਏਗਾ।

ਦੇਸ਼ ਵਿਚ ਕਾਮਿਆਂ ਦੇ ਹਾਲਾਤ ਸੁਖਾਵੇਂ ਨਹੀਂ। ਬੇਰੁਜ਼ਗਾਰੀ ਦਾ ਦੈਂਤ ਕਾਮਿਆਂ ਲਈ ਜ਼ਿੰਦਗੀ ਦੁੱਭਰ ਕਰ ਰਿਹਾ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਉਨ੍ਹਾਂ ਦੀ ਭਲਾਈ ਲਈ ਤਤਪਰ ਨਹੀਂ ਹਨ। ਸਮਾਜਿਕ ਸੁਰੱਖਿਆ ਯੋਜਨਾਵਾਂ ਸਮੇਤ ਆਯੂਸ਼ਮਾਨ ਸਿਹਤ ਬੀਮਾ ਯੋਜਨਾ ਲਗਭਗ ਠੁੱਸ ਹੈ।

ਮਗਨਰੇਗਾ ਯੋਜਨਾ ਜੋ ਭਾਰਤ ਦੀ ਪੇਂਡੂ ਕਾਮਿਆਂ ਨੂੰ ਰੁਜ਼ਗਾਰ ਦੇਣ ਵਾਲੀ ਵਿਸ਼ਵ ਪ੍ਰਸਿੱਧੀ ਪ੍ਰਾਪਤ ਯੋਜਨਾ ਹੈ, ਪਰ ਉਸ ਵਿਚ ਵੀ ਰੁਜ਼ਗਾਰ ਉਜਰਤ ਇੰਨੀ ਘੱਟ ਹੈ ਕਿ ਦੋ ਡੰਗ ਦੀ ਰੋਟੀ ਕਾਮਿਆਂ ਨੂੰ ਮਸਾਂ ਨਸੀਬ ਹੁੰਦੀ ਹੈ। ਢਿੱਡ ਨੂੰ ਝੁਲਕਾ ਦੇਣ ਲਈ ਫਿਰ ਕਾਮਿਆਂ ਨੂੰ ਮਨ ਮਾਰ ਕੇ ਵੱਧ ਕੰਮ ਕਰਨਾ ਪੈਂਦਾ ਹੈ, ਜਿਹੜਾ ਉਨ੍ਹਾਂ ਲਈ ਜਾਨ ਦਾ ਖੌਅ ਹੋ ਨਿੱਬੜਦਾ ਹੈ।

ਅਣਸੰਗਠਿਤ ਖੇਤਰ ਦਾ ਮਜ਼ਦੂਰ ਵਰਗ ਪਹਿਲਾਂ ਹੀ ਲੁਟਕਿਆ ਹੋਇਆ ਹੈ। ਸੰਗਠਿਤ ਖੇਤਰ ਦੇ ਕਾਮਿਆਂ ਲਈ ਜੋ ਕਾਨੂੰਨ ਬਣੇ ਹੋਏ ਹਨ, ਉਨ੍ਹਾਂ ਨੂੰ ਸਨਅਤਕਾਰਾਂ ਦੀਆਂ ਲੋੜਾਂ ਅਨੁਸਾਰ ਢਾਲ ਕੇ ਸਰਕਾਰ ਉਨ੍ਹਾਂ ਦੇ ਜੀਵਨ ਦੇ ਰੰਗ ਵੀ ਬੇਰੰਗ ਕਰਨ 'ਤੇ ਤੁਲੀ ਹੋਈ ਵਿਖਾਈ ਦਿੰਦੀ ਹੈ। ਫੈਕਟਰੀਆਂ 'ਚ ਕਾਮਿਆਂ ਲਈ ਸੁਵਿਧਾਵਾਂ ਦੀ ਕਮੀ ਹੈ। ਜਿਹੜੇ ਅਫ਼ਸਰ ਕਾਮਿਆਂ ਦੀ ਭਲਾਈ ਲਈ ਨਿਯੁਕਤ ਹਨ, ਉਹ ਮਾਲਕਾਂ ਲਈ ਕੰਮ ਕਰਦੇ ਹਨ।

ਕਾਮਿਆਂ ਦੀਆਂ ਮੁਸ਼ਕਲਾਂ ਦੇ ਹੱਲ ਲਈ ਸੰਗਠਿਤ ਲੋਕ ਨੇਤਾਵਾਂ ਦੇ ਯਤਨ, ਤਦੇ ਸਾਰਥਿਕ ਹੋ ਸਕਦੇ ਹਨ ਜੇਕਰ ਕਾਮਾ ਵਰਗ ਆਪ ਸੁਚੇਤ ਹੋ ਕੇ ਅੱਗੇ ਆਵੇ।

# ਭਰੋਸੇਯੋਗ ਇਲਜ਼ਾਮ ਜਾਂ ਟਰੂਡੋ ਦੀ ਬੁਖ਼ਲਾਹਟ?

## ਪ੍ਰਤੀਕਰਮ

ਕਮਲਜੀਤ ਸਿੰਘ, ਫਰੀਮਾਂਟ

ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ 'ਤੇ ਬਹੁ-ਪੱਖੀ ਰੌਸ਼ਨੀ ਪਾਉਂਦਾ ਹਰਚਰਨ ਸਿੰਘ ਪਰਹਾਰ (ਅੰਕ 39, ਪੰਜਾਬ ਟਾਈਮਜ਼) ਦਾ ਲੇਖ ਪੜ੍ਹਿਆ ਜਿਸ ਵਿਚ ਉਨ੍ਹਾਂ ਨੇ ਨਾ ਕੇਵਲ ਕੈਨੇਡਾ ਪੁਲਿਸ ਦੀ ਨਾਲਾਇਕੀ ਜੋ ਕਨਿਸ਼ਕ ਕਾਂਡ ਜਾਂ ਮਲਿਕ ਦੇ ਕਤਲ ਦਾ ਸੁਰਾਗ ਕੱਢਣ ਵਿਚ ਵੀ ਨਾਕਾਮ ਰਹੀ ਹੈ, ਨੂੰ ਹੀ ਜ਼ਾਹਿਰ ਕੀਤਾ ਬਲਕਿ ਕੈਨੇਡਾ ਦੇ ਖ਼ੁਫ਼ੀਆ ਤੰਤਰ ਦਾ ਹੋਰ ਦੇਸ਼ਾਂ ਉੱਤੇ ਨਿਰਭਰ ਹੋਣ ਦਾ ਪਰਦਾ ਵੀ ਫ਼ਾਸ਼ ਕੀਤਾ ਹੈ।

ਸਭ ਤੋਂ ਵੱਧ ਧਿਆਨ ਦੇਣ ਵਾਲੀ ਗੱਲ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੇਸ਼ ਦੀ ਪਾਰਲੀਮੈਂਟ ਨੂੰ ਪ੍ਰੈੱਸ ਕਾਨਫਰੰਸ ਵਾਂਗ ਵਰਤਦਿਆਂ 'ਭਰੋਸੇ ਯੋਗ ਇਲਜ਼ਾਮ' ਦਾ ਇਲਜ਼ਾਮ ਭਾਰਤੀ ਖ਼ੁਫ਼ੀਆ ਏਜੰਸੀਆਂ 'ਤੇ ਲਾਇਆ ਹੈ। ਟਰੂਡੋ ਨੇ ਲਫ਼ਜ਼ credible allegation ਇਸਤੇਮਾਲ ਕੀਤਾ ਹੈ ਜਿਸ ਦੇ ਮਾਇਨੇ 'ਭਰੋਸੇਯੋਗ ਇਲਜ਼ਾਮ' ਜਾਂ 'ਭਰੋਸੇਯੋਗ ਦੋਸ਼' ਹੈ ਨਾ ਕਿ 'ਭਰੋਸੇਯੋਗ ਇਤਲਾਹ' ਜਾਂ 'ਭਰੋਸੇਯੋਗ ਸੂਤਰ' ਜਾਂ 'ਭਰੋਸੇਯੋਗ ਸੂਚਨਾ'। ਟਰੂਡੋ ਦੇ ਲਫ਼ਜ਼ ਉਸ ਦੀ ਮਨੋ-ਵਿਗਿਆਨਕ ਹਾਲਤ ਦਰਸਾਉਂਦੇ ਹਨ। ਕੀ ਕਦੇ ਕੋਈ ਜ਼ਿੰਮੇਵਾਰ ਸ਼ਖਸ ਇਲਜ਼ਾਮ ਨੂੰ ਹੀ ਸੋਚ-ਸਮਝ ਕੇ ਬਿਆਨ ਦੇ ਸਕਦਾ ਹੈ? ਚੰਗਾ ਹੁੰਦਾ ਜੇ ਟਰੂਡੋ ਨਾਲੋਂ ਉਸ ਦੀ ਖ਼ੁਫ਼ੀਆ ਏਜੰਸੀ ਵੱਲੋਂ ਭਰੋਸੇਯੋਗ ਸੂਚਨਾ ਦਾ ਜ਼ਿਕਰ ਕੀਤਾ ਜਾਂਦਾ।



ਜਿਥੋਂ ਤਕ ਅਮਰੀਕਾ ਦੇ ਨੇਤਾਵਾਂ ਵਲੋਂ ਟਰੂਡੋ ਦੀ ਪਿੱਠ ਪੂਰਨ ਦਾ ਸਵਾਲ ਹੈ, ਇਸ ਪ੍ਰਸੰਗ ਵਿਚ ਅਮਰੀਕੀ ਨੇਤਾਵਾਂ ਦੀ ਸਮੁੱਚੀ ਲੀਡਰਸ਼ਿਪ ਦੇ ਬਿਆਨ ਵਾਚਣ ਵਾਲੇ ਹਨ। ਜਿਥੇ ਅਮਰੀਕੀ ਵਿਦੇਸ਼ ਮੰਤਰੀ ਵਲੋਂ ਭਾਰਤ ਸਰਕਾਰ ਤੋਂ ਕੈਨੇਡੀਅਨ ਤਫ਼ਤੀਸ਼ ਵਿਚ ਸਹਿਯੋਗ ਲਈ ਕਿਹਾ ਗਿਆ ਹੈ, ਉਥੇ ਪੈਂਟਾਗਨ (ਜੋ ਅਮਰੀਕੀ ਫੌਜ ਦਾ ਅਦਾਰਾ ਹੈ) ਦੇ ਸੀਨੀਅਰ ਅਧਿਕਾਰੀ ਮਾਈਕਲ ਰੂਬਨ ਨੇ ਟਰੂਡੋ ਨੂੰ ਸਾਫ਼ ਲਫ਼ਜ਼ਾਂ ਵਿਚ ਸਮਝਾਇਆ ਹੈ ਕਿ ਨਿੱਝਰ ਕੋਈ ਨਿਰਦੋਸ਼ ਪਲੰਬਰ ਨਹੀਂ ਸੀ ਬਲਕਿ ਅਤਿਵਾਦੀ ਜੱਥੇਬਦੀ ਦਾ ਮੁਖੀ ਸੀ ਜਿਸ ਉਥੇ 10 ਲੱਖ ਰੁਪਏ ਦਾ ਇਨਾਮ ਸੀ। ਇਹ ਤੱਥ ਪਰਹਾਰ ਨੇ ਆਪਣੇ ਲੇਖ ਵਿਚ ਕਲਮਬੰਦ ਕੀਤੇ ਹਨ।

ਟਰੂਡੋ ਵੱਲੋਂ ਇਲਜ਼ਾਮ ਨੂੰ ਭਰੋਸੇਯੋਗ ਮੰਨ ਕੇ ਅੱਗਿਓਂ ਇਲਜ਼ਾਮ ਹੀ ਤੋਰ ਦਿਤਾ। ਇਲਜ਼ਾਮ ਤਾਂ ਹੋ ਸਕਦਾ ਹੈ ਪਰ ਇਹ ਭਰੋਸੇਯੋਗ ਜਾਂ ਨਾ-ਭਰੋਸੇਯੋਗ ਨਹੀਂ ਹੋ ਸਕਦਾ। ਇਲਜ਼ਾਮ ਤਾਂ ਇਲਜ਼ਾਮ ਹੈ। ਭਰੋਸੇਯੋਗ ਸੂਚਨਾ ਹੋ ਸਕਦੀ ਹੈ, ਸਬੂਤ ਹੋ ਸਕਦੇ ਹਨ। ਟਰੂਡੋ ਨੂੰ ਭਰੋਸੇਯੋਗ ਸੁਰਾਗ ਕਹਿਣਾ ਬਣਦਾ ਸੀ। ਦੂਸਰੇ ਪਾਸੇ ਭਾਰਤੀ ਸਰਕਾਰ ਨੇ ਕਿਹਾ ਹੈ ਕਿ ਕੈਨੇਡਾ ਵਲੋਂ ਉਨ੍ਹਾਂ ਨੂੰ ਕੋਈ ਭਰੋਸੇਯੋਗ ਸੂਚਨਾ ਤਾਂ ਕੀ ਦੇਣੀ ਸੀ, ਉਸ ਨਾਲ ਠੋਸ ਸਬੂਤ ਦੇ ਕੇ ਸੰਪਰਕ ਕਾਇਮ ਨਹੀਂ ਕੀਤਾ।

ਟਰੂਡੋ ਨੂੰ ਇਕ ਕੈਨੇਡੀਅਨ ਦੀ ਮੌਤ ਦਾ ਤੌਖਲਾ ਹੋਇਆ ਹੈ ਪਰ ਉਸ ਨੇ ਕਦੀ ਕਨਿਸ਼ਕ ਕਾਂਡ ਵਿਚ ਮਾਰੇ ਗਏ 260 ਕੈਨੇਡੀਅਨ ਸ਼ਹਿਰੀਆਂ ਦੀ ਮੌਤ ਦਾ ਸੁਰਾਗ ਕੱਢਣ ਵਾਸਤੇ ਕੋਈ ਹੀਲਾ ਨਹੀਂ ਕੀਤਾ। ਇਸ ਘਟਨਾ ਦੇ ਵਕਤ ਮੌਜੂਦਾ ਕੈਨੇਡੀਅਨ ਪ੍ਰਧਾਨ ਮੰਤਰੀ ਦਾ ਬਾਪ ਪੀਅਰੇ ਟਰੂਡੋ ਹੀ ਪ੍ਰਧਾਨ ਮੰਤਰੀ ਸੀ। ਉਧਰ ਬੰਗਲਾਦੇਸ਼ ਅਤੇ ਸ੍ਰੀਲੰਕਾ ਦੇ ਮੁਜਰਮ ਕੈਨੇਡਾ ਵਿਚ ਪਨਾਹ ਲਈ ਬੈਠੇ ਹਨ ਜਿਨ੍ਹਾਂ ਦੀ ਗ੍ਰਿਫ਼ਤਾਰੀ ਦੀਆਂ ਅਰਜ਼ੀਆਂ 'ਤੇ ਕੈਨੇਡਾ ਦੀ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ। ਕੌਮਾਂਤਰੀ ਡਿਪਲੋਮੇਸੀ ਨੂੰ ਅੱਖੋਂ ਉਹਲੇ ਕਰਨਾ ਜਸਟਿਨ ਟਰੂਡੋ ਦੀ ਸਿਆਸੀ ਕਮਜ਼ੋਰੀ ਹੋ ਸਕਦੀ ਹੈ।

ਇਹ ਤੱਥ ਵੀ ਟਰੂਡੋ ਦੇ ਦਿਮਾਗ 'ਤੇ ਛਾਇਆ ਹੋਇਆ ਹੈ ਕਿ ਭਾਰਤ ਵਿਚ ਉਸ ਨੂੰ ਉਸ ਦੀ ਬਣਦੀ ਪ੍ਰਾਹੁਣਚਾਰੀ ਨਹੀਂ ਦਿਤੀ ਜਾਂਦੀ। ਉਸ ਨਾਲ ਭਾਰਤੀ ਸਰਕਾਰ ਦਾ ਰੁੱਖਾ ਰਵੱਈਆ 2018 ਅਤੇ ਹੁਣ ਜੀ-20 ਦੀ ਮੀਟਿੰਗ ਦੌਰਾਨ ਪ੍ਰਤਖ ਹੈ। ਟਰੂਡੋ ਦਾ ਹਵਾਈ ਜਹਾਜ਼ ਖਰਾਬ ਹੋਣ ਕਾਰਨ ਉਹ ਦਿੱਲੀ ਦੇ ਹੋਟਲ ਵਿਚ ਤਿੰਨ ਦਿਨ ਡੱਕਿਆ ਰਿਹਾ ਪਰ ਭਾਰਤੀ ਸਰਕਾਰ ਦਾ ਕੋਈ ਵੀ ਮੰਤਰੀ ਵੀ ਉਸ ਨੂੰ ਮਿਲਣ ਨਹੀਂ ਗਿਆ।

ਜਿਵੇਂ ਹਰਦੀਪ ਸਿੰਘ ਨਿੱਝਰ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕੈਨੇਡੀਅਨ ਪੁਲਿਸ ਨੇ ਖ਼ਬਰਦਾਰ ਕੀਤਾ ਸੀ ਕਿ ਉਸ ਦੀ ਜਾਨ ਨੂੰ ਖਤਰਾ ਹੈ ਪਰ ਉਸ ਨੂੰ ਕੈਨੇਡੀਅਨ ਪੁਲਿਸ ਨੇ ਕੋਈ ਸੁਰੱਖਿਆ ਨਹੀਂ ਦਿੱਤੀ। ਇਹ ਕਿਤੇ ਟਰੂਡੋ ਵਲੋਂ ਕੈਨੇਡੀਅਨ ਸਿੱਖਾਂ ਦੀ ਵੋਟ ਲੈਣ ਦਾ ਜ਼ਰੀਆ ਤਾਂ ਨਹੀਂ? ਹੁਣ ਟਰੂਡੋ ਨੂੰ ਆਪਣੀ ਸਰਕਾਰ ਬਚਾਉਣ ਵਾਸਤੇ ਜਗਮੀਤ ਸਿੰਘ ਦੇ 24 ਐੱਮਪੀਜ਼ ਦੀ ਲੋੜ ਰਹਿੰਦੀ ਹੈ। ਜੇ ਸਿੱਖ ਸਿੱਧੇ ਤੌਰ 'ਤੇ ਹੀ ਟਰੂਡੋ ਦੀ ਪਾਰਟੀ ਦੇ 24 ਐੱਮਪੀਜ਼ ਜਿਤਾ ਦੇਣ ਤਾਂ ਉਸ ਦੀ ਸਰਕਾਰ ਬਹੁਗਿਣਤੀ ਵਿਚ ਆ ਜਾਵੇਗੀ। ਸਿਆਸਤ ਵਿਚ ਕੋਈ ਕਿਸੇ ਦਾ ਸਥਾਈ ਦੋਸਤ ਜਾਂ ਦੁਸ਼ਮਣ ਨਹੀਂ ਹੁੰਦਾ।

# ਵਰਿਆਮ ਸਿੰਘ ਸੰਧੂ ਦੀ ਨਵੀਂ ਪੁਸਤਕ 'ਹੀਰੇ ਬੰਦੇ'

ਫਿਲਮਾਂ ਦੇ ਟ੍ਰੇਲਰ ਤਾਂ ਵੇਖਦੇ ਹੀ ਹਾਂ। ਵਰਿਆਮ ਸਿੰਘ ਸੰਧੂ ਦੀ ਪੁਸਤਕ 'ਹੀਰੇ ਬੰਦੇ' ਦਾ ਟ੍ਰੇਲਰ ਵੀ ਵੇਖ ਲਓ। ਇਸ ਵਿਚ 16 ਲੇਖਕਾਂ ਦੇ ਸ਼ਬਦ-ਚਿਤਰ ਹਨ। ਮੈਂ ਉਨ੍ਹਾਂ ਦਾ ਟ੍ਰੇਲਰ ਹੀ ਵਿਖਾ ਰਿਹਾਂ। ਆਲੋਚਕਾ ਦਾ ਕੰਮ ਹੈ ਆਲੋਚਨਾ ਕਰਨੀ ਤੇ ਪਾਠਕਾਂ ਦਾ ਪੜ੍ਹ ਕੇ ਅਨੰਦ ਮਾਨਣਾ। ਵਰਿਆਮ ਸੰਧੂ ਨੂੰ ਮੈਂ ਕਹਾਣੀਆਂ ਦਾ ਰੁਸਤਮ ਮੰਨਦਾ ਹਾਂ। ਇਨ੍ਹਾਂ ਸ਼ਬਦ-ਚਿਤਰਾਂ 'ਚ ਵੀ ਉਸ ਨੇ ਨਿੱਕੀਆਂ-ਨਿੱਕੀਆਂ ਭਾਵਪੂਰਤ ਕਹਾਣੀਆਂ ਪਾਈਆਂ ਹਨ। ਕਹਾਣੀਆਂ ਪਾਉਣ ਨਾਲ ਉਹਦੇ ਸ਼ਬਦ ਚਿਤਰ ਹੋਰ ਵੀ ਦਿਲਚਸਪ ਬਣ ਗਏ ਹਨ। ਹੋਰਨਾਂ ਦੇ ਸ਼ਬਦ-ਚਿਤਰਾਂ ਤੋਂ



**ਪ੍ਰਿੰ. ਸਰਵਣ ਸਿੰਘ**
**ਫੋਨ: 647-785-1661**

ਵੱਖਰੇ। ਪਾਠਕ ਪੁਸਤਕ ਪੜ੍ਹ ਕੇ ਹੀ ਜਾਣ ਸਕਣਗੇ ਕਿ ਕਹਾਣੀਆਂ ਦਾ ਰੁਸਤਮ ਕਿਹੋ ਜਿਹਾ ਸ਼ਬਦ-ਚਿਤੇਰਾ ਹੈ? 264 ਪੰਨਿਆਂ ਦੀ ਇਹ ਪੁਸਤਕ ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ ਪ੍ਰਕਾਸ਼ਿਤ ਕੀਤੀ ਹੈ ਜਿਸ ਦੀ ਕੀਮਤ ਬਾਣੇ ਦੇ ਬੂਟਾਂ ਵਾਂਗ 295 ਰੁਪਏ ਰੱਖੀ ਹੈ। ਪ੍ਰਕਾਸ਼ਕ ਦੇ ਮੋਬਾਈਲ ਨੰਬਰ 92090-00001, 99151-03490, 98152-43917 ਹਨ। ਪੇਸ਼ ਹਨ ਸ਼ਬਦ-ਚਿਤਰਾਂ ਦੇ ਮੁਖੜੇ:

**ਮੇਰੇ ਹਿੱਸੇ ਦਾ ਜਸਵੰਤ ਸਿੰਘ ਕੰਵਲ**

ਜਸਵੰਤ ਸਿੰਘ ਕੰਵਲ ਪੰਜਾਬੀ ਸਾਹਿਤ ਜਗਤ ਵਿੱਚ ਅੱਠ ਦਹਾਕੇ ਆਪਣਾ ਰਾਜ ਕਮਾ ਕੇ ਤੁਰ ਗਿਆ ਹੈ। ਗਿਆ ਕਿੱਥੇ ਹੈ? ਉਹ! ਉਹ ਤਾਂ ਸਾਡੇ ਆਸ-ਪਾਸ ਹੈ। ਸਾਡੇ ਅੰਗ-ਸੰਗ। ਅਸੀਂ ਜਿਨ੍ਹਾਂ ਨੇ ਉਸ ਨੂੰ ਪੜ੍ਹਿਆ ਏ, ਉਨ੍ਹਾਂ ਸਭਨਾਂ ਦੇ ਅੰਦਰ ਤਾਂ ਉਹ ਟੋਟਾ ਟੋਟਾ ਕਰ ਕੇ ਦਹਾਕਿਆਂ ਤੋਂ ਜੀਅ ਰਿਹਾ ਏ। ਜਿੰਨਾ ਚਿਰ ਅਸੀਂ ਜਿਊਂਦੇ ਰਹਾਂਗੇ, ਕੰਵਲ ਵੀ ਸਾਡੇ ਨਾਲ ਜਿਊਂਦਾ ਰਹੇਗਾ। ਕੰਵਲ ਵਰਗੇ ਲੇਖਕ ਸਭਨਾਂ ਦੇ ਆਪਣੇ ਹੁੰਦੇ ਨੇ। ਹਰੇਕ ਕੋਲ ਉਹਦੇ ਬਾਰੇ ਦੱਸਣ ਲਈ ਢੇਰਾਂ ਗੱਲਾਂ ਨੇ। ਜ਼ਰੂਰ ਹੋਣਗੀਆਂ। ਬਹੁਤ ਸਾਰੀਆਂ ਗੱਲਾਂ ਤਾਂ ਆਪਣੇ ਬਾਰੇ ਕੰਵਲ ਨੇ ਆਪ ਹੀ ਕੀਤੀਆਂ ਹੋਈਆਂ ਨੇ। ਉਨ੍ਹਾਂ ਨੂੰ ਦੁਹਰਾਉਣ ਦਾ ਕੀ ਫ਼ਾਇਦਾ! ਮੈਂ ਤਾਂ ਕੇਵਲ ਆਪਣੇ ਹਿੱਸੇ ਦੇ ਕੰਵਲ ਦੀ ਬਾਤ ਹੀ ਪਾਉਣੀ ਹੈ।

**ਜ਼ਿੰਦਾਬਾਦ! ਵਿਰਕ ਸਾਹਿਬ!!**

ਕੁਲਵੰਤ ਸਿੰਘ ਵਿਰਕ ਜਿਊਂਦਾ ਹੁੰਦਾ ਤਾਂ ਉਹਨੇ 2023 ਦੀ 20 ਮਈ ਨੂੰ 103 ਸਾਲ ਦੇ ਹੋ ਜਾਣਾ ਸੀ। ਪਰ ਕੀ ਕੁਲਵੰਤ ਸਿੰਘ ਵਿਰਕ ਸੱਚੀਂ 'ਮਰ' ਗਿਆ ਹੈ? ਵਿਰਕ ਨੇ ਅਨੇਕਾਂ ਅਮਰ ਕਹਾਣੀਆਂ ਦੀ ਰਚਨਾ ਕੀਤੀ। ਜਦ ਤੱਕ ਉਹ ਕਹਾਣੀਆਂ ਜਿਊਂਦੀਆਂ ਰਹਿਣਗੀਆਂ ਤਾਂ ਵਿਰਕ ਨੂੰ ਕੌਣ ਮਾਰ ਸਕੇਗਾ! ਵਿਰਕ ਓਨਾ ਚਿਰ ਤੱਕ ਜਿਊਂਦਾ ਹੈ, ਜਿੰਨਾ ਚਿਰ ਪੰਜਾਬੀ ਕਹਾਣੀ ਦਾ ਇਤਿਹਾਸ ਜਿਊਂਦਾ ਹੈ। ਵਿਰਕ ਪੰਜਾਬੀ ਦਾ ਇੱਕੋ-ਇੱਕ ਕਹਾਣੀਕਾਰ ਹੈ ਜਿਸ ਨੂੰ ਸਾਰੇ ਸਮਿਆਂ ਦੇ ਲੇਖਕ, ਆਲੋਚਕ ਤੇ ਪਾਠਕ ਇੱਕੋ ਜਿੰਨੀ ਮੁਹੱਬਤ ਨਾਲ ਯਾਦ ਕਰਦੇ ਤੇ ਉਸਨੂੰ ਪੰਜਾਬੀ ਦਾ ਸਰਵ-ਸ੍ਰੇਸ਼ਠ ਕਥਾਕਾਰ ਆਖ ਕੇ ਮਾਣ ਨਾਲ ਵਡਿਆਉਂਦੇ ਹਨ।

**ਸੰਦਲੀ ਪਟਾਰੀ: ਕਰਨੈਲ ਸਿੰਘ ਪਾਰਸ**

ਕਾਲੇ ਤਵਿਆਂ ਵਿਚੋਂ ਲਿਸ਼ਕਦਾ ਕਰਨੈਲ ਸਿੰਘ ਪਾਰਸ ਦਾ ਨਾਂ ਤੇ ਗੂੰਜਦੀ ਗੜ੍ਹਕਦੀ ਆਵਾਜ਼ ਤਾਂ ਪੰਜਾਬ ਦੀਆਂ ਹਵਾਵਾਂ ਤੇ ਫ਼ਿਜ਼ਾਵਾਂ ਵਿੱਚ ਬੜੇ ਸਾਲਾਂ ਤੋਂ ਆਪਣੇ ਰਸਾਂ-ਰੰਗਾਂ ਸਮੇਤ ਆਮ ਪੰਜਾਬੀਆਂ ਵਾਂਗ ਮੇਰੇ ਸਿਰ 'ਤੇ ਵੀ ਜਾਦੂ ਵਾਂਗ ਧੂੜੀ ਹੋਈ ਸੀ, ਪਰ ਪਾਰਸ ਨੂੰ ਮਿਲਣ ਦਾ ਸਬੱਬ ਉਦੋਂ ਜਾ ਕੇ ਬਣਿਆ ਜਦੋਂ ਉਹਨੇ ਆਪਣਾ ਕਵੀਸ਼ਰੀ-ਲੰਗੋਟ ਲਾਹ ਕੇ ਕਿੱਲੀ ਉੱਤੇ ਟੰਗ ਦਿਤਾ ਸੀ ਅਤੇ ਰਾਮੂਵਾਲੇ ਨੂੰ ਛੱਡ ਕੇ ਕੈਨੇਡਾ ਵਿੱਚ ਆਪਣੇ ਪਰਿਵਾਰ ਦੇ ਜੀਆਂ ਕੋਲ ਵਸੇਬਾ ਕਰ ਚੁੱਕਾ ਸੀ।

ਕਰਨੈਲ ਸਿੰਘ 'ਪਾਰਸ' ਸੱਚਮੁੱਚ ਦਾ ਪਾਰਸ ਸੀ। ਅੱਧੀ ਸਦੀ ਤੋਂ ਵੱਧ ਉਸ ਦੀ ਕਵੀਸ਼ਰੀ, ਉਸ ਦੇ ਸਾਥੀਆਂ ਦੀ ਗਾਇਕੀ ਅਤੇ ਪਾਰਸ ਦੀ ਪੇਸ਼ਕਾਰੀ ਦਾ ਜਾਦੂ ਪੰਜਾਬੀਆਂ ਦੇ ਸਿਰ ਚੜ੍ਹ ਕੇ ਬੋਲਦਾ ਰਿਹਾ।

**ਬਹੁ-ਬਿਧ ਪ੍ਰਤਿਭਾ ਦਾ ਝਲਕਾਰਾ: ਜਗਜੀਤ ਸਿੰਘ ਆਨੰਦ**

ਮੈਂ ਜਗਜੀਤ ਸਿੰਘ ਆਨੰਦ ਨੂੰ ਪੜ੍ਹਿਆ-ਸੁਣਿਆ ਤਾਂ ਕਈ ਸਾਲਾਂ ਤੋਂ ਸੀ, ਪਰ ਉਹਦੇ ਨਾਲ ਮੇਰੀ ਨਿੱਜੀ ਸਾਂਝ ਕੋਈ ਨਹੀਂ ਸੀ। ਮੈਂ ਉਹਦੀ ਲੇਖਣੀ ਦਾ ਕਾਇਲ ਸਾਂ, ਪਰ ਉਹਦੀ ਸਿਆਸਤ ਦਾ ਨਹੀਂ। ਨਕਸਲੀ ਦੌਰ ਵਿੱਚ ਦੂਜੀਆਂ ਖੱਬੀਆਂ ਪਾਰਟੀਆਂ ਦੇ ਜਿਹੜੇ ਆਗੂ 'ਕ੍ਰਾਂਤੀਕਾਰੀ ਲੇਖਕਾਂ' (ਅਸੀਂ 'ਆਪਣੇ' ਵਾਸਤੇ ਇਹੋ ਲਕਬ ਇਸਤੇਮਾਲ ਕਰਦੇ ਸਾਂ) ਦਾ ਭਰਵਾਂ ਵਿਰੋਧ ਕਰਦੇ ਸਨ, ਜਗਜੀਤ ਸਿੰਘ ਆਨੰਦ ਉਨ੍ਹਾਂ ਲੇਖਕਾਂ ਦਾ ਆਗੂ ਸੀ।

ਆਨੰਦ ਦਿਮਾਗ ਵਲੋਂ ਉਮਰ ਭਰ ਮਾਰਕਸੀ-ਲੈਨਿਨੀ ਵਿਚਾਰਧਾਰਾ ਨੂੰ ਕੱਟੜਤਾ ਦੀ ਹੱਦ ਤੱਕ ਪ੍ਰਣਾਇਆ ਸਿਰੜੀ, ਸਿਦਕੀ ਤੇ ਸਰਗਰਮ ਸਿਆਸੀ ਸੰਗਰਾਮੀਆਂ ਰਿਹਾ ਅਤੇ ਸਿਆਸਤ ਹਮੇਸ਼ਾ ਉਸਦੀ ਪਹਿਲੀ ਪਸੰਦ ਰਹੀ। ਪਰ ਦਿਲ ਦੀਆਂ ਧੁਰ ਡੂੰਘਾਣਾਂ 'ਚੋਂ ਉਹ ਇੱਕ ਸੰਵੇਦਨਸ਼ੀਲ ਸਾਹਿਤਕਾਰ ਅਤੇ ਸੂਖ਼ਮ ਬਿਰਤੀਆਂ ਵਾਲਾ ਭਾਵੁਕ ਮਨੁੱਖ ਸੀ।

**ਸ਼ਿਵ ਕੁਮਾਰ ਨੂੰ ਪਹਿਲੀ ਤੇ ਆਖ਼ਰੀ ਵਾਰ ਵੇਖਣ/ਸੁਣਨ ਵੇਲੇ**

ਪਹਿਲੀ ਵਾਰ ਮੈਂ ਸ਼ਿਵ ਕੁਮਾਰ ਨੂੰ 1967 ਵਿੱਚ ਵੇਖਿਆ। ਇਹ ਉਦੋਂ ਦੀ ਗੱਲ ਹੈ ਜਦੋਂ ਗੁਰਬਖ਼ਸ਼ ਸਿੰਘ ਪ੍ਰੀਤ-ਲੜੀ ਨੇ ਪ੍ਰੀਤ-ਪਾਠਕਾਂ ਨੂੰ ਅੰਮ੍ਰਿਤਸਰ ਦੀ ਗਾਂਧੀ ਗਰਾਊਂਡ ਵਿਚਲੇ ਓਪਨ ਏਅਰ ਥੀਏਟਰ ਵਿੱਚ 'ਪ੍ਰੀਤ-ਮਿਲਣੀ' ਉੱਤੇ ਆਉਣ ਦਾ ਸੱਦਾ ਦਿੱਤਾ। ਸ਼ਿਵ ਕੁਮਾਰ ਦੀ ਉਦੋਂ ਤੂਤੀ ਬੋਲਦੀ ਸੀ। ਰਾਤ ਦਾ ਵੇਲਾ ਸੀ। ਖੱਦਰ ਦੇ ਖੁੱਲ੍ਹੇ ਕੁੜਤੇ ਪਜਾਮੇ ਵਿੱਚ ਤਿੱਲੇ ਜੜੀਆਂ ਚੱਪਲਾਂ ਪਾਈ ਉਹ ਸਟੇਜ ਉੱਤੇ ਚੜ੍ਹਿਆ ਤਾਂ ਥੀਏਟਰ ਤਾੜੀਆਂ ਨਾਲ ਗੂੰਜ ਉੱਠਿਆ। ਰਾਂਝੇ ਵਾਂਗ ਸਿਰ 'ਤੇ ਵਾਲਾਂ ਦਾ ਖ਼ੁਸ਼ਬੂਦਾਰ ਛੱਤਾ! ਨਸ਼ਈ ਅੱਖਾਂ ਅਤੇ ਦਰਦ-ਰਿੰਝਾਣੇ ਚਿਹਰੇ ਵਾਲੇ ਸ਼ਿਵ ਕੁਮਾਰ ਨੇ ਬੜੀ ਨਜ਼ਾਕਤ ਨਾਲ ਹੱਥ ਉਠਾ ਕੇ ਬੋਲ ਚੁੱਕੇ:

ਨਹਿਰੂ ਦੇ ਵਾਰਸੋ ਸੁਣੋ, ਆਵਾਜ਼ ਹਿੰਦੋਸਤਾਨ ਦੀ!
ਗਾਂਧੀ ਦੇ ਪੂਜਕੋ ਸੁਣੋ, ਆਵਾਜ਼ ਹਿੰਦੋਸਤਾਨ ਦੀ!
ਸੁਣੋ ਸੁਣੋ ਇਹ ਬਸਤੀਆਂ ਦੇ ਮੋਤ ਕੀ ਨੇ ਆਖਦੇ
ਬੀਮਾਰ ਭੁੱਖੇ ਦੇਸ਼ ਦੇ ਇਹ ਲੋਕ ਕੀ ਨੇ ਆਖਦੇ
ਕਿਉਂ ਸੁਰਖ਼ੀਆਂ 'ਚੋਂ ਉੱਗਦੇ ਨੇ ਰੋਜ਼ ਸੂਹੇ ਹਾਦਸੇ

**ਮੇਰਾ ਯਾਰ ਹਲਵਾਰਵੀ**

ਹਰਭਜਨ ਹਲਵਾਰਵੀ ਮੇਰੇ ਉਨ੍ਹਾਂ ਰੂਹ ਵਾਲੇ ਯਾਰਾਂ ਵਿਚੋਂ ਸੀ ਜਿਨ੍ਹਾਂ ਦੀ ਗਿਣਤੀ ਪਹਿਲੀ ਉਂਗਲ ਦੇ ਪੋਟਿਆਂ ਤੱਕ ਮੁੱਕ ਜਾਂਦੀ ਹੈ। ਸੰਵੇਦਨਸ਼ੀਲ ਜੁਝਾਰੂ ਸ਼ਾਇਰ, ਨਕਸਲੀ ਆਗੂ ਤੇ ਫਿਰ ਪੱਤਰਕਾਰ ਵਜੋਂ ਬਹੁਰੰਗੇ ਤੇ ਵੱਡੇ ਰੁਤਬਿਆਂ ਵਾਲੇ ਲੋਕਾਂ ਨਾਲ ਉਹਦੇ ਸਬੰਧ ਰਹੇ। ਉਹ ਅਨੇਕਾਂ ਦੇ ਕਦੀ ਨੇੜੇ ਤੇ ਕਦੀ ਦੂਰ ਵੀ ਹੋਇਆ ਹੋਏਗਾ, ਪਰ ਮੇਰੇ ਲਈ ਹਲਵਾਰਵੀ ਸਦਾ ਮੇਰਾ ਆਪਣਾ ਰਿਹਾ। ਮੇਰੇ ਦਿਲ ਦੇ ਐਨ ਕਰੀਬ। ਮੇਰੀ ਰੂਹ ਦਾ ਹਾਣੀ। ਉਹ ਗਾਹੇ-ਬ-ਗਾਹੇ ਮੇਰੇ ਪਿੰਡ ਆਉਣ ਲੱਗਾ। ਉਨ੍ਹਾਂ ਦਿਨਾਂ ਵਿੱਚ ਉਹਦਾ ਗੁਪਤ ਨਾਂ ਮਾਸਟਰ ਮਨੋਹਰ ਲਾਲ ਸੀ।

**ਚੇਤਿਆਂ ਵਿੱਚ ਲਿਸ਼ਕ ਉਠਿਆ ਪਾਸ਼**

ਚੇਤਿਆਂ 'ਚ ਲਿਸ਼ਕ ਉਠੇ ਪਾਸ਼ ਨਾਲ ਜੁੜੇ ਇੱਕ ਯਾਦਗਾਰੀ ਬਿਰਤਾਂਤ ਨਾਲ ਗੱਲ ਸ਼ੁਰੂ ਕਰਦੇ ਹਾਂ। ਨਕੋਦਰ ਵਿੱਚ 'ਕ੍ਰਾਂਤੀਕਾਰੀ ਲੇਖਕਾਂ' ਵੱਲੋਂ ਇੱਕ ਕਾਨਫਰੰਸ ਕੀਤੀ ਗਈ। ਪਰਚੇ ਪੜ੍ਹੇ ਗਏ, ਗਰਮਾ ਗਰਮ ਤਕਰੀਰਾਂ ਹੋਈਆਂ। ਸਰਕਾਰ ਦੀਆਂ ਨੀਤੀਆਂ ਤੇ ਪੁਲਿਸ ਦੀਆਂ ਵਧੀਕੀਆਂ ਖ਼ਿਲਾਫ਼ ਰੋਹਦਾਰ ਆਵਾਜ਼ ਬੁਲੰਦ ਹੋਈ। ਫਿਰ ਨਕੋਦਰ ਦੇ ਬਜ਼ਾਰਾਂ ਵਿੱਚ ਜੋਸ਼ੀਲੇ ਨਾਅਰੇ ਲਾਉਂਦਾ ਲੇਖਕਾਂ ਦਾ ਜਲੂਸ ਨਿਕਲਿਆ। ਰਾਤ ਨੂੰ ਕਵੀ ਦਰਬਾਰ ਸੀ। ਸਵੇਰ ਵਾਲੀ ਕਾਨਫਰੰਸ ਤੇ ਰਾਤ ਵਾਲੇ ਕਵੀ ਦਰਬਾਰ ਦੀ ਸਟੇਜ ਨਕੋਦਰ ਦੇ ਪੁਲਿਸ ਥਾਣੇ ਨਾਲ ਲੱਗਵੀਂ ਕੰਧ ਨਾਲ ਬਣੀ ਹੋਈ ਸੀ। ਕਵੀਆਂ ਦੀਆਂ ਕਵਿਤਾਵਾਂ ਵੀ ਰੋਹ ਤੇ ਰੰਜ ਨਾਲ ਭਰੀਆਂ ਹੋਈਆਂ ਸਨ। ਮੈਂ ਪਹਿਲੀ ਵਾਰ ਕਿਸੇ ਕਵੀ ਦਰਬਾਰ ਵਿੱਚ ਆਪਣਾ ਗੀਤ ਗਾ ਕੇ ਪੜ੍ਹਿਆ।

**ਅਜਮੇਰ ਔਲਖ! ਤੂੰ ਕਿਤੇ ਨਹੀਂ ਗਿਆ!**


ਪੰਜਾਬੀ ਨਾਟਕ ਦੀ ਰੂਹ, ਪੰਜਾਬੀ ਸਾਹਿਤ ਦਾ ਮਾਣ, ਕਲਮ ਦਾ ਯੋਧਾ ਜਰਨੈਲ,



ਲੋਕ-ਹੱਕਾਂ ਦਾ ਬੁਲਾਰਾ, ਮੁਹੱਬਤ ਦਾ ਸੁੱਚਾ ਪੈਗ਼ਾਮ ਅਜਮੇਰ ਸਿੰਘ ਔਲਖ ਮੇਰਾ ਵੱਡਾ ਭਰਾ, ਮੇਰੀ ਦੇਹ-ਜਾਨ ਸੀ। ਖ਼ੂਨ ਦੀ ਸਾਂਝ ਭਾਵੇਂ ਨਹੀਂ ਸੀ ਪਰ ਵਿਚਾਰਾਂ ਦੀ ਸਾਂਝ ਬੜੀ ਪੱਕੀ-ਪੀਡੀ ਸੀ। ਮੇਰੀਆਂ ਕਹਾਣੀਆਂ ਤੇ ਔਲਖ ਸਾਹਿਬ ਦੇ ਨਾਟਕਾਂ ਦੇ ਪਾਠਕ ਜਾਣਦੇ ਨੇ ਕਿ ਅਸੀਂ ਦੋਵਾਂ ਨੇ ਆਪਣੀਆਂ ਲਿਖਤਾਂ ਵਿੱਚ ਨਿਮਨ ਕਿਰਸਾਨੀ ਦੇ ਦਰਦ ਦੀ ਬਾਤ ਪਾਈ ਹੈ। ਆਲੋਚਕਾਂ ਦਾ ਕਹਿਣਾ ਏ ਕਿ ਜੋ ਕੰਮ ਔਲਖ ਆਪਣੇ ਨਾਟਕਾਂ ਵਿੱਚ ਕਰ ਰਿਹਾ ਸੀ, ਉਹੋ ਕੰਮ ਮੈਂ ਕਹਾਣੀ ਵਿੱਚ ਕਰਨ ਦੀ ਕੋਸ਼ਿਸ਼ ਕਰ ਰਿਹਾ ਸਾਂ। ਸਾਡੇ ਵਿਚਾਰਾਂ ਦਾ ਮੇਲ ਅਜਿਹਾ ਸੀ ਕਿ ਉਹਨੇ ਮੇਰੀਆਂ ਕਹਾਣੀਆਂ 'ਭੱਜੀਆਂ ਬਾਹੀਂ' ਅਤੇ 'ਆਪਣਾ ਆਪਣਾ ਹਿੱਸਾ' ਨੂੰ ਆਧਾਰ ਬਣਾ ਕੇ ਲਿਖੇ ਨਾਟਕ ਸੈਂਕੜਿਆਂ ਤੋਂ ਵੱਧ ਵਾਰ ਖੇਡੇ।

**ਪੰਜਾਬੀ ਵਾਰਤਕ ਦਾ ਉੱਚਾ ਬੁਰਜ: ਸਰਵਣ ਸਿੰਘ**

ਲਿਖਣ ਦੇ ਮੈਦਾਨ ਵਿਚ ਪੈਰ ਧਰਦਿਆਂ





ਪੁਸਤਕ 'ਹੀਰੇ ਬੰਦੇ' ਦਾ ਸਰਵਰਕ।

ਹੀ ਸਰਵਣ ਸਿੰਘ ਨੇ ਜਦੋਂ ਪੈਂਦੀ ਸੱਟੇ ਸੋਲਾਂ ਹੱਥ ਲੰਮੀ ਛਾਲ ਮਾਰੀ ਤਾਂ 'ਦਰਸ਼ਕਾਂ' (ਪਾਠਕਾਂ) ਨੇ ਹੈਰਾਨੀ-ਭਰੀ ਖ਼ੁਸ਼ੀ ਵਿਚ, ਗੱਡੀ ਦੀ ਚੀਕ ਮਾਰਨ ਵਾਂਗ ਇਕ ਦਮ ਲੰਮਾ ਗੂੰਜਦਾ ਸਾਹ ਭਰਿਆ, ਉਨ੍ਹਾਂ ਦੇ ਦਿਲਾਂ ਦੀਆਂ ਧੜਕਣਾਂ ਇੰਜਣ ਵਾਂਗ ਕਾਹਲੀ ਕਾਹਲੀ 'ਛੁਕ ਛੁਕ' ਕਰਨ ਲਗੀਆਂ; ਚਾਅ ਨਾਲ ਧੌਣਾਂ ਉੱਚੀਆਂ ਹੋ ਗਈਆਂ, ਚਿਹਰੇ ਲਿਸ਼ਕਦੀ ਧੁੱਪ ਵਾਂਗ ਚਮਕਣ ਲੱਗੇ। ਹਰ ਰੋਜ਼ 'ਇਕੋ ਜਿਹੀ ਛਾਲ' ਵੇਖਣ ਦੀਆਂ ਆਦੀ ਹੋ ਚੁੱਕੀਆਂ ਅੱਖਾਂ ਦੀ ਮੱਧਮ ਰੌਸ਼ਨੀ ਵਿਚ ਅਨੇਕਾਂ ਚਿਰਾਗ਼ ਬਲ ਉੱਠੇ, ਤਨ-ਮਨ ਵਿਸਮਾਦੀ ਖੇੜੇ ਵਿਚ ਮਹਿਕ ਉੱਠੇ। ਉਨ੍ਹਾਂ ਹੁਲਾਸ ਨਾਲ ਭਰ ਕੇ ਪਰਸੰਸਾ ਤੇ ਲਾਡ ਨਾਲ ਸਰਵਣ ਸਿੰਘ ਵੱਲ ਵੇਖਿਆ। ਮੂੰਹੋਂ ਆਪ ਮੁਹਾਰੇ ਬੋਲ ਕਿਰ ਪਏ, "ਬਈ ਵਾਹ! ਸਵਾਦ ਆ ਗਿਆ ਸਰਵਣ ਸਿਆਂ! ਬੰਦਾ ਗੱਲ ਕਰੇ ਤਾਂ ਐਂ ਕਰੇ!"

**ਨਗੀਨਾ ਯਾਰ: ਜਗਦੀਸ਼ ਸਿੰਘ ਵਰਿਆਮ**

ਜਗਦੀਸ਼ ਸਿੰਘ ਵਰਿਆਮ ਨੂੰ ਸਾਡੇ ਕੋਲੋਂ ਬਾਂਹ ਛੁਡਾ ਕੇ ਸਦਾ ਲਈ ਓਹਲੇ ਹੋਇਆਂ ਸਾਲ ਤੇ ਸਾਲ ਗੁਜ਼ਰਦੇ ਜਾ ਰਹੇ ਹਨ, ਪਰ ਉਹਨੂੰ ਮੁਹੱਬਤ ਕਰਨ ਵਾਲੇ ਉਹਦੇ ਆਪਣੇ, ਸੱਜਣ-ਸਨੇਹੀ ਤੇ ਡੁੱਲ੍ਹੇ ਹੋਏ ਪਾਠਕਾਂ ਨੂੰ ਅਜੇ ਵੀ ਆਪਣੇ ਦਿਲ ਦੇ ਕਿਸੇ ਕੋਨੇ ਵਿੱਚ ਹੱਸਦੀਆਂ ਅੱਖਾਂ ਤੇ ਮੁਸਕਰਾਉਂਦੇ ਮੁੱਛਹਿਰਿਆਂ ਨਾਲ ਉਹ, ਉਨ੍ਹਾਂ ਦੇ ਅੰਦਰ ਪੁਰਾਣੀਆਂ ਸਾਂਝਾਂ ਤੇ ਪਿਆਰੀਆਂ ਯਾਦਾਂ ਦੀ ਤਰੰਗ ਛੇੜ ਜਾਂਦਾ ਹੈ। ਮਾਸਿਕ 'ਵਰਿਆਮ' ਨੂੰ ਉਹਦਾ ਪਰਿਵਾਰ ਤੇ ਸੱਜਣ-ਸਨੇਹੀ ਜਿਊਂਦਾ ਰੱਖਣ ਲਈ ਜੱਦੋ-ਜਹਿਦ ਕਰ ਰਹੇ ਹਨ; ਖ਼ਾਸ ਤੌਰ 'ਤੇ ਛੋਟੀ ਧੀ ਡਾ. ਰਜਵੰਤ ਕੌਰ ਤੇ ਉਹਦੇ ਪ੍ਰਾਹੁਣੇ ਰਾਣਾ ਸੱਗੂ ਨੇ ਇਹ ਵਚਨ ਲਿਆ ਹੋਇਆ ਹੈ ਕਿ ਉਹ ਜਗਦੀਸ਼ ਸਿੰਘ ਦਾ ਸੁਪਨਾ ਸਦਾ ਜਿਊਂਦਾ ਰੱਖਣਗੇ।

**ਪੰਜਾਬੀ ਭਾਸ਼ਾ ਦਾ ਦੀਵਾਨਾ ਆਸ਼ਕ: ਜੋਗਿੰਦਰ ਸਿੰਘ ਪੁਆਰ**

ਜੋਗਿੰਦਰ ਸਿੰਘ ਪੁਆਰ 'ਨਰ' ਆਦਮੀ ਸੀ। ਯਾਰਾਂ ਦਾ ਯਾਰ। ਤੋੜ ਨਿਭਣ ਵਾਲਾ। ਆਪਣੀ ਧੁਨ ਤੇ ਵਿਚਾਰਾਂ ਦਾ ਪੱਕਾ। ਲੜਾਕਾ ਤੇ ਜੁਝਾਰੂ। ਬੇਲੱਚਕ ਤੇ ਬੇਲਿਹਾਜ਼। ਖਰ੍ਹਵਾ ਅਤੇ ਖੋਰੀ। ਸੱਚੀ ਗੱਲ ਮੂੰਹ 'ਤੇ ਕਹਿਣ ਵਾਲਾ। ਬਾਹਰੋਂ ਕਰੜਾ ਪਰ ਅੰਦਰੋਂ ਕੂਲਾ। ਪੰਜਾਬੀ ਭਾਸ਼ਾ ਦਾ ਦੀਵਾਨਾ ਆਸ਼ਕ। ਪੰਜਾਬੀ ਦਾ ਸੂਰਮਾ ਪੁੱਤ। ਸਾਰੀ ਉਮਰ ਪੰਜਾਬੀ ਭਾਸ਼ਾ ਦੀ ਹੋਂਦ, ਹਸਤੀ ਤੇ ਪਛਾਣ ਲਈ ਲੜਿਆ, ਉਹਦੇ ਲਈ ਜੀਵਿਆ। ਪੰਜਾਬੀ ਭਾਸ਼ਾ ਹੀ ਉਹਦਾ ਪਹਿਨਣ-ਪੱਚਰਣ ਸੀ। ਉਹਦਾ 'ਓੜ੍ਹਨਾ-ਵਿਛੌਣਾ' ਸੀ। ਉਹਦੇ ਜਾਗਦੇ-ਸੁੱਤਿਆਂ ਲਏ ਸੁਪਨਿਆਂ ਦੀ ਮਹਿਬੂਬਾ! ਆਪਣੇ ਵਿਦਿਆਰਥੀਆਂ ਪਿੱਛੇ ਕੰਧ ਬਣ ਕੇ ਖਲੋਣ ਵਾਲਾ। 'ਆਪਣੀ ਬੇੜੀ' ਵਿੱਚ ਬਿਠਾ ਕੇ, ਉਹਨੇ, ਪਤਾ ਨਹੀਂ ਕਿੰਨੇ ਪੂਰ ਪਾਰ ਲੰਘਾ ਦਿੱਤੇ।

**ਪੰਜਾਬ ਦੀ ਆਵਾਜ਼: ਅਮਰਜੀਤ ਗੁਰਦਾਸਪੁਰੀ**

ਅਮਰਜੀਤ ਗੁਰਦਾਸਪੁਰੀ ਦੀ ਕਦੀ ਸਟੇਜ-ਗਾਇਕ ਵਜੋਂ ਪੰਜਾਬ ਭਰ ਵਿੱਚ ਤੂਤੀ ਬੋਲਦੀ ਸੀ। ਉਹਦੀ ਗਾਇਕੀ ਨੂੰ ਸੁਣਨਾ ਸ਼ਬਦ, ਸੁਰ ਅਤੇ ਸੰਗੀਤ ਦੇ ਮਾਧਿਅਮ ਰਾਹੀਂ ਆਪਣੀ ਰੂਹ ਨੂੰ ਸਰਸ਼ਾਰਨ ਵਾਲੇ ਅਮਲ ਵਿਚੋਂ ਗੁਜ਼ਰਨਾ ਸੀ। ਉਹ ਇੱਕ ਸੁਰੀਲੇ ਅਤੇ ਪ੍ਰਤੀਬੱਧ ਗਾਇਕ ਵਜੋਂ ਉੱਭਰਿਆ ਅਤੇ ਥੋੜ੍ਹੇ ਅਰਸੇ ਵਿੱਚ ਹੀ ਪੰਜਾਬ ਦੀਆਂ ਸਟੇਜਾਂ ਉੱਤੇ ਛਾ ਗਿਆ। ਇਹ ਕਮਿਊਨਿਸਟ ਪਾਰਟੀ ਦੇ ਚੜ੍ਹਦੀ-ਕਲਾ ਦੇ ਦਿਨ ਸਨ। ਅਮਰਜੀਤ ਦੀ ਗਾਇਕੀ ਦੇ ਵੀ ਇਹ ਸਿਖਰਲੇ ਦਿਨ ਸਨ। ਇਨ੍ਹਾਂ ਦਿਨਾਂ ਵਿੱਚ ਅਮਰਜੀਤ ਦੀ ਆਵਾਜ਼ ਦਾ ਜਾਦੂ ਪੰਜਾਬੀਆਂ ਦੇ ਮਨਾਂ ਉੱਤੇ ਛਾਇਆ ਹੋਇਆ ਸੀ।

**ਦਰਿਆ ਦਿਲ ਪੰਨੂੰ**

ਸਾਲ 1978, ਮੈਂ ਆਪਣੇ ਪਿੰਡ ਸੁਰ ਸਿੰਘ ਦੇ ਹਾਈ ਸਕੂਲ ਵਿੱਚ ਆਪਣੀ ਜਮਾਤ ਦਾ ਪੀਰਡ ਲਾ ਕੇ ਦਫ਼ਤਰ ਵਿੱਚ ਆਣ ਕੇ ਬੈਠਾ ਹੀ ਸਾਂ ਕਿ ਸਕੂਲ ਦੇ ਗੇਟ ਅੱਗੇ ਇੱਕ ਜੀਪ ਰੁਕੀ। ਉਸ ਵਿਚੋਂ ਖ਼ਾਕੀ ਵਰਦੀ ਵਾਲਾ ਅਫ਼ਸਰ, ਅੱਗੇ ਨੂੰ ਥੋੜ੍ਹਾ ਕੁ ਮੋਢੇ ਝੁਕਾ ਕੇ ਤੁਰਦਾ ਹੋਇਆ ਇੰਜ ਲੱਗਾ ਜਿਵੇਂ ਮੋਢਿਆਂ 'ਤੇ ਲਿਸ਼ਕਦੇ ਸਟਾਰ ਵਿਖਾਉਣ ਲਈ ਉਚੇਚ ਕਰ ਰਿਹਾ ਹੋਵੇ। ਉਸਦੇ ਪਿੱਛੇ ਪਿੱਛੇ ਉਸਦਾ ਸਹਾਇਕ। ਉਹ ਦਫ਼ਤਰ ਵਿੱਚ ਆ ਵੜੇ।

ਮੈਂ ਸੋਚਿਆ, "ਲੈ ਪੈ ਗਿਆ ਫੇਰ ਕੋਈ ਸਿਆਪਾ!" ਅਫ਼ਸਰ ਨੇ ਪੁੱਛਦੀਆਂ ਨਜ਼ਰਾਂ ਨਾਲ ਸਾਹਮਣੀ ਕੁਰਸੀ 'ਤੇ ਬੈਠੇ ਮੁੱਖ ਅਧਿਆਪਕ ਨੂੰ ਪੁੱਛਿਆ, "ਵਰਿਆਮ ਸਿੰਘ ਸੰਧੂ?"

**ਸਬੱਬ ਨਾਲ ਹੱਥ ਲੱਗਿਆ 'ਅਮੋਲਕ ਹੀਰਾ'**

ਅਮੋਲਕ ਸਿੰਘ ਦਾ ਪਹਿਲਾ ਚਿਤਰ ਜੋ ਮੇਰੀਆਂ ਅੱਖਾਂ ਅੱਗੇ ਆਉਂਦਾ ਹੈ, ਉਹ ਇੱਕ ਸਮੱਧਰ ਜਿਹੇ ਖ਼ੂਬਸੂਰਤ ਗੱਭਰੂ ਦਾ ਹੈ। ਸਭ ਤੋਂ ਪਹਿਲਾਂ ਜਿਸ ਦੀਆਂ ਅੱਖਾਂ ਜਿਹੀਆਂ ਅੱਖਾਂ ਵੇਖਣ ਵਾਲੇ ਨੂੰ ਕਹਿੰਦੀਆਂ ਜਾਪਦੀਆਂ ਨੇ, "ਪਹਿਲਾਂ ਸਾਨੂੰ ਵੇਖ ਨੀਝ ਨਾਲ ਤੇ ਫਿਰ ਵੇਖ ਇਹਨਾਂ ਅੱਖਾਂ ਵਿਚਕਾਰ ਟਿਕੇ ਤਿੱਖੇ ਨੱਕ ਵੱਲ, ਉਸ ਤੋਂ ਬਾਅਦ ਵੇਖ ਇਹਦੀ ਬਣਾ-ਸੰਵਾਰ ਕੇ ਬੱਧੀ ਪੋਚਵੀਂ ਪੱਗ ਵੱਲ। ਫਿਰ ਇਹਦੀ ਲਾਪਰੀ ਦਾਹੜੀ ਵੱਲ ਤੇ ਇਹਦੇ ਜਚਵੇਂ ਕੱਦ ਬੁੱਤ ਵੱਲ।" ਦਿੱਖ ਪੱਖੋਂ ਉਹ ਕੁੜੀਆਂ ਨੂੰ ਸਹਿਜੇ ਹੀ ਖਿੱਚ ਪਾਉਣ ਵਾਲਾ ਸੁਨੱਖਾ ਗੱਭਰੂ ਲੱਗ ਸਕਦਾ ਸੀ।

**ਮੇਰਾ ਆਪਣਾ ਨਿੰਦਰ ਘੁਗਿਆਣਵੀ**

ਨਿੰਦਰ ਘੁਗਿਆਣਵੀ ਨੂੰ ਮੈਂ ਉਦੋਂ ਤੱਕ ਮਿਲਿਆ ਨਹੀਂ ਸਾਂ। ਉਸ ਨਾਲ ਮੇਰੀ ਪਹਿਲੀ ਗੱਲ-ਬਾਤ ਫ਼ੋਨ 'ਤੇ ਹੋਈ ਸੀ, "ਅੰਕਲ ਜੀ! ਨਿੰਦਰ ਘੁਗਿਆਣਵੀ ਬੋਲਦਾਂ! ਮੈਂ ਹੰਸ ਰਾਜ ਹੰਸ ਬਾਰੇ ਇੱਕ ਕਿਤਾਬ ਲਿਖ ਰਿਹਾਂ। ਮੈਂ ਚਾਹੁੰਦਾਂ ਤੁਸੀਂ ਉਸ ਵਿੱਚ, ਹੰਸ ਰਾਜ ਬਾਰੇ ਜਿਵੇਂ ਵੀ ਸੋਚਦੇ ਓ, ਕੁੱਝ ਨਾ ਕੁੱਝ ਜ਼ਰੂਰ ਲਿਖੋ। ਭਾਵੇਂ ਦੋ ਸਫ਼ੇ ਈ ਲਿਖੋ।"

ਸੱਚੀ ਗੱਲ; ਮੈਂ ਨਿੰਦਰ ਦੀ ਕੋਈ ਲਿਖਤ ਉਦੋਂ ਤੱਕ ਪੜ੍ਹੀ ਨਹੀਂ ਸੀ। ਮੈਨੂੰ ਲੱਗਾ, ਨਵਾਂ ਮੁੰਡਾ ਏ। ਮਸ਼ਹੂਰ ਗਾਇਕਾਂ ਬਾਰੇ ਲਿਖ ਕੇ ਆਪ ਵੀ ਮਸ਼ਹੂਰ ਹੋਣਾ ਚਾਹੁੰਦਾ ਏ। ਸ਼ਾਇਦ ਇਸ ਕੰਮ ਵਿਚੋਂ ਉਹਨੂੰ ਚਾਰ ਪੈਸੇ ਵੀ ਬਣ ਜਾਣ!

**ਖ਼ਰਾ ਬੰਦਾ-ਰਜਨੀਸ਼ ਬਹਾਦਰ**


ਰਜਨੀਸ਼ ਬਹਾਦਰ ਮੁਖੌਟਾਧਾਰੀ ਨਹੀਂ ਸੀ। ਉਹ ਜਿਹੋ ਜਿਹਾ ਅੰਦਰੋਂ ਸੀ, ਉਹੋ ਜਿਹਾ ਹੀ ਬਾਹਰੋਂ ਸੀ। ਜਿਹੜੀ ਗਲ ਦਿਲ ਵਿੱਚ ਹੁੰਦੀ, ਉਹੋ ਉਹਦੇ ਮੂੰਹ 'ਚੋਂ ਨਿਕਲਦੀ। ਉਹ ਮੀਸਣਾ ਨਹੀਂ ਸੀ। 'ਮਨ ਹੋਰ ਮੁੱਖ ਹੋਰ' ਵਾਲੇ ਬੰਦਿਆਂ ਵਾਂਗ ਉਹ 'ਕੱਚਾ ਬੰਦਾ' ਵੀ ਨਹੀਂ ਸੀ। ਪੱਕੇ ਘੜੇ ਤੇ ਖਰੇ ਸਿੱਕੇ ਵਾਂਗ ਟੁਣਕਦਾ ਇਨਸਾਨ ਸੀ-ਰਜਨੀਸ਼ ਬਹਾਦਰ।

ਜਿਸ ਦਿਨ ਰਜਨੀਸ਼ ਦੇ ਸਦੀਵੀ ਵਿਛੋੜੇ ਦੀ ਖ਼ਬਰ ਮਿਲੀ ਮੇਰਾ ਗਲ਼ਾ ਭਰ ਆਇਆ ਤੇ ਕਿੰਨਾ ਚਿਰ ਕੋਈ ਗੱਲ ਨਾ ਹੋ ਸਕੀ। ਮੈਂ ਫੇਸ-ਬੁੱਕ 'ਤੇ ਕੇਵਲ ਏਨਾ ਹੀ ਲਿਖ ਸਕਿਆ:

ਲਾ ਕੇ ਇਸ 'ਚੋਂ ਡੁਬਕਣੀ, ਪੰਛੀ ਕਦੋਂ ਦਾ ਉੱਡ ਗਿਆ
ਝੀਲ ਦਾ ਪਾਣੀ ਤਾਂ ਪਰ, ਕੰਬਦਾ ਰਹੇਗਾ ਦੇਰ ਤੱਕ!

# ਹਨੇਰੇ ਰਾਹ

**ਕੈਨੇਡਾ ਵੱਸਦੇ ਲਿਖਾਰੀ ਹਰਪ੍ਰੀਤ ਸੇਖਾ (ਕੈਨੇਡਾ) ਦਾ ਨਾਵਲ 'ਹਨੇਰੇ ਰਾਹ' ਟਰੱਕਿੰਗ ਸਨਅਤ ਨਾਲ ਜੁੜੀਆਂ ਹਕੀਕਤਾਂ ਦੇ ਰੂ-ਬ-ਰੂ ਕਰਵਾਉਂਦਾ ਹੈ। ਬਤੌਰ ਲਿਖਾਰੀ ਉਹਦੀ ਅੱਖ ਉਹ ਹਨੇਰੇ ਖੂੰਜੇ ਵੀ ਫਰੋਲ ਲੈਂਦੀ ਹੈ ਜਿਹੜੇ ਆਮ ਕਰ ਕੇ ਅੱਖਾਂ ਤੋਂ ਓਹਲੇ ਰਹਿ ਜਾਂਦੇ ਹਨ। ਉਸ ਦੀ ਮਾਨਵਤਾਵਾਦੀ ਅਤੇ ਯਥਾਰਥਵਾਦੀ ਪਹੁੰਚ ਉਸ ਦੀਆਂ ਰਚਨਾਵਾਂ ਲਈ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦੀ ਹੈ। 'ਹਨੇਰੇ ਰਾਹ' ਅਸਲ ਵਿਚ ਮੁਸੀਬਤਾਂ ਝਾਗਦੇ ਮਨੁੱਖ ਦੇ ਰਾਹ ਰੁਸ਼ਨਾਉਣ ਵੱਲ ਵਧਾਏ ਕਦਮ ਹਨ।**




## ਕਾਂਡ ਬਾਰਾਂ

## ਤੁਸੀਂ ਪੜ੍ਹ ਚੁੱਕੇ ਹੋ...

***ਕੈਨੇਡਾ ਵਿਚ ਇੱਕ ਹਾਦਸੇ ਦੌਰਾਨ ਗੁਰਸੀਰ ਸਿੰਘ ਦੇ ਭਣੋਈਏ ਦੀ ਮੌਤ ਹੋ ਜਾਂਦੀ ਹੈ। ਆਪਣੇ ਟੱਬਰ ਦੀ ਸਲਾਹ ਅਤੇ ਹੋਰ ਗਿਣਤੀਆਂ-ਮਿਣਤੀਆਂ ਤੋਂ ਬਾਅਦ ਉਹ ਭਣੋਈਏ ਦੇ ਸਸਕਾਰ ਮੌਕੇ ਕੈਨੇਡਾ ਪੁੱਜ ਜਾਂਦਾ ਹੈ। ਇਸੇ ਤਰ੍ਹਾਂ ਇਕ ਹੋਰ ਨੌਜਵਾਨ ਕਰਨਵੀਰ ਦੀ ਕਹਾਣੀ ਹੈ ਜੋ ਸਪੇਨ ਤੋਂ ਕੈਨੇਡਾ ਪੁੱਜਿਆ ਹੈ। ਕੈਨੇਡਾ ਵਿਚ ਆਪਣੇ ਪੈਰ ਲਾਉਣ ਲਈ ਜਗਸੀਰ ਅਤੇ ਕਰਨਵੀਰ ਦੀ ਜੱਦੋ-ਜਹਿਦ ਸ਼ੁਰੂ ਹੋ ਜਾਂਦੀ ਹੈ। ਸਮਾਂ ਪਾ ਕੇ ਗੁਰਸੀਰ ਦਾ ਭਰਾ ਬਲਵੀਰ ਵੀ ਕੈਨੇਡਾ ਪੁੱਜ ਜਾਂਦਾ ਹੈ। ਕਰਨਵੀਰ ਨੂੰ ਟਰੱਕ ਦਾ ਲਾਇਸੈਂਸ ਲੈਣ ਲਈ ਜੋ ਜਫਰ ਪਾਲਣੇ ਪੈ ਰਹੇ ਹਨ, ਉਹ ਆਪਣੀ ਕਹਾਣੀ ਆਪ ਹੈ। ਟਰੱਕ ਸਨਅਤ ਵਿਚ ਪੈਰ-ਪੈਰ 'ਤੇ ਧੱਕਾ ਅਤੇ ਸ਼ੋਸ਼ਣ। ਇਸੇ ਦੌਰਾਨ ਉਸ ਦੀ ਨੇੜਤਾ ਜੀਤੀ ਨਾਂ ਦੀ ਇਕ ਸਟੂਡੈਂਟ ਨਾਲ ਵਧ ਜਾਂਦੀ ਹੈ। ਹੁਣ ਪੜ੍ਹੋ ਇਸ ਤੋਂ ਅਗਾਂਹ...***

ਕਰਨਵੀਰ

ਅਗਲੇ ਦਿਨ ਕਰਨਵੀਰ ਜਦ ਚਿੱਟੀ ਦੇ ਦਫ਼ਤਰ ਵਿਚ ਪਹੁੰਚਿਆ ਤਾਂ ਉਹ ਬੜੇ ਉਤਸ਼ਾਹ ਨਾਲ਼ ਬੋਲਿਆ, "ਬੜੇ ਟਾਈਮ ਸਿਰ ਆਏ ਓ। ਬੀ ਸੀ ਸੂਬੇ 'ਚ ਜੌਬ ਹੈ ਆਪਣੇ ਹੱਥ। ਚਲਾ ਜਾਓਗੇ ਨਾ?" ਤੇ ਝੱਟ ਚਿੱਟੀ ਮੁੜ ਬੋਲਿਆ, "ਚਲੇ ਹੀ ਜਾਓਗੇ। ਇਹਦੇ 'ਚ ਕੀ ਐ? ਨਵੇਂ ਸਿਰਿਉਂ ਸ਼ੁਰੂ ਕਰਨੀ ਹੈ ਜ਼ਿੰਦਗੀ, ਜਿੱਥੇ ਮਰਜ਼ੀ ਹੋਵੇ। ਨਾਲ਼ੇ ਠੰਢ ਤੋਂ ਬਚੋਂਗੇ। ਕੈਨੇਡਾ ਦਾ ਸਭ ਤੋਂ ਵਧੀਆ ਸੂਬਾ, ਜੀਹਨੂੰ ਬਿਊਟੀਫੁੱਲ ਬ੍ਰਿਟਿਸ਼ ਕੋਲੰਬੀਆ ਕਹਿੰਦੇ ਆ ਪਰ ਉਹ ਥੋੜ੍ਹੇ ਜਿਹੇ ਪੈਸੇ ਵੱਧ ਮੰਗਦੇ ਆ।"



**ਹਰਪ੍ਰੀਤ ਸੇਖਾ**
**ਫੋਨ: +1-778-231-1189**

ਬੀ ਸੀ 'ਚ ਜਾਣ ਦੀ ਗੱਲ ਸੁਣ ਕੇ ਕਰਨਵੀਰ ਢੈਲਾ ਪੈ ਗਿਆ। ਚਿੱਟੀ ਦੇ ਹੱਲਾਸ਼ੇਰੀ ਦਿੰਦੇ ਬੋਲ ਜਾਰੀ ਸਨ, "ਬਹੁਤੇ ਨੀ ਐਵੇਂ ਪੰਜ ਕੁ ਹਜ਼ਾਰ ਹੋਰ ਮੰਗਦੇ ਆ। ਰੇਟ ਦਿਨੋ-ਦਿਨ ਵਧੀ ਜਾਂਦੇ ਆ। ਡੀਮਾਂਡ ਵਧ ਰਹੀ ਐ ਨਾ ਪਰ ਏਨੇ ਤਾਂ ਮਹੀਨੇ 'ਚ ਬਣ ਜਾਣੇ ਆ। ਏਥੇ ਕਿਸੇ ਐੱਲ ਐੱਮ ਆਈ ਏ ਦੀ ਉਡੀਕ 'ਚ ਦੋ ਮਹੀਨੇ ਲੱਗ ਜਾਣ ਕਿ ਤਿੰਨ, ਕੀ ਪਤੈ। ਨਾਲ਼ੇ ਏਥੇ ਟਾਈਮ ਜ਼ਿਆਦਾ ਲੱਗ ਜਾਂਦੈ ਪੀ ਆਰ ਹੋਣ ਲਈ।"

ਕਰਨਵੀਰ ਦੀਆਂ ਅੱਖਾਂ ਅੱਗੇ ਜੀਤੀ ਆ ਗਈ। ਉਹ ਬੋਲਿਆ, "ਘਰਦਿਆਂ ਨਾਲ਼ ਸਲਾਹ ਕਰ ਕੇ ਦੱਸਦਾ ਵਾਂ।"

"ਘਰਦਿਆਂ ਨਾਲ਼ ਕੀ ਸਲਾਹ ਕਰਨੀ ਐ? ਡਰਾਈਵਰ ਨੇ ਤਾਂ ਟਰੱਕ 'ਚ ਹੀ ਰਹਿਣੈ। ਕੰਪਨੀ ਕਿਤੋਂ ਦੀ ਹੋਵੇ।"

ਇਹ ਗੱਲ ਕਰਨਵੀਰ ਦੇ ਮਨ ਲੱਗ ਗਈ। ਉਸ ਨੇ ਪੁੱਛਿਆ, "ਐੱਲ ਐੱਮ ਆਈ ਏ ਹੱਥ 'ਚ ਏ ਨਾ ਜੀ?"

"ਹਾਂ ਹਾਂ ਪੱਕੀ। ਤੁਸੀਂ ਬਸ ਵੈਨਕੂਵਰ ਜਾਣ ਦੀ ਤਿਆਰੀ ਕਰੋ। ਅਮਰੀਕਾ ਦਾ ਵੀਜ਼ਾ ਤਾਂ ਤੁਹਾਡਾ ਲੱਗਾ ਹੀ ਹੋਣਾ? ਉਨ੍ਹਾਂ ਦੇ ਵੈਨਕੂਵਰ ਤੋਂ ਕੈਲੇਫੋਰਨੀਆ ਦੇ ਰੂਟ 'ਤੇ ਟਰੱਕ ਚਲਦੇ ਆ।"

"ਨਾ ਜੀ, ਤੁਸੀਂ ਅਮਰੀਕਾ ਦੇ ਵੀਜ਼ੇ ਬਾਰੇ ਤਾਂ ਕਦੇ ਗੱਲ ਹੀ ਨਹੀਂ ਸੀ ਕੀਤੀ, ਨਹੀਂ ਤਾਂ ਮੈਂ ਚੱਲਣ ਤੋਂ ਪਹਿਲਾਂ ਸਪੇਨ ਤੋਂ ਹੀ ਲਵਾ ਲੈਂਦਾ।"

"ਫੇਰ ਤਾਂ ਗੜਬੜ ਹੋਗੀ।"

"ਹੁਣ ਲੱਗ ਜਾਊ ਜੀ?"

"ਕੋਈ ਹੋਰ ਕੰਪਨੀ ਲੱਭਣੀ ਪਊ। ਮੈਨੂੰ ਦਿਓ ਇਕ-ਦੋ ਦਿਨ। ਲੱਭਦੇ ਆਂ ਹੱਲ ਕੋਈ।"

"ਐਥੇ ਹੀ ਦੇਖਿਓ, ਜੇ ਕੋਈ ਕੰਪਨੀ ਮਿਲ ਜਾਵੇ।"

"ਐਥੇ ਡਰਾਈਵਰ ਬਹੁਤ ਹੋਗੇ ਆ। ਰੇਟ ਵੀ ਵੱਧ ਐ। ਵੈਨਕੂਵਰ ਵੱਲੀਂ ਬਹੁਤ ਲੋੜ ਐ ਡਰਾਈਵਰਾਂ ਦੀ। ਵੇਖਦੇ ਆਂ ਕੀ ਬਣਦੈ।"

"ਠੀਕ ਏ ਜੀ।" ਆਖ ਕੇ ਪੈਰ ਘੜੀਸਦਾ ਕਰਨਵੀਰ ਦਫ਼ਤਰ ਵਿਚੋਂ ਬਾਹਰ ਆ ਗਿਆ।

ਚਿੰਤਾ ਵਿਚ ਡੁੱਬਿਆ ਕਰਨਵੀਰ ਘਰ ਜਾਣ ਵਾਲੀ ਬੱਸ ਵਿਚ ਬੈਠਾ ਸੋਚਣ ਲੱਗਾ, 'ਕੀ ਪਤਾ ਕਦੋਂ ਹੁਣ ਕਿਤੋਂ ਐੱਲ ਐੱਮ ਆਈ ਏ ਮਿਲੇ? ਤੇ ਪੰਜ ਹਜ਼ਾਰ ਡਾਲਰ ਦਾ ਹੋਰ ਕਿੱਥੋਂ ਪ੍ਰਬੰਧ ਕਰੂੰ?' ਇਨ੍ਹਾਂ ਨਵੀਆਂ ਸਮੱਸਿਆਵਾਂ 'ਚੋਂ ਨਿਕਲ਼ਣ ਲਈ ਉਸ ਦੇ ਚਿੱਤ 'ਚ ਆਈ ਕਿ ਉਹ ਆਪਣੇ ਇੰਡੀਆ ਰਹਿੰਦੇ ਛੋਟੇ ਭਰਾ ਨੂੰ ਕਹੇ ਕਿ ਕਿਤੋਂ ਵਿਆਜ 'ਤੇ ਫੜ ਕੇ ਉਸ ਨੂੰ ਭੇਜ ਦੇਵੇ ਪਰ ਅਗਲੇ ਹੀ ਪਲ ਉਸ ਨੇ ਸੋਚਿਆ, 'ਜੇ ਪੈਸੇ ਵੀ ਮੰਗਵਾ ਲਏ ਤੇ ਪੱਕਾ ਵੀ ਨਾ ਹੋਇਆ ਗਿਆ ਤਾਂ ਕਿੱਥੋਂ ਵਿਆਜ ਭਰੂੰ?' ਫਿਰ ਉਸ ਨੂੰ ਖਿਆਲ ਆਇਆ ਕਿ ਉਹ ਚਿੱਟੀ ਨੂੰ ਹੀ ਕਹਿ ਦੇਖੇ ਕਿ ਉਹ ਕਿਸੇ ਅਜਿਹੀ ਕੰਪਨੀ ਵਿਚ ਐੱਲ ਐੱਮ ਆਈ ਏ ਲੈ ਕੇ ਦੇਵੇ ਜਿਹੜੀ ਬਾਕੀ ਰਕਮ ਉਸਦੀ ਤਨਖਾਹ ਵਿਚੋਂ ਹੀ ਕੱਟਣਾ ਮੰਨ ਜਾਵੇ। ਇਸ ਵਿਚਾਰ ਦੇ ਮਨ ਵਿਚ ਆਉਂਦਿਆਂ ਹੀ ਬੱਸ ਦੇ ਅਗਲੇ ਸਟਾਪ 'ਤੇ ਉੱਤਰ ਗਿਆ ਅਤੇ ਮੁੜ ਚਿੱਟੀ ਦੇ ਦਫ਼ਤਰ ਵੱਲ ਜਾਂਦੀ ਬੱਸ 'ਤੇ ਸਵਾਰ ਹੋ ਗਿਆ।

"ਇਹ ਸਾਰਾ ਕਾਰੋਬਾਰ ਕੈਸ਼ ਮਨੀ 'ਤੇ ਹੀ ਚੱਲਦੈ। ਫੇਰ ਵੀ ਮੇਰੇ 'ਤੇ ਛੱਡ ਦਿਓ। ਕੱਢਦੇ ਆਂ ਤੋੜ ਇਸ ਦਾ ਵੀ ਕੋਈ। ਕੰਪਨੀ ਕੈਨੇਡਾ ਦੇ ਕਿਸੇ ਹੋਰ ਸੂਬੇ ਦੀ ਵੀ ਹੋ ਸਕਦੀ ਹੈ। ਇਸ ਦੀ ਵੀ ਤਿਆਰੀ ਰੱਖਿਓ।"

ਚਿੱਟੀ ਦਾ ਇਹ ਜਵਾਬ ਸੁਣ ਕੇ ਕਰਨਵੀਰ ਬੱਸ ਸਟਾਪ ਵੱਲ ਚੱਲ ਪਿਆ। ਚਿੱਟੀ ਦੇ ਕਹੇ 'ਕੱਢਦੇ ਆਂ ਤੋੜ' ਬਾਰੇ ਸੋਚ ਕੇ ਕਰਨਵੀਰ ਦੀ ਚਿੰਤਾ ਕੁਝ ਘਟ ਗਈ ਪਰ ਕਿਸੇ ਹੋਰ ਸੂਬੇ 'ਚ ਜਾਣ ਵਾਲੀ ਗੱਲ ਨੇ ਉਸ ਨੂੰ ਫ਼ਿਕਰਮੰਦ ਕਰ ਦਿੱਤਾ। 'ਜੀਤੀ ਤੋਂ ਦੂਰ ਕਿਵੇਂ ਰਹਾਂਗਾ?' ਸੋਚਦੇ ਉਸ ਦੇ ਦਿਮਾਗ਼ ਵਿਚ ਜੀਤੀ ਨਾਲ਼ ਸਲਾਹ ਕਰਨ ਦਾ ਵਿਚਾਰ ਆ ਗਿਆ। ਉਸ ਨੇ ਸਮਾਂ ਦੇਖਿਆ। 'ਇਸ ਵੇਲੇ ਉਹ ਕੰਮ 'ਤੇ ਹੋਵੇਗੀ। ਫੋਨ ਦਾ ਜਵਾਬ ਨਹੀਂ ਦੇਵੇਗੀ। ਕਿਉਂ ਨਾ ਉਸ ਨੂੰ ਮਿਲ ਹੀ ਆਵਾਂ। ਕਿੰਨੇ ਦਿਨ ਹੋ ਗਏ ਦੇਖੀ ਨੂੰ। ਜਦੋਂ ਉਸ ਦੀ ਬ੍ਰੇਕ ਹੋਈ ਬਾਹਰ ਆ ਜਾਵੇਗੀ। ਓਨੀ ਦੇਰ ਉੱਥੇ ਤੁਰਿਆ ਫਿਰੂੰ', ਸੋਚ ਕੇ ਉਸ ਨੇ ਉਸ ਸਬਵੇਅ ਰੈਸਟੋਰੈਂਟ ਵੱਲ ਜਾਂਦੀ ਬੱਸ ਫੜ ਲਈ ਜਿਸ ਵਿਚ ਜੀਤੀ ਕੰਮ ਕਰਦੀ ਸੀ। ਬੱਸ ਵਿਚ ਬੈਠਾ ਉਹ ਚਿੱਟੀ ਦੀਆਂ ਕਹੀਆਂ ਗੱਲਾਂ ਨੂੰ ਆਪਣੇ ਦਿਮਾਗ਼ ਵਿਚ ਰਿੜਕਣ ਲੱਗਾ। 'ਕਿਉਂ ਮੈਂ ਦੇ ਰਿਹਾ ਵਾਂ ਨਜਾਇਜ਼ ਹੀ ਐਨੇ ਡਾਲਰ ਕਿਸੇ ਨੂੰ? ਨਾਲ਼ੇ ਜੀਤੀ ਤੋਂ ਦੂਰ ਜਾਵਾਂਗਾ। ਇਹ ਦਿੱਤਿਆਂ ਬਿਨਾਂ ਵੀ ਸਰ ਸਕਦਾ ਏ।' ਇਹ ਵਿਚਾਰ ਉਸ ਦੇ ਦਿਮਾਗ਼ ਵਿਚ ਭਾਰੂ ਹੋਣ ਲੱਗਾ। ਫਿਰ ਉਸ ਨੇ ਸੋਚਿਆ, 'ਜੀਤੀ ਨਾਲ਼ ਸਿੱਧੀ ਤੇ ਸਪੱਸ਼ਟ ਗੱਲ ਕਰਾਂਗਾ। ਹੋ ਸਕਦਾ ਏ ਕਿ ਮੇਰੇ ਵੈਨਕੂਵਰ ਮੂਵ ਹੋਣ ਦੀ ਗੱਲ ਸੁਣ ਕੇ ਮੰਨ ਹੀ ਜਾਵੇ।' ਵਿਉਂਤਾਂ ਬਣਾਉਂਦਾ ਉਹ ਰੈਸਟੋਰੈਂਟ ਪਹੁੰਚ ਗਿਆ।

ਰੈਸਟੋਰੈਂਟ ਵਿਚ ਸੱਬ ਬਣਾ ਰਹੀ ਜੀਤੀ ਦੇ ਚਿਹਰੇ ਵੱਲ ਦੇਖ ਕੇ ਕਰਨਵੀਰ ਨੇ ਆਪਣਾ ਇਰਾਦਾ ਹੋਰ ਵੀ ਪੱਕਾ ਕਰ ਲਿਆ ਕਿ ਉਹ ਜੀਤੀ ਨਾਲ਼ ਜ਼ਰੂਰ ਗੱਲ ਕਰੇਗਾ। ਜੀਤੀ ਦੇ ਬੁੱਲ੍ਹਾਂ 'ਤੇ ਪੇਪੜੀ ਜੰਮੀ ਹੋਈ ਸੀ। ਉਸ ਦੀਆਂ ਉਨੀਂਦੀਆਂ ਅੱਖਾਂ ਇਸ ਤਰ੍ਹਾਂ ਲੱਗ ਰਹੀਆਂ ਸਨ ਜਿਵੇਂ ਉਹ ਬਹੁਤ ਦਿਨਾਂ ਤੋਂ ਸੁੱਤੀ ਨਾ ਹੋਵੇ। ਜਿੱਥੇ ਜੀਤੀ ਸੱਬ ਬਣਾ ਰਹੀ ਸੀ, ਉਸ ਕਾਊਂਟਰ ਦੇ ਇਕ ਸਿਰੇ 'ਤੇ ਫੁੱਟ-ਫੁੱਟ ਲੰਬੀਆਂ, ਸੱਬ ਮਾਰੀਨ (ਪਣਡੁੱਬੀ ਕਿਸ਼ਤੀ) ਸ਼ਕਲ ਦੀਆਂ ਕਈ ਕਿਸਮ ਦੀਆਂ ਬ੍ਰੈੱਡਾਂ ਪਈਆਂ ਸਨ। ਜੀਤੀ ਨੇ ਗਾਹਕ ਦੀ ਪਸੰਦ ਦੀ ਬ੍ਰੈੱਡ ਦੇ ਵਿਚਕਾਰ ਚੀਰ ਪਾ ਕੇ ਉਸ ਨੂੰ ਕਾਗਜ਼ 'ਤੇ ਰੱਖ ਲਿਆ, ਫਿਰ ਗਾਹਕ ਦੇ ਦੱਸੇ ਅਨੁਸਾਰ ਉਸ ਵਿਚ ਚੀਜ਼, ਮੀਟ, ਸਬਜ਼ੀਆਂ ਵਗੈਰਾ ਪਾਉਂਦੀ ਕਾਊਂਟਰ ਦੇ ਦੂਜੇ ਸਿਰੇ 'ਤੇ ਰੱਖੀ ਕੈਸ਼ ਮਸ਼ੀਨ ਤੱਕ ਪਹੁੰਚ ਗਈ। ਉਸ ਨੇ ਤਿਆਰ ਸੱਬ ਕਾਗ਼ਜ਼ ਵਿਚ ਲਪੇਟ ਕੇ ਗਾਹਕ ਨੂੰ ਫੜਾਉਂਦੀ ਨੇ ਉਸ ਤੋਂ ਭੁਗਤਾਨ ਲਿਆ ਅਤੇ ਮੁੜ ਅਗਲੇ ਗਾਹਕ ਲਈ ਬ੍ਰੈੱਡਾਂ ਕੋਲ ਆਣ ਖੜ੍ਹੀ। ਕਰਨਵੀਰ ਉਸ ਨੂੰ ਇਹ ਸਭ ਕਰਦਿਆਂ ਦੇਖਦਾ ਰਿਹਾ। ਜੀਤੀ ਨੇ ਉਸ ਵੱਲ ਹੈਰਾਨੀ ਨਾਲ਼ ਦੇਖਿਆ। ਕਰਨਵੀਰ ਮੁਸਕਰਾ ਕੇ ਉਸ ਦੇ ਨੇੜੇ ਚਲਾ ਗਿਆ।

"ਤੇਰੇ ਨਾਲ਼ ਇਕ ਜ਼ਰੂਰੀ ਗੱਲ ਕਰਨ ਆਇਆ ਵਾਂ। ਆਪਣੇ ਬ੍ਰੇਕ ਟਾਈਮ 'ਤੇ ਬਾਹਰ ਆ ਜਾਵੀਂ। ਮੈਂ ਉਡੀਕ ਕਰਾਂਗਾ।"

"ਸਭ ਕੁਝ ਠੀਕ ਐ?"

"ਹਾਂ, ਤੈਨੂੰ ਮਿਲਣ ਨੂੰ ਵੀ ਜੀਅ ਕਰਦਾ ਸੀ।"

"ਮੈਂ ਬਸ ਬ੍ਰੇਕ ਲੈਣ ਵਾਲੀ ਹੀ ਸੀ।"

"ਫੇਰ ਤਾਂ ਮੌਕੇ 'ਤੇ ਹੀ ਆਇਆ ਵਾਂ। ਜੇ ਤਾਂ ਮੇਰੇ ਪੈਸਿਆਂ ਦਾ ਖਾ ਲਵੇਂਗੀ ਤਾਂ ਦੋ ਸੱਬ ਬਣਾ ਲੈ। ਨਹੀਂ ਤਾਂ ਛੇ ਇੰਚ ਆਪਣੀ ਮਰਜ਼ੀ ਦਾ ਮੇਰੇ ਲਈ ਬਣਾ ਦੇ।"

ਸੱਬ ਬਣਾਉਂਦੀ ਜੀਤੀ ਨੂੰ ਉਹ ਨਿਹਾਰਦਾ ਰਿਹਾ। ਜਦੋਂ ਜੀਤੀ ਸੱਬ ਵਾਲੀ ਟ੍ਰੇਅ ਕਰਨਵੀਰ ਨੂੰ ਫੜਾਉਣ ਲੱਗੀ, ਉਹ ਡਾਲਰ ਦਿੰਦਿਆਂ ਬੋਲਿਆ, "ਬਾਹਰ ਨਹੀਂ ਸੀ ਠੀਕ?" ਬਾਹਰ



ਲਿਜਾਣ ਲਈ ਜੀਤੀ ਨੇ ਸੱਬ ਲਿਫ਼ਾਫ਼ੇ ਵਿਚ ਪਾ ਕੇ ਦੇਣਾ ਸੀ ਪਰ ਉਸ ਨੇ ਟ੍ਰੇਅ ਵਿਚ ਰੱਖ ਕੇ ਦਿੱਤਾ ਸੀ ਜਿਸ ਦਾ ਮਤਲਬ ਸੀ ਕਿ ਉਹ ਇੱਥੇ ਬੈਠ ਕੇ ਹੀ ਖਾਣ ਲਈ ਆਖ ਰਹੀ ਸੀ।

"ਐਥੇ ਵੀ ਠੀਕ ਐ। ਤੂੰ ਅਹੁ ਕੌਰਨਰ ਵਾਲੇ ਟੇਬਲ 'ਤੇ ਬੈਠ ਜਾ, ਮੈਂ ਆਉਂਦੀ ਆਂ।"

ਕੋਨੇ ਵਿਚ ਬੈਠਾ ਕਰਨਵੀਰ ਜੀਤੀ ਦੀ ਉਡੀਕ ਕਰਨ ਲੱਗਾ। ਰੈਸਟੋਰੈਂਟ ਵਿਚ ਹੋਰ ਕੋਈ ਵੀ ਗਾਹਕ ਉੱਥੇ ਬੈਠ ਕੇ ਖਾਣ ਵਾਲ਼ਾ ਨਹੀਂ ਸੀ। ਇੱਕੜ-ਦੁੱਕੜ ਗਾਹਕ ਆਉਂਦੇ ਅਤੇ ਆਪਣਾ ਸੱਬ ਲੈ ਕੇ ਤੁਰ ਜਾਂਦੇ। ਜੀਤੀ ਦੀ ਥਾਂ ਕਾਊਂਟਰ 'ਤੇ ਚਾਲ਼ੀ ਕੁ ਸਾਲ ਦੇ ਗੇੜ 'ਚ ਲਗਦਾ ਆਦਮੀ ਖੜ੍ਹ ਗਿਆ ਸੀ। ਕਰਨਵੀਰ ਨੂੰ ਲੱਗਾ ਜਿਵੇਂ ਉਹ ਉਸ ਵੱਲ ਘੂਰ ਕੇ ਦੇਖ ਰਿਹਾ ਹੋਵੇ। ਉਸ ਨੇ ਜੀਤੀ ਨੂੰ ਉਸ ਬਾਰੇ ਪੁੱਛਿਆ। ਉਹ ਬੋਲੀ, "ਮਾਲਕ ਐ।"

"ਅੱਛਾ, ਇਹ ਏ ਗੁਰਮੀਤ ਜਿਹੜਾ ਆਪਣੀ ਵਾਈਫ ਤੋਂ ਡਰਦਾ ਰਹਿੰਦਾ ਏ।" ਕਰਨਵੀਰ ਨੇ ਮੁਸਕੜੀਏਂ ਹੱਸਦੇ ਨੇ ਕਿਹਾ।

"ਚੁੱਪ।"

"ਜੀਤੀ, ਤੂੰ ਨਹੀਂ ਖਾਣਾ ਕੁਝ?"

ਜੀਤੀ ਨੇ ਆਪਣੇ ਲਿਫ਼ਾਫ਼ੇ ਵਿਚੋਂ ਕੇਲਾ ਕੱਢ ਲਿਆ।

"ਜੀਤੀ, ਕੀ ਲੋੜ ਏ ਐਨਾ ਕੰਮ ਕਰਨ ਦੀ? ਦੇਖ ਆਪਣੀ ਹਾਲਤ।"

"ਕੰਮ ਕਰਨ ਤੋਂ ਬਿਨਾਂ ਕਿੱਥੇ ਸਰਦੈ! ਤੂੰ ਦੱਸ ਕੀ ਗੱਲ ਕਰਨੀ ਸੀ?"

"ਮੈਨੂੰ ਐੱਲ ਐੱਮ ਆਈ ਏ ਮਿਲਦੀ ਏ।"

"ਚੰਗੀ ਖ਼ਬਰ ਐ।"

"ਹਾਲੇ ਪੱਕਾ ਨਹੀਂ ਦੱਸਿਆ ਪਰ ਵੈਨਕੂਵਰ ਵੱਲ ਦੀ ਹੋਵੇਗੀ। ਤੇਰੀ ਸਲਾਹ ਲੈਣ ਆਇਆ ਵਾਂ।"

"ਇੱਥੋਂ ਦੀ ਨਹੀਂ ਮਿਲਦੀ?"

"ਵਕੀਲ ਸਲਾਹ ਦਿੰਦਾ ਏ ਕਿ ਜਿੱਥੋਂ ਦੀ ਛੇਤੀ ਮਿਲਦੀ ਏ, ਲੈ ਲਵਾਂ ਪਰ ਮੇਰਾ ਤੇਰੇ ਤੋਂ ਪਾਸੇ ਜਾਣ ਲਈ ਦਿਲ ਨਹੀਂ ਮੰਨਦਾ।"

"ਕੀ ਸੋਚਿਐ ਫਿਰ?"

"ਤੈਥੋਂ ਪੁੱਛਣ ਆਇਆ ਵਾਂ।"

ਜੀਤੀ ਚੁੱਪ ਕਰ ਗਈ। ਫਿਰ ਉਸ ਨੇ ਕਾਊਂਟਰ ਵੱਲ ਨਿਗ੍ਹਾ ਮਾਰੀ ਤੇ ਬੋਲੀ, "ਮੈਨੂੰ ਤਾਂ ਆਪ ਪਤਾ ਨਹੀਂ ਲਗਦਾ ਕਿ ਕੀ ਕਹਾਂ।"

"ਮੈਂ ਸੋਚਦਾ ਵਾਂ ਕਿ ਇਹ ਵੀਹ-ਪੱਚੀ ਹਜ਼ਾਰ ਕਿਸੇ ਨੂੰ ਵਾਧੂ ਦਾ ਹੀ ਕਿਉਂ ਦੇਣਾ। ਇਸ ਨਾਲ਼ ਘਰਦੀ ਕੋਈ ਚੀਜ਼ ਬਣਾਵਾਂਗੇ। ਨਾਲ਼ੇ ਇੰਪਲਾਇਰ ਐੱਲ ਐੱਮ ਆਈ ਏ ਵਾਲੇ ਨੂੰ ਤਨਖਾਹ ਘੱਟ ਦਿੰਦੇ ਨੇ।" ਆਖ ਕੇ ਕਰਨਵੀਰ ਨੇ ਜੀਤੀ ਦਾ ਪ੍ਰਤੀਕਰਮ ਦੇਖਣ ਲਈ ਉਸ ਦੇ ਚਿਹਰੇ 'ਤੇ ਨਿਗ੍ਹਾ ਗੱਡ ਦਿੱਤੀ। ਉਹ ਕੁਝ ਨਾ ਬੋਲੀ। ਕਰਨਵੀਰ ਨੇ ਅੱਗੇ ਕਿਹਾ, "ਨਾਲ਼ੇ ਤੈਨੂੰ ਐਨਾ ਕੰਮ ਨਾ ਕਰਨਾ ਪਵੇਗਾ। ਮੈਂ ਕੰਮ ਕਰੀ ਜਾਵਾਂਗਾ, ਤੂੰ ਪੜ੍ਹੀ ਜਾਈਂ। ਐੱਲ ਐੱਮ ਆਈ ਏ 'ਤੇ ਵਾਧੂ ਖਰਚ ਕਰਨਾ ਮੈਨੂੰ ਬੇਵਕੂਫ਼ੀ ਲਗਦੀ ਏ, ਜਦੋਂ ਆਪਣਾ ਇਸ ਬਿਨਾਂ ਵੀ ਸਰ ਸਕਦਾ ਏ।" ਜੀਤੀ ਨੇ ਕੋਈ ਹੁੰਗਾਰਾ ਨਾ ਭਰਿਆ। ਕਰਨਵੀਰ ਨੇ ਫਿਰ ਕਿਹਾ, "ਵਿਆਹ ਆਪਾਂ ਕਰਵਾਉਣਾ ਹੀ ਏ। ਦੋ-ਤਿੰਨ ਸਾਲਾਂ ਬਾਅਦ ਵੀ ਕਰਵਾਉਣੇ ਹੀ ਏ ਤਾਂ ਹੁਣ ਕਿਉਂ ਨਹੀਂ?" ਜੀਤੀ ਨੇ ਫਿਰ ਕਾਊਂਟਰ ਵੱਲ ਦੇਖਿਆ ਤੇ ਮੁੜ ਨਿਗ੍ਹਾ ਕਰਨਵੀਰ ਵੱਲ ਕਰ ਲਈ। ਉਹ ਬੋਲਿਆ, "ਟਰੱਕ ਦਾ ਲਾਈਸੰਸ ਮੇਰੇ ਕੋਲ ਹੈਗਾ ਏ। ਤੂੰ ਸਟੂਡੈਂਟ ਏਂ। ਮੈਨੂੰ ਸਪਾਊਸਲ ਵਰਕ ਪਰਮਿਟ ਮਿਲ ਸਕਦਾ ਏ। ਐੱਲ ਐੱਮ ਆਈ ਏ ਦੀ ਲੋੜ ਨਹੀਂ ਪੈਣੀ।"

"ਮੈਨੂੰ ਕੁਝ ਟਾਈਮ ਦੇ। ਸੋਚ ਲਵਾਂ।"

"ਹਾਂ ਹਾਂ, ਸੋਚ ਲੈ। ਮੈਂ ਤਾਂ ਕਹਿਨਾ ਵਾਂ ਕਿ ਆਪਣੇ ਪੇਰੈਂਟਸ ਨਾਲ਼ ਵੀ ਸਲਾਹ ਕਰ ਲੈ।" ਆਖ ਕੇ ਕਰਨਵੀਰ ਨੇ ਕਾਊਂਟਰ ਵੱਲ ਦੇਖਿਆ। ਗੁਰਮੀਤ ਉਨ੍ਹਾਂ ਵੱਲ ਹੀ ਦੇਖ ਰਿਹਾ ਸੀ। ਕਰਨਵੀਰ ਉੱਥੋਂ ਉੱਠ ਖਲੋਤਾ ਤੇ ਰੈਸਟੋਰੈਂਟ 'ਚੋਂ ਬਾਹਰ ਆ ਗਿਆ।

ਜੀਤੀ ਦੇ ਹੁੰਗਾਰੇ ਦੀ ਕਰਨਵੀਰ ਬੇਸਬਰੀ ਨਾਲ਼ ਉਡੀਕ ਕਰਨ ਲੱਗਾ। ਅਗਲੇ ਦਿਨ ਜੀਤੀ ਦਾ ਫੋਨ ਆਇਆ। ਉਸ ਨੇ ਕਿਹਾ, "ਕਰਨ, ਮੈਂ ਹਾਲੇ ਵਿਆਹ ਲਈ ਤਿਆਰ ਨਹੀਂ। ਮੈਨੂੰ ਲਗਦੈ ਕਿ ਵਿਆਹ ਦੀ ਸਾਨੂੰ ਐਨੀ ਜਲਦੀ ਨਹੀਂ ਕਰਨੀ ਚਾਹੀਦੀ।"

"ਤੈਨੂੰ ਮੈਂ ਪਸੰਦ ਨਹੀਂ?" ਕਰਨਵੀਰ ਨੇ ਪੁੱਛਿਆ।

"ਮੈਂ ਏਦਾਂ ਤਾਂ ਨਹੀਂ ਕਹਿੰਦੀ।"

"ਫੇਰ?"

"ਫੇਰ ਕੀ? ਹਾਲੇ ਮੈਂ ਵਿਆਹ ਨਹੀਂ ਕਰਵਾਉਣਾ। ਪੜ੍ਹਨਾ ਹੈ।"

"ਪੜ੍ਹਨੋਂ ਤੈਨੂੰ ਮੈਂ ਕਦੋਂ ਰੋਕਦਾ ਵਾਂ। ਮੈਂ ਤਾਂ ਆਪ ਚਾਹੁੰਨਾ ਵਾਂ ਕਿ ਤੂੰ ਪੜ੍ਹੇਂ। ਸਿਰਫ ਪੜ੍ਹੇਂ। ਮੈਂ ਕੰਮ ਕਰਾਂ।"

"ਮੈਂ ਆਪਣੇ ਤੌਰ 'ਤੇ ਪੜ੍ਹ ਸਕਦੀ ਆਂ। ਵੀਹਾਂ ਸਾਲਾਂ ਦੀ ਹਾਂ ਹਾਲੇ ਮੈਂ। ਆਪਾਂ ਨੂੰ ਹਾਲੇ ਹੋਰ ਸਮਝਣਾ ਚਾਹੀਦੈ ਇਕ-ਦੂਜੇ ਨੂੰ।"

"ਕੀ ਸਮਝਣਾ ਏ ਮੈਨੂੰ? ਪੁੱਛ ਜਿਹੜਾ ਕੁਝ ਜਾਨਣਾ ਚਾਹੁੰਨੀ ਏਂ ਮੇਰੇ ਬਾਰੇ?"

"ਇਹ ਕੋਈ ਐਗਜ਼ਾਮ ਐ, ਜਿਹੜਾ ਸਵਾਲਾਂ ਦੇ ਜਵਾਬ ਪੁੱਛ ਕੇ ਲੈ ਲਵੋਂਗੇ?"

"ਹੋਰ ਫਿਰ ਤੈਨੂੰ ਕਿਵੇਂ ਯਕੀਨ ਦਵਾਵਾਂ ਕਿ ਤੈਨੂੰ ਪਿਆਰ ਕਰਦਾ ਵਾਂ। ਤੇਰੀ ਕੇਅਰ ਕਰਦਾ ਵਾਂ।"

"ਮੈਨੂੰ ਵੀ ਤੂੰ ਚੰਗਾ ਲੱਗਦੈਂ ਪਰ ਵਿਆਹ ਵਾਸਤੇ ਤੂੰ ਐਨੀ ਕਾਹਲੀ ਕਿਉਂ ਕਰਦੈਂ? ਮੈਨੂੰ ਲਗਦੈ ਵਿਆਹ ਨਾਲ਼ ਕੋਈ ਲਾਲਚ ਨਹੀਂ ਜੁੜਿਆ ਹੋਣਾ ਚਾਹੀਦਾ। ਪੱਕੇ ਤਾਂ ਆਪਾਂ ਸਾਰਿਆਂ ਨੇ ਹੋ ਈ ਜਾਣੈ, ਜਿਹੜੇ ਇੱਥੇ ਆ ਗਏ। ਸਾਲ-ਦੋ ਸਾਲ ਵੱਧ ਲੱਗ ਜਾਣਗੇ, ਜਾਂ ਵਾਧੂ ਖਰਚ ਆ ਜਾਊ।"

"ਤੈਨੂੰ ਮੈਂ ਲਾਲਚੀ ਲੱਗਦਾ ਵਾਂ? ਤੈਨੂੰ ਮੇਰੀ ਗੱਲ ਸਮਝ ਕਿਉਂ ਨਹੀਂ ਲਗਦੀ ਕਿ ਕਿਉਂ ਕਿਸੇ ਨੂੰ ਵਾਧੂ ਡਾਲਰ ਦੇਈਏ, ਜਦੋਂ ਇਹ ਦਿੱਤਿਆਂ ਬਿਨਾਂ ਸਰ ਸਕਦਾ ਏ।" ਕਰਨਵੀਰ ਦੇ ਸਾਹ ਤੇਜ਼ ਹੋ ਗਏ। ਉਸ ਦੇ ਬੋਲ ਉੱਚੇ ਹੋ ਗਏ।

"ਤੈਨੂੰ ਮੇਰੀ ਗੱਲ ਕਿਉਂ ਨਹੀਂ ਸਮਝ ਆਉਂਦੀ? ਕਿਉਂ ਵਾਧੂ ਪ੍ਰੈਸ਼ਰ ਪਾਉਨੈਂ ਮੇਰੇ 'ਤੇ?"

"ਮੈਂ ਕਦੋਂ ਪ੍ਰੈਸ਼ਰ ਪਾਉਨਾ ਵਾਂ?"

"ਹੋਰ ਆਹ ਕੀ ਕਰਦੈਂ?"

"ਤੈਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਵਾਂ।"

"ਮੈਨੂੰ ਸਮਝਾਉਣ ਦੀ ਥਾਂ ਆਪ ਕਿਉਂ ਨਹੀਂ ਸਮਝਣ ਦੀ ਕੋਸ਼ਿਸ਼ ਕਰਦਾ?"

"ਚੰਗਾ, ਕਰ ਮਰਜ਼ੀ ਆਪਣੀ। ਜੇ ਮੈਨੂੰ ਮਿਲ ਗਈ ਵੈਨਕੂਵਰ ਦੀ ਐੱਲ ਐੱਮ ਆਈ ਏ, ਮੈਂ ਚਲਿਆ ਜਾਣਾ ਵਾਂ।" ਕਰਨਵੀਰ ਨੇ ਆਪਣੇ ਬੋਝੇ ਵਿਚਲਾ ਆਖਰੀ ਤੀਰ ਛੱਡਿਆ।

"ਫਿਰ ਤੇਰੀ ਮਰਜ਼ੀ।"

"ਮਰਜ਼ੀ ਤਾਂ ਫਿਰ ਮਰਜ਼ੀ ਸਹੀ।"

ਫੋਨ ਬੰਦ ਕਰ ਕੇ ਵੀ ਕਰਨਵੀਰ ਜੀਤੀ 'ਤੇ ਕਰਿੱਝਦਾ ਰਿਹਾ ਕਿ ਉਸ ਨੂੰ ਉਸ ਦੀ ਗੱਲ ਸਮਝ ਕਿਉਂ ਨਹੀਂ ਪੈਂਦੀ।

---

ਅਗਲੇ ਹੀ ਦਿਨ ਚਿੱਟੀ ਦਾ ਫੋਨ ਆ ਗਿਆ। ਉਸ ਨੇ ਕਿਹਾ, "ਗੁੱਡ ਨਿਊਜ਼ ਐ, ਆ ਜਾਓ ਦਫ਼ਤਰ। ਫੀਸ ਲੈਂਦੇ ਆਣਾ।" ਕਰਨਵੀਰ ਝੱਟ ਤਿਆਰ ਹੋ ਕੇ ਦਫ਼ਤਰ ਪਹੁੰਚ ਗਿਆ। ਮਿਲਦਿਆਂ ਹੀ ਚਿੱਟੀ ਬੋਲਿਆ, "ਤੁਹਾਡੀ ਲੱਕ ਬਹੁਤ ਤੇਜ਼ ਐ। ਇਕ ਕੰਪਨੀ ਨੂੰ ਹੁਣੇ ਹੀ ਟਰੱਕ ਡਰਾਈਵਰ ਚਾਹੀਦੈ ਤੇ ਉਨ੍ਹਾਂ ਨੂੰ ਕੁਝ ਡਾਲਰ ਕਿਸ਼ਤਾਂ ਰਾਹੀਂ ਦੇਣ ਲਈ ਵੀ ਮਨਾ ਲਿਆ। ਮੈਂ ਆਪਣੀ ਗਰੰਟੀ ਦਿੱਤੀ ਐ ਕਿ ਕੋਈ ਉਲਾਂਭਾ ਨਹੀਂ ਆਉਂਦਾ।" ਆਖ ਕੇ ਚਿੱਟੀ ਇਕ ਪਲ ਰੁਕ ਗਿਆ ਫਿਰ ਬੋਲਿਆ, "ਕਦੋਂ ਜਾ ਸਕਦੇ ਹੋ ਸਰੀ?"

"ਜਦੋਂ ਕਹੋਂ।"

"ਠੀਕ ਐ ਫਿਰ ਕਰੋ ਟਿਕਟ ਬੁੱਕ। ਛੇ ਹਜ਼ਾਰ ਤੁਹਾਡਾ ਮੇਰੇ ਕੋਲ ਆਇਆ ਹੋਇਆ। ਚਾਰ ਹੋਰ ਦੇ ਦਿਓ। ਗਿਆਰਾਂ ਹਜ਼ਾਰ ਤੁਸੀਂ ਸਰੀ ਪਹੁੰਚ ਕੇ ਬਾਰਡਰ 'ਤੇ ਜਾਣ ਤੋਂ ਪਹਿਲਾਂ ਟਰੱਕ ਕੰਪਨੀ ਨੂੰ ਕੈਸ਼ ਦੇਣਾ ਤੇ ਬਾਕੀ ਸਾਲ ਵਾਸਤੇ ਹਰ ਮਹੀਨੇ ਸੱਤ ਸੌ ਪੰਜਾਹ ਡਾਲਰ ਦੇਣੇ ਆ ਕੰਪਨੀ ਨੂੰ।"

ਚਾਰ ਹਜ਼ਾਰ ਚਿੱਟੀ ਨੂੰ ਫੜਾਉਂਦਾ ਕਰਨਵੀਰ ਬੋਲਿਆ, "ਸਰ, ਕੋਈ ਗੜਬੜ ਤਾਂ ਨਹੀਂ ਹੁੰਦੀ...?"

"ਬੇਫ਼ਿਕਰ ਹੋ ਕੇ ਕਰ ਦਿਓ ਬੁੱਕ ਟਿਕਟ ਵੈਨਕੂਵਰ ਦੀ। ਦੁੱਖ ਕੱਟੇ ਗਏ ਸਾਰੇ। ਕਰੋ ਕਮਾਈਆਂ।" ਖ਼ੁਸ਼ੀ ਅਤੇ ਸੰਸੇ ਦੇ ਰਲਵੇਂ-ਮਿਲਵੇਂ ਭਾਵਾਂ ਨਾਲ਼ ਕਰਨਵੀਰ ਨੇ ਵੈਨਕੂਵਰ ਜਾਣ ਲਈ ਜਹਾਜ਼ ਦੀ ਟਿਕਟ ਬੁੱਕ ਕਰਵਾ ਲਈ। ਉਸ ਨੂੰ ਲੱਗਣ ਲੱਗਾ ਸੀ ਜਿਵੇਂ ਕਮਾਈ ਕੀਤੀ ਨੂੰ ਵਰ੍ਹੇ ਹੀ ਬੀਤ ਗਏ ਹੋਣ। ਨੌਕਰੀ ਮਿਲਣ ਦੀ ਖ਼ਬਰ ਨਾਲ਼ ਉਸ ਨੇ ਸੋਚਿਆ ਕਿ ਉਹ ਕਮਾਈ ਕਰਨ ਵਾਲੀਆਂ ਹਨੇਰੀਆਂ ਵਗਾ ਦੇਵੇਗਾ। ਸੰਸਾ ਉਸ ਨੂੰ ਇਸ ਗੱਲ ਦਾ ਸੀ ਕਿ ਉਸ ਦੀ ਪਹਿਲਾਂ ਕੀਤੀ ਕਮਾਈ ਵਿਚੋਂ ਪਾਈ ਪਾਈ ਜੋੜ ਕੇ ਰੱਖੀ ਕਿਤੇ ਅਜਾਈਂ ਹੀ ਨਾ ਚਲੀ ਜਾਵੇ। ਨੌਕਰੀ ਮਿਲਣ ਦੀ ਖ਼ੁਸ਼ੀ ਦੀ ਖ਼ਬਰ ਜਦੋਂ ਕੁਝ ਆਠਰ ਗਈ ਤਾਂ ਉਸ ਨੇ ਸੱਤ ਸੌ ਪੰਜਾਹ ਡਾਲਰ ਹਰ ਮਹੀਨੇ ਤਨਖਾਹ ਵਿਚੋਂ ਕਟਾਉਣ ਦਾ ਹਿਸਾਬ ਲਾਇਆ ਤਾਂ ਨੌਕਰੀ ਉਸ ਨੂੰ ਤੀਹ ਹਜ਼ਾਰ ਡਾਲਰ ਵਿਚ ਮਿਲੀ ਸੀ। ਉਸ ਅੰਦਰ ਫਿਰ ਜੀਤੀ ਪ੍ਰਤੀ ਰੋਸ ਜਾਗ ਪਿਆ। 'ਜੇ ਜੀਤੀ ਦੇ ਦਿਮਾਗ਼ 'ਚ ਗੱਲ ਵੜ ਜਾਂਦੀ ਤਾਂ ਇਹ ਨਾਜਾਇਜ਼ ਨਹੀਂ ਸੀ ਦੇਣੇ ਪੈਣੇ।' ਉਸ ਨੇ ਸੋਚਿਆ ਤੇ ਬਿਨਾਂ ਜੀਤੀ ਨੂੰ ਦੱਸਿਆਂ ਤਿੰਨ ਦਿਨਾਂ ਬਾਅਦ ਜਹਾਜ਼ ਚੜ੍ਹ ਗਿਆ। ***(ਚੱਲਦਾ)***

# ਹਫਤਾਵਾਰੀ ਛੁੱਟੀ ਲਈ ਕੀਤੀ ਜੱਦੋ-ਜਹਿਦ ਦਾ ਇਤਿਹਾਸ

ਕਿਰਤੀਆਂ ਨੂੰ ਹਾਕਮਾਂ ਨੇ ਕੋਈ ਵੀ ਹੱਕ ਥਾਲ 'ਚ ਸਜਾ ਕੇ ਨਹੀਂ ਦਿੱਤੇ ਸਗੋਂ ਉਨ੍ਹਾਂ ਨੂੰ ਹਮੇਸ਼ਾ ਸੰਘਰਸ਼ਾਂ ਦੀ ਬਦੌਲਤ ਹੱਕ ਖੋਹਣੇ ਪਏ ਹਨ। ਇਸੇ ਤਰ੍ਹਾਂ ਹਫਤਾਵਾਰੀ ਛੁੱਟੀ ਦਾ ਹੱਕ ਹਾਸਲ ਕਰਨ ਪਿੱਛੇ ਮਜ਼ਦੂਰਾਂ ਦੀ ਸ਼ਾਨਾਮੱਤੀ ਜੱਦੋ-ਜਹਿਦ ਹੈ। ਪੂਰੇ ਹਫਤੇ ਦੇ ਕੰਮ ਪਿੱਛੋਂ ਅਸੀਂ ਸ਼ੁਕਰਵਾਰ ਜਾਂ ਸ਼ਨਿੱਚਰਵਾਰ ਦੀ ਸ਼ਾਮ ਨੂੰ ਆਉਣ ਵਾਲੇ ਐਤਵਾਰ ਬਾਰੇ ਸੋਚਦੇ ਹਾਂ। ਇਸ ਦਿਨ ਬਕਾਇਆ ਕੰਮ ਪੂਰੇ ਕਰਨ, ਸਫਾਈ ਆਦਿਕ ਘਰੇਲੂ ਕੰਮਾਂ ਤੋਂ ਲੈ ਪਰਿਵਾਰ, ਦੋਸਤਾਂ ਜਾਂ ਰਿਸ਼ਤੇਦਾਰਾਂ ਨੂੰ ਮਿਲਣ ਜਾਂ ਉਨ੍ਹਾਂ ਨਾਲ ਕਿਤੇ ਘੁੰਮਣ ਦੇ ਪ੍ਰੋਗਰਾਮ ਬਣਦੇ ਹਨ ਪਰ ਸ਼ਨਿੱਚਰਵਾਰ-ਐਤਵਾਰ ਦੀ ਛੁੱਟੀ ਕੋਈ ਬਹੁਤਾ ਪੁਰਾਣਾ ਵਰਤਾਰਾ ਨਹੀਂ। ਲੰਮਾ ਸਮਾਂ ਤਾਂ ਗੁਲਾਮਦਾਰੀ ਯੁੱਗ ਵਿਚ ਗੁਲਾਮਾਂ ਤੋਂ ਉਮਰ ਭਰ ਕੰਮ ਲਿਆ ਜਾਂਦਾ ਸੀ ਤੇ ਛੁੱਟੀ ਜਿਹਾ ਕੋਈ ਸੰਕਲਪ ਹੀ ਨਹੀਂ ਸੀ। ਜਗੀਰੂ ਯੁੱਗ ਵਿਚ ਵੀ ਕੰਮ ਦੇ ਹਿਸਾਬ ਨਾਲ ਮਾਲਕਾਂ ਦੇ ਚੌਤੋ-ਪਹਿਰ ਸੱਦੇ ਉਤੇ ਤਿਆਰ ਰਹਿਣਾ ਪੈਂਦਾ ਸੀ। ਇਹ ਤਾਂ ਆਧੁਨਿਕ ਸਰਮਾਏਦਾਰਾ ਪ੍ਰਬੰਧ ਅਤੇ ਇਸ ਨਾਲ ਹੋਂਦ ਵਿਚ ਆਈ ਇਤਿਹਾਸ ਦੀ ਸਭ ਤੋਂ ਇਨਕਲਾਬੀ ਜਮਾਤ (ਮਜ਼ਦੂਰ ਜਮਾਤ) ਦੀ ਚੇਤਨਾ ਅਤੇ ਸੰਘਰਸ਼ਾਂ ਦਾ ਨਤੀਜਾ ਹੈ ਕਿ ਹਫਤਾਵਾਰੀ ਛੁੱਟੀ ਦਾ ਸੰਕਲਪ ਸਮਾਜ ਦਾ ਆਮ ਨੇਮ ਬਣਿਆ, ਭਾਵੇਂ ਅੱਜ ਦੁਨੀਆ ਭਰ ਵਿਚ ਹੀ ਮਜ਼ਦੂਰ ਲਹਿਰ ਨੂੰ ਲੱਗੀ ਪਛਾੜ ਕਾਰਨ ਇਸ ਹੱਕ ਉਤੇ ਮਾਲਕ ਜਮਾਤ ਹਮਲੇ ਕਰ ਰਹੀ ਹੈ। ਹੁਣ ਕੰਮ ਦਾ ਬੋਝ ਵਧਾਇਆ ਜਾ ਰਿਹਾ ਹੈ ਅਤੇ ਮਜ਼ਦੂਰਾਂ, ਕਿਰਤੀਆਂ ਦੇ ਵੱਡੇ ਹਿੱਸੇ ਨੂੰ ਇੰਨਾ ਮਜਬੂਰ ਕਰ ਦਿੱਤਾ ਗਿਆ ਹੈ ਕਿ ਉਹ ਐਤਵਾਰ ਨੂੰ ਵੀ ਓਵਰਟਾਈਮ ਲਾਉਣ ਨੂੰ ਤਰਜੀਹ ਦਿੰਦੇ ਹਨ ਤਾਂ ਜੋ ਦਿਓਕੱਦ ਮਹਿੰਗਾਈ ਅੱਗੇ ਖਰਚੇ ਪੂਰੇ ਪੈ ਸਕਣ।



ਮਾਨਵ
ਫੋਨ: +91-98888-08188

ਸਭ ਤੋਂ ਪਹਿਲਾਂ ਸਨਅਤੀ ਇਨਕਲਾਬ ਦੇ ਘਰ ਇੰਗਲੈਂਡ ਵਿਚ ਆਧੁਨਿਕ ਮਜ਼ਦੂਰ ਜਮਾਤ ਹੋਂਦ 'ਚ ਆਈ ਅਤੇ ਇਸ ਨੇ ਆਪਣੇ ਹੱਕਾਂ ਲਈ ਸ਼ੁਰੂਆਤੀ ਸ਼ਾਨਾਮੱਤੀਆਂ ਲੜਾਈਆਂ ਲੜੀਆਂ ਤੇ ਪੂਰੇ ਯੂਰਪੀ ਮਹਾਂਦੀਪ, ਇਥੋਂ ਤੱਕ ਕਿ ਉਤਰੀ ਅਮਰੀਕੀ ਮਹਾਂਦੀਪ ਤੇ ਹੋਰਾਂ ਥਾਵਾਂ ਦੇ ਅਗਲੇਰੇ ਮਜ਼ਦੂਰ ਸੰਘਰਸ਼ਾਂ ਨੂੰ ਵੀ ਪ੍ਰਭਾਵਿਤ ਕੀਤਾ। ਇਸ ਤੋਂ ਬਿਨਾ ਅੰਗਰੇਜ਼ਾਂ ਦੇ ਬਸਤੀ ਬਣਾਏ ਮੁਲਕਾਂ ਵਿਚ ਵੀ ਬਰਤਾਨੀਆ ਦੇ ਮਜ਼ਦੂਰਾਂ ਦੇ ਜਿੱਤੇ ਹੱਕਾਂ ਦਾ ਕੁਝ ਅਸਰ ਪਹੁੰਚਿਆ।

ਆਧੁਨਿਕ ਸਨਅਤ ਪੂਰਬਲੇ ਇੰਗਲੈਂਡ 'ਚ ਹੋਰਾਂ ਸਮਾਜਾਂ ਵਾਂਗ ਸਮੇਂ ਦਾ ਕੋਈ ਆਧੁਨਿਕ ਸੰਕਲਪ ਨਹੀਂ ਸੀ। ਸਮਾਂ ਤੇ ਉਸ ਅਨੁਸਾਰ ਕੰਮ ਮੌਸਮਾਂ ਦੇ ਹਿਸਾਬ ਜਾਂ ਦਿਨ ਦੇ ਉਜਾਲੇ ਨਾਲ ਤੈਅ ਹੁੰਦਾ ਸੀ। ਸਨਅਤੀ ਯੁੱਗ ਦੀ ਆਮਦ ਨੇ ਸਭ ਬਦਲ ਦਿੱਤਾ। ਮਨਮਰਜ਼ੀ ਦੀ ਸਮਾਂ ਸਾਰਨੀ ਨਾਲ ਚਲਦੇ ਦਸਤਕਾਰਾਂ, ਕਾਰੀਗਰਾਂ ਦੀ ਥਾਂ ਸਮੂਹਿਕ ਰੁਜ਼ਗਾਰ, ਭਾਵ, ਮਜ਼ਦੂਰਾਂ ਨੇ ਲੈਣੀ ਸ਼ੁਰੂ ਕਰ ਦਿੱਤੀ। ਹੌਲੀ ਹੌਲੀ ਕੰਮ ਅਤੇ ਸਮੇਂ ਦਾ ਮਾਨਕੀਕਰਨ ਸ਼ੁਰੂ ਹੋਇਆ ਅਤੇ ਕੰਮ ਤੇ ਵਿਹਲ ਵਿਚ ਵੰਡ ਸਪੱਸ਼ਟ ਹੋਣੀ ਸ਼ੁਰੂ ਹੋਈ। 18-19ਵੀਂ ਸਦੀ ਵਿਚ ਮਜ਼ਦੂਰਾਂ ਦੀਆਂ 16-16 ਘੰਟਿਆਂ ਦੀਆਂ ਲਗਾਤਾਰ ਕੰਮ-ਸ਼ਿਫਟਾਂ ਆਮ ਵਰਤਾਰਾ ਸੀ ਪਰ ਇਸ ਖਿਲਾਫ ਮਜ਼ਦੂਰਾਂ ਕੋਲ ਨਾ ਕੋਈ ਬਦਲ ਸੀ ਤੇ ਨਾ ਹੀ ਲੜਨ ਦੀ ਸੋਝੀ। ਮਾਲਕ ਮਜ਼ਦੂਰਾਂ ਨੂੰ ਵੱਧ ਤੋਂ ਵੱਧ ਨਿਚੋੜਨਾ ਚਾਹੁੰਦੇ ਸਨ ਅਤੇ ਮਜ਼ਦੂਰ ਆਪਣੇ ਤੇ ਪਰਿਵਾਰ ਲਈ ਇਸ ਜਬਰੀ ਕੰਮ ਵਿਚੋਂ ਸਕੂਨ ਦੇ ਕੁਝ ਪਲ ਹਾਸਲ ਕਰਨਾ ਚਾਹੁੰਦੇ ਸਨ। ਇਸੇ ਲਈ ਮਜ਼ਦੂਰਾਂ ਨੇ ਮਾਲਕਾਂ ਦੇ ਇਸ ਧੱਕੇ ਖਿਲਾਫ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ।



ਇਤਾਲਵੀ ਚਿੱਤਰਕਾਰ ਗੁਸਿਪ ਪਲੀਜ਼ਾ ਦਾ ਵੋਲਪੇਡੋ ਦਾ ਮਜ਼ਦੂਰਾਂ ਬਾਰੇ ਬਣਾਇਆ ਚਿੱਤਰ 'ਦਿ ਫੋਰਥ ਐਸਟੇਟ'। ਪਹਿਲਾਂ ਇਸ ਦਾ ਨਾਂ 'ਦਿ ਪਾਥ ਆਫ ਵਰਕਰਜ਼' ਰੱਖਿਆ ਗਿਆ ਸੀ।

ਹਫਤਾਵਾਰੀ ਦੋ ਛੁੱਟੀਆਂ ਦਾ ਨੇਮ ਆਮ ਹੋਣ ਤੋਂ ਪਹਿਲਾਂ ਬਰਤਾਨੀਆ ਦੇ ਮਜ਼ਦੂਰਾਂ ਵਿਚ ਸੋਮਵਾਰ ਨੂੰ ਛੁੱਟੀ ਮਾਰ ਲੈਣ ਜਾਂ ਕਹੀਏ, ਮਾਲਕਾਂ ਕੋਲੋਂ ਸੋਮਵਾਰ ਦਾ ਦਿਨ 'ਖੋਹ ਲੈਣ' ਦਾ ਰਿਵਾਜ ਆਮ ਸੀ। 17-18ਵੀਂ ਸਦੀ ਤੋਂ ਹੀ ਕਾਰੀਗਰ ਪੂਰੇ ਹਫਤੇ ਦੀ ਸਖਤ ਮੁਸ਼ੱਕਤ ਪਿੱਛੋਂ ਐਤਵਾਰ ਨੂੰ ਆਪਣੇ ਘਰ ਦੇ ਕੰਮਾਂ ਲਈ ਰਾਖਵਾਂ ਰੱਖਦੇ ਸਨ ਜਿਸ ਨੂੰ ਉਹ ਗਿਰਜੇ ਜਾਣ, ਪਰਿਵਾਰ ਨਾਲ ਸਮਾਂ ਬਿਤਾਉਣ ਜਾਂ ਸਖਤ ਮਿਹਨਤ ਦੀ ਕੌੜ ਲਾਹੁਣ ਲਈ ਰੱਜ ਕੇ ਦਾਰੂ ਪੀਣ ਵਾਸਤੇ ਵਰਤਦੇ ਸਨ। ਐਤਵਾਰ ਦੇਰ ਰਾਤ ਤੱਕ ਚੱਲਦੇ ਇਸ ਰੁਟੀਨ ਕਾਰਨ ਸੋਮਵਾਰ ਨੂੰ ਉਨ੍ਹਾਂ ਲਈ ਕੰਮ ਕਰਨਾ ਮੁਹਾਲ ਹੁੰਦਾ ਸੀ, ਇਸ ਲਈ ਉਹ ਆਪਣਾ ਕੰਮ ਅਕਸਰ ਬੰਦ ਹੀ ਰੱਖਦੇ ਜਾਂ ਫਿਰ ਸੋਮਵਾਰ ਨੂੰ ਬਾਕੀ ਹਫਤੇ ਦੇ ਕੰਮ ਲਈ ਜ਼ਰੂਰੀ ਆਰਡਰ ਅਤੇ ਸਮਾਨ ਇਕੱਠਾ ਕਰਨ ਦਾ ਆਹਰ ਕਰਦੇ। ਇਸ ਗੈਰ-ਰਸਮੀ ਛੁੱਟੀ ਨੂੰ ਉਹ 'ਸੰਤ ਸੋਮਵਾਰ' ਦਾ ਧਾਰਮਿਕ ਬਹਾਨਾ ਲਾ ਕੇ ਮਾਰ ਲੈਂਦੇ ਸਨ। ਇਹੀ ਰਿਵਾਜ ਅੱਗੇ ਮਜ਼ਦੂਰਾਂ ਵਿਚ ਵੀ ਪ੍ਰਚੱਲਿਤ ਹੋ ਗਿਆ ਤੇ 19ਵੀਂ ਸਦੀ ਦੇ ਮੱਧ ਤੱਕ ਬਰਤਾਨੀਆ ਦੀਆਂ ਮਿੱਲਾਂ, ਕਾਰਖਾਨਿਆਂ ਵਿਚ ਵੀ ਇਹ ਆਮ ਨੇਮ ਬਣ ਗਿਆ ਸੀ। ਸੁਭਾਵਿਕ ਹੀ ਮਾਲਕ ਇਸ ਛੁੱਟੀ ਦਾ ਵਿਰੋਧ ਕਰਦੇ ਸਨ। ਗਿਰਜੇ ਦੇ ਧਾਰਮਿਕ ਆਗੂ ਵੀ ਇਸ ਦਾ ਵਿਰੋਧ ਕਰਦੇ ਸਨ ਕਿਉਂ ਜੋ ਉਨ੍ਹਾਂ ਨੂੰ ਲਗਦਾ ਸੀ ਕਿ ਕਾਰੀਗਰ ਤੇ ਮਜ਼ਦੂਰ, ਐਤਵਾਰੀਂ ਰੱਜ ਕੇ ਦਾਰੂ ਪੀਣ ਜਾਂ ਅਜਿਹੀ ਕਿਸੇ ਮਸਤੀ ਲਈ ਖਪਾ ਦਿੰਦੇ ਸਨ ਜਿਸ ਕਾਰਨ ਗਿਰਜੇ ਵਿਚ ਉਨ੍ਹਾਂ ਦੀ ਹਾਜ਼ਰੀ ਘਟਦੀ ਸੀ।

ਸ਼ਨਿੱਚਰਵਾਰ ਨੂੰ ਰਸਮੀ ਤੌਰ 'ਤੇ ਛੁੱਟੀ ਕਰਾਉਣ ਲਈ ਸਭ ਤੋਂ ਪਹਿਲਾਂ ਬਰਤਾਨੀਆ ਅੰਦਰ 1842 'ਚ 'ਅਰਲੀ ਕਲੋਜ਼ਿੰਗ ਐਸੋਸੀਏਸ਼ਨ' (ਸਾਝਰੇ ਬੰਦ ਕਰੋ ਐਸੋਸੀਏਸ਼ਨ) ਨਾਂ ਦਾ ਪ੍ਰਚਾਰ ਗਰੁੱਪ ਕਾਇਮ ਹੋਇਆ। ਇਹ ਗਰੁੱਪ ਬਰਤਾਨੀਆ ਦੇ ਦੁਕਾਨ ਮਜ਼ਦੂਰਾਂ ਨੇ ਬਣਾਇਆ ਸੀ ਜਿਸ ਨੂੰ ਕਈ ਸੁਧਾਰਕਾਂ ਤੇ ਧਾਰਮਿਕ ਆਗੂਆਂ ਦੀ ਵੀ ਹਮਾਇਤ ਹਾਸਲ ਸੀ ਕਿਉਂ ਜੋ ਉਨ੍ਹਾਂ ਮੁਤਾਬਕ ਸ਼ਨਿੱਚਰਵਾਰ ਨੂੰ ਵਿਹਲ ਮਿਲਣ ਨਾਲ ਮਜ਼ਦੂਰ ਐਤਵਾਰ ਨੂੰ ਗਿਰਜਿਆਂ ਵਿਚ ਵਧੇਰੇ ਹਾਜ਼ਰੀ ਲਵਾਉਣਗੇ। ਲਗਭਗ ਇਸੇ ਹੀ ਦੌਰ ਵਿਚ ਖਿਆਲੀ ਸਮਾਜਵਾਦੀਆਂ ਨੇ ਕੰਮ ਦੇ ਘੰਟੇ ਘਟਾਉਣ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ ਸੀ ਜਿਸ ਸਦਕਾ 1844 ਵਿਚ ਕਾਰਖਾਨਾ ਕਾਨੂੰਨ ਰਾਹੀਂ ਕੰਮ ਘੰਟੇ 12 ਘੰਟਿਆਂ ਤੱਕ ਸੀਮਤ ਕਰਾਉਣ ਵਿਚ ਮਜ਼ਦੂਰਾਂ ਨੂੰ ਕਾਮਯਾਬੀ ਮਿਲੀ। 19ਵੀਂ ਸਦੀ ਦੇ ਮੱਧ ਤੱਕ ਇੰਗਲੈਂਡ ਵਿਚ ਕੰਮ ਘੰਟੇ 60-70 ਘੰਟੇ ਤੱਕ ਪ੍ਰਤੀ ਹਫਤੇ ਤੈਅ ਹੋ ਚੁੱਕੇ ਸਨ। ਇਸੇ ਤਰਜ਼ ਉਤੇ ਯੂਰੋਪ ਤੇ ਉਤਰੀ ਅਮਰੀਕਾ ਵਿਚ ਵੀ ਕੰਮ ਘੰਟੇ ਨਿਸ਼ਚਿਤ ਹੋਏ। ਇਸੇ ਦੌਰਾਨ ਲੰਡਨ ਵਿਚ 1864 ਵਿਚ ਕਾਇਮ ਹੋਈ ਕੌਮਾਂਤਰੀ ਮਜ਼ਦੂਰ ਸਭਾ (ਜਿਹੜੀ ਪਹਿਲੀ ਕੌਮਾਂਤਰੀ ਦੇ ਨਾਂ ਨਾਲ ਮਸ਼ਹੂਰ ਹੋਈ) ਨੇ 1866 ਦੀ ਜੇਨੇਵਾ ਸ਼ਹਿਰ ਹੋਈ ਆਪਣੀ ਪਹਿਲੀ ਕਾਂਗਰਸ ਵਿਚ ਮਜ਼ਦੂਰਾਂ ਲਈ ਅੱਠ ਘੰਟੇ ਕੰਮ ਦਿਨ ਦੀ ਮੰਗ ਕੀਤੀ ਤੇ ਇਸ ਨੂੰ ਕੌਮਾਂਤਰੀ ਸਮਾਜਵਾਦੀ ਲਹਿਰ ਦੀ ਅਹਿਮ ਮੰਗ ਵਜੋਂ ਦੂਰ ਦੂਰ ਤੱਕ ਪ੍ਰਚਾਰਨ ਵਿਚ ਅਹਿਮ ਭੂਮਿਕਾ ਅਦਾ ਕੀਤੀ। ਕੰਮ ਘੰਟੇ ਘਟਾਉਣ ਅਤੇ ਸ਼ਨਿੱਚਰਵਾਰ ਦੀ ਰਸਮੀ ਛੁੱਟੀ ਦੀ ਮੰਗ ਦੇ ਦਬਾਅ ਕਾਰਨ ਬਰਤਾਨੀਆ ਵਿਚ 1867 ਦੇ ਕਾਰਖਾਨਾ ਕਾਨੂੰਨ ਰਾਹੀਂ ਮਿੱਲਾਂ ਕਾਰਖਾਨਿਆਂ ਵਿਚ ਸ਼ਨਿੱਚਰਵਾਰ ਦੀ ਅੱਧੀ ਛੁੱਟੀ ਦਾ ਨੇਮ ਲਾਗੂ ਹੋ ਗਿਆ। ਇਸ ਜਿੱਤ ਨਾਲ ਹੋਰ ਖੇਤਰਾਂ ਦੇ ਮਜ਼ਦੂਰਾਂ 'ਚ ਵੀ ਇਸ ਮੰਗ ਨੇ ਜ਼ੋਰ ਫੜਿਆ ਤੇ 19ਵੀਂ ਸਦੀ ਦੇ ਅਖੀਰ ਤੱਕ ਸ਼ਨਿੱਚਰਵਾਰ ਅੱਧੀ ਛੁੱਟੀ ਦਾ ਨੇਮ ਬਰਤਾਨੀਆ ਦੇ ਤਕਰੀਬਨ ਸਾਰੇ ਮਜ਼ਦੂਰਾਂ ਲਈ ਲਾਗੂ ਹੋ ਗਿਆ।

ਇਨ੍ਹਾਂ ਨਵੀਆਂ ਹਾਲਤਾਂ ਤੋਂ ਫਾਇਦਾ ਲੈਣ ਅਤੇ ਇਸ ਨੇਮ ਨੂੰ ਹੁਲਾਰਾ ਦੇਣ ਲਈ ਮਨੋਰੰਜਨ ਖੇਤਰ ਦੇ ਸਰਮਾਏਦਾਰਾਂ ਨੇ ਦਖਲ ਦਿੱਤਾ। ਬਰਤਾਨੀਆ ਵਿਚ ਫੁੱਟਬਾਲ ਦੇ ਮੈਚ ਸੋਮਵਾਰ ਦੀ ਥਾਂ ਸ਼ਨਿੱਚਰਵਾਰ ਬਾਅਦ ਦੁਪਹਿਰ ਹੋਣ ਲੱਗ ਪਏ। ਇਸ ਨੇ ਇਸ ਦੀ ਮਕਬੂਲੀਅਤ ਬਹੁਤ ਵਧਾ ਦਿੱਤੀ। ਇਸੇ ਲਈ 1890ਵਿਆਂ ਨੂੰ ਬਰਤਾਨੀਆ ਵਿਚ 'ਫੁੱਟਬਾਲ ਬੁਖਾਰ' ਦੀ ਸ਼ੁਰੂਆਤ ਦਾ ਦਹਾਕਾ ਵੀ ਕਿਹਾ ਜਾਂਦਾ ਹੈ। ਨਾਲ ਹੀ ਨਾਟਘਰਾਂ, ਸਿਨੇਮਿਆਂ ਤੇ ਹੋਰ ਪ੍ਰੋਗਰਾਮਾਂ ਦਾ ਹਫਤਾਵਾਰੀ ਦਿਨਾਂ 'ਤੇ ਖੇਡੇ ਜਾਣ ਦਾ ਰਿਵਾਜ ਵੀ ਇਸੇ ਸਮੇਂ ਤੁਰਿਆ। ਭਾਰਤ ਵਿਚ ਇਹ ਮਜ਼ਦੂਰ ਮੰਗਾਂ ਸਭ ਤੋਂ ਪਹਿਲਾਂ ਬੰਬੇ ਦੇ ਮਿੱਲ ਮਜ਼ਦੂਰਾਂ ਨੇ 19ਵੀਂ ਸਦੀ ਦੇ ਅੰਤਲੇ ਦਹਾਕਿਆਂ ਵਿਚ ਚੁੱਕੀਆਂ। ਮਜ਼ਦੂਰ ਆਗੂ ਨਰਾਇਣ ਲੋਖੰਡੇ ਦੀ ਅਗਵਾਈ ਵਿਚ 1884 ਵਿਚ 'ਬੰਬੇ ਮਿੱਲ ਹੈਂਡ ਐਸੋਸੀਏਸ਼ਨ' ਬਣੀ। ਇਸ ਦੇ ਦਬਾਅ ਵਿਚ ਅੰਗਰੇਜ਼ ਹਕੂਮਤ ਨੇ 1884 ਵਿਚ ਫੈਕਟਰੀ ਕਮਿਸ਼ਨ ਬਣਾਇਆ। ਇਸ ਵਿਚ ਪਹਿਲੀ ਵਾਰੀ ਮਜ਼ਦੂਰਾਂ ਨੂੰ ਐਤਵਾਰ ਦੀ ਛੁੱਟੀ ਦੇਣ, ਦਿਹਾੜੀ ਦੌਰਾਨ ਅੱਧੇ ਘੰਟੇ ਦੀ ਬਰੇਕ ਦੇਣ, ਕੰਮ ਘੰਟੇ ਸੂਰਜ ਢਲਣ ਤੱਕ (6.30 ਵਜੇ ਤਕ) ਸੀਮਤ ਕਰਨ ਅਤੇ ਹਾਦਸਿਆਂ ਦੌਰਾਨ ਮੁਆਵਜ਼ੇ ਦਾ ਪ੍ਰਬੰਧ ਕਰਨ ਜਿਹੀਆਂ ਮੰਗ ਉਭਰੀਆਂ। ਅੰਗਰੇਜ਼ਾਂ ਨੂੰ ਮਜਬੂਰ ਹੋ ਕੇ ਫੈਕਟਰੀ ਕਾਨੂੰਨ ਵਿਚ ਸੋਧਾਂ ਕਰ ਕੇ ਨਵਾਂ ਫੈਕਟਰੀ ਕਾਨੂੰਨ-1891 ਬਣਾਉਣਾ ਪਿਆ ਤੇ ਬੰਬੇ ਦੇ ਮਜ਼ਦੂਰਾਂ ਦੀਆਂ ਮੰਗਾਂ ਮੰਨੀਆਂ ਗਈਆਂ। ਇਹ ਭਾਰਤ ਦੀ ਸ਼ੁਰੂਆਤੀ ਮਜ਼ਦੂਰ ਲਹਿਰ ਦੀ ਵੱਡੀ ਜਿੱਤ ਸੀ। ਲੋਖੰਡੇ ਦੀ ਅਗਵਾਈ ਵਿਚ ਔਰਤ ਮਜ਼ਦੂਰਾਂ ਨੂੰ ਵੀ ਪਹਿਲੀ ਵਾਰੀ ਜਥੇਬੰਦ ਕੀਤਾ ਗਿਆ। ਔਰਤ ਮਜ਼ਦੂਰਾਂ ਦਾ ਪਹਿਲਾ ਮੁਜ਼ਾਹਰਾ ਜੈਕਬ ਮਿੱਲ ਵਿਚ 25 ਮਾਰਚ 1895 ਨੂੰ ਹੋਇਆ ਜਿਸ ਵਿਚ ਔਰਤ ਮਜ਼ਦੂਰਾਂ ਲਈ ਬਰਾਬਰ ਉਜਰਤਾਂ, ਹਫਤਾਵਾਰੀ ਛੁੱਟੀ ਅਤੇ 8 ਘੰਟੇ ਕੰਮ ਦੀਆਂ ਮੰਗਾਂ ਚੁੱਕੀਆਂ ਗਈਆਂ। ਕੌਮਾਂਤਰੀ ਹਾਲਤਾਂ ਅਤੇ ਸਥਾਨਕ ਪੱਧਰ 'ਤੇ ਮਜ਼ਦੂਰ ਲਹਿਰ ਦੇ ਅੱਗੇ ਵਧਣ ਨਾਲ ਵੀਹਵੀਂ ਸਦੀ ਤੱਕ ਭਾਰਤ ਵਿਚ ਵੀ ਮਜ਼ਦੂਰਾਂ ਲਈ ਰਸਮੀ ਤੌਰ 'ਤੇ ਹਫਤਾਵਾਰੀ ਛੁੱਟੀ ਅਤੇ ਅੱਠ ਘੰਟੇ ਦੇ ਕੰਮ ਦਿਨ ਦਾ ਹੱਕ ਲਾਗੂ ਹੋਇਆ।

ਵੀਹਵੀਂ ਸਦੀ ਦੇ ਸ਼ੁਰੂ ਤੱਕ ਟਰੇਡ ਯੂਨੀਅਨ ਲਹਿਰ ਨੇ ਸ਼ਨਿੱਚਰਵਾਰ ਦੀ ਅੱਧੀ ਛੁੱਟੀ ਪੂਰੀ ਛੁੱਟੀ ਵਿਚ ਤਬਦੀਲ ਕਰਾਉਣ ਲਈ ਸੰਘਰਸ਼ ਵਿੱਢ ਦਿੱਤਾ ਸੀ ਤੇ ਹਫਤੇ ਲਈ 40 ਘੰਟੇ ਦੇ ਕੰਮ ਦੀ ਮੰਗ ਵੀ ਉਠਣੀ ਸ਼ੁਰੂ ਹੋ ਗਈ ਸੀ। ਇਸ ਮੰਗ ਲਈ ਵੱਡਾ ਇਤਿਹਾਸਕ ਘੋਲ ਜਨਵਰੀ 1919 ਵਿਚ ਹੋਇਆ ਜਦੋਂ ਸਕਾਟਲੈਂਡ ਦੇ ਸ਼ਹਿਰ ਗਲਾਸਗੋ (ਭਾਰੀ ਵਸਤਾਂ ਦੀ ਪੈਦਾਵਾਰ ਦਾ ਗੜ੍ਹ) ਵਿਚ ਕੰਮ ਘੰਟੇ 54 ਤੋਂ ਘਟਾ ਕੇ 40 ਕਰਾਉਣ ਲਈ ਟਰੇਡ ਯੂਨੀਅਨਾਂ ਦੀ ਅਗਵਾਈ ਵਿਚ ਮਜ਼ਦੂਰਾਂ ਦਾ ਸੰਘਰਸ਼ ਸ਼ੁਰੂ ਹੋਇਆ। ਸਕਾਟਿਸ਼ ਟਰੇਡ ਯੂਨੀਅਨ ਕਾਂਗਰਸ ਅਤੇ ਗਲਾਸਗੋ ਟਰੇਡ ਤੇ ਲੇਬਰ ਕੌਂਸਲ ਦੀ ਅਗਵਾਈ ਵਿਚ 40 ਘੰਟਿਆਂ ਦੀ ਹੜਤਾਲ ਸ਼ੁਰੂ ਹੋਈ ਜਿਸ ਵਿਚ ਇੰਜਨੀਅਰਿੰਗ ਤੇ ਜਹਾਜ਼ਰਾਨੀ ਸਨਅਤ ਦੇ 40 ਹਜ਼ਾਰ ਮਜ਼ਦੂਰ ਸ਼ਾਮਲ ਹੋਏ। ਇਨ੍ਹਾਂ ਦਾ ਸਾਥ ਬੰਦਰਗਾਹ ਮਜ਼ਦੂਰਾਂ, ਬਿਜਲੀ ਮਜ਼ਦੂਰਾਂ, ਖਾਣ ਮਜ਼ਦੂਰਾਂ ਨੇ ਦਿੱਤਾ। ਜਲਦ ਹੀ ਇਹ ਹੜਤਾਲ ਗਲਾਸਗੋ ਸ਼ਹਿਰ ਦੀ ਆਮ ਹੜਤਾਲ ਵਿਚ ਵਟ ਗਈ। ਉਸ ਵੇਲੇ 8 ਕੁ ਲੱਖ ਦੀ ਆਬਾਦੀ ਵਾਲੇ ਗਲਾਸਗੋ ਸ਼ਹਿਰ ਵਿਚ 31 ਜਨਵਰੀ 1919 ਦੇ ਮੁਜ਼ਾਹਰੇ ਵਾਲੇ ਦਿਨ ਇੱਕ ਲੱਖ ਤੋਂ ਵਧੇਰੇ ਮਜ਼ਦੂਰ ਹੜਤਾਲ ਨਾਲ ਜੁੜੇ। ਇਸ ਮੁਜ਼ਾਹਰੇ ਉਤੇ ਪੁਲੀਸ ਤਸ਼ੱਦਦ ਵੀ ਹੋਇਆ ਪਰ ਅੰਤ ਨੂੰ ਕੰਮ ਦੇ ਘੰਟੇ 54 ਤੋਂ ਘਟ ਕੇ 47 ਕਰਾਉਣ ਵਿਚ ਮਜ਼ਦੂਰਾਂ ਨੂੰ ਅੰਸ਼ਕ ਜਿੱਤ ਹਾਸਲ ਹੋਈ।

ਰੂਸ ਵਿਚ ਹੋਏ 1917 ਦੇ ਸਮਾਜਵਾਦੀ ਇਨਕਲਾਬ ਨੇ ਪੂਰੀ ਦੁਨੀਆ ਦੀ ਮਜ਼ਦੂਰ ਲਹਿਰ ਉਤੇ ਅਸਰ ਛੱਡਿਆ। ਰੂਸ ਵਿਚ ਇਨਕਲਾਬ ਦੇ ਕੁਝ ਦਿਨਾਂ ਮਗਰੋਂ ਹੀ 8 ਘੰਟੇ ਕੰਮ, ਘੱਟੋ-ਘੱਟ ਉਜਰਤ ਤੇ ਹੋਰ ਮਜ਼ਦੂਰ ਹੱਕਾਂ ਬਾਰੇ ਕਾਨੂੰਨ ਪਾਸ ਕੀਤੇ ਗਏ। ਇਉਂ ਇਹ ਸਾਰੇ ਮਜ਼ਦੂਰਾਂ ਲਈ 8 ਘੰਟੇ ਕੰਮ ਨੂੰ ਕਾਨੂੰਨੀ ਮਾਨਤਾ ਦੇਣ ਵਾਲਾ ਪਹਿਲਾ ਮੁਲਕ ਬਣਿਆ। ਪਹਿਲੀ ਤੋਂ ਦੂਜੀ ਸੰਸਾਰ ਜੰਗ ਦਰਮਿਆਨ ਦੁਨੀਆ ਭਰ ਵਿਚ ਟਰੇਡ ਯੂਨੀਅਨ ਲਹਿਰਾਂ ਮਜ਼ਬੂਤ ਹੋਈਆਂ।

ਪਿਛਲੇ ਦਹਾਕਿਆਂ ਦੌਰਾਨ ਮਜ਼ਦੂਰ ਲਹਿਰ ਜਿਵੇਂ-ਜਿਵੇਂ ਕਮਜ਼ੋਰ ਪਈ ਹੈ, ਉਵੇਂ ਉਵੇਂ ਸਖਤ ਸੰਘਰਸ਼ਾਂ ਰਾਹੀਂ ਕਮਾਏ ਹੱਕ ਹਕੂਮਤਾਂ ਨੇ ਖੋਹ ਲਏ ਹਨ। ਹੁਣ ਇੰਗਲੈਂਡ ਵਿਚ ਹੀ ਅੱਧੀ ਤੋਂ ਵੱਧ ਨੌਜਵਾਨ ਆਬਾਦੀ ਸ਼ਨਿੱਚਰਵਾਰ-ਐਤਵਾਰ ਨੂੰ ਵੀ ਕੰਮ ਕਰਨ ਨੂੰ ਮਜਬੂਰ ਹੈ। ਭਾਰਤ ਵਿਚ ਹਾਲਤ ਹੋਰ ਵੀ ਮਾੜੀ ਹੈ। ਮਹਿੰਗਾਈ ਅਤੇ ਘੱਟ ਉਜਰਤਾਂ ਦੀ ਮਾਰ ਨੇ ਬਹੁਤੇ ਮਜ਼ਦੂਰਾਂ ਨੂੰ ਓਵਰਟਾਈਮ ਅਤੇ ਐਤਵਾਰ ਵਾਲੇ ਦਿਨ ਵੀ ਕੰਮ ਕਰਨ ਲਈ ਮਜਬੂਰ ਕੀਤਾ ਹੈ। ਇਕ ਸਰਵੇਖਣ ਮੁਤਾਬਕ ਭਾਰਤ ਵਿਚ ਸਭ ਤੋਂ ਵੱਧ ਛੁੱਟੀ ਵਿਹੂਣੇ ਮਜ਼ਦੂਰ ਹਨ। ਗੈਰ-ਜਥੇਬੰਦ ਖੇਤਰ ਵਾਲੇ ਬਹੁਗਿਣਤੀ ਮਜ਼ਦੂਰਾਂ ਦੀ ਹਾਲਤ ਹੋਰ ਵੀ ਮਾੜੀ ਹੈ। ਨਿਰੋਲ ਅਸਥਾਈ ਕੰਮ ਕਰਨ ਵਾਲੇ ਭਾਰਤ ਦੇ ਕਰੀਬ 80 ਲੱਖ ਗਿੱਗ ਕਾਮਿਆਂ ਲਈ ਤਾਂ ਛੁੱਟੀ ਜਿਹਾ ਕੋਈ ਸੰਕਲਪ ਹੀ ਨਹੀਂ ਹੈ। ਇਉਂ ਮਜ਼ਦੂਰਾਂ 'ਤੇ ਕੰਮ ਦਾ ਵਧਿਆ ਬੋਝ ਅਤੇ ਹੱਕਾਂ 'ਤੇ ਪਿਆ ਡਾਕਾ ਸੰਸਾਰ ਵਿਆਪੀ ਹੈ।

# ਜਦੋਂ ਮਿਹਨਤ ਰੰਗ ਲਿਆਈ...

ਗੁਰਜੰਟ ਕਲਸੀ ਲੰਡੇ
ਫੋਨ: +91-94175-35916

ਦਸਵੀਂ ਪਾਸ ਕਰਨ ਮਗਰੋਂ ਮੈਂ ਮੋਗੇ ਆਈ.ਆਈ.ਆਈ. 'ਚ ਦਾਖਲਾ ਲੈ ਲਿਆ। ਅਸਲ ਵਿਚ ਘਰ ਵਿਚ ਮਾੜੀ ਆਰਥਿਕਤਾ ਨੇ ਝੰਡੇ ਗੱਡੇ ਹੋਏ ਸਨ ਜਿਸ ਕਾਰਨ ਘਰ ਦਾ ਕੋਈ ਹੋਰ ਜੀਅ ਦਸਵੀਂ ਤੱਕ ਵੀ ਨਹੀਂ ਸੀ ਪਹੁੰਚ ਸਕਿਆ। ਹਰ ਇੱਕ ਨੂੰ ਬਚਪਨ ਤੋਂ ਹੀ ਕੰਮ ਵੱਲ ਧੱਕ ਦਿੱਤਾ ਗਿਆ ਸੀ। ਮੈਂ ਪੜ੍ਹਨ ਵਿਚ ਹੁਸ਼ਿਆਰ ਸਾਂ ਅਤੇ ਮੇਰੀ ਮਾਂ ਨੇ ਬਾਪੂ 'ਤੇ ਜ਼ੋਰ ਪਾ ਕੇ ਮੈਨੂੰ ਹੋਰ ਅੱਗੇ ਪੜ੍ਹਾਉਣ ਲਈ ਮਜਬੂਰ ਕਰ ਦਿੱਤਾ ਸੀ।

ਬਾਪੂ ਮੋਗੇ ਕਿਰਾਏ ਦੇ ਮਕਾਨ ਵਿਚ ਰਹਿੰਦਾ ਸੀ ਅਤੇ ਕਈ ਸਾਲਾਂ ਤੋਂ ਇੱਕ ਪ੍ਰਾਈਵੇਟ ਹਾਈ ਸਕੂਲ ਅਤੇ ਕਾਲਜ ਦਾ ਪੱਕਾ ਰਾਜ ਮਿਸਤਰੀ ਸੀ ਜਿਸ ਨੂੰ ਹਰ ਰੋਜ਼ ਪਿੰਡ ਆਉਣਾ ਮੁਸ਼ਕਿਲ ਸੀ। ਨਾਲ ਦੇ ਵਿਦਿਆਰਥੀ ਉੱਚ ਘਰਾਣਿਆਂ ਦੇ ਸਨ ਅਤੇ ਵਧੀਆ ਕੱਪੜੇ ਪਾ ਕੇ ਕਲਾਸ ਵਿਚ ਆਉਂਦੇ। ਮੈਂ ਪਛੜੇ ਜਿਹੇ ਪਿੰਡ ਤੋਂ ਗਿਆ ਸੀ ਅਤੇ ਮਜ਼ਦੂਰ ਦਾ ਪੁੱਤਰ ਹੋਣ ਕਾਰਨ ਸਾਦੇ ਜਿਹੇ ਕੱਪੜੇ ਪਾ ਕੇ ਕਲਾਸ ਵਿਚ ਜਾਂਦਾ। ਉਹ ਵਿਦਿਆਰਥੀ ਮੇਰੇ ਕੋਲੋਂ ਇੱਕ ਤਰ੍ਹਾਂ ਵਿੱਥ ਬਣਾ ਕੇ ਚੱਲਦੇ ਸਨ।

ਉਦੋਂ ਕਰੀਬ ਤਿੰਨ ਕੁ ਇੰਚ ਚੌੜੀ ਅਤੇ ਲੰਮੀ ਤਣੀ ਵਾਲੇ ਬੈਗ ਦੀ ਬੜੀ ਚੜ੍ਹਾਈ ਸੀ ਜੋ ਕੱਪੜੇ ਦਾ ਬਣਿਆ ਹੁੰਦਾ ਤੇ ਲੱਕ ਤੱਕ ਪਹੁੰਚਦਾ ਸੀ। ਮੈਂ ਅਜਿਹੇ ਬੈਗ ਵਿਚ ਘਰੋਂ ਕਿਤਾਬਾਂ, ਕਾਪੀਆਂ ਅਤੇ ਦੁਪਹਿਰ ਲਈ ਅੰਬ ਦੇ ਆਚਾਰ ਨਾਲ ਤਿੰਨ ਰੋਟੀਆਂ ਅਖਬਾਰ ਜਾਂ ਪੋਣੇ ਵਿਚ ਵਲੇਟ ਕੇ ਬੈਗ ਵਿਚ ਪਾ ਲੈਂਦਾ।

ਮੇਰਾ ਬੱਸ ਪਾਸ ਬਣਿਆ ਹੋਇਆ ਸੀ ਅਤੇ ਰੋਜ਼ਾਨਾ ਪਿੰਡ ਆਉਂਦਾ ਸੀ। ਬਾਪੂ ਕੋਲੋਂ ਜੇਬ ਖਰਚ ਮੰਗਦਿਆਂ ਬੜੀ ਸ਼ਰਮ ਆਉਂਦੀ। ਉਦੋਂ ਪੈਸੇ ਪੈਸੇ ਦੀ ਮੁਥਾਜੀ ਸੀ। ਬਾਪੂ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਮਾਂ ਮੈਨੂੰ ਬਾਪੂ ਤੋਂ ਚੋਰੀ ਜੇਬ ਖਰਚ ਦਿੰਦੀ। ਇੱਕ ਦਿਨ ਬਾਪੂ ਕਹਿਣ ਲੱਗਾ, "ਜੇ ਤੂੰ ਛੁੱਟੀ ਵਾਲੇ ਦਿਨ ਮੇਰੇ ਨਾਲ ਕੰਮ 'ਤੇ ਚੱਲਿਆ ਕਰੇਂਗਾ ਤਾਂ ਤੈਨੂੰ ਪੂਰੀ ਦਿਹਾੜੀ ਦੇ 20 ਰੁਪਏ ਅਤੇ ਅੱਧੀ ਦਿਹਾੜੀ ਦੇ 10 ਰੁਪਏ ਦਿਵਾਇਆ ਕਰੂੰ।" ਮੈਂ ਹਾਮੀ ਭਰ ਦਿੱਤੀ। ਸ਼ਨਿੱਚਰਵਾਰ ਅੱਧੀ ਛੁੱਟੀ ਹੁੰਦੀ ਤਾਂ ਮੈਂ ਕੱਪੜੇ ਬਦਲ ਕੇ ਬਾਪੂ ਕੋਲ ਕੰਮ ਕਰਨ ਚਲਿਆ ਜਾਂਦਾ। ਬਾਪੂ ਨੂੰ ਇੱਟਾਂ, ਗਾਰਾ, ਸੀਮਿੰਟ ਆਦਿ ਫੜਾਉਂਦਾ। ਇਉਂ ਮਹੀਨੇ ਵਿਚ 120-130 ਰੁਪਏ ਕਮਾ ਲੈਂਦਾ। ਇਸ ਨਾਲ ਮੇਰਾ ਜੇਬ ਖਰਚ ਚੱਲਣ ਲੱਗ ਪਿਆ। ਕਦੀ ਕਦੀ ਬਾਪੂ ਮੈਨੂੰ ਪਲੱਸਤਰ ਕਰਨ ਜਾਂ ਕੰਧ ਸਿੱਧੀ ਹੁੰਦੀ ਤਾਂ ਇੱਟਾਂ ਦੀ ਚਿਣਾਈ ਕਰਨ ਵੀ ਲਾ ਦਿੰਦਾ। ਇਉਂ ਉਹ ਮੈਨੂੰ ਕੰਮ ਕਰਨ ਅਤੇ ਪੈਸੇ ਕਮਾਉਣ ਦੀ ਆਦਤ ਸਿਖਾਉਣ ਲੱਗ ਪਿਆ।

ਸ਼ਾਮ ਹੁੰਦੇ ਹੀ ਮੈਂ ਪਿੰਡ ਆ ਜਾਂਦਾ ਸੀ। ਕਦੀ ਕਲਾਸ ਨਹੀਂ ਸੀ ਛੱਡੀ। ਹੁਸ਼ਿਆਰ ਵਿਦਿਆਰਥੀਆਂ ਦੇ ਵਜ਼ੀਫੇ ਲਈ ਟੈਸਟ ਹੋਏ ਤਾਂ ਮੇਰੇ ਸਾਰਿਆਂ ਨਾਲੋਂ ਵੱਧ ਨੰਬਰ ਸਨ। ਮੈਨੂੰ ਆਈ.ਟੀ.ਆਈ. ਵਿਚੋਂ ਵਜ਼ੀਫਾ ਮਿਲਣ ਲੱਗਿਆ। ਜਦ ਮੈਂ ਇਹ ਗੱਲ ਮਾਂ-ਪਿਓ ਨੂੰ ਦੱਸੀ ਸੀ ਤਾਂ ਉਹ ਬੜੇ ਖੁਸ਼ ਅਤੇ ਭਾਵੁਕ ਹੋ ਗਏ ਸਨ। ਦੋਹਾਂ ਸਰੋਤਾਂ ਤੋਂ ਮੇਰਾ ਜੇਬ ਖਰਚ ਹੋਰ ਸੁਖਾਲਾ ਹੋ ਗਿਆ ਸੀ। ਫਿਰ ਜੇ ਕਿਤੇ ਚਾਰ ਰੁਪਏ ਬਚਦੇ ਤਾਂ ਸਾਹਿਤ ਦੀਆਂ ਕਿਤਾਬਾਂ ਖਰੀਦ ਲੈਂਦਾ। ਜਦ ਸਾਡਾ ਨਤੀਜਾ ਆਇਆ ਤਾਂ ਸਭ ਤੋਂ ਵੱਧ ਨੰਬਰ ਮੇਰੇ ਸਨ। ਬਾਪੂ ਬੜਾ ਖੁਸ਼ ਕਿ ਮੇਰੀ ਕੰਮ ਅਤੇ ਪੜ੍ਹਨ ਦੀ ਮਿਹਨਤ ਰੰਗ ਲਿਆਈ ਸੀ।

ਕਹਾਣੀ

# ਜਥੇਦਾਰ ਮੁਕੰਦ ਸਿੰਘ

ਸੁਣਦਿਆਂ ਸਾਰ ਜਥੇਦਾਰ ਮੁਕੰਦ ਸਿੰਘ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ।

"ਪਰ ਇਹ ਹੋਇਆ ਕੀਕਣ?" ਕੜਕਦੀ ਆਵਾਜ਼ ਵਿਚ ਉਹਨੇ ਆਪਣੇ ਨਾਇਬ ਨੱਥੂ ਝੀਊਰ ਨੂੰ ਪੁੱਛਿਆ।

"ਜਾਣੋ ਜੀ, ਬਾਰ ਨੂੰ ਤਾਂ ਬਾਹਰੋਂ ਜਿੰਦਾ ਲੱਗਾ ਸੀ। ਅਜੇ ਵੀ ਚੱਲ ਕੇ ਅੱਖੀਂ ਵੇਖ ਲਵੋ।" ਨੱਥੂ ਨੇ ਸਫ਼ਾਈ ਪੇਸ਼ ਕੀਤੀ, "ਪਰ ਪਤੰਦਰਾਂ ਨੇ ਖਿੜਕੀ ਦੀ ਚਿਟਖਨੀ ਖੋਲ੍ਹ ਕੇ ਸੀਖਾਂ ਵਿੰਗੀਆਂ ਕਰ ਲਈਆਂ।"

"ਕਿੰਨੇ ਕੁ ਨੱਠਣ ਲੱਗੇ ਸੀ?"

"ਜਾਣੋ ਜੀ, ਤਿੰਨ ਤਾਂ ਬਾਹਰ ਨਿਕਲੇ। ਉਨ੍ਹਾਂ ਦੇ ਮਗਰ ਲੰਮੀ ਲਾਮਡੋਰੀ ਨੱਠਣ ਨੂੰ ਤਿਆਰ ਖੜ੍ਹੀ ਹੋਵੇਗੀ ਪਰ ਅਸਾਂ ਵੇਲੇ ਸਿਰ ਸਿਰੋਂ ਜਾ ਫੜਿਆ।"

**ਮਹਿੰਦਰ ਸਿੰਘ ਸਰਨਾ**

"ਤੇ ਹੁਣ ਕਿੱਥੇ ਨੇ ਉਹ ਕੰਜਰ?" ਮੁਸਲਮਾਨਾਂ ਵਿਰੁੱਧ ਨਫ਼ਰਤ ਨੇ ਜਥੇਦਾਰ ਦੇ ਮਨ ਵਿਚ ਫ਼ਣ ਚੁੱਕ ਲਿਆ।

"ਜਾਣੋ ਜੀ, ਮੁਸ਼ਕਾਂ ਕੱਸ ਕੇ ਮੂਹਰਲੇ ਬਰਾਂਡੇ ਵਿਚ ਗੁੱਠੇ ਲਾ ਦਿੱਤੇ।"

"ਚੰਗਾ ਤੂੰ ਚੱਲ।" ਜਥੇਦਾਰ ਨੇ ਦਬਦਬੇ ਨਾਲ ਆਖਿਆ, "ਜਥੇ ਨੂੰ ਆਖੀਂ ਚੌਕਸ ਰਹਿਣ। ਕਰਨੇ ਆਂ ਹੁਣੇ ਬੰਦੋਬਸਤ ਸਾਰਿਆਂ ਨੂੰ ਗੱਡੀ ਚੜ੍ਹਾਉਣ ਦਾ।"

ਗੱਡੀ ਚੜ੍ਹਾਉਣ ਦਾ ਮਤਲਬ ਨੱਥੂ ਭਲੀ ਪ੍ਰਕਾਰ ਜਾਣਦਾ ਸੀ। ਪਿਛਲੇ ਤਿੰਨ ਚਾਰ ਮਹੀਨਿਆਂ ਵਿਚ ਜਥੇਦਾਰ ਤੇ ਉਹਦੇ ਜਥੇ ਨੇ ਸੈਂਕੜੇ ਮੁਸਲਮਾਨ ਮਹਾਜਰਾਂ ਨੂੰ ਗੱਡੀ ਚੜ੍ਹਾਇਆ ਸੀ ਪਰ ਇਹ ਗੱਡੀ ਮੁਹੰਮਦ ਅਲੀ ਜਿਨਾਹ ਦੇ ਪਾਕਿਸਤਾਨ ਨਹੀਂ ਸੀ ਜਾਂਦੀ। ਇਸ ਗੱਡੀ ਦੀ ਮੰਜ਼ਲ ਮਲਕੁਲ ਮੌਤ ਦੀ ਰਾਜਧਾਨੀ ਸੀ। ਕੋਈ ਸਮਾਂ ਸੀ ਜਦੋਂ ਜਥੇਦਾਰ ਮੁਕੰਦ ਸਿੰਘ ਸਿਰਫ਼ ਮੁਕੰਦ ਸਿੰਘ ਸੀ ਤੇ ਜਦੋਂ ਉਹ ਮੋਈ ਕੀੜੀ 'ਤੇ ਪੈਰ ਨਹੀਂ ਸੀ ਧਰਦਾ ਪਰ ਹੁਣ ਤਾਂ ਉਹ ਬੰਦਾ ਮਾਰਨ ਲੱਗਿਆਂ 'ਸੀ' ਨਹੀਂ ਸੀ ਕਰਦਾ।

ਪੱਛਮੀ ਪੰਜਾਬ ਵਿਚ ਜੋ ਘੱਲੂਘਾਰਾ ਉਹਦੇ ਪਰਿਵਾਰ ਉਤੇ ਵਰਤਿਆ ਸੀ, ਉਸ ਤੋਂ ਉਪਜੀ ਬਦਲੇ ਦੀ ਹਵਸ ਨੇ ਉਹਨੂੰ ਬੇਕਿਰਕ ਬਣਾ ਦਿੱਤਾ ਸੀ। ਮਾਰਚ ਸੰਤਾਲੀ ਵਿਚ ਰਾਵਲਪਿੰਡੀ ਡਿਵੀਜ਼ਨ ਦੇ ਸਿੱਖ ਪਿੰਡਾਂ ਵਿਚ ਜਿਹੜਾ ਕਤਲਾਮ ਮਚਿਆ ਸੀ, ਉਹਦੇ ਅੰਦਰ ਨੜਾਲੀ ਪਿੰਡ ਵਿਚ ਮੁਕੰਦ ਸਿੰਘ ਦੇ ਖਾਨਦਾਨ ਦੇ ਅਠਾਰ੍ਹਾਂ ਜੀਅ ਵੱਢੇ ਗਏ ਸਨ। ਲੁੱਟ ਦੇ ਹਿਰਸਾਏ ਅਤੇ ਦੀਨੀ ਜੋਸ਼ ਨਾਲ ਹਲਕਾਏ ਹਜੂਮਾਂ ਨੇ ਕਿਸੇ ਬੱਚੇ ਬੁੱਢੇ ਦੀ ਵੀ ਜਾਨ ਨਹੀਂ ਸੀ ਬਖ਼ਸ਼ੀ। ਉਹਦੇ ਖਾਨਦਾਨ ਦੀਆਂ ਸੁਆਣੀਆਂ ਨੇ ਪਿੰਡ ਦੇ ਖੂਹ ਵਿਚ ਛਾਲ ਮਾਰ ਕੇ ਆਪਣੀ ਪੱਤ ਬਚਾਈ ਸੀ। ਇਹ ਕਹਿਰ ਸਿਰਫ਼ ਸਿੱਖ ਪਿੰਡਾਂ 'ਤੇ ਹੀ ਟੁੱਟਾ ਸੀ; ਕਿਉਂ ਜੋ ਸਿੱਖਾਂ ਨੇ ਜਿਨਾਹ ਦੇ ਪਾਕਿਸਤਾਨ ਨਾਲੋਂ ਇਕ ਵੱਡਾ ਪੜਛਾ ਲਾਹ ਲਿਆ ਸੀ। ਜਿਨਾਹ ਦੇ ਸੁਪਨੇ ਪਾਕਿਸਤਾਨ ਦੀ ਹਦ ਜਮਨਾ ਦਾ ਕੰਢਾ ਸੀ ਪਰ ਸਿੱਖਾਂ ਨੇ ਜਿਨਾਹ ਦਾ ਦੋਸਤੀ ਲਈ ਵਧਾਇਆ ਹੱਥ ਝਟਕ ਕੇ ਪਾਕਿਸਤਾਨ ਦੀ ਸਰਹੱਦ ਰਾਵੀਉਂ ਅੱਗੇ ਨਹੀਂ ਸੀ ਟੱਪਣ ਦਿੱਤੀ, ਤੇ ਅੱਧਾ ਪੰਜਾਬ ਪਾਕਿਸਤਾਨ ਵਿਚ ਜਾਣੋਂ ਬਚਾ ਲਿਆ ਸੀ। ਜਿਨਾਹ ਨੇ ਆਪਣੀ ਤਕਰੀਰ ਵਿਚ ਆਖਿਆ ਸੀ ਕਿ ਸਿੱਖਾਂ ਨੇ ਉਹਦੇ ਪਾਕਿਸਤਾਨ ਨੂੰ ਲੂਹਲਾ-ਲੰਗੜਾ ਕਰ ਦਿੱਤਾ ਸੀ।

ਜਦੋਂ ਪੋਠੋਹਾਰ ਦੇ ਸਿੱਖ ਪਿੰਡਾਂ ਵਿਚ ਇਹ ਬਾਬਰਵਾਣੀ ਫ਼ਿਰੀ ਤਾਂ ਮੁਕੰਦ ਸਿੰਘ ਆਪ ਰਾਵਲਪਿੰਡੀ ਸ਼ਹਿਰ ਵਿਚ ਸੀ, ਜਿਥੇ ਉਹ ਆਰਡੀਨੈਂਸ ਡਿਪੋ ਵਿਚ ਮੁਲਾਜ਼ਮਤ ਕਰਦਾ ਸੀ। ਉਹਦੀ ਘਰਵਾਲੀ ਅਤੇ ਬੱਚੇ ਸਾਲਾਨਾ ਇਮਤਿਹਾਨ ਮਗਰੋਂ ਆਪਣੇ ਦਾਦਕੇ ਪਿੰਡ ਨੜਾਲੀ ਗਏ ਹੋਏ ਸਨ। ਉਨ੍ਹਾਂ ਵਿਚੋਂ ਕੋਈ ਜਿਉਂਦਾ ਨਾ ਪਰਤਿਆ। ਏਡਾ ਜ਼ੁਲਮ, ਏਡਾ ਕਸਾਈਪੁਣਾ ਕਦੀ ਵੇਖਣ-ਸੁਣਨ ਵਿਚ ਨਹੀਂ ਸੀ ਆਇਆ। ਮੁਕੰਦ ਸਿੰਘ ਹਉਕੇ ਭਰਦਾ ਮੁੜ ਮੁੜ ਕਹਿੰਦਾ- "ਬਸ ਹੁਣ ਤਾਂ ਹਿੱਕਾ ਹਸਰਤ ਰਹਿ ਗਈ ਏ। ਹੱਥ ਵਿਚ ਹੋਵੈ ਸ੍ਰੀ ਸਾਹਬ ਤੇ ਨਾਲ ਹੋਵੇ ਪੰਜ ਸੌ ਸਿੰਘਾਂ ਦਾ ਜਥਾ, ਤਾਂ ਹਿੱਕ ਵਾਰੀ ਸਾਰੇ ਮੁਸਲਮਕੇ ਪਿੰਡਾਂ ਦੀ ਇੱਟ ਨਾਲ ਇੱਟ ਵਜਾ ਦਿਆਂ।"

ਮੁਸਲਮਾਨਾਂ ਵਿਰੁੱਧ ਨਫ਼ਰਤ ਦਾ ਜਨੂੰਨ ਵਰੋਲਾ ਬਣ ਕੇ ਉਹਦੇ ਸਿਰ ਨੂੰ ਚੜ੍ਹ ਗਿਆ ਸੀ। ਉਹਦੀ ਹਸਰਤ ਰਾਵਲਪਿੰਡੀ ਵਿਚ ਪੂਰੀ ਨਾ ਹੋਈ। ਉਥੇ ਤਾਂ ਹਰ ਕਿਸੇ ਨੂੰ ਆਪਣੀ ਜਾਨ ਦੀ ਪਈ ਹੋਈ ਸੀ। ਪੰਜ ਸੌ ਸਿੰਘਾਂ ਦਾ ਜਥਾ ਉਹਦਾ ਕਿਥੋਂ ਬਣਨਾ ਸੀ।

ਇਹ ਹਸਰਤ ਮਨ ਵਿਚ ਘੁੱਟੀ ਜਦੋਂ ਉਹ ਪਾਕਿਸਤਾਨ ਦੀ ਸਰਹੱਦ ਟੱਪ ਕੇ ਲੁਧਿਆਣੇ ਆਇਆ ਤਾਂ ਉਹ ਧੁਰ ਅੰਦਰ ਤੀਕ ਪੱਛਿਆ ਹੋਇਆ ਸੀ। ਸਦਮਿਆਂ ਦੀ ਪੀੜ ਉਹਦੀ ਰੂਹ ਦੇ ਮਾਰੂਥਲ ਵਿਚ ਜੀਰ ਗਈ ਸੀ। ਉਹਦੇ ਫਟ ਅਜਿਹੇ ਸਨ ਜਿਨ੍ਹਾਂ 'ਤੇ ਕਦੀ ਅੰਗੂਰ ਨਹੀਂ ਆਉਂਦਾ; ਪੁਰਾਣੇ ਹੋ ਕੇ ਜੋ ਨਾਸੂਰ ਬਣ ਜਾਂਦੇ ਹਨ। ਉਹ ਆਪ ਵੀ ਚਾਹੁੰਦਾ ਸੀ ਕਿ ਉਹਦੇ ਜ਼ਖ਼ਮ ਕਦੀ ਨਾ ਆਠਰਨ ਅਤੇ ਉਹਦੀ ਰੂਹ ਵਿਚ ਪੀੜ ਦੀ ਧੋਖਣੀ ਨਫ਼ਰਤ ਦੀ ਭੱਠੀ ਮਘਾਈ ਰਹੇ। ਏਦਾਂ ਹੀ ਹੋਇਆ ਅਤੇ ਬਦਲੇ ਦੀ ਭਾਵਨਾ ਉਹਦੇ ਅੰਦਰ ਜੰਗਾਲੀ ਕਰਦ ਬਣ ਕੇ ਰੜਕਦੀ ਰਹੀ।

ਲੁਧਿਆਣੇ ਆ ਕੇ ਵੀ ਉਹਨੂੰ ਪੰਜ ਸੌ ਸਿੰਘਾਂ ਦਾ ਜਥਾ ਨਾ ਮਿਲਿਆ। ਪੰਦਰਾਂ ਵੀਹ ਵੈਲੀ, ਬਦਮਾਸ਼ ਤੇ ਲੁਟੇਰੇ ਉਹਦੇ ਸਾਥੀ ਜ਼ਰੂਰ ਬਣ ਗਏ। ਇਹ ਧਾੜ ਜੋ ਆਪਣੇ ਆਪ ਨੂੰ ਜਥਾ ਅਖਵਾਉਂਦੀ ਸੀ, ਅਸਲ ਵਿਚ ਜਥੇ ਵਰਗੇ ਪਵਿੱਤਰ ਸ਼ਬਦ ਲਈ ਕਲੰਕ ਸੀ।

ਮੁਕੰਦ ਸਿੰਘ ਦੇ ਜੋਸ਼ ਅਤੇ ਕੱਟੜਪੁਣੇ ਨੇ ਸਾਥੀਆਂ ਵਿਚ ਉਹਦੀ 'ਬੱਲੇ ਬੱਲੇ' ਕਰਾ ਦਿੱਤੀ ਸੀ। ਤੇ ਜਦੋਂ ਤੋਂ ਉਹਨੇ ਇਕ ਮੁਸਲਮਾਨ ਚੌਧਰੀ ਦੀ ਦੁਨਾਲੀ ਅਤੇ ਕਾਰਤੂਸਾਂ ਦੀ ਪੇਟੀ ਕਾਬੂ ਕੀਤੀ ਸੀ, ਉਹ ਇਸ ਧਾੜ ਦਾ ਜਥੇਦਾਰ ਬਣ ਗਿਆ ਸੀ।

ਹੁਣ ਤੀਕ ਜਥੇਦਾਰ ਮੁਕੰਦ ਸਿੰਘ ਨੇ ਮੁਸਲਮਾਨ ਮਹਾਜਰਾਂ ਦੇ ਕਾਫ਼ਲਿਆਂ ਉਤੇ ਨਿੱਕੇ ਮੋਟੇ ਸ਼ਬਖ਼ੂਨ ਮਾਰੇ ਸਨ ਪਰ ਅੱਜ ਲੁਧਿਆਣੇ ਜ਼ਿਲ੍ਹੇ ਦੇ ਇਸ ਸਮੁਲੜੇ ਮੁਸਲਮਕੇ ਪਿੰਡ ਠੀਕਰੀ ਮਾਜਰੇ 'ਤੇ ਹੱਲਾ ਬੋਲ ਕੇ ਉਹਦਾ ਦੁਮਾਲਾ ਉੱਚਾ ਹੋ ਗਿਆ ਸੀ।

ਠੀਕਰੀ ਮਾਜਰੇ ਦੇ ਬਖ਼ਤਾਵਰ ਵਸਨੀਕ ਜਿਨ੍ਹਾਂ ਕੋਲ ਅਸਲ੍ਹਾ ਸੀ, ਉਹ ਤਾਂ ਪਹਿਲੇ ਹੀ ਸਿਆਲਕੋਟ ਜਾਂ ਲਾਹੌਰ ਜਾ ਅੱਪੜੇ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਠੀਕਰੀ ਮਾਜਰਾ ਵਿਚਾਰਾ ਜਿਹਾ ਹੋ ਕੇ ਰਹਿ ਗਿਆ ਸੀ। ਕਾਮਿਆਂ-ਕਮੀਣਾਂ ਦੀ ਵਸੋਂ ਪਾਕਿਸਤਾਨ ਵੱਲ ਬਚ ਨਿਕਲਣ ਦਾ ਕੋਈ ਮੌਕਾ ਢੂੰਡ ਰਹੀ ਸੀ। ਉਨ੍ਹਾਂ ਦੇ ਹਰਾਸੇ ਚਿਹਰਿਆਂ ਉਤੇ ਆਸ ਦੀ ਨਿੰਮੀ ਜਹੀ ਲੋਅ ਜਗ ਪਈ ਜਦੋਂ ਸੁਣਿਆ ਕਿ ਅਗਲੇ ਦਿਨ ਮੁਸਲਮਾਨ ਮਹਾਜਰਾਂ ਦਾ ਵੱਡਾ ਕਾਫ਼ਲਾ ਜਰਨੈਲੀ ਸੜਕ ਤੋਂ ਲੰਘਣਾ ਸੀ। ਜਰਨੈਲੀ ਸੜਕ ਠੀਕਰੀ ਮਾਜਰੇ ਤੋਂ ਬੱਸ ਅੱਧੇ ਕੋਹ ਦੀ ਵਾਟ ਸੀ। ਉਨ੍ਹਾਂ ਸਭਨਾਂ ਇਸ ਕਾਫ਼ਲੇ ਨਾਲ ਰਲਣ ਦੀ ਵਿਉਂਤ ਬਣਾਈ। ਸਾਰਾ ਦਿਨ ਉਹ ਨਿੱਕ-ਸੁੱਕ ਗੰਢੜੀਆਂ ਅਤੇ ਟਰੰਕੀਆਂ ਵਿਚ ਸਾਂਭਦੇ ਰਹੇ ਅਤੇ ਲੱਦਣ ਲਈ ਗੱਡੇ ਤਿਆਰ ਕਰਦੇ ਰਹੇ। ਉਹ ਅਗਲੇ ਦਿਨ ਦੀ ਦੁਪਹਿਰ ਨੂੰ ਉਡੀਕ ਰਹੇ ਸਨ ਜਦੋਂ ਕਾਫ਼ਲੇ ਨੇ ਠੀਕਰੀ ਮਾਜਰੇ ਲਾਗਿਓਂ ਲੰਘਣਾ ਸੀ।

ਪਰ ਜਿਉਂ ਹੀ ਪੱਛਮ ਵਿਚ ਖਿਲਰੀ ਲੱਪ ਕੁ ਲਾਲੀ ਸੁੰਗੜਦੀ ਸਿਮਟਦੀ ਲਕੀਰ ਜਿਹੀ ਰਹਿ ਗਈ ਤਾਂ ਹੋਣੀ ਜਥੇਦਾਰ ਮੁਕੰਦ ਸਿੰਘ ਦੇ ਜਥੇ ਦਾ ਰੂਪ ਧਾਰ ਕੇ ਧੂੜਾਂ ਪੁੱਟਦੀ ਪਿੰਡ 'ਤੇ ਆਣ ਚੜ੍ਹੀ। ਅਸਬਾਬ ਸਾਰਾ ਜਥੇ ਨੇ ਲੁੱਟ ਲਿਆ। ਮਾਲ ਡੰਗਰ ਕਿੱਲਿਆਂ ਤੋਂ ਅੜਾਂਦਾ ਤਖ਼ਤਿਆਂ ਵਾਲੀ ਸਕੂਲ ਦੀ ਇਮਾਰਤ ਵਿਚ ਡੱਕ ਦਿੱਤਾ। ਥਾਏਂ ਮਾਰ ਸੁੱਟਣਾ ਸੌਖਾ ਸੀ ਪਰ ਏਡੀ ਸੌਖੀ ਮੌਤ ਦੇਣੀ ਜਥੇਦਾਰ ਨੂੰ ਮਨਜ਼ੂਰ ਨਹੀਂ ਸੀ। ਮਾਰਨ ਤੋਂ ਪਹਿਲਾਂ ਉਹ ਉਨ੍ਹਾਂ ਨੂੰ ਛਿੰਨ ਛਿੰਨ ਕਰਕੇ ਹਜ਼ਾਰ ਵਾਰੀ ਮਾਰਨਾ ਚਾਹੁੰਦਾ ਸੀ। ਪੁਰਾਣੇ ਸੰਸਕਾਰਾਂ ਸਦਕਾ ਏਨੀ ਕੁ ਇਨਸਾਨੀਅਤ ਉਹਦੇ ਵਿਚ ਰਹਿ ਗਈ ਸੀ ਕਿ ਉਹਨੇ ਬੱਚਿਆਂ ਅਤੇ ਔਰਤਾਂ ਦੀ ਕਦੀ ਜਾਨ ਨਹੀਂ ਸੀ ਲਈ, ਨਾ ਹੀ ਪੱਤ ਨੂੰ ਹੱਥ ਪਾਇਆ ਸੀ। ਉਹਦੇ ਜੁੰਡੀਦਾਰ ਇਹ ਗੱਲ ਜਾਣਦੇ ਸਨ ਅਤੇ ਕਦੀ ਜਥੇਦਾਰ ਦੀ ਵਾਹੀ ਲੀਕ ਨਹੀਂ ਸੀ ਟੱਪਦੇ। ਸਕੂਲ ਦਾ ਹਾਲ ਕਮਰਾ ਉਸ ਵੇਲੇ ਬੁੱਚੜਾਂ ਦਾ ਵਾੜਾ ਨਜ਼ਰ ਆਉਂਦਾ ਸੀ। ਸਹਿਮ ਦੇ ਮੂੰਹ ਆਏ ਬੰਦੀ ਠੱਕੇ ਮਾਰੇ ਬਾਂਦਰਾਂ ਵਾਂਗ ਕੰਬੀ ਜਾ ਰਹੇ ਸਨ।

"ਖ਼ਬਰਦਾਰ, ਜੇ ਕਿਸੇ ਨੇ ਰਾਤੀਂ ਨੱਠਣ ਦੀ ਕੋਸ਼ਿਸ਼ ਕੀਤੀ।" ਜਥੇਦਾਰ ਨੇ ਭਬਕ ਮਾਰੀ, "ਬਾਹਰ ਨੰਗੀਆਂ ਤਲਵਾਰਾਂ ਦਾ ਪਹਿਰਾ ਏ।" ਉਹਦੇ ਮੁਛਹਿਰਿਆਂ ਦੇ ਕੁੰਡ ਕੰਬ ਰਹੇ ਸਨ।

ਬੰਦੀਆਂ ਨੂੰ ਚੇਤਾਵਨੀ ਦੇ ਕੇ ਉਹ ਦਰੋਂ ਬਾਹਰ ਹੋ ਗਿਆ। ਹਾਲ ਕਮਰੇ ਦੇ ਇਕੋ ਇਕ ਦਰਵਾਜ਼ੇ ਉਤੇ ਉਹਨੇ ਮੋਟਾ ਜਿੰਦਰਾ ਠੋਕ ਦਿੱਤਾ। ਫੇਰ ਉਹਨੇ ਜਥੇ ਨੂੰ ਚੌਕਸ ਰਹਿਣ ਦੀ ਤਾਕੀਦ ਕੀਤੀ ਤਾਂ ਉਹਦੇ ਇਕ ਮਲਵਈ ਢਾਣੀਦਾਰ ਨੇ ਆਖਿਆ, "ਬਾਈ, ਤੂੰ ਬਾਂਹ ਸਰਹਾਣੇ ਰੱਖ ਕੇ ਸੌਂ ਜਾ। ਸਵੇਰੇ ਗਿਣ ਕੇ ਲੈ ਲਈਂ ਆਪਣੇ ਮੁਸਲੇ।"

ਸਕੂਲ ਦੇ ਹਾਲ ਕਮਰੇ ਵਿਚ ਸੰਘਣਾ ਹਨ੍ਹੇਰਾ ਸੀ। ਕੋਈ ਦੀਵਾ ਵੱਟੀ ਨਹੀਂ ਸੀ ਬਲ ਰਿਹਾ। ਹਨ੍ਹੇਰੇ ਤੋਂ ਛੁੱਟ ਭੈਅ ਦੇ ਪਰਛਾਵਿਆਂ ਨੇ ਵੀ ਕੰਧਾਂ ਕਾਲੀਆਂ ਕਰ ਦਿੱਤੀਆਂ ਸਨ। ਔਰਤਾਂ, ਮਰਦ ਅਤੇ ਬੱਚੇ ਸਾਰੇ ਦੇ ਸਾਰੇ ਡੰਗਰਾਂ ਵਾਂਗ ਤੂਸੇ ਹੋਏ ਸਨ। ਉਹ ਜਾਣਦੇ ਸਨ, ਉਨ੍ਹਾਂ ਉਤੇ ਮੌਤ ਦਾ ਫ਼ਤਵਾ ਲੱਗ ਚੁੱਕਾ ਸੀ ਤੇ ਏਸ ਫ਼ਤਵੇ ਵਿਰੁੱਧ ਕੋਈ ਸੁਣਵਾਈ ਨਹੀਂ ਸੀ। ਮੌਤ ਦੀ ਦਹਿਸ਼ਤ ਨੇ ਸਭਨਾਂ ਦੇ ਹੋਸ਼-ਹਵਾਸ ਸੂਤ ਰਖੇ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਉਦਾਸੀ ਨਾਲੋਂ ਵੀਰਾਨੀ ਕਿਤੇ ਵੱਧ ਸੀ। ਸਾਰੀ ਰਾਤ ਉਹ ਬਿੜਕਾਂ ਨਾਲ ਤ੍ਰਹਿੰਦੇ ਰਹੇ। ਸਾਰੀ ਰਾਤ ਉਹ ਅੱਲ੍ਹਾ ਅੱਗੇ ਵਾਸਤੇ ਪਾਂਦੇ ਅਤੇ ਹਾੜੇ ਘੱਤਦੇ ਰਹੇ ਪਰ ਅੱਲ੍ਹਾ ਤਾਂ ਕਿਤੇ ਲੰਮੀਆਂ ਤਾਣ ਕੇ ਸੌਂ ਗਿਆ ਸੀ!



ਲੋਅ ਲੱਗਣ ਵਾਲੀ ਸੀ ਕਿ ਕੁਝ ਬੰਦੀਆਂ ਨੇ ਖਿੜਕੀ ਦੀਆਂ ਸੀਖਾਂ ਵਿੰਗੀਆਂ ਕਰ ਕੇ ਨੱਠਣ ਦਾ ਬਾਨ੍ਹਣੂ ਬੰਨ੍ਹਿਆ ਪਰ ਅਜੇ ਤਿੰਨ ਜਣੇ ਹੀ ਖਿੜਕੀਓਂ ਬਾਹਰ ਹੋਏ ਸਨ ਕਿ ਜਥੇ ਦੇ ਚੌਕਸ ਪਹਿਰੂਆਂ ਨੇ ਆਣ ਦਬੋਚਿਆ।

ਜਦੋਂ ਜਥੇਦਾਰ ਸਕੂਲ ਦੇ ਬਰਾਂਡੇ ਵਿਚ ਅੱਪੜਿਆ ਤਾਂ ਉਹਨੇ ਮੰਡਾਸਾ ਮਾਰਿਆ ਹੋਇਆ ਸੀ। ਤਿੰਨਾਂ ਭਗੌੜਿਆਂ 'ਤੇ ਗੱਡੀਆਂ ਉਹਦੀਆਂ ਨਿੱਕੀਆਂ ਚਮਕੀਲੀਆਂ ਅੱਖਾਂ ਫ਼ਨੀਅਰ ਵਾਂਗ ਫੂੰਕਾਰੇ ਮਾਰ ਰਹੀਆਂ ਸਨ। ਜਥੇਦਾਰ ਦੀ ਸੈਨਤ ਬੁੱਝਦਿਆਂ ਨੱਥੂ ਝੀਊਰ ਨੇ ਤਿੰਨਾਂ ਭਗੌੜਿਆਂ ਦੀਆਂ ਮੁਸ਼ਕਾਂ ਖੋਲ੍ਹ ਦਿੱਤੀਆਂ ਪਰ ਉਹ ਬਰਾਂਡੇ ਦੇ ਫ਼ਰਸ਼ 'ਤੇ ਸਿੱਥਲ ਪਏ ਰਹੇ। ਉੱਠ ਕੇ ਖੜ੍ਹੋ ਸਕਣ ਦੀ ਸੱਤਿਆ ਉਨ੍ਹਾਂ ਵਿਚ ਨਹੀਂ ਸੀ ਰਹਿ ਗਈ ਜਾਪਦੀ।

"ਉੱਠੋ, ਉੱਠੋ, ਉੱਠੋ।" ਜਥੇਦਾਰ ਦੀ ਦੁਨਾਲੀ ਦੀਆਂ ਹੁੱਝਾਂ ਖਾ ਕੇ ਉਹ ਲੜਖੜਾਂਦੇ ਹੋਏ ਉੱਠੇ।

"ਉਪਰ ਵੇਖੋ। ਉਂਧੀ ਕਿਉਂ ਪਾ ਰੱਖੀ ਜੇ।" ਜਥੇਦਾਰ ਕੜਕਿਆ।

"ਉਏ ਮੈਂ ਤੁਹਾਡੇ ਨਾਲ ਆਂ ਕੁੱਤੀ ਦਿਉ ਪੁੱਤਰੋ।" ਮੁਕੰਦ ਸਿੰਘ ਨੇ ਤਿੰਨਾਂ ਨੂੰ ਗਲਮਿਉਂ ਫੜ ਕੇ ਝੰਜੋੜਾ ਮਾਰਿਆ। ਤਿੰਨਾਂ ਮੰਦਭਾਗਿਆਂ ਨੇ ਆਪਣੀ ਨੀਵੀਂ ਚੁੱਕੀ।

"ਉਏ ਤੁਸੀਂ ਕੰਬਣ ਕਿਉਂ ਡਹੇ ਹੋ। ਹੁਣੇ ਮੇਰੀ ਦੁਨਾਲੀ ਤੁਹਾਡੇ ਅੰਦਰ ਚੰਗਿਆੜੇ ਬਾਲ ਦਏਗੀ।"

ਉਨ੍ਹਾਂ ਵਿਚੋਂ ਦੋ ਗੱਭਰੂ ਸਨ। ਤੀਜਾ ਪੰਜਾਹ ਪਚਵੰਜਾਂ ਨੂੰ ਢੁੱਕਦਾ ਅੱਧਖੜ ਸੀ। ਕੰਬ ਸਿਰਫ਼ ਦੋਵੇਂ ਗੱਭਰੂ ਰਹੇ ਸਨ। ਡਰ ਨਾਲ ਦੋਹਾਂ ਗੱਭਰੂਆਂ ਨੇ ਬੱਗੇ ਬੱਗੇ ਆਨੇ ਕੱਢ ਲਏ ਸਨ ਪਰ ਅੱਧਖੜ ਬੇਖ਼ੌਫ਼ ਖੜੋਤਾ ਸੀ। ਦੋਵੇਂ ਗੱਭਰੂ ਹੱਥ ਬੰਨ੍ਹੀਂ ਨਿਮਾਣੇ ਬਣੇ ਹੋਏ ਸਨ ਪਰ ਅੱਧਖੜ ਦੇ ਹੱਥਾਂ ਦੀ ਕੰਘੀ ਉਹਦੀ ਪਿੱਠ ਪਿੱਛੇ ਸੀ।

ਜਥੇਦਾਰ ਨੇ ਭਵਾਂ ਸੁਕੇੜ ਕੇ ਕੈਰੀਆਂ ਅੱਖਾਂ ਨਾਲ ਅੱਧਖੜ ਨੂੰ ਵਿੰਨ੍ਹਿਆ।

"ਬੋਲੋ ਕਿਹੜੇ ਪਿਉ ਨੂੰ ਪੁੱਛ ਕੇ ਨੱਠਣ ਲੱਗੇ ਸਉ। ਤੁਹਾਨੂੰ ਪਾਕਿਸਤਾਨ ਜਾਣ ਦੀ ਬਹੁਤੀ ਕਾਹਲੀ ਏ। ਐਹ ਹੁਣੇ ਦੁਨਾਲੀ ਤੁਹਾਨੂੰ ਬਗ਼ੈਰ ਟਿਕਟ ਦੇ ਲਾਹੌਰ ਪੁਚਾ ਦਏਗੀ ਪਰ ਨਹੀਂ, ਗੋਲੀ ਨਾਲ ਤਾਂ ਤੁਸੀਂ ਸੁਖਾਲੇ ਛੁੱਟ ਜਾਓਗੇ। ਤੁਹਾਡੇ ਤਿੰਨਾਂ ਦਾ ਤਾਂ ਕੁਤਰਾ ਕਰਨਾ ਚਾਹੀਦਾ ਹੈ।"

ਦੁਹਾਂ ਗੱਭਰੂਆਂ ਦੇ ਮੂੰਹ 'ਤੇ ਮੌਤ ਦੀ ਪਿਲੱਤਣ ਵਰਤੀ ਹੋਈ ਸੀ। ਕਾਂਬੇ ਨਾਲ ਉਨ੍ਹਾਂ ਦੇ ਗੋਡੇ-ਗਿੱਟੇ ਭਿੜ ਰਹੇ ਸਨ। ਬਚ ਨਿਕਲਣ ਦੀ ਫ਼ਟੜ ਹੋ ਗਈ ਉਮੀਦ ਉਨ੍ਹਾਂ ਦੇ ਉੱਭੇ ਸਾਹਾਂ ਵਿਚ ਸਿਸਕ ਰਹੀ ਸੀ। ਹੱਥ ਬੰਨ੍ਹੀਂ ਉਹ ਬਾਹੁੜੀਆ ਪਾ ਰਹੇ ਸਨ।

"ਸਰਦਾਰਾ, ਵਾਸਤਾ ਈ ਆਪਣੇ ਗੁਰੂ ਦਾ। ਸਾਡੀ ਜਾਨ ਬਕਸ਼ ਦੇ। ਸਾਨੂੰ ਸਿੱਖ ਬਣਾ ਲੈ। ਸਾਰੀ ਉਮਰ ਤੇਰੀ ਚਾਕਰੀ ਕਰਾਂਗੇ।"

"ਤੁਹਾਡੇ ਵਰਗਿਆਂ ਬਾਝੋਂ ਸਿੱਖੀ ਦਾ ਕੁਝ ਨਹੀਂ ਥੁੜਿਆ।" ਜਥੇਦਾਰ ਨੇ ਬੜ੍ਹਕ ਮਾਰੀ। ਉਹਦਾ ਵਿਕਰਾਲ ਚਿਹਰਾ ਸੇਕ ਛੱਡ ਰਿਹਾ ਸੀ।

ਦੋਵੇਂ ਗੱਭਰੂ ਜਥੇਦਾਰ ਦੇ ਪੈਰੀਂ ਡਿੱਗੇ ਗਿੜਗਿੜਾ ਰਹੇ ਸਨ। ਜਥੇਦਾਰ ਨੇ ਦੁਨਾਲੀ ਦੀਆਂ ਹੁੱਝਾਂ ਨਾਲ ਦੋਨਾਂ ਨੂੰ ਮੁੜ ਖੜ੍ਹਾ ਕੀਤਾ। ਅੱਧਖੜ ਚੁੱਪ-ਚਪੀਤਾ ਜਥੇਦਾਰ ਦੀ ਦੁਨਾਲੀ ਨੂੰ ਨੀਝ ਰਿਹਾ ਸੀ। ਉਹਦੀ ਬੇਖ਼ੌਫ਼ ਤੱਕਣੀ ਜਿਵੇਂ ਕਹਿ ਰਹੀ ਹੋਵੇ, "ਹੁਣ ਚਲਾ ਵੀ ਗੋਲੀ ਤੇ ਮੁਕਾ ਇਹ ਟੰਟਾ।"

ਉਹਦੀ ਨਿਝੱਕ ਅਤੇ ਨਿਸ਼ੰਗ ਤੱਕਣੀ ਜਥੇਦਾਰ ਦੇ ਮੱਥੇ ਵਿਚ ਠੀਕਰ ਵਾਂਗ ਵੱਜੀ। ਦੁਹਾਂ ਗੱਭਰੂਆਂ ਦੀ ਸ਼ਕਲ ਸੂਰਤ ਐਸੀ ਸੀ ਕਿ ਧਿਆਨ ਨਾਲ ਵੇਖੇ ਬਿਨਾਂ ਨਿਰਣਾ ਕਰਨਾ ਕਠਿਨ ਸੀ ਕਿ ਉਹ ਹਿੰਦੂ ਸਨ ਜਾਂ ਮੁਸਲਮਾਨ ਪਰ ਅੱਧਖੜ ਦਾ ਚਿਹਰਾ-ਮੁਹਰਾ ਖਾਸ ਇਸਲਾਮੀ ਸੀ। ਉਹਦੀ ਦਾੜ੍ਹੀ ਦੀਆਂ ਕਲਮਾਂ ਲਬਾਂ ਸ਼ਰੀਅਤ ਦੇ ਮੁਤਾਬਕ ਤ੍ਰਾਸ਼ੀਆਂ ਸਨ। ਅਜਿਹੀ ਮੁਸਲਮਕੀ ਸ਼ਕਲ ਸੂਰਤ ਲਈ ਮੁਕੰਦ ਸਿੰਘ ਦੇ ਮਨ ਵਿਚ ਘ੍ਰਿਣਾ ਪੈਦਾ ਹੋ ਗਈ ਸੀ।

ਦੁਨਾਲੀ ਉਹਨੇ ਅੱਧਖੜ ਦੀ ਪੁੜਪੁੜੀ ਨਾਲ ਜੋੜ ਦਿੱਤੀ। ਅੱਧਖੜ ਅਹਿਲ ਖੜੋਤਾ ਰਿਹਾ। ਨਾ ਉਹਨੇ ਪਲਕ ਝਮਕੀ, ਨਾ ਉਹਦੇ ਚਿਹਰੇ ਦੀ ਆਬ ਗਵਾਚੀ। ਉਹਦੀ ਤੱਕਣੀ ਮੌਤ ਦੇ ਮੂੰਹ ਉਤੇ ਪੁੱਠੇ ਹੱਥ ਦਾ ਥੱਪੜ ਮਾਰਦੀ ਦਿਸਦੀ ਸੀ। ਗੋਲੀ ਮੂੰਹ ਆਇਆ ਵੀ ਉਹ ਏਦਾਂ ਲਾਪਰਵਾਹ ਸੀ ਜਿਵੇਂ ਸੂਲੀ ਵੱਲ ਜਾਂਦਾ ਮਨਸੂਰ ਹੋਵੇ।

ਰਫ਼ਲ ਦਾ ਘੋੜਾ ਦੱਬਣ ਦੀ ਬਜਾਏ ਜਥੇਦਾਰ ਨੇ ਹੁੱਝ ਮਾਰ ਕੇ ਰਫ਼ਲ ਉਹਦੀ ਪੁੜਪੁੜੀ ਨਾਲੋਂ ਲਾਹ ਲਈ। ਪੁੜਪੁੜੀ ਵਿਚੋਂ ਲਹੂ ਸਿੰਮ ਪਿਆ। "ਬਾਕੀਆਂ ਨੂੰ ਵੀ ਬਾਹਰ ਕਢੋ।" ਜਥੇਦਾਰ ਨੇ ਹੁਕਮ ਚਾੜ੍ਹਿਆ। ਨੱਥੂ ਝੀਊਰ ਨੇ ਤਾਲੇ ਵਿਚ ਚਾਬੀ ਘੁਮਾ ਕੇ ਦਰਵਾਜ਼ੇ ਦੇ ਤਾਕ ਖੋਲ੍ਹ ਦਿੱਤੇ। "ਬਾਹਰ ਨਿਕਲ ਆਓ ਸਾਰੇ।" ਨੱਥੂ ਨੇ ਗਰਜਵੀਂ ਆਵਾਜ਼ ਵਿਚ ਆਖ ਸੁਣਾਇਆ।

ਪਰ ਕੋਈ ਬਾਹਰ ਨਾ ਨਿਕਲਿਆ। ਉਹ ਸਾਰੇ ਜਾਣਦੇ ਸਨ ਕਿ ਬਾਹਰ ਮੌਤ ਖੜ੍ਹੀ ਉਨ੍ਹਾਂ ਨੂੰ ਉਡੀਕ ਰਹੀ ਸੀ। ਅਖ਼ੀਰ ਜਥੇ ਨੇ ਫੜ-ਫੜ ਕੇ, ਧਕ-ਧਕ ਕੇ, ਘਸੀਟ-ਘਸੀਟ ਕੇ ਔਰਤਾਂ ਅਤੇ ਬੱਚਿਆਂ ਨੂੰ ਬਾਹਰ ਕੱਢਿਆ। ਮਰਦ ਆਪਣੇ ਆਪ ਬੀਵੀ ਬੱਚਿਆਂ ਦੇ ਮਗਰ ਬਾਹਰ ਨਿਕਲ ਆਏ।

"ਜ਼ਨਾਨੀਆਂ ਅਤੇ ਬੱਚਿਆਂ ਨੂੰ ਵੱਖ ਕਰ ਦਿ"।" ਜਥੇਦਾਰ ਨੇ ਦੂਜਾ ਹੁਕਮ ਚਾੜ੍ਹਿਆ। ਬੰਦੀਆਂ ਦੀਆਂ ਦੋ ਢਾਣੀਆਂ ਬਣ ਗਈਆਂ। ਇਕ ਤੀਵੀਆਂ ਤੇ ਬੱਚਿਆਂ ਦੀ, ਦੂਜੀ ਮਰਦਾਂ ਦੀ। ਬੱਚੇ ਰੋ ਰਹੇ ਸਨ, ਚਿਚਲਾ ਰਹੇ ਸਨ ਅਤੇ ਸਹਿਮੀਆਂ ਮਾਵਾਂ ਉਨ੍ਹਾਂ ਨੂੰ ਬੁੱਕਲ ਵਿਚ ਲੁਕਾਂਦੀਆਂ ਜਿਵੇਂ ਮੌਤ ਤੋਂ ਓਹਲਾ ਕਰ ਰਹੀਆਂ ਸਨ।

"ਬੱਚਿਆਂ ਨੂੰ ਚੁੱਪ ਕਰਾ"।" ਜਥੇਦਾਰ ਨੇ ਤੀਵੀਆਂ ਨੂੰ ਦਬਕਾ ਮਾਰਿਆ, "ਤੁਹਾਨੂੰ ਅਤੇ ਤੁਹਾਡੇ ਬੱਚਿਆਂ ਨੂੰ ਕੋਈ ਖ਼ਤਰਾ ਨਹੀਂ। ਪਾਕਿਸਤਾਨ ਵਿਚ ਤੁਹਾਡੇ ਕੁਝ ਲੱਗਦਿਆਂ ਨੇ ਸਾਡੀਆਂ ਮਾਵਾਂ, ਸਾਡੀਆਂ ਧੀਆਂ-ਭੈਣਾਂ, ਸਾਡੇ ਬੱਚਿਆਂ ਨੂੰ ਨਹੀਂ ਬਖ਼ਸ਼ਿਆ, ਪਰ ਤੁਹਾਨੂੰ ਅਸੀਂ ਦੁਪਹਿਰੇ ਜਰਨੈਲੀ ਸੜਕ 'ਤੇ ਕਾਫ਼ਲੇ ਵਿਚ ਰਲਾ ਕੇ ਆਵਾਂਗੇ। ਪਹਿਲੇ ਤੁਹਾਡੇ ਖਸਮਾਂ ਸਾਈਆਂ ਨੂੰ ਗੱਡੀ ਚੜ੍ਹਾ ਲਈਏ। ਇਹ ਗੱਡੀ ਇਨ੍ਹਾਂ ਨੂੰ ਸਿੱਧਾ ਜੰਨਤ ਜਾ ਉਤਾਰੇਗੀ ਜਿੱਥੇ ਇਨ੍ਹਾਂ ਨੂੰ ਹੂਰਾਂ ਮਿਲਣਗੀਆਂ।"

ਜਥੇਦਾਰ ਦੀ ਇਸ ਦਿਲਜੋਈ ਨੇ ਕਿਸੇ ਨੂੰ ਕੋਈ ਧਰਵਾਸ ਨਾ ਦਿੱਤਾ। ਬੱਚੇ ਰੋਂਦੇ-ਚਿਲਾਂਦੇ ਰਹੇ ਤੇ ਮਾਵਾਂ ਦਹਿਸ਼ਤ ਨਾਲ ਅਧਮੋਈਆਂ ਥਰਥਰ ਕੰਬਦੀਆਂ ਰਹੀਆਂ।

"ਚਲੋ", ਜਥੇਦਾਰ ਮੁੜ ਤਿੰਨਾਂ ਭਗੌੜਿਆਂ ਵੱਲ ਹੋਇਆ, "ਤੁਹਾਨੂੰ ਹੂਰਾਂ ਦਵਾਈਏ। ਘਾਬਰੋ ਨਾ, ਸਿਰਫ ਤੁਸੀਂ ਤਿੰਨ ਗੱਡੀ ਨਹੀਂ ਚੜ੍ਹਨ ਲਗੇ। ਸਾਰਾ ਢਾਣਾ ਤੁਹਾਡੇ ਨਾਲ ਜਾਏਗਾ ਪਰ ਮੈਨੂੰ ਇਕ ਸਬੀਲ ਸੁੱਝੀ ਏ ਜਿਸਦੇ ਨਾਲ ਤੁਹਾਡੇ ਬਹੁਤ ਸਾਰੇ ਭਰਾ ਗੱਡੀ ਚੜ੍ਹਨੋਂ ਬਚ ਜਾਣਗੇ। ਤੁਸੀਂ ਤਿੰਨੇ ਉਸ ਢਾਣੇ ਵਿਚੋਂ ਇਕ ਇਕ ਸਾਥੀ ਆਪਣੇ ਆਖ਼ਰੀ ਸਫ਼ਰ ਦਾ ਚੁਣ ਲਵੋ। ਤੁਹਾਨੂੰ ਤਿੰਨਾਂ ਨੂੰ ਤੇ ਚੁਣੇ ਹੋਏ ਤਿੰਨ ਸਾਥੀਆਂ ਨੂੰ ਅਸੀਂ ਹੁਣੇ ਸ਼ਹਾਦਤ ਦਾ ਜਾਮ ਪਿਲਾ ਦਿਆਂਗੇ। ਮੈਂ ਵਾਅਦਾ ਕਰਦਾ ਹਾਂ ਕਿ ਬਾਕੀ ਕਿਸੇ 'ਤੇ ਆਂਚ ਨਹੀਂ ਆਏਗੀ, ਤੇ ਬਾਕੀ ਦੇ ਮਰਦ ਤੇ ਜ਼ਨਾਨੀਆਂ, ਬੱਚੇ ਦੁਪਹਿਰੇ ਕਾਫ਼ਲੇ ਨਾਲ ਜਾ ਰਲਣਗੇ।"

ਇਸ ਅਨੋਖੀ ਤਜਵੀਜ਼ ਉਤੇ ਜਥੇਦਾਰ ਦੇ ਢਾਣੀਦਾਰਾਂ ਨੂੰ ਲੰਮੀ ਹੈਰਾਨੀ ਨਾ ਹੋਈ। ਉਹ ਜਾਣਦੇ ਸਨ ਕਿ ਉਹ ਨਿੱਤ ਅਜਿਹੇ ਕੌਤਕ ਕਰਦਾ ਰਹਿੰਦਾ ਸੀ। ਇਕ ਵਾਰੀ ਕਾਫ਼ਲੇ ਨਾਲੋਂ ਪਛੜ ਗਿਆ ਇਕ ਲੰਗੜਾ ਬੁੱਢਾ ਜਥੇ ਦੇ ਕਾਬੂ ਆ ਗਿਆ ਸੀ।

ਜਥੇਦਾਰ ਦੇ ਰੂਪ ਵਿਚ ਮਲਕੁਲ ਮੌਤ ਦਾ ਦੀਦਾਰ ਕਰਕੇ ਬੁੱਢਾ ਪੱਤੇ ਵਾਂਗ ਕੰਬ ਰਿਹਾ ਸੀ। ਉਹਦੇ ਹੋਸ਼-ਹਵਾਸ ਨਾਲ ਉਹਦੀ ਜ਼ਬਾਨ ਵੀ ਥਿੜਕਦੀ ਜਾ ਰਹੀ ਸੀ। ਸੁੱਕੇ ਸੰਘ ਦਾ ਘੁੱਟ ਭਰਦਿਆਂ ਉਹਨੇ ਬੋਲਣ ਦਾ ਮਰੀਅਲ ਜਿਹਾ ਜਤਨ ਕੀਤਾ।

"ਮੈਨੂੰ ਮਾਰ ਲਵੋ, ਕੁੱਟ ਲਵੋ, ਪਰ ਜਾਨੋਂ ਨਾ ਮਾਰਨਾ। ਆਹ ਵੇਖ ਮੇਰੇ ਹੱਥ ਬੱਧੇ। ਤੇਰੀ ਵਾਹਿਗੁਰੂ ਜੀ ਕੀ ਫ਼ਤਹ ਸਰਦਾਰਾ, ਤੇਰੀ ਵਾਹਿਗੁਰੂ ਜੀ ਕੀ ਫ਼ਤਹ, ਤੇਰੀ ਵਾਹਿਗੁਰੂ ਜੀ ਕੀ ਫ਼ਤਹ।" ਕਹਿੰਦਾ ਬੁੱਢਾ ਜਥੇਦਾਰ ਦੇ ਪੈਰੀਂ ਡਿੱਗ ਪਿਆ। ਮੁਕੰਦ ਸਿੰਘ ਨੂੰ ਹਾਸਾ ਆ ਗਿਆ। ਉਹਨੇ ਬੁੱਢੇ ਨੂੰ ਬਾਹੋਂ ਫੜ ਕੇ ਉਠਾਲ ਲਿਆ ਤੇ ਉਹਦੇ ਮੂੰਹੋਂ ਤਿੰਨ ਵਾਰੀ 'ਪਾਕਿਸਤਾਨ ਮੁਰਦਾਬਾਦ' ਦਾ ਨਾਅਰਾ ਲਵਾ ਕੇ ਉਹਨੂੰ ਛੱਡ ਦਿੱਤਾ।

ਇਕ ਵਾਰੀ ਇਕ ਅੱਧਖੜ ਤੀਵੀਂ ਤੇ ਉਹਦਾ ਜਵਾਨ ਪੁੱਤਰ ਉਨ੍ਹਾਂ ਦੇ ਢਹੇ ਚੜ੍ਹ ਗਏ। ਉਹ ਜਰਨੈਲੀ ਸੜਕ ਤੋਂ ਲੰਘ ਰਹੇ ਕਾਫ਼ਲੇ ਵਿਚ ਸ਼ਾਮਲ ਸਨ। ਤਿਕਾਲਾਂ ਦੇ ਘੁਸਮੁਸੇ ਵਿਚ ਉਹ ਆਪਣੇ ਡੰਗਰਾਂ ਲਈ ਪੱਠੇ ਵੱਢਣ ਸੜਕ ਲਾਗਲੀ ਬਰਸੇਮ ਦੀ ਪੈਲੀ ਵਿਚ ਆਣ ਵੜੇ। ਕਾਫ਼ਲੇ ਦੇ ਲਾਗੇ ਤਾਗੇ ਗਿਰਝਾਂ ਵਾਂਗ ਮੰਡਲਾਂਦੇ ਜਥੇ ਨੇ ਉਨ੍ਹਾਂ ਨੂੰ ਆਣ ਘੇਰਿਆ।

ਜਥੇਦਾਰ ਦੇ ਹੱਥ ਨੰਗੀ ਤਲਵਾਰ ਸੂਤੀ ਵੇਖ ਕੇ ਤੀਵੀਂ ਬੋਲੀ- "ਵੇ ਵੀਰਾ, ਹਾੜਾ ਵੇ। ਸਾਨੂੰ ਵੱਢ ਛੱਡੀਂ ਭਾਵੇਂ, ਪਰ ਪਹਿਲੋਂ ਮੇਰੀ ਗੱਲ ਸੁਣ ਲੈ।" "ਬੋਲ, ਕੀ ਕਹਿਨੀ ਏ?"

ਜਥੇਦਾਰ ਦਾ ਬੋਲ ਦਾਤ ਵਰਗਾ ਤਿੱਖਾ ਸੀ। "ਬੱਸ, ਮੈਂ ਏਨਾ ਈ ਆਖਣਾ ਏ ਵੀਰਾ, ਮੇਰੇ ਪੇਕੇ ਮਲੇਰਕੋਟਲੇ ਨੇ, ਤੇ ਆਹ ਮੇਰਾ ਪੁੱਤ ਮਲੇਰਕੋਟਲੇ ਦਾ ਦੋਹਤਰਾ ਈ।"

ਬਿੰਦ ਕੁ ਲਈ ਮੁਕੰਦ ਸਿੰਘ ਭੰਬਲਭੂਸਿਆਂ ਵਿਚ ਪਿਆ ਰਿਹਾ। ਇਹ ਜ਼ਨਾਨੀ ਕੀ ਆਖ ਰਹੀ ਸੀ। ਕੀ ਡਰ ਨਾਲ ਉਹ ਪਾਗ਼ਲ ਹੋ ਗਈ ਸੀ। ਇਹ ਮਲੇਰਕੋਟਲਾ ਕੀ ਬਲਾ ਸੀ। ਫੇਰ ਅਚਨਚੇਤ ਮਲੇਰਕੋਟਲਾ ਇਕ ਲਿਸ਼ਕਾਰੇ ਵਾਂਗ ਉਹਦੇ ਦਿਮਾਗ ਵਿਚ ਜਗ ਉੱਠਿਆ। ਮਲੇਰਕੋਟਲੇ ਦਾ ਨਵਾਬ ਹੀ ਤਾਂ ਸੀ ਜਿਸਨੇ ਛੋਟੇ ਸਾਹਿਬਜ਼ਾਦਿਆਂ ਉਤੇ ਲਾਏ ਗਏ ਫ਼ਤਵੇ ਵਿਰੁੱਧ ਆਵਾਜ਼ ਉਠਾਈ ਸੀ। ਤੇ ਜਦੋਂ ਹੱਕ ਦੀ ਇਹ ਆਵਾਜ਼ ਸੂਬਾ ਸਰਹੰਦ ਨੇ ਨਾ ਸੁਣੀ ਤਾਂ ਰੋਸ ਵਜੋਂ ਮਲੇਰਕੋਟਲਾ ਜ਼ਾਲਮਾਂ ਦੀ ਕਚਹਿਰੀ ਵਿਚੋਂ ਉੱਠ ਗਿਆ ਸੀ।

ਕਿਰਪਾਨ ਦੇ ਕਬਜ਼ੇ 'ਤੇ ਉਹਦਾ ਹੱਥ ਤ੍ਰੇਲੀ ਨਾਲ ਭਿੱਜ ਗਿਆ। ਉਹ ਇਹ ਕੀ ਕਹਿਰ ਕਮਾਣ

*(ਬਾਕੀ ਅਗਲੇ ਸਫੇ 'ਤੇ)*

# ਚਰਨਜੀਤ ਸਿੰਘ ਪੰਨੂ ਦੀ ਸਖੀਰਾ: ਦਸਤਾਵੇਜ਼ੀ ਕਹਾਣੀ

ਪੰਜਾਬੀ ਸਾਹਿਤਕਾਰੀ ਦੇ ਖੇਤਰ ਵਿਚ ਕਿਤਾਬਾਂ ਦੇ ਸਫ਼ਰ ਰਾਹੀਂ ਚਰਨਜੀਤ ਸਿੰਘ ਪੰਨੂੰ ਇਕ ਜਾਣਿਆ-ਪਹਿਚਾਣਿਆ ਹਸਤਾਖ਼ਰ ਹੈ। 'ਸਖੀਰਾ' ਉਨ੍ਹਾਂ ਦਾ ਛੇਵਾਂ ਕਹਾਣੀ-ਸੰਗ੍ਰਹਿ ਹੈ, ਜਿਸ ਵਿਚ ਸ਼ਾਮਲ ਤੇਰਾਂ ਕਹਾਣੀਆਂ ਵਿਚੋਂ ਛੇ ਦੇਸੀ ਮਜ਼ਮੂਨ ਨਾਲ ਸਬੰਧਿਤ ਹਨ ਤੇ ਬਾਕੀ ਪਰਵਾਸੀ ਜੀਵਨ ਦਾ ਬਿਰਤਾਂਤ ਹਨ। ਇਕ ਪਾਠਕ ਦੀ ਨਜ਼ਰ ਤੋਂ ਇਹ ਕਹਾਣੀਆਂ ਜਿੱਥੇ ਸਾਹਿਤਕ ਮਨੋਰਥ ਦੀ ਪੂਰਤੀ ਕਰਦਿਆਂ ਸੁਹਜ ਤ੍ਰਿਪਤੀ ਦਾ ਗੁਣ ਰੱਖਦੀਆਂ ਹਨ ਉਥੇ ਇਕ ਆਲੋਚਕ ਦੇ ਦ੍ਰਿਸ਼ਟੀਕੋਣ ਤੋਂ ਵਿਸ਼ੇ ਤੇ ਸਾਹਿਤਕ ਪੱਖੋਂ ਨਿੱਗਰ ਖਾਸੇ ਦੀਆਂ ਧਾਰਨੀ ਬਣਦੀਆਂ ਹਨ। ਇਸ ਕਹਾਣੀ ਸੰਗ੍ਰਹਿ ਦੀ ਵਿਸ਼ੇ

ਡਾ. ਮਨਵੀਰ ਕੌਰ

ਪੱਖੋਂ ਵਿਸ਼ਿਸ਼ਟਤਾ ਇਸ ਦੇ ਬਿਰਤਾਂਤ ਦਾ ਧਰਾਤਲ ਹੈ। ਇਸ ਵਿਚਲੀਆਂ ਕਹਾਣੀਆਂ ਦਾ ਬਿਰਤਾਂਤ ਧਰਾਤਲ ਪੰਜਾਬ ਹੈ ਜਾਂ ਵਿਦੇਸ਼ ਜੋ ਪੰਜਾਬ ਦੀ ਭੂਗੋਲਿਕ ਹੱਦਬੰਦੀ ਦਾ ਨਵਾਂ ਸਾਹਿਤਕ ਦ੍ਰਿਸ਼ਟੀਕੋਣ ਚਿਤਰਦਾ ਹੈ। ਇਕੋ ਕਹਾਣੀ ਸੰਗ੍ਰਹਿ ਵਿਚ ਪੰਜਾਬ ਤੇ ਪਰਵਾਸ ਦੀ ਲੜੀਬੱਧ ਪੇਸ਼ਕਾਰੀ ਕੀਤੀ ਗਈ ਹੈ ਭਾਵ ਕਹਾਣੀਆਂ ਦਾ ਬਿਰਤਾਂਤਕ ਧਰਾਤਲ ਭਾਵੇਂ ਪੰਜਾਬ ਹੋਵੇ ਭਾਵੇਂ ਵਿਦੇਸ਼, ਵਿਸ਼ਾ ਭਾਵੇਂ ਖਾੜਕੂਵਾਦ ਹੋਵੇ, ਭਾਵ ਪਰਵਾਸੀ ਜੀਵਨ ਦਾ ਕੋਈ ਸੰਕਟ, ਭਾਵੇਂ ਕਿਸੇ ਮਾਨਸਿਕ ਉਤਰਾਅ-ਚੜ੍ਹਾਅ ਦੀ ਪੇਸ਼ਕਾਰੀ ਹੋਵੇ, ਪਰਵਾਸੀ ਜੀਵਨ ਵਿਚ ਪੰਜਾਬੀ ਮਨੋਭਾਵਾਂ ਦੀ ਪੇਸ਼ਕਾਰੀ, ਸਾਰੀਆਂ ਕਹਾਣੀਆਂ ਪੰਜਾਬ ਤੇ ਪਰਵਾਸ ਨੂੰ ਇਕ ਕੜੀਦਾਰ ਬਿਰਤਾਂਤ ਵਿਚ ਬੰਨ੍ਹੀ ਰੱਖਦੀਆਂ ਹਨ। ਸਮੁੱਚੇ ਕਹਾਣੀ ਸੰਗ੍ਰਹਿ ਵਿਚ ਪੰਜਾਬ ਦੀਆਂ ਭੂਗੋਲਿਕ ਹੱਦਾਂ ਪੰਜਾਬ ਤੋਂ ਪਰਦੇਸ ਤੱਕ ਫੈਲਦੀਆਂ ਪ੍ਰਤੀਤ ਹੁੰਦੀਆਂ ਹਨ। ਪੰਜਾਬੀ ਮਾਨਸਿਕਤਾ ਵਿਸ਼ਵੀ ਪਰਿਪੇਖ ਨਾਲ ਟਕਰਾਅ ਤੇ ਤਣਾਅ ਦੀ ਸਥਿਤੀ ਵਿਚ ਟੁੱਟਦੀ-ਜੁੜਦੀ ਮੌਲਦੀ ਵਿਕਸਿਤ ਹੁੰਦੀ ਤੇ ਤਬਦੀਲ ਹੁੰਦੀ ਨਜ਼ਰ ਆਉਂਦੀ ਹੈ।

ਸਖੀਰਾ ਇਸ ਕਹਾਣੀ-ਸੰਗ੍ਰਹਿ ਦੀ ਸ਼ੀਰਸ਼ਕ ਕਹਾਣੀ ਹੈ। ਤੇਰਾਂ ਕਹਾਣੀਆਂ ਵਿਚੋਂ ਇਹ ਕਹਾਣੀ ਆਪਣੀਆਂ ਸਾਹਿਤਕ ਵਿਸ਼ੇਸ਼ਤਾਵਾਂ ਕਾਰਨ ਵੱਖਰਤਾ ਦੀ ਧਾਰਨੀ ਬਣਦੀ ਹੈ। ਕਹਾਣੀਕਾਰ ਵੀ ਇਸ ਕਹਾਣੀ ਦੇ ਮੁੱਲਾਂ ਨੂੰ ਪਛਾਣਦਾ ਹੈ। ਇਸੇ ਲਈ ਉਸ ਵੱਲੋਂ ਕਹਾਣੀ ਸੰਗ੍ਰਹਿ ਦਾ ਸ਼ੀਰਸ਼ਕ ਇਸ ਕਹਾਣੀ ਨੂੰ ਚੁਣਿਆ ਗਿਆ।

ਸਖੀਰਾ ਕਹਾਣੀ ਦਾ ਬਿਰਤਾਂਤ ਲੰਬਾ, ਜਟਿਲ ਤੇ ਸੰਘਣਾ ਹੈ। ਕਲਾਤਮਿਕ ਸਰੂਪ ਪੱਖੋਂ ਵੀ ਇਹ ਕਹਾਣੀ ਸ਼ੈਲੀ, ਸ਼ਬਦਾਵਲੀ ਸਮਾਜਿਕ, ਸਭਿਆਚਾਰਕ, ਸਿਆਸੀ, ਇਤਿਹਾਸਕ ਪਰਿਪੇਖ ਦੀ ਪੇਸ਼ਕਾਰੀ ਦੇ ਦ੍ਰਿਸ਼ਟੀਕੋਣ ਤੋਂ ਕਲਾਸਿਕਤਾ ਦੇ ਪੈਮਾਨੇ ਨੂੰ ਛੂਹਦੀ ਹੈ।

ਕਹਾਣੀਕਾਰ ਦੀ ਸ਼ੈਲੀ ਕਹਾਣੀ ਦਾ ਉਖੜਵਾਂ ਲੱਛਣ ਹੈ। ਕਹਾਣੀਕਾਰ ਪ੍ਰਚੱਲਿਤ ਸ਼ੈਲੀਆਂ ਤੋਂ ਕੁੱਝ ਨਿਵੇਕਲਾ ਸਿਰਜਣ ਵਿਚ ਸਫਲ ਹੋਇਆ ਹੈ। ਇਸ ਨੂੰ ਦਸਤਾਵੇਜ਼ੀ ਸ਼ੈਲੀ ਵਿਚ ਰਚੀ ਕਹਾਣੀ ਕਿਹਾ ਜਾ ਸਕਦਾ ਹੈ। ਉਂਜ ਤਾਂ ਹਰ ਕਹਾਣੀ ਬਲਕਿ ਸਮੁੱਚਾ ਸਾਹਿਤ ਹੀ ਇਕ ਦਸਤਾਵੇਜ਼ ਹੁੰਦਾ ਹੈ ਜੋ ਆਪਣੇ ਸਮੇਂ ਦੇ ਸਮਾਜ ਦਾ ਬਿੰਬ ਪੇਸ਼ ਕਰਦਾ ਹੈ ਪਰ ਸ਼ੈਲੀ ਪੱਖੋਂ ਦਸਤਾਵੇਜ਼ੀ ਸਰੂਪ ਇਸ ਕਹਾਣੀ ਦੀ ਸਿਰਜਣਾਤਮਿਕਤਾ ਦਾ ਨਮੂਨਾ ਹੈ।

ਕਹਾਣੀ ਸੰਗ੍ਰਹਿ ਦੀ ਭੂਮਿਕਾ ਰੂਪੀ 'ਮੈਂ ਹਾਜ਼ਰ ਹਾਂ' ਵਿਚ ਕਹਾਣੀਕਾਰ ਲਿਖਦਾ ਹੈ ਕਿ ਇਹ ਕਿਤਾਬ ਉਸ ਦੇ ਜੱਦੀ ਪਿੰਡ ਸਖੀਰਾ (ਤਰਨਤਾਰਨ) ਦੀਆਂ ਖਾੜਕੂਵਾਦ ਅਤੇ ਆਸ-ਪਾਸ ਦੇ ਸਮੇਂ ਨਾਲ ਸਬੰਧਿਤ ਯਾਦਾਂ ਨੂੰ ਨਵਿਆਉਣ ਦਾ ਇਕ ਬਹਾਨਾ ਹੈ ਭਾਵ ਇਸ ਸੰਗ੍ਰਹਿ ਦੀਆਂ ਹੋਰ ਕਹਾਣੀਆਂ ਸਮੇਤ ਸਖੀਰਾ ਕਹਾਣੀ ਦੇ ਕਥਾਨਕ ਦੀਆਂ ਘਟਨਾਵਾਂ ਲੇਖਕ ਦਾ ਹੱਡੀਂ ਹੰਢਾਇਆ ਅਨੁਭਵ ਹੈ ਨਾ ਕਿ ਕੋਰੀ ਕਲਪਨਾ। ਉਸ ਦੇ ਬਚਪਨ ਤੋਂ ਲੈ ਕੇ ਜਵਾਨੀ ਤੇ ਅਮਰੀਕਾ ਜਾ ਵੱਸਣ ਤੋਂ ਪਹਿਲਾਂ ਤਕ ਦਾ ਸਮਾਂ ਉਸ ਦੇ ਇਲਾਕੇ ਨਾਲ ਵਾਪਰੇ ਖਾੜਕੂਵਾਦ ਵਰਗੇ ਕਾਲੇ ਦੌਰ ਦਾ ਅਨੁਭਵ ਉਸ ਦੀ ਸਮਿਰਤੀ ਵਿਚੋਂ ਨਿਕਲ ਕੇ ਸਾਹਿਤਕਤਾ ਦੀ ਕੁਠਾਲੀ ਵਿਚ ਢਲ ਕੇ ਸਾਹਿਤਕ ਦਸਤਾਵੇਜ਼ੀ ਕਹਾਣੀ ਸਖੀਰਾ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਡਾ. ਚਰਨਜੀਤ ਸਿੰਘ ਗੁਮਟਾਲਾ ਅਨੁਸਾਰ, "ਸਖੀਰਾ ਕਹਾਣੀ ਜਿਸ ਦੇ ਨਾਂ 'ਤੇ ਇਸ ਪੁਸਤਕ ਦਾ ਨਾਂ ਰੱਖਿਆ ਗਿਆ ਹੈ, ਲੇਖਕ ਦੇ ਜੱਦੀ ਪਿੰਡ ਨਾਲ ਸਬੰਧਿਤ ਹੈ। ਸਖੀਰਾ ਨਾਂ ਕਿਵੇਂ ਪਿਆ, ਰੇਲਵੇ ਸਟੇਸ਼ਨ ਪਿੰਡ ਦੀ ਹਦੂਦ ਵਿਚ ਹੋਣ ਦੇ ਬਾਵਜੂਦ ਰੇਲਵੇ ਸਟੇਸ਼ਨ ਦਾ ਨਾਂ ਜੰਡੋਕੇ ਕਿਉਂ ਪਿਆ? ਇਸ ਪਿੰਡ ਦੀਆਂ ਨਾਮਵਰ ਸ਼ਖ਼ਸੀਅਤਾਂ ਤੇ ਮਹੱਤਵਪੂਰਨ ਘਟਨਾਵਾਂ ਬਾਰੇ ਇਸ ਕਹਾਣੀ ਸੰਗ੍ਰਹਿ ਵਿਚ ਰੌਸ਼ਨੀ ਪਾਈ ਗਈ ਹੈ।"

ਡਾ. ਗੁਮਟਾਲਾ ਦਾ ਇਹ ਕਥਨ ਇਸ ਕਹਾਣੀ ਦੇ ਦਸਤਾਵੇਜ਼ੀ ਸਰੂਪ ਦੀ ਗਵਾਹੀ ਹੈ। ਇਹ ਕਹਾਣੀ ਕੇਵਲ ਕਹਾਣੀਕਾਰ ਦੇ ਪਿੰਡ ਸਖੀਰਾ ਦੇ ਇਤਿਹਾਸ ਦਾ ਦਸਤਾਵੇਜ਼ ਨਹੀਂ ਬਲਕਿ ਸਖੀਰਾ ਦੇ ਰੂਪ ਵਿਚ ਸਰਹੱਦੀ ਤੇ ਪਛੜੇ ਇਲਾਕੇ ਤਰਨਤਾਰਨ ਦਾ ਇਤਿਹਾਸਕ ਤੇ ਸਭਿਆਚਾਰਕ ਦਸਤਾਵੇਜ਼ ਹੈ, ਬਲਕਿ ਮਾਝੇ ਦੇ ਉਸ ਪੂਰੇ ਸਰਹੱਦੀ ਇਲਾਕੇ ਦਾ ਦਸਤਾਵੇਜ਼ ਹੈ ਜਿਸ ਨੇ ਵਰ੍ਹਿਆਂ ਬੱਧੀ ਕਾਲੇ ਦੌਰ ਦੀ ਮਾਰ ਝੱਲੀ, ਜਵਾਨ ਪੁੱਤਰ ਗੁਆਏ, ਇੱਜ਼ਤਾਂ ਗੁਆਈਆਂ। ਵਰ੍ਹਿਆਂ ਦੇ ਸੰਤਾਪ ਨੇ, ਜਿਸ ਨੂੰ ਪਛੜੇਪਣ ਦੀ ਖੱਡ ਵਿਚ ਸੁੱਟੀ ਰੱਖਿਆ ਜਿੱਥੋਂ ਦੇ ਵਸਨੀਕਾਂ ਨੂੰ ਜੇਬ ਕਤਰੇ, ਲੁਟੇਰੇ, ਠੱਗ ਕਹਿ ਕੇ ਬਦਨਾਮ ਕੀਤਾ ਗਿਆ ਹਾਲਾਂਕਿ ਇਸ ਪਿੰਡ ਤੇ ਇਲਾਕੇ ਨੇ ਕਈ ਨਾਮਵਰ ਹਸਤੀਆਂ ਨੂੰ ਜਨਮ ਦਿੱਤਾ ਪਰ ਉਨ੍ਹਾਂ ਦੀ ਨੇਕੀ ਅਤੇ ਘਾਲਣਾ ਨੂੰ ਜਾਣਬੁੱਝ ਕੇ ਅੱਖੋਂ-ਪਰੋਖੇ ਕਰੀ ਰੱਖਿਆ ਗਿਆ। ਸਖੀਰਾ ਕਹਾਣੀ ਦੇ ਕਥਾਨਕ ਵਿਚਲੀਆਂ ਅਜਿਹੀਆਂ ਘਟਨਾਵਾਂ ਇਸ ਸਰਹੱਦੀ ਇਲਾਕੇ ਦੀ ਪਛਾਣ ਸਥਾਪਤ ਕਰਨ ਲਈ ਇਕ ਦਸਤਾਵੇਜ਼ ਵਜੋਂ ਪੇਸ਼ ਹੁੰਦੀਆਂ ਹਨ ਜਿਨ੍ਹਾਂ ਵਿਚ ਨਾਵਾਂ, ਥਾਵਾਂ ਤੋਂ ਘਟਨਾਵਾਂ ਦੇ ਵੇਰਵੇ ਯਥਾਰਥ ਦੇ ਕਾਫ਼ੀ ਨੇੜੇ ਰਹਿ ਕੇ ਪੇਸ਼ ਕੀਤੇ ਗਏ ਹਨ ਨਾਲ ਹੀ ਸਾਹਿਤਕਤਾ ਵੀ ਕਾਇਮ ਰੱਖੀ ਗਈ ਹੈ। ਸਾਹਿਤਕ ਦਸਤਾਵੇਜ਼ ਦੇ ਨਾਲ-ਨਾਲ ਸਖੀਰਾ ਕਹਾਣੀ ਆਪਣੀ ਰੂਪਕਤਾ ਸਦਕਾ ਸਭਿਆਚਾਰਕ ਤੇ ਲੋਕਧਾਰਾਈ ਦਸਤਾਵੇਜ਼ ਵੀ ਬਣਦੀ ਹੈ। ਪੁਰਾਣੇ ਪੇਂਡੂ ਸਭਿਆਚਾਰ ਦੇ ਰਸਮ-ਰਿਵਾਜ, ਰਹਿਣ-ਸਹਿਣ, ਸ਼ਰੀਕਾਚਾਰੀ, ਸਾਧਾਂ ਦੇ ਡੇਰੇ ਤੇ ਤਕੀਏ, ਜੀਵਨ ਦੀਆਂ ਮੰਨ-ਮਨੌਤਾਂ, ਵਹਿਮ-ਭਰਮ, ਵਿਸ਼ਵਾਸ, ਲੋਕ-ਚਿਕਿਤਸਾ ਆਦਿ ਦਾ ਸਾਹਿਤਕ ਚਿਤਰਨ ਕਹਾਣੀ ਨੂੰ ਲੋਕਧਾਰਾਈ ਪੱਖ ਤੋਂ ਵਿਚਾਰਨਯੋਗ ਬਣਾਉਂਦਾ ਹੈ। ਆਪਣੇ ਬਚਪਨ ਤੇ ਜਵਾਨੀ ਦਾ ਕਥਾਨਕ ਸਿਰਜਦਾ ਲੇਖਕ ਲੋਕਧਾਰਾਈ ਵਰਤਾਰਿਆਂ ਨੂੰ ਸੁੱਤੇ ਸਿੱਧ ਆਧਾਰ ਬਣਾਉਂਦਾ ਹੈ। ਇਸ ਦੀਆਂ ਕੁਝ ਵੰਨਗੀਆਂ ਇਸ ਤਰ੍ਹਾਂ ਹਨ:

ਪਿੰਡ ਪਹੁੰਚਦੇ ਹੀ ਫਿਰਨੀ ਦੇ ਨਾਲ ਸੱਜੇ ਹੱਥ ਦਾ ਖੂਹ ਜਿੱਥੇ ਮੇਰੇ ਵੇਲੇ ਇਕ ਵੱਡੇ ਸਾਰੇ ਪਿੱਪਲ ਥੱਲੇ ਦੋਹਾਟਾ ਖੂਹ ਚੱਲਦਾ ਸੀ ਟਿੰਡਾਂ ਵਾਲਾ ਖੂਹ।




ਰਦੇ ਨਾਲ ਉਸਾਰੇ ਦੋ ਹੱਦੇ ਚੰਨਿਆਂ ਵਿਚਕਾਰ ਲਟੈਣ, ਵਿਚ ਪਰੁੱਚੀ ਗਰਾਰੀ ਤੇ ਫਿਰ ਹੋਰ ਲੰਬੀ ਲੱਠ ਨਾਲ ਜੁੜੇ ਬੈੜ ਉੱਪਰ ਗਿੜਦੀ ਟਿੰਡਾਂ ਵਾਲੀ ਮਾਹਲ.....

"ਮਲੇ ਕਿੱਕਰਾਂ ਬੇਰਾਂ ਦੀ ਸੰਘਣੀ ਝਿੜੀ ਤੇ ਉਸ ਦੁਆਲੇ ਕੀਤੀ ਵਲਗਣ ਨੇ ਇਸ ਥਾਂ ਨੂੰ ਪੂਜਣਯੋਗ ਬਣਾ ਦਿੱਤਾ ਸੀ, ਵੱਡੀ ਸਾਰੀ ਵਰਮੀ ਨੇ ਇਸ ਦਾ ਨਾਮ ਗੁੱਗੇ ਸੱਪਾਂ ਨਾਲ ਜੋੜ ਕੇ ਇਸ ਦੀ ਮਾਨਤਾ ਹੋਰ ਵਧਾ ਦਿੱਤੀ ਸੀ।" (ਲੋਕ ਵਿਸ਼ਵਾਸ)

ਇੱਥੇ ਕੱਚੀ ਫਿਰਨੀ ਤੇ ਪੜੁੱਲ ਹੁੰਦਾ ਸੀ ਛਾਲਾਂ ਮਾਰਨ ਵਾਲਾ। ਉਸ ਤੋਂ ਜ਼ਰਾ ਹਟ ਕੇ ਖਿੱਦੋ-ਖੂੰਡੀ ਦਾ ਅਖਾੜਾ ਖਿੱਦੋ ਖੂੰਡੀ ਦੀਆਂ ਘਾਸੀਆਂ, ਗੋਲਾ ਸੁੱਟਣ ਦੀ ਅਸੀਂ ਖੁੱਤੀ-ਬੰਟੇ, ਟਾਹਣਾ, ਠੀਕਰੀਆਂ ਖੇਡਦੇ ਖੇਡਦੇ ਰੌਲ-ਘਚੋਲ ਮਾਰਦੇ..... (ਲੋਕ-ਖੇਡਾਂ) ਚਿੱਤੂ ਤੇ ਉਸ ਦੇ ਸਾਥੀ ਬਾਜ਼ੀਗਰਾਂ ਵੱਲੋਂ ਪਾਈ ਜਾਂਦੀ ਬਾਜ਼ੀ ਦੇ ਜੌਹਰ, ਉਲਟੀਆਂ ਸਿੱਧੀਆਂ ਟਪੂਸੀਆਂ ਤੇ ਕਲਾਬਾਜ਼ੀਆਂ, ਨਟ, ਭੰਡ, ਰਾਸ-ਲੀਲ੍ਹਾ, ਗੁਲਜ਼ਾਰੀ ਮਰਾਸੀ ਦੇ ਹੱਥੋਂ ਕੁੱਟੇ ਜਾਂਦੇ ਢੋਲ... (ਲੋਕ-ਮਨੋਰੰਜਨ)

ਸਖੀਰਾ ਕਹਾਣੀ ਦੇ ਬਿਰਤਾਂਤ ਵਿਚ ਧਾਗੇ-ਤਵੀਤ, ਟੂਣੇ, ਸੁੱਖਣਾ, ਹੱਥ-ਹੌਲਾ, ਓਪਰੀ ਓਹਰ ਦਾ ਇਲਾਜ ਆਦਿ ਬਿਰਤਾਂਤਕ ਕੜੀਆਂ ਲੋਕ-ਚਿਕਿਤਸਾ ਦਾ ਦਸਤਾਵੇਜ਼ੀ ਪਰਿਪੇਖ ਸਿਰਜਦੀਆਂ ਹਨ। ਬਿਰਤਾਂਤ ਪੱਖੋਂ ਵੀ ਸਖੀਰਾ ਕਹਾਣੀ ਦਸਤਾਵੇਜ਼ੀ ਖਾਸੇ ਦੀ ਧਾਰਨੀ ਹੈ। ਕਹਾਣੀ ਵਿਚ ਕਈ ਅਜਿਹੇ ਸ਼ਬਦ ਵਰਤੇ ਗਏ ਹਨ ਜੋ ਆਮ ਬੋਲਚਾਲ ਵਿਚ ਲੁਪਤ ਹੁੰਦੇ ਜਾ ਰਹੇ ਹਨ। ਮਾਝੇ ਦੀ ਆਂਚਲਿਕਤਾ ਦੀ ਰੰਗਣ ਵਾਲੇ ਸ਼ਬਦਾਂ ਦਾ ਜ਼ਖ਼ੀਰਾ ਸਖੀਰਾ ਕਹਾਣੀ ਵਿਚੋਂ ਮਿਲਦਾ ਹੈ। ਸ਼ਬਦਾਵਲੀ ਦੇ ਪੱਖੋਂ ਲੇਖਕ ਨੇ ਕਹਾਣੀ ਵਿਚ ਰੂਪਕ ਵਿਸ਼ੇਸ਼ਤਾਵਾਂ ਨਾਲ ਅਮੀਰੀ ਬਖ਼ਸ਼ੀ ਹੈ। ਸ਼ਬਦਾਵਲੀ ਹੀ ਨਹੀਂ ਮੁਹਾਵਰੇ ਪੱਖੋਂ ਵੀ ਲੇਖਕ ਦੀ ਪੇਸ਼ਕਾਰੀ ਸ਼ਾਨਦਾਰ ਹੈ। ਮਾਝੀ ਉਪ ਬੋਲੀ ਦੇ ਕਈ ਵਿਲੱਖਣ ਮੁਹਾਵਰੇ ਕਹਾਣੀ ਵਿਚ ਵਰਤੇ ਮਿਲਦੇ ਹਨ ਜਿਵੇਂ ਖਣਵੱਟੀ ਪੱਟੀ ਲੈ ਕੇ ਪੈਣਾ, ਹਾਲ ਪਾਹਰਿਆ ਮਚਾਉਣਾ, ਤੂਤੀ ਬੋਲਣਾ, ਦਾਖੂ ਦਾਣੇ ਦੇਣਾ, ਹੂੰਝਾ ਫੇਰਨਾ, ਪਿੱਠ ਠੋਕਣਾ, ਪੈੜ ਨੱਪਣਾ ਸ਼ਬਦਾਵਲੀ:- ਝਲੂੰਗੀ, ਝਿੜੀ, ਚਿੜੀ ਚਤੋਲੜ, ਤਾਂਬੜ, ਚਰੋਕਣਾ, ਬਕਤਵਾਹ।

ਲੋਕਧਾਰਾਈ ਸ਼ਬਦਾਵਲੀ ਦੇ ਨਾਲ-ਨਾਲ ਸਖੀਰਾ ਕਹਾਣੀ ਲੋਕ-ਧੰਦਿਆਂ ਦਾ ਬਿਰਤਾਂਤ ਸਿਰਜਦੀ ਹੈ। ਕਹਾਣੀ ਵਿਚਲਾ ਚੋਭੇ ਦਾ ਜ਼ਿਕਰ ਵਿਸ਼ੇਸ਼ ਹੈ। ਚੋਭਾ ਪਿੰਡ ਦਾ 'ਗਿਆਨ' ਅਜਿਹਾ ਕੰਮੀ ਹੁੰਦਾ ਸੀ ਜੋ ਲੋਕਾਂ ਦੀਆਂ ਖੂਹ-ਟੋਭੇ ਵਿਚ ਡਿੱਗੀਆਂ ਚੀਜ਼ਾਂ ਵਸਤਾਂ ਕੱਢ ਲਿਆਉਂਦਾ ਸੀ।

"ਗਿਆਨ ਬੜੇ ਭਾਰਾਂ 'ਤੇ ਪੈ ਕੇ ਸਵਾਲੀ ਦੇ ਨਾਲ ਸੈਕਲ ਘੋੜੀ 'ਤੇ ਚੜ੍ਹ ਜਾਂਦਾ। ਕੰਨਾਂ ਵਿਚ ਤੇਲ ਮਿਲੇ ਰੂੰ ਦੇ ਭੁੱਜੇ ਤੁੰਨ ਟੋਕਰੀ ਵਿਚ ਬੈਠ ਕੇ ਰਸੇ ਨਾਲ ਖੂਹ ਵਿਚ ਉੱਤਰ ਜਾਂਦਾ...ਉਹ ਬਾਹਰ ਨਿਕਲਦਾ। ਪੈਰਾਂ ਵਿਚ ਬਾਲਟੀਆਂ ਦੇ ਕੁੰਡੇ ਫਸਾਈ, ਹੱਥਾਂ ਵਿਚ ਗੜਵੀ-ਗਿਲਾਸ..."

ਲੋਕਧਾਰਾਈ ਦਸਤਾਵੇਜ਼ ਹੋਣ ਦੇ ਨਾਲ-ਨਾਲ ਇਹ ਕਹਾਣੀ ਸਭਿਆਚਾਰ ਦਸਤਾਵੇਜ਼ ਵੀ ਬਣਦੀ ਹੈ। ਪੇਂਡੂ ਜੀਵਨ ਵਿਚ ਸ਼ਰੀਕਾਚਾਰੀ ਅਹਿਮ ਕੰਮ ਹੈ। ਕਹਾਣੀਕਾਰ ਦਾ ਚਾਚਾ ਉਸ ਨੂੰ ਜਾਣ ਕੇ ਗ਼ਲਤ ਰਸਤੇ ਪਾਉਣ ਲਈ ਘਰ ਦੀ ਕੱਢੀ ਸ਼ਰਾਬ ਪਿਆਉਂਦਾ ਹੈ ਤੇ ਫਿਰ ਆਪ ਮੱਟ ਪਾਉਣ ਲਈ ਉਕਸਾਉਂਦਾ ਹੈ। ਜਦ ਉਸ ਦੇ ਪਿਤਾ ਨੂੰ ਪਤਾ ਚੱਲਦਾ ਹੈ ਤਾਂ ਉਸ ਨੂੰ ਖ਼ੂਬ ਕੁੱਟ ਪੈਂਦੀ ਹੈ। ਉਸ ਦੇ ਪਿੰਡ ਦੇ ਲੋਕਾਂ ਦਾ ਲੋਕਾਚਾਰੀ ਦੀ ਪਾਲਣਾ ਕਰਨਾ, ਭਾਈਚਾਰੇ ਦਾ ਭੈਅ ਮੜ੍ਹੀਆਂ-ਮਸਾਣਾਂ ਦੀ ਪੂਜਾ, ਰਸਮ ਰਿਵਾਜ ਆਦਿ ਦਾ ਕਥਾਨਕ ਕਹਾਣੀ ਦਾ ਸਭਿਆਚਾਰ ਮੁਹਾਂਦਰਾ ਚਿਤਰਦੇ ਹਨ। ਇਸੇ ਸੰਦਰਭ ਵਿਚ ਤਕੀਏ ਦੇ ਜੀਵਨ ਦੀ ਪੇਸ਼ਕਾਰੀ ਤੋਂ ਉਪਰਾਮ ਲੋਕਾਂ ਦਾ ਆਸਰਾ ਬਣਦਾ ਹੈ। ਜਿੱਥੇ ਉਹ ਭੰਗ ਆਦਿ ਨਸ਼ੇ ਦੀ ਆਦਤ ਦਾ ਸ਼ਿਕਾਰ ਬਣਦੇ ਹਨ। ਤਕੀਏ ਤੇ ਜੂਆ ਵੀ ਖੇਡਿਆ ਜਾਂਦਾ ਹੈ। ਤਕੀਏ ਦੇ ਜੀਵਨ ਨੂੰ ਲਾਸ ਵੇਗਸ ਨਾਲ ਤੁਲਨਾਤਮਿਕ ਸੰਦਰਭ ਵਿਚ ਚਿੱਤਰ ਕੇ ਲੇਖਕ ਵਿਸ਼ਵੀ ਪਰਿਪੇਖ ਸਿਰਜਦਾ ਹੈ। ਜਿਸ ਵਿਚ ਲਾਸ ਵੇਗਸ ਦੇ ਜੂਆ ਘਰ ਆਧੁਨਿਕ ਜੀਵਨ ਸ਼ੈਲੀ ਵਿਚ ਕਾਨੂੰਨੀ ਤੌਰ 'ਤੇ ਸਟੇਟਸ ਸਿੰਬਲ ਮੰਨੇ ਜਾਂਦੇ ਹਨ ਜਦਕਿ ਪੰਜਾਬੀ ਸਭਿਆਚਾਰ ਵਿਚ ਤਕੀਏ 'ਤੇ ਖੇਡਿਆ ਜਾਂਦਾ ਜੂਆ ਤੇ ਪਰੋਸਿਆ ਜਾਂਦਾ ਨਸ਼ਾ ਲੋਕਾਚਾਰ ਦੇ ਘੇਰੇ ਤੋਂ ਬਾਹਰ ਸੀ।

ਸਰਕਾਰ ਨੇ ਹੁਣ ਕੁਝ ਸਖ਼ਤੀ ਕਰ ਦਿੱਤੀ ਤੇ ਕੁਝ ਬਦਲੇ ਹਾਲਾਤ ਨੇ ਤਕੀਏ ਦੇ ਤੌਰ ਤਰੀਕੇ ਬਦਲ ਦਿੱਤੇ...ਚਲੋ ਇਹ ਤਾਂ ਚੰਗਾ ਹੋਇਆ ਚਾਚਾ। ਮੈਂ ਹੁਣੇ ਲਾਸ ਵੇਗਸ, ਕੈਲੀਫੋਰਨੀਆ ਤੇ ਨਵਾਡਾ ਸੂਬਿਆਂ ਦੀ ਹੱਦ ਤੇ ਮਾਰੂਥਲ ਰੇਗਿਸਤਾਨ ਵਿਚ ਵਸਿਆ ਇਕੋ-ਇਕ ਸੰਸਾਰ ਪ੍ਰਸਿੱਧ ਜੂਏ ਦਾ ਬੜਾ ਵੱਡਾ ਅੱਡਾ ਜਿੱਥੇ ਗੋਰਿਆਂ ਦੇ ਹੁਸ਼ਿਆਰ ਤੇ ਉਪਜਾਊ ਦਿਮਾਗ਼ ਨੇ ਉਜਾੜ ਬੀਆਬਾਨ ਵਿਚ ਇਕੋ ਸੈਰਗਾਹ ਪ੍ਰਫੁੱਲਿਤ ਕਰ ਕੇ ਕੁੱਝ ਦੁਨੀਆ ਦੇ ਅਮੀਰ ਖਿਡਾਰੀਆਂ ਜੂਏਬਾਜ਼ਾਂ ਨੂੰ ਇੱਥੇ ਆ ਕੇ ਖੇਡਣ ਤੇ ਮਨੋਰੰਜਨ ਲਈ ਖਿੱਚਿਆ ਹੈ। ਉਥੇ ਪੁਲਿਸ ਫੜਦੀ ਤੇ ਰੋਕਦੀ ਨਹੀਂ ਸਗੋਂ ਜੂਆ ਖੇਡਣ ਵਾਲਿਆਂ ਦੀ ਹਿਫ਼ਾਜ਼ਤ ਕਰਦੀ ਹੈ।"

ਸਭਿਆਚਾਰਕ ਤੇ ਲੋਕਧਾਰਾਈ ਪੇਸ਼ਕਾਰੀ ਦੇ ਨਾਲ-ਨਾਲ ਸਖੀਰਾ ਕਹਾਣੀ ਦਾ ਇਤਿਹਾਸਕ ਦ੍ਰਿਸ਼ਟੀਕੋਣ ਵੀ ਵਿਚਾਰਨ ਯੋਗ ਹੈ। ਪਛੜੇ ਸਰਹੱਦੀ ਇਲਾਕੇ ਤਰਨਤਾਰਨ ਦੇ ਖਾੜਕੂਵਾਦ ਤੋਂ ਪ੍ਰਭਾਵਿਤ ਇਤਿਹਾਸ ਨੂੰ ਕਹਾਣੀਕਾਰ ਨੇ ਸਾਹਿਤਕਤਾ ਦਾ ਜਾਮਾ ਪਹਿਨਾਇਆ ਹੈ। ਮਾਝੇ ਦੀ ਆਂਚਲਿਕ ਕਹਾਣੀ ਵਿਚ ਵੀ ਇਹ ਇਲਾਕਾ ਅਣਗੌਲਿਆ ਹੀ ਰਿਹਾ ਹੈ। ਇਸ ਕਹਾਣੀ ਰਾਹੀਂ ਕਹਾਣੀਕਾਰ ਨੇ ਇਸ ਅਣਗੌਲੇ ਇਲਾਕੇ ਦੇ ਇਕ ਇਤਿਹਾਸਕ ਯੁੱਗ ਨੂੰ ਲੋਕ-ਜੀਵਨ ਦੇ ਸੰਦਰਭ ਵਿਚ ਚਿਤਰਿਆ ਹੈ। ਇਹ ਇਲਾਕਾ ਖਾੜਕੂਵਾਦ ਤੋਂ ਕਾਫ਼ੀ ਪ੍ਰਭਾਵਿਤ ਰਿਹਾ ਹੈ। ਇੱਥੋਂ ਲੋਕਾਂ ਵਿਚ ਸਹਿਮ ਦੇ ਨਾਲ-ਨਾਲ ਅਣਮਨੁੱਖੀ ਵਰਤਾਰਿਆਂ ਪ੍ਰਤੀ ਰੋਹ ਵੀ ਰਿਹਾ। ਇਸ ਲੰਬੇ ਸੰਘਰਸ਼ ਨੇ ਕਈ ਪੀੜ੍ਹੀਆਂ ਤਕ ਉਨ੍ਹਾਂ ਦੀ ਜੀਵਨ ਜਾਂਚ ਨੂੰ ਪ੍ਰਭਾਵਿਤ ਕੀਤਾ। ਇਸ ਇਲਾਕੇ ਦੇ ਪੰਨੂੰ ਕਾਲਜ ਵਰਗੇ ਪੱਤਰਕਾਰ ਵੀ ਰਹੇ ਜੋ ਖਾੜਕੂਵਾਦ ਦੇ ਨਕਾਬ ਹੇਠ ਲੁਕੇ ਗੈਰ-ਮਨੁੱਖੀ ਅਨਸਰਾਂ ਨੂੰ ਨੰਗੇ ਕਰਨ ਲਈ ਨੰਗੇ ਧੜ ਹੋ ਕੇ ਲੜੇ। ਕੁੱਝ ਸੁੱਖੇ ਵਰਗੇ ਵੀ ਇਸੇ ਇਲਾਕੇ ਦੀ ਪੈਦਾਵਾਰ ਸਨ।

ਆਪਣੇ ਇਲਾਕੇ ਦਾ ਇਤਿਹਾਸਕ ਪਰਿਪੇਖ ਸਿਰਜਣ ਪਿੱਛੇ ਲੇਖਕ ਦਾ ਮਕਸਦ ਆਪਣੇ ਲੋਕਾਂ ਦੀ ਗੁਆਚੀ ਹੋਈ ਪਛਾਣ ਨੂੰ ਮੁੜ ਸਥਾਪਿਤ ਕਰਨਾ ਵੀ ਹੈ। ਕੁੱਝ ਇਲਾਕੇ ਹਮੇਸ਼ਾ ਹੀ ਮੁੱਖ ਧਾਰਾ ਵੱਲੋਂ ਅਣਗੌਲੇ ਤੇ ਬੇਪਛਾਣ ਕਰ ਦਿੱਤੇ ਜਾਂਦੇ ਹਨ। ਇਹ ਬੇਪਛਾਣ ਸਥਿਤੀ ਹੰਢਾਉਣ ਵਾਲਿਆਂ ਲਈ .... ਤੇ ਅਸਹਿ ਹੁੰਦੀ ਹੈ। ਕਹਾਣੀਕਾਰ ਆਪਣੇ ਇਲਾਕੇ ਦੀ ਬੇਪਛਾਣ ਕੀਤੀ ਅਣਹੋਂਦ ਪ੍ਰਤੀ ਰੋਹ ਦੇ ਪ੍ਰਗਟਾਵੇ ਦਾ ਬਿਰਤਾਂਤ ਸਿਰਜਦਾ ਹੈ। ਪਿੰਡ ਦੀ ਹੱਦ 'ਚ ਮੌਜੂਦ ਹੋਣ ਦੇ ਬਾਵਜੂਦ ਪਿੰਡ ਦੇ ਸਟੇਸ਼ਨ ਦਾ ਨਾਂ ਗੁਆਂਢੀ ਪਿੰਡ ਜੰਡੋਕੇ ਦੇ ਨਾਂ 'ਤੇ ਰੱਖਿਆ ਜਾਣਾ ਅਜਿਹਾ ਚਿਹਨ ਹੈ ਜੋ ਲੇਖਕ ਦੇ ਪਿੰਡ ਤੋਂ ਇਲਾਕੇ ਦੀ ਅਣਗੌਲੀ ਕੀਤੀ ਗਈ ਹਸਤੀ ਨੂੰ ਚਿਹਨਿਤ ਕਰਦਾ ਹੈ। ਕਹਾਣੀ ਦੇ ਬਿਰਤਾਂਤ ਵਿਚ ਰੇਲਵੇ ਲਾਇਨ ਦਾ ਵਿਰੋਧ ਕਰਨ ਵਾਲੇ ਨੌਜਵਾਨਾਂ ਦੀਆਂ ਰੋਹ ਭਰੀਆਂ ਕਾਰਵਾਈਆਂ ਦਾ ਜ਼ਿਕਰ ਬੇਪਛਾਣ ਸੀ ਤੇ ਅਵਚੇਤਨ ਦੇ ਚਿਹਨ-ਪ੍ਰਬੰਧ ਦੀਆਂ ਚਿਹਨ ਕੜੀਆਂ ਹਨ।

"ਰੇਲ ਲਾਇਨ ਵੀ ਨਿਕਲੀ ਤੇ ਨਿਕਲੀ ਵੀ ਉਥੇ ਹੀ, ਪਰ ਇਸ ਸੰਘਰਸ਼ ਤੋਂ ਲੋਕਾਂ ਪੱਲੇ ਕੱਖ ਨਾ ਪਿਆ..ਪਰ ਇਸ ਸਟੇਸ਼ਨ ਦਾ ਨਾਂ ਚਿੜ ਕੇ ਚਿਪਕੇ ਨੇ ਗੁਆਂਢੀ ਪਿੰਡ ਦੇ ਨਾਂ 'ਤੇ ਜੰਡੋਕੇ ਰੱਖ ਦਿੱਤਾ। ਸਾਰੇ ਪਿੰਡ ਦੇ ਲੋਕ ਇਸ ਘੋਰ ਬੇਇਨਸਾਫ਼ੀ ਖ਼ਿਲਾਫ਼ ਸਿਰਾਂ 'ਤੇ ਮੜਾਸੇ ਬੰਨ੍ਹ ਕੇ ਨਿਕਲ ਤੁਰੇ।" ਇਸ ਤਰ੍ਹਾਂ ਸਖੀਰਾ ਇਕ ਬਹੁ-ਪਸਾਰੀ ਦਸਤਾਵੇਜ਼ੀ ਕਹਾਣੀ ਹੈ ਜੋ ਅਤੀਤ ਦਾ ਸੰਸਮਰਣ ਹੀ ਨਹੀਂ ਇਤਿਹਾਸ ਤੇ ਸਭਿਆਚਾਰ ਦਾ ਪੁਨਰ ਚਿੰਤਨ ਹੈ। ਇਹ ਕਹਾਣੀ ਸਰਹੱਦੀ ਇਲਾਕੇ ਦੀ ਚੇਤਨਾ ਪਹਿਲੀ ਵਾਰ ਕਿਸੇ ਕਹਾਣੀ ਦੇ ਆਂਚਲਿਕ ਜੁੱਸੇ ਸਮੇਤ ਰੂਪਮਾਨ ਹੋਈ ਹੈ। ਸ਼ਬਦਾਵਲੀ ਤੇ ਮੁਹਾਵਰੇ ਪੱਖੋਂ ਕਹਾਣੀ ਦੀ ਰੂਪਕਤਾ ਵੀ ਆਂਚਲਿਕ ਰੰਗਣ ਵਿਚ ਰੰਗੀ ਹੋਈ ਹੈ। ਕਹਾਣੀ ਅੰਦਰੂਨੀ ਲੋਕਧਾਰਾਈ ਰੰਗਣ ਪਾਠਕਾਂ ਨੂੰ ਸੁਹਜ-ਸੁਆਦ ਨਾਲ ਜੋੜਨ ਦੇ ਨਾਲ ਲੋਕ ਖੇਡਾਂ, ਲੋਕ ਚਿਕਿਤਸਾ, ਲੋਕ ਵਿਸ਼ਵਾਸ, ਵਹਿਮ-ਭਰਮ ਆਦਿ ਨਾਲ ਕਈ ਵਰਤਾਰਿਆਂ ਨੂੰ ਸਾਂਭਦੀ ਹੈ।

## ਜਥੇਦਾਰ ਮੁਕੰਦ ਸਿੰਘ

*(ਪਿਛਲੇ ਸਫੇ ਦੀ ਬਾਕੀ)*

ਲੱਗਾ ਸੀ। ਇਹ ਕਲੰਕ ਸਾਰੀ ਉਮਰ ਉਹਦੇ ਮੱਥਿਉਂ ਨਹੀਂ ਸੀ ਧੁਪਣਾ।

"ਛੇਤੀ ਕਰ ਭੈਣੇ ਮੇਰੀਏ", ਉਹਨੇ ਨੀਵੀਂ ਪਾਈ ਆਖਿਆ, "ਨੱਠ ਕੇ ਕਾਫ਼ਲੇ ਵਿਚ ਜਾ ਰਲੋ। ਪੱਤਿਆਂ ਖਾਤਰ ਜਿੰਦ ਦਾ ਖ਼ਤਰਾ ਨਾ ਸਹੇੜਿਆ ਕਰੋ।"

...ਯਾਦ ਕਰਕੇ ਮੁਕੰਦ ਸਿੰਘ ਦੇ ਜੁੰਡੀਦਾਰਾਂ ਨੂੰ ਉਹਦੀ ਏਸ ਨਵੀਂ ਤਜਵੀਜ਼ ਉਤੇ ਹੈਰਾਨੀ ਨਾ ਹੋਈ।

"ਬੋਲੋ", ਜਥੇਦਾਰ ਭਵਾਂ ਸੁਕੇੜਦਾ ਬੋਲਿਆ, "ਮਨਜ਼ੂਰ ਏ ਤੁਹਾਨੂੰ ਮੇਰੀ ਗੱਲ?"

ਤਿੰਨਾਂ ਵਿਚੋਂ ਕਿਸੇ ਹੁੰਗਾਰਾ ਨਾ ਭਰਿਆ। ਲੱਗਦਾ ਸੀ ਜਥੇਦਾਰ ਮੁਕੰਦ ਸਿੰਘ ਦੀ ਗੱਲ ਚੰਗੀ ਤਰ੍ਹਾਂ ਉਨ੍ਹਾਂ ਦੀ ਸਮਝ ਵਿਚ ਨਹੀਂ ਸੀ ਆਈ। ਜਥੇਦਾਰ ਨੇ ਆਪਣੀ ਤਜਵੀਜ਼ ਦੁਹਰਾਈ। ਇਸ ਵਾਰੀ ਵੀ ਤਿੰਨਾਂ ਵਿਚੋਂ ਕਿਸੇ ਨੇ ਕੋਈ ਜਵਾਬ ਨਾ ਦਿੱਤਾ।

"ਹਾਂ ਜਾਂ ਨਾ, ਕੁਝ ਤਾਂ ਬੋਲੋ।"

ਇਕ ਹਠੀਲੀ ਚੁੱਪ ਉਨ੍ਹਾਂ ਦਾ ਉੱਤਰ ਸੀ।

"ਮਰੋ ਫਿਰ ਸਾਰੇ ਈ। ਮੁਲਕੇ ਅਦਮ ਵੱਲ ਕੱਠਿਆਂ ਈ ਹਿਜਰਤ ਕਰੋ।"

"ਲੈ ਚੱਲੋ ਸਾਰਿਆਂ ਨੂੰ ਹਿੱਕ ਕੇ ਸਕੂਲ ਦੇ ਪਿਛਵਾੜੇ।" ਜਥੇਦਾਰ ਨੇ ਆਪਣੇ ਨਾਇਬ ਨੱਥੂ ਝੀਊਰ ਨੂੰ ਹੁਕਮ ਕੀਤਾ।

"ਸਾਨੂੰ ਮਨਜ਼ੂਰ ਏ।"

ਇਹ ਆਵਾਜ਼ ਉਸ ਅੱਧਖੜ ਬੰਦੀ ਦੀ ਸੀ ਜਿਸਦੀ ਨਿਰਭਤਾ ਮੁਕੰਦ ਸਿੰਘ ਨੂੰ ਬੁਰੀ ਤਰ੍ਹਾਂ ਰੜਕ ਰਹੀ ਸੀ।

"ਮਨਜ਼ੂਰ ਏ ਤਾਂ ਚੁਣ ਲਵੋ ਆਪੋ ਆਪਣਾ ਸਾਥੀ ਦੋਜ਼ਖ਼ ਜਾਣ ਲਈ। ਚੱਲ ਓਏ ਪਹਿਲੇ ਤੂੰ।"

ਬਿੰਦ ਕੁ ਲਈ ਗੱਭਰੂ ਦੁਚਿਤੀਆਂ ਵਿਚ ਖੜੋਤਾ ਰਿਹਾ ਪਰ ਅਗਲੇ ਪਲ ਜਥੇਦਾਰ ਦੀ ਦੁਨਾਲੀ ਉਹਦੀਆਂ ਮੌਰਾਂ ਵਿਚ ਵੱਜੀ ਤੇ ਬਓਹੁੰਧਾ ਉਹ ਮਰਦਾਂ ਦੀ ਢਾਣੀ ਵੱਲ ਹੋ ਤੁਰਿਆ। ਜਿਸਦੇ ਲਾਗਿਓਂ ਉਹ ਲੰਘਿਆ, ਉਹਨੂੰ ਮੌਤ ਸੁੰਘ ਗਈ।

ਜਿਸਦੇ ਕੋਲ ਉਹ ਰੁਕਿਆ, ਉਹਨੇ ਨੀਵੀਂ ਪਾ ਲਈ; ਇਸ ਉਮੀਦ 'ਤੇ ਕਿ ਹੇਠਾਂ ਗੱਡੀਆਂ ਨੀਝਾਂ ਨਾਲ ਉਹ ਕਿਸੇ ਨੂੰ ਨਜ਼ਰ ਨਹੀਂ ਆਏਗਾ। ਇਕ ਇਕ ਕਰਕੇ ਗੱਭਰੂ ਸਭ ਦੇ ਕੋਲੋਂ ਲੰਘ ਗਿਆ। ਜਦ ਢਾਣੀ ਦਾ ਅਖ਼ੀਰਲਾ ਬੰਦਾ ਰਹਿ ਗਿਆ ਤਾਂ ਹਾਰ ਕੇ ਉਹਨੇ ਉਹਦੇ ਮੋਢੇ 'ਤੇ ਹੱਥ ਧਰ ਦਿੱਤਾ।

ਏਸੇ ਤਰ੍ਹਾਂ ਦੂਜੇ ਗੱਭਰੂ ਨੇ ਕੀਤਾ।

"ਚੱਲ ਬੜੇ ਮੀਆਂ, ਹੁਣ ਤੇਰੀ ਵਾਰੀ ਏ।" ਮੁਕੰਦ ਸਿੰਘ ਅੱਧਖੜ ਵੱਲ ਹੋਇਆ।

ਅਧਖੜ ਇਕ ਪਲ ਨਾ ਝਿਜਕਿਆ ਤੇ ਢਾਣੀ ਵਿਚੋਂ ਤੁਰਤ 17-18 ਵਰ੍ਹਿਆਂ ਦੇ ਮੁੰਡੇ ਨੂੰ ਆਪਣੇ ਕਲਾਵੇ ਵਿਚ ਵਲਦਾ ਜਥੇਦਾਰ ਦੇ ਪੇਸ਼ ਹੋ ਗਿਆ।

ਅਚਨਚੇਤ ਅੱਸੀ ਕੁ ਸਾਲਾਂ ਦਾ ਬੁੱਢਾ ਜੋ ਢਾਣੀ ਵਿਚ ਸਭ ਤੋਂ ਵਡੇਰਾ ਲੱਗਦਾ ਸੀ, ਭੁੜਕ ਕੇ ਅੱਗੇ ਆਉਂਦਾ ਚੀਖਿਆ- "ਰਮਜ਼ਾਨਿਆਂ ਇਹ ਕੀ ਕਹਿਰ ਕਮਾਣ ਲਗਾ ਏਂ। ਨਜ਼ੀਰ ਤੇਰਾ ਇਕੋ ਇਕ ਪੁੱਤਰ ਏ। ਇਹਨੂੰ ਮੌਤ ਦੇ ਮੂੰਹ ਧੱਕਣ ਦਾ ਤੇਰਾ ਜਿਗਰਾ ਕਿਵੇਂ

ਪਿਆ।"

ਰਮਜ਼ਾਨ ਨੇ ਕੋਈ ਉੱਤਰ ਨਾ ਦਿੱਤਾ। ਸਿਰਫ਼ ਆਪਣੇ ਕਲਾਵੇ ਦੀ ਕਸ ਮੁੰਡੇ ਦੁਆਲੇ ਪੀਡੀ ਕਰ ਲਈ।

"ਇਹਦੇ ਬਦਲੇ ਤੂੰ ਮੈਨੂੰ ਚੁਣ ਲੈ", ਬੁੱਢੇ ਤਰਲਾ ਲਿਆ, "ਮੈਂ ਖਾ-ਹੰਢਾਅ ਬੈਠਾਂ ਹਾਂ।"

ਏਨਾ ਕਹਿੰਦਿਆਂ ਬਜ਼ੁਰਗ ਨਜ਼ੀਰ ਦਾ ਹੱਥ ਫੜ ਕੇ ਪਿਛਾਂਹ ਖਿੱਚਣ ਲੱਗਾ।

"ਛੱਡ ਦੇ ਚਾਚਾ।" ਅੱਧਖੜ ਨੇ ਉਹਨੂੰ ਵਰਜਿਆ, "ਚੋਣ ਕਰਨ ਦਾ ਹੱਕ ਮੇਰਾ ਏ ਤੇ ਮੈਂ ਨਜ਼ੀਰ ਨੂੰ ਚੁਣਿਆ ਏ।"

"ਵਾਸਤਾ ਈ ਕਿਸੇ ਵੱਡੇ ਵਡੇਰੇ ਦਾ ਰਮਜ਼ਾਨਿਆਂ, ਮੁੰਡੇ ਨੂੰ ਅਜਿਆਈਂ ਮੌਤੇ ਨਾ ਮਰਵਾ। ਤੇਰੇ ਖ਼ਾਨਦਾਨ ਦਾ ਇਕੋ ਇਕ ਚਰਾਗ ਏ। ਇਹਦੇ ਨਾਲ ਈ ਤੇਰੀ ਕੁਲ ਦਾ ਨਾਮ ਨਿਸ਼ਾਨ ਮਿਟ ਜਾਏਗਾ।"

"ਮਿਟ ਜਾਏ।" ਰਮਜ਼ਾਨ ਦੀ ਆਵਾਜ਼ ਵਿਚ ਆਖ਼ਰਾਂ ਦਾ ਠਰ੍ਹੰਮਾ ਸੀ।

"ਪਰ ਤੂੰ ਮੈਨੂੰ ਕਿਉਂ ਨਹੀਂ ਚੁਣ ਲੈਂਦਾ। ਮੇਰੀਆਂ ਲੱਤਾਂ ਤਾਂ ਪਹਿਲੇ ਈ ਕਬਰ ਵਿਚ ਹਨ।"

"ਮੇਰਾ ਹੱਕ ਸਿਰਫ਼ ਆਪਣੇ ਪੁੱਤਰ ਦੀ ਜਿੰਦ 'ਤੇ ਏ। ਕਿਸੇ ਹੋਰ ਦੀ 'ਤੇ ਨਹੀਂ।"

ਅੱਧਖੜ ਦਾ ਇਖ਼ਲਾਕੀ ਹੌਸਲਾ ਵੇਖ ਜਥੇਦਾਰ ਮੁਕੰਦ ਸਿੰਘ ਅਚਨਚੇਤ ਪੈਰੋਂ ਉੱਖੜ ਗਿਆ। ਉਹਨੇ ਮੁੜ ਅੰਦਰਲੇ ਨੂੰ ਨਫ਼ਰਤ ਦੇ ਜ਼ਬਤ ਵਿਚ ਸਾਵਧਾਨ ਕਰਨਾ ਚਾਹਿਆ ਪਰ ਉਹਦੇ ਅੰਦਰ ਸਭ ਕੁਝ ਟੁੱਟ ਗਿਆ ਜਾਪਦਾ ਸੀ। ਉਹਦੇ ਸਰੀਰ ਦੀ ਸੱਤਿਆ ਜਿਵੇਂ ਪੈਰਾਂ ਵਿਚੋਂ ਦੀ ਹੁੰਦੀ ਧਰਤੀ ਵਿਚ ਨਿੱਘਰ ਗਈ ਹੋਵੇ। ਉਹਨੂੰ ਲੱਗਾ ਰਮਜ਼ਾਨ ਇਨਸਾਨੀਅਤ ਦਾ ਮੁਜੱਸਮਾ ਸੀ ਤੇ ਰੂਹਾਨੀਅਤ ਦੀ ਉਸ ਉਚਾਈ 'ਤੇ ਖੜੋਤਾ ਸੀ ਜਿੱਥੇ ਮੁਕੰਦ ਸਿੰਘ ਆਪ ਮੂੰਧੜੇ ਮੂੰਹ ਡਿੱਗਾ ਸੀ।

ਜਥੇਦਾਰ ਨੂੰ ਜਾਪਿਆ ਜਿਵੇਂ ਉਹਦਾ ਮੂੰਹ, ਉਹਦੀ ਦਾੜ੍ਹੀ, ਉਹਦੀ ਦਸਤਾਰ ਹੈਵਾਨੀਅਤ ਦੇ ਬਦਬੂਦਾਰ ਚਿੱਕੜ ਨਾਲ ਲਿਬੜ ਘੱਤੀ ਹੋਵੇ। ਰਮਜ਼ਾਨ ਦੇ ਪੱਲੇ ਇਨਸਾਨੀਅਤ ਸੀ, ਨੇਕੀ ਸੀ, ਕੁਰਬਾਨੀ ਸੀ। ਰਮਜ਼ਾਨ ਦੇ ਪੱਲੇ ਸੱਚ ਸੀ, ਚਿੱਟੇ ਦਿਹੁੰ ਵਰਗਾ ਸੱਚ, ਜਿਹੋ ਜਿਹਾ ਮਲੇਰਕੋਟਲੇ ਦੇ ਨਵਾਬ ਦੇ ਪੱਲੇ ਸੀ। ਜਥੇਦਾਰ ਮੁਕੰਦ ਸਿੰਘ ਨੂੰ ਲੱਗਾ, ਠੀਕਰੀ ਮਾਜਰਾ ਦੂਜਾ ਮਲੇਰਕੋਟਲਾ ਸੀ।

"ਤੁਹਾਡਾ ਵਾਲ ਵਿੰਗਾ ਨਹੀਂ ਹੋਏਗਾ", ਉਹਨੇ ਸਾਰੇ ਬੰਦੀਆਂ ਨੂੰ ਧਰਵਾਸ ਦੇਂਦਿਆਂ ਆਖਿਆ, "ਤੁਹਾਡਾ ਮਾਲ ਅਸਬਾਬ, ਡੰਗਰ ਢੋਰ ਤੁਹਾਨੂੰ ਹੁਣੇ ਮੋੜ ਦਿੱਤੇ ਜਾਣਗੇ। ਅੱਜ ਦੁਪਹਿਰੀਂ ਮੈਂ ਤੇ ਮੇਰਾ ਜਥਾ ਆਪਣੀ ਨਿਗਰਾਨੀ ਵਿਚ ਤੁਹਾਨੂੰ ਕਾਫ਼ਲੇ ਨਾਲ ਰਲਾ ਕੇ ਆਵਾਂਗੇ।"

ਜਥੇਦਾਰ ਦੇ ਹੁਕਮ ਦੀ ਨਾਬਰੀ ਕਰੇ, ਏਨੀ ਮਜਾਲ ਜਥੇ ਵਿਚ ਕਿਸੇ ਦੀ ਨਹੀਂ ਸੀ।

# ਜੰਗ ਨਹੀਂ-ਖੇਡਾਂ

**ਗੁਰਮੀਤ ਕੜਿਆਲਵੀ ਨੇ ਆਪਣੇ ਇਸ ਲੇਖ ਵਿਚ 'ਏਸ਼ਿਆਈ ਖੇਡਾਂ 2023' ਵਿਚ ਤਮਗੇ ਜਿਤਣ ਵਾਲੇ ਭਾਰਤੀ ਖਿਡਾਰੀਆਂ ਨੂੰ ਜਿੱਤ ਦੀ ਮੁਬਾਰਕਬਾਦ ਦਿੰਦਿਆਂ ਦੁਨੀਆਂ ਦੇ ਹੁਕਮਰਾਨਾਂ ਨੂੰ ਜੰਗਾਂ ਦੀ ਥਾਂ ਖੇਡਾਂ ਰਾਹੀਂ ਆਪਣੀ ਧਾਂਕ ਜਮਾਉਣ ਦੀ ਨਸੀਹਤ ਦਿੱਤੀ ਹੈ।**

19ਵੀਆਂ ਏਸ਼ਿਆਈ ਖੇਡਾਂ 'ਚ ਇੰਡੀਆ ਬਨਾਮ ਭਾਰਤ ਨੇ ਸੋਨੇ ਦੇ 107 ਤਮਗੇ ਜਿੱਤੇ ਨੇ। ਇਹ 1951 ਤੋਂ, ਜਦੋਂ ਦੀਆਂ ਇਹ ਖੇਡਾਂ ਸ਼ੁਰੂ ਹੋਈਆਂ ਹਨ, ਦਾ ਸਭ ਤੋਂ ਬਿਹਤਰੀਨ ਪ੍ਰਦਰਸ਼ਨ ਕਿਹਾ ਜਾ ਰਿਹਾ ਹੈ।



ਬਹੁਤ ਸਾਰੇ ਪੜ੍ਹਨ ਵਾਲਿਆਂ ਨੂੰ ਮੇਰੀ ਸਟੇਟਮੈਂਟ 'ਚ ਫ਼ਰਕ ਲੱਗ ਗਿਆ ਹੋਵੇਗਾ। ਦਰਅਸਲ ਇਹ ਸਾਰੇ ਤਮਗੇ ਸੋਨੇ ਦੇ ਹੀ ਨੇ। ਸੋਨੇ,

**ਗੁਰਮੀਤ ਕੜਿਆਲਵੀ**
**ਫੋਨ: +91-98726-40994**

ਚਾਂਦੀ ਜਾਂ ਕਾਂਸੀ ਤਮਗਾ ਜਿੱਤਣ 'ਚ ਐਵੇਂ ਵਾਲ ਭਰ ਦਾ ਫਰਕ ਹੁੰਦਾ। ਕਾਂਸੀ, ਚਾਂਦੀ 'ਚ ਤੇ ਚਾਂਦੀ ਸੋਨੇ 'ਚ ਬਦਲ ਸਕਦੀ ਸੀ -ਤੇ ਬਦਲ ਸਕਦੀ ਹੁੰਦੀ ਹੈ ਤੇ ਅੱਗੇ ਨੂੰ ਬਦਲ ਸਕਦੀ ਹੈ। ਸਿਰਫ ਇਕ ਹੀ ਉਦਾਹਰਣ ਦੇਣੀ ਹੈ ਵੈਸੇ ਸੈਂਕੜੇ ਨੇ-1982 ਦੀਆਂ ਨੌਵੀਆਂ ਏਸ਼ਿਆਈ ਖੇਡਾਂ 'ਚ ਪੀ ਟੀ ਊਸ਼ਾ ਨੇ ਚਾਂਦੀ ਦਾ ਤਮਗਾ ਜਿੱਤਿਆ ਸੀ ਤੇ ਅਗਲੀਆਂ ਖੇਡਾਂ ਜੋ 1986 'ਚ ਸਿਓਲ (ਕੋਰੀਆ) ਵਿਖੇ ਹੋਈਆਂ, ਓਥੇ ਉਸਨੇ ਚਾਰ ਸੋਨੇ ਅਤੇ ਇਕ ਸਿਲਵਰ ਮੈਡਲ ਜਿੱਤ ਲਿਆ ਸੀ। ਸੋ ਜਿੱਤ-ਹਾਰ 'ਚ ਬੜਾ ਮਹੀਨ ਜਿਹਾ ਫਰਕ ਹੁੰਦਾ ਹੈ। ਏਸ਼ੀਆ ਜਾਂ ਅੰਤਰਰਾਸ਼ਟਰੀ ਪੱਧਰ 'ਤੇ ਕਾਂਸੀ ਤਮਗੇ ਤੱਕ ਪੁੱਜਣਾ ਹੀ ਬਹੁਤ ਵੱਡੀ ਪ੍ਰਾਪਤੀ ਹੁੰਦੀ ਹੈ। ਅਜੇ ਆਪਾਂ ਪਿਛਲੇ ਸਾਲ ਹੀ ਤਾਂ ਟੋਕੀਓ ਉਲੰਪਿਕ 'ਚ ਹਾਕੀ ਟੀਮ ਵੱਲੋਂ ਕਾਂਸੀ ਮੈਡਲ ਜਿੱਤਣ ਦੀਆਂ ਕਿੰਨੀਆਂ ਖੁਸ਼ੀਆਂ ਮਨਾਈਆਂ ਸਨ।

ਹੁਣ ਜੰਗਾਂ-ਯੁੱਧਾਂ ਦਾ ਜ਼ਮਾਨਾ ਨਹੀਂ ਹੈ। ਇਕ ਰਾਜੇ ਨੇ ਫੌਜ ਦੂਜੇ ਰਾਜੇ 'ਤੇ ਚੜ੍ਹਾਈ ਤੇ ਉਹਨੂੰ ਹਰਾ ਦਿੱਤਾ। ਇਹ ਦੌਰ ਚਲਾ ਗਿਆ ਹੈ। ਬਹੁਤ ਦੂਰ। ਹੁਣ ਤਾਂ ਵੱਡੀਆਂ-ਵੱਡੀਆਂ ਤੇ ਆਵਦੇ-ਆਪ ਨੂੰ ਕਹਿੰਦੀਆਂ-ਕਹਾਉਂਦੀਆਂ ਸ਼ਕਤੀਆਂ ਵੀ ਕਿਸੇ ਨੂੰ



ਜੰਗ 'ਚ ਹਰਾ ਨਹੀਂ ਸਕਦੀਆਂ। ਅਸੀਂ ਵੀਅਤਨਾਮ 'ਤੇ ਕਰੋੜਾਂ ਟਨ ਬਾਰੂਦ ਸੁੱਟਣ ਦੇ ਬਾਵਜੂਦ ਅਮਰੀਕਾ ਨੂੰ ਉਥੋਂ ਭੱਜਦਿਆਂ ਵੇਖਿਆ। ਜੇ ਸੋਵੀਅਤ ਯੂਨੀਅਨ ਅਫ਼ਗਾਨਿਸਤਾਨ 'ਚ ਪੰਗਾ ਨਾ ਲੈਂਦਾ ਸ਼ਾਇਦ ਟੁੱਟਣ ਤੋਂ ਬਚ ਜਾਂਦਾ। ਐਵੇਂ ਚੀਲ 'ਚ ਲੱਤਾਂ ਫਸਾ ਕੇ ਕੋਡੀਓਂ ਖੋਟਾ ਹੋ ਕੇ ਨਿਕਲਿਆ ਸੀ। ਇਹੋ ਹਾਲ ਦੁਨੀਆ ਦੇ ਠਾਣੇਦਾਰ ਕਹਾਉਂਦੇ ਅਮਰੀਕਾ ਨਾਲ ਹੋਇਆ। ਉਹ ਵੀ ਅਫ਼ਗਾਨਿਸਤਾਨ 'ਚੋਂ ਬੇਸ਼ਰਮੀ ਦੇ ਤਾਣ ਮੂੰਹ ਦੀ ਖਾ ਕੇ ਨਿਕਲਿਆ। ਯੂਕਰੇਨ ਤੇ ਰੂਸ ਯੁੱਧ ਦੀ ਤਾਜ਼ਾ ਮਿਸਾਲ ਸਾਹਵੇਂ ਹੈ। ਵਲਾਦੀਮੀਰ ਪੁਤਿਨ ਲੱਖ ਦਾਅਵੇ ਕਰੇ-ਯੂਕਰੇਨ ਦਾ ਕੱਖ ਨਹੀਂ ਵਿਗਾੜ ਸਕਿਆ। ਹੋਰ ਸਾਲ ਖੰਡ ਤੱਕ ਝੁੱਗਾ-ਚੌੜ ਕਰਵਾ ਕੇ ਟਿਕ ਕੇ ਬਹਿ ਜਾਵੇਗਾ। ਮਿਸਾਲਾਂ ਹੋਰ ਵੀ ਬੜੀਆਂ ਨੇ। ਪਾਕਿਸਤਾਨ ਨੇ ਵੀ 1965, 1971 ਤੇ ਫੇਰ ਕਾਰਗਿਲ ਵੇਲੇ ਪੰਗਾ ਲੈ ਕੇ ਵੇਖ ਲਿਆ। ਫੇਰ ਹੱਥ ਲਾ ਲਾ ਕੇ ਵੇਖਦਾ ਸੀ। ਮੇਰੇ ਇਹ ਸਭ ਕਹਿਣ ਦਾ ਭਾਵ ਇਹ ਕਿ ਹੁਣ ਜੰਗਾਂ ਯੁੱਧਾਂ ਦਾ ਜ਼ਮਾਨਾ ਨਹੀਂ ਹੈ। ਇਹ ਨਹੀਂ ਕਿ ਬਾਬਰ 5000 ਘੋੜ ਸਵਾਰ ਲੈ ਕੇ ਆਇਆ, ਇਬਰਾਹਿਮ ਲੋਧੀ ਨੂੰ ਪਾਣੀਪਤ ਦੇ ਮੈਦਾਨ 'ਚ ਚਿੱਤ ਕੀਤਾ ਤੇ ਮੁਗ਼ਲ ਸਾਮਰਾਜ ਕਾਇਮ ਕਰ ਲਿਆ। ਉਹ ਦਿਨ ਲੱਦ ਗਏ ਨੇ।

ਹੁਣ ਜੇ ਕਿਸੇ ਦੇਸ਼ ਦੀ ਦੁਨੀਆ 'ਤੇ ਧਾਂਕ ਵੇਖਣੀ ਹੋਵੇ ਤਾਂ ਮੇਰਾ ਖਿਆਲ ਖੇਡਾਂ ਦੇ ਮੁਕਾਬਲਿਆਂ 'ਚ ਉਸ ਦੀਆਂ ਪ੍ਰਾਪਤੀਆਂ ਤੋਂ ਹੀ ਵੇਖੀ ਜਾ ਸਕਦੀ ਹੈ ਜਾਂ ਵੇਖੀ ਜਾਣੀ ਚਾਹੀਦੀ ਹੈ। ਯਾਦ ਹੈ-ਤੀਹ ਕੁ ਵਰ੍ਹੇ ਪਹਿਲਾਂ ਅੰਤਰਰਾਸ਼ਟਰੀ ਪੱਧਰ 'ਤੇ ਚੀਨ ਖੇਡਾਂ ਦੇ ਖੇਤਰ 'ਚ ਕੋਈ ਵੱਡੀ ਤੋਪ ਨਹੀਂ ਸੀ। ਫੇਰ ਅਗਲਿਆਂ ਇਸ ਨੂੰ ਚੁਣੌਤੀ ਵਜੋਂ ਲਿਆ ਤੇ ਦੁਨੀਆ ਦਾ ਮੋਹਰੀ ਦੇਸ਼ ਬਣ ਗਿਆ। ਦੁਨੀਆ ਦਾ ਸਰਪੰਚ ਅਮਰੀਕਾ ਵੀ ਪਿੱਛੇ ਰਹਿ ਗਿਆ।

ਸੋ ਭਰਾਓ ਤੇ ਦੇਸ਼ ਦੇ ਰਹਿਬਰੋ-107 ਤਮਗੇ ਜਿੱਤਣ 'ਤੇ ਬਹੁਤ-ਬਹੁਤ ਮੁਬਾਰਕਬਾਦ! ਅਬਕੀ ਵਾਰ ਸੌ ਪਾਰ ਦਾ ਨਾਅਰਾ ਕਾਮਯਾਬ ਰਿਹਾ ਹੈ-ਪਰ ਅਬਕੀ ਵਾਰ ਸਭ ਸੇ ਪਾਰ ਵਾਲਾ ਨਿਸ਼ਾਨਾ ਵੀ ਮਿਥਣਾ ਹੀ ਪੈਣਾ ਹੈ। ਹੁਣ ਜਦੋਂ ਅਸੀਂ ਵਿਸ਼ਵ ਗੁਰੂ ਬਣ ਹੀ ਚੱਲੇ ਹਾਂ-ਜਾਂ ਰਹਿਨੁਮਾਵਾਂ ਅਨੁਸਾਰ ਬਣਨ ਦੇ ਜਵਾਂ ਨੇੜੇ-ਤੇੜੇ ਹਾਂ, ਸਾਨੂੰ ਖੇਡਾਂ ਦੇ ਖੇਤਰ 'ਚ ਵੀ ਵਿਸ਼ਵ ਗੁਰੂ ਬਣਨਾ ਪੈਣਾ ਹੈ। ਜੇ ਸਾਡੇ ਸੂਰਵੀਰ 107 ਜਿੱਤ ਸਕਦੇ ਤੇ ਤਾਂ 307 ਵੀ ਕਰ ਲੈਣਗੇ। ਭਾਈ ਸਕੂਲੀ ਪੱਧਰ ਤੋਂ ਹੀ ਖੇਡ ਨੀਤੀ ਬਣਾਓ। ਪਿੰਡਾਂ, ਸ਼ਹਿਰਾਂ, ਸਕੂਲਾਂ, ਕਾਲਜਾਂ, ਗਲੀ, ਮੁਹੱਲਿਆਂ 'ਚ ਖੇਡਾਂ ਦਾ ਮਾਹੌਲ ਹੋਵੇ ਐਵੇਂ ਲੰਡੂ ਗੱਲਾਂ 'ਚ ਜਵਾਨੀ ਨੂੰ ਨਾ ਉਲਝਾਇਆ ਜਾਵੇ। ਸਿਆਸਤ ਤੁਹਾਨੂੰ ਮੁਬਾਰਕ! ਲੋਕਾਂ ਦੇ ਜੁਆਕ ਕੱਟੜ ਨਾਅਰੇ ਲਾ-ਲਾ ਕੇ ਮਰਵਾਉਣ ਵਾਲੇ ਰਾਹ ਤੋਰਨ ਦੀ ਥਾਂ ਉਨ੍ਹਾਂ ਨੂੰ ਖੇਡ ਮੈਦਾਨਾਂ ਵੱਲ ਤੋਰ ਦਿਓ।

'ਖੇਡੇਗਾ ਇੰਡੀਆ ਤੋ ਗਾਏਗਾ ਇੰਡੀਆ। ਫਿਰ ਔਰ ਭੀ ਜਲਦੀ ਵਿਸ਼ਵ ਗੁਰੂ ਬਣ ਜਾਏਗਾ ਇੰਡੀਆ।' ਫ਼ਰੀਦਕੋਟ ਵਾਲੀ ਸਿਫਤ ਕੌਰ ਸਮਰਾ, ਮੋਗੇ ਵਾਲੇ ਤੇਜਿੰਦਰਪਾਲ ਸਿੰਘ ਤੂਰ ਤੋਂ ਲੈ ਕੇ ਮਹਾਰਾਸ਼ਟਰ ਵਾਲੇ ਅਤੇ ਧੁਰ ਉਤਰ, ਦੱਖਣ ਦੇ ਸੂਬਿਆਂ ਦੇ ਜਿਨ੍ਹਾਂ ਵੀ ਖਿਡਾਰੀਆਂ ਨੇ ਹਵਾਂਗਯੂ 'ਚ ਖੂਨ ਪਸੀਨਾ ਵਹਾਇਆ ਹੈ-ਸਾਰਿਆਂ ਨੂੰ ਮੁਬਾਰਕਬਾਦ! ਤੁਹਾਡੇ ਤਮਗੇ ਦਾ ਰੰਗ ਨਹੀਂ, ਤੁਹਾਡਾ ਜਜ਼ਬਾ ਮਾਅਨੇ ਰੱਖਦਾ ਹੈ। ਜਿੱਤ ਹਾਰ ਚੱਲਦੀ ਰਹਿੰਦੀ ਹੈ। ਤੁਹਾਡਾ ਜਜ਼ਬਾ ਨਹੀਂ ਹਾਰਨਾ ਚਾਹੀਦਾ।

ਦੁਆਵਾਂ ਤੇ ਮੁਹੱਬਤਾਂ!

# ਲੋਕ ਘੋਲਾਂ ਵਿਚ ਔਰਤ ਦੀ ਭੂਮਿਕਾ ਨੂੰ ਉਭਾਰਦਾ ਨਾਵਲ - ਧਰਤ ਵਿਹੂਣੇ

## ਪੁਸਤਕ ਚਰਚਾ

ਭਾਵੇਂ ਪੰਜਾਬ ਦੀ ਮੌਜੂਦਾ ਸਮਾਜਿਕ, ਆਰਥਿਕ ਤੇ ਰਾਜਨੀਤਕ ਵਿਵਸਥਾ ਦੇ ਦ੍ਰਿਸ਼ ਵਿਚ ਪੂੰਜੀਪਤੀ ਜਮਾਤ ਦੀ ਸਿਆਸਤ ਤੇ ਸਿਆਸੀ ਚੇਤਨਾ ਹੀ ਹਾਵੀ ਪ੍ਰਭਾਵੀ ਵਿਖਾਈ ਦੇਂਦੀ ਹੈ, ਪਰ ਇਤਿਹਾਸ ਗਵਾਹ ਹੈ ਇਸ ਧਰਤ 'ਤੇ ਸਮੇਂ ਸਮੇਂ ਲੋਕ ਪੱਖੀ ਚੇਤਨਾ ਨੇ ਵੀ ਆਪਣੀ ਪ੍ਰਭਾਵੀ ਹੋਂਦ ਦਰਜ ਕਰਵਾ ਕੇ ਸੱਤਾ ਤੇ ਸਥਾਪਤੀ ਨੂੰ ਸਖਤ ਚੁਣੌਤੀ ਪੇਸ਼ ਕੀਤੀ ਹੈ। ਪੰਜਾਬ ਵਿਚ ਸਮੇਂ ਸਮੇਂ 'ਤੇ ਚੱਲੀਆਂ ਸਥਾਪਤੀ ਵਿਰੋਧੀ ਲਹਿਰਾਂ ਮੁਜ਼ਾਰਾ


**ਨਿਰੰਜਣ ਬੋਹਾ**
**ਫੋਨ: +91-89682-82700**

ਲਹਿਰ, ਖੁਸ਼ ਹੈਸੀਅਤ ਟੈਕਸ ਵਿਰੋਧੀ ਮੋਰਚੇ, ਪਰਜਾ ਮੰਡਲ ਲਹਿਰ, ਲਾਲ ਪਾਰਟੀ ਲਹਿਰ, ਨਕਸਲਬਾੜੀ ਲਹਿਰ ਤੇ ਕਿਸਾਨ ਅੰਦੋਲਨ ਨੇ ਜਿੱਥੇ ਸਥਾਪਤੀ ਅਤੇ ਲੋਕ ਚੇਤਨਾ ਵਿਚਲੇ ਤਣਾਅ ਤੇ ਟਕਰਾਅ ਨੂੰ ਯਥਾਰਥਕ ਧਰਾਤਲ 'ਤੇ ਰੂਪਮਾਨ ਕੀਤਾ ਹੈ। ਇਸ ਸੰਘਰਸ਼ੀ ਲੜੀ ਵਿਚ ਧਰਤ 'ਤੇ ਪੰਚਾਇਤੀ ਜਾਂ ਸ਼ਾਮਲਾਟ ਜ਼ਮੀਨ 'ਤੇ ਦਲਿਤ ਲੋਕਾਂ ਦੇ ਬਣਦੇ ਹੱਕ ਲਈ ਵੱਖ ਵੱਖ ਥਾਈਂ ਲੜੇ ਗਏ ਘੋਲਾਂ ਦਾ ਇਤਿਹਾਸ ਆਪਣੀ ਪ੍ਰਚੰਡ ਗਾਥਾ ਸੁਣਾਉਂਦਾ ਹੈ। ਇਸ ਸੰਦਰਭ ਵਿਚ ਪ੍ਰਗਤੀਵਾਦੀ ਸਾਹਿਤ ਚਿੰਤਕ, ਕਵੀ ਤੇ ਨਾਵਲਕਾਰ ਸੁਖਵਿੰਦਰ ਪੱਪੀ ਵੱਲੋਂ ਲਿਖਿਆ ਹੱਥਲਾ ਨਾਵਲ 'ਧਰਤ ਵਿਹੂਣੇ' ਸੰਨ 2014 ਦੌਰਾਨ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਬੈਨਰ ਹੇਠ ਲੜੇ ਗਏ ਘੋਲ ਨੂੰ ਜਮਾਤੀ ਦ੍ਰਿਸ਼ਟੀਕੋਣ ਤੋਂ ਨਿਰਖਦਾ ਪਰਖਦਾ ਹੋਇਆ ਇਸ ਦੇ ਬਹੁਤ ਸਾਰੇ ਦੂਰ ਅੰਦੇਸ਼ੀ ਸਿੱਟਿਆਂ ਦੀ ਨਿਸ਼ਾਨਦੇਹੀ ਕਰਦਾ ਹੈ।

ਲੋਕ ਪੱਖੀ ਘੋਲ ਲੋਕਾਂ ਦੇ ਸਮਾਜਿਕ ਤੇ ਆਰਥਿਕ ਹਿੱਤਾਂ ਤੋਂ ਇਲਾਵਾ ਉਨ੍ਹਾਂ ਦੇ ਸਵੈ-ਮਾਣ ਨਾਲ ਵੀ ਜੁੜੇ ਹੁੰਦੇ ਹਨ। ਜਦੋਂ ਸਾਧਨ ਸੰਪੰਨਤਾ ਵੱਲੋਂ ਸਾਧਨਹੀਣਤਾ ਨੂੰ ਜ਼ਬਰ-ਜ਼ੁਲਮ ਦੇ ਬਲਬੂਤੇ ਦਬਾਇਆ ਜਾਂ ਡਰਾਇਆ ਜਾਂਦਾ ਹੈ ਤਾਂ ਸਾਧਣਹੀਣ ਵਰਗ ਦੇ ਸਵੈ-ਮਾਣ ਵਿਚੋਂ ਹੀ ਜ਼ੁਲਮ ਵਿਰੋਧੀ ਅਜਿਹੀਆਂ ਪ੍ਰਬਲ ਭਾਵਨਾਵਾਂ ਪੈਦਾ ਹੁੰਦੀਆਂ ਹਨ, ਜੋ ਕਿਸੇ ਲੋਕ ਘੋਲ, ਲੋਕ ਮੋਰਚੇ ਜਾਂ ਲੋਕ ਲਹਿਰ ਦੇ ਜਨਮ ਲੈਣ ਦਾ ਕਾਰਨ ਬਣ ਜਾਂਦੀਆਂ ਹਨ। ਜਾਗੀਰਦਾਰੀ ਜਾਂ ਰਜਵਾੜਾਸ਼ਾਹੀ ਦੌਰ ਵਿਚ ਲੋਕ ਘੋਲਾਂ ਦੀ ਅਗਵਾਈ ਵਧੇਰੇ ਕਰਕੇ ਮਰਦ ਹੱਥਾਂ ਵਿਚ ਰਹੀ। ਭਾਵੇਂ ਗ਼ਦਰੀ ਬੀਬੀ ਗੁਲਾਬ ਕੌਰ ਵਰਗੀਆਂ ਵੀਰਾਂਗਨਾਂ ਨੇ ਉਸ ਦੌਰ ਵਿਚ ਵੀ ਆਪਣੀ ਇਤਿਹਾਸ ਸਿਰਜਕ ਭੂਮਿਕਾ ਨਿਭਾਈ ਹੈ ਪਰ ਇਨ੍ਹਾਂ ਘੋਲਾਂ ਵਿਚ ਔਰਤਾਂ ਦੇ ਖੁੱਲ੍ਹ ਕੇ ਆਉਣ ਤੇ ਆਗੂ ਭੂਮਿਕਾ ਨਿਭਾਉਣ ਦੀ ਸ਼ੁਰੂਆਤ ਪਿਛਲੇ ਦੋ ਤਿੰਨ ਦਹਾਕਿਆਂ ਤੋਂ ਹੀ ਹੋਈ ਹੈ। ਜਲੂਰ ਪਿੰਡ ਦੇ ਜ਼ਮੀਨ ਪ੍ਰਾਪਤੀ ਘੋਲ ਵਿਚ ਇੱਕ ਬਜ਼ੁਰਗ ਔਰਤ ਦੀ ਸ਼ਹਾਦਤ ਇਸ ਗੱਲ ਦੀ ਗਵਾਹ ਹੈ ਕਿ ਇਸ ਘੋਲ ਵਿਚ ਔਰਤਾਂ, ਮਰਦਾਂ ਤੋਂ ਪਿੱਛੇ ਨਹੀਂ ਸਨ ਰਹੀਆਂ। ਇਸੇ ਸੰਦਰਭ ਵਿਚ ਵੀ ਇਹ ਨਾਵਲ ਦਲਿਤ ਸ਼੍ਰੇਣੀ ਵਿਚ ਜਨਮੀ ਵੀਰਾਂ ਨੂੰ ਜ਼ਮੀਨ ਪ੍ਰਾਪਤੀ ਘੋਲ ਦੀ ਨਾਇਕਾ ਵਜੋਂ ਉਭਾਰ ਕੇ ਲੋਕ ਘੋਲਾਂ ਵਿਚ ਔਰਤ ਦੀ ਹਿੱਸੇਦਾਰੀ ਨੂੰ ਵਿਸ਼ੇਸ਼ ਤੌਰ 'ਤੇ ਅਗਰਭੂਮੀ ਵਿਚ ਰੱਖਦਾ ਹੈ।

ਨਾਵਲ ਦੀ ਕਹਾਣੀ ਅਨੁਸਾਰ ਆਰਥਿਕ ਤੌਰ 'ਤੇ ਬਿਲਕੁਲ ਟੁੱਟੇ ਦਲਿਤ ਪਰਿਵਾਰ ਦੀ ਕੁੜੀ ਵੀਰਾਂ ਜਦੋਂ ਕਾਲਜ ਵਿਚ ਪ੍ਰਵੇਸ਼ ਕਰਦੀ ਹੈ ਤਾਂ ਉਸ ਨੂੰ ਲੱਗਦਾ ਹੈ ਕਿ ਉਹ ਕਿਸੇ ਵੱਖਰੀ ਹੀ ਦੁਨੀਆਂ ਵਿਚ ਪਹੁੰਚ ਗਈ ਹੈ। ਖੱਬੇ ਪੱਖੀ ਵਿਦਿਆਰਥੀ ਜਥੇਬੰਦੀ ਦੇ ਸੰਪਰਕ ਵਿਚ ਆਉਣ 'ਤੇ ਇਸ ਦੁਨੀਆਂ ਬਾਰੇ ਉਸਦੇ ਮਨ ਵਿਚ ਪੈਦਾ ਹੋਣ ਵਾਲੇ ਭੁਲੇਖੇ ਛੇਤੀ ਹੀ ਦੂਰ ਹੋਣ ਲੱਗਦੇ ਹਨ ਤੇ ਉਸਨੂੰ ਇਹ ਸਮਝ ਵੀ ਪੈਣ ਲੱਗਦੀ ਹੈ ਕਿ ਉਸਦੇ ਪਰਿਵਾਰ ਵਰਗੇ ਹੋਰ ਸਾਧਨਹੀਣ ਤੇ ਧਰਤ ਵਿਹੂਣੇ ਪਰਿਵਾਰਾਂ ਦੀ ਦੁਰਦਸ਼ਾ ਦਾ ਮੁੱਖ ਕਾਰਨ ਮੌਜੂਦਾ ਪੂੰਜੀਵਾਦੀ ਸੱਤਾ ਪ੍ਰਬੰਧ ਦੀਆਂ ਲੁਟੇਰੀਆਂ ਨੀਤੀਆਂ ਹਨ। ਜਿਉਂ ਜਿਉਂ ਵਿਦਿਆਰਥੀ ਯੂਨੀਅਨ ਵਿਚ ਉਸ ਦੀਆਂ ਸਰਗਰਮੀਆਂ ਵਧਦੀਆਂ ਹਨ ਤਿਉਂ ਤਿਉਂ ਲੋਕ ਹੱਕਾਂ ਤੇ ਹਿੱਤਾਂ ਬਾਰੇ ਉਸਦੀ ਸਮਝ ਵੀ ਪਰਪੱਕ ਹੁੰਦੀ ਜਾਂਦੀ ਹੈ। ਇਸ ਸਮਝ ਦੇ ਚਲਦਿਆਂ ਹੀ ਪਹਿਲਾਂ ਉਹ ਦਲਿਤਾਂ ਦੇ ਹਿੱਸੇ ਦੀ ਪੰਚਾਇਤੀ ਜ਼ਮੀਨ ਵਿਚ ਵਿਦਿਆਰਥੀ ਕਾਰਕੁਨ ਵਜੋਂ ਹਿੱਸਾ ਲੈਂਦੀ ਹੈ ਤੇ ਫਿਰ ਆਪਣੀ ਸੰਘਰਸ਼ੀ ਸਰਗਰਮੀਆਂ, ਸਿਧਾਂਤਕ ਸਮਝ ਤੇ ਮਿਹਨਤ ਦੇ ਬਲਬੂਤੇ ਆਗੂ ਦੀ ਭੂਮਿਕਾ ਵਿਚ ਆ ਜਾਂਦੀ ਹੈ। ਇਸ ਸਮੇਂ ਉਹ ਔਰਤ ਦੀ ਸਮਾਜਿਕ ਆਜ਼ਾਦੀ 'ਤੇ ਲਾਈਆਂ ਬਹੁਤ ਸਾਰੀਆਂ ਰੋਕਾਂ ਨੂੰ ਵੀ ਪਾਰ ਕਰਦੀ ਹੈ। ਅੰਤ ਉਹ ਆਪਣੇ ਸਾਥੀ ਮੋਹਕਮ, ਦਲੀਪ, ਬਲਬੀਰੋ, ਸੰਕਰ ਤੇ ਸੰਦੀਪ ਸੰਧੂ ਨਾਲ ਮਿਲ ਕੇ ਜ਼ਮੀਨ ਪ੍ਰਾਪਤੀ ਸੰਘਰਸ਼ ਨੂੰ ਉਸ ਮੁਕਾਮ ਤੱਕ ਲੈ ਜਾਂਦੀ ਹੈ ਕਿ ਸਰਕਾਰ ਦੀ ਨਜ਼ਰ 'ਚ ਉਹ ਤੇ ਉਸਦੇ ਸਾਥੀ ਖਤਰਨਾਕ ਨਕਸਲਬਾੜੀ ਬਣ ਜਾਂਦੇ ਹਨ।

ਇਸ ਨਾਵਲ ਵਿਚ ਆਇਆ ਦਲਿਤ ਕੁੜੀ ਦੇ ਸਵਰਨ ਜਾਤੀ ਮੁੰਡੇ ਵਿਚਲਾ ਪ੍ਰੇਮ ਪ੍ਰਸੰਗ ਜਾਤ-ਪਾਤ ਤੇ ਅਮੀਰ-ਗਰੀਬ ਦੀਆਂ ਰੁਕਾਵਟਾਂ ਪਾਰ ਕਰਨ ਦੇ ਰਵਾਇਤੀ ਟੀਚੇ ਤੱਕ ਸੀਮਤ ਨਾ ਰਹਿ ਕੇ ਜਮਾਤੀ ਦ੍ਰਿਸ਼ਟੀਕੋਣ ਤੋਂ ਨਵੇਂ ਹੀ ਅਰਥ




ਸਿਰਜਦਾ ਹੈ। ਲਹਿਰ ਦੇ ਸਰਗਰਮ ਕਾਰਕੁਨ ਵਜੋਂ ਕੰਮ ਕਰਦਿਆਂ ਵੀਰਾਂ ਤੇ ਸੰਦੀਪ ਸੰਧੂ ਇਕ ਦੂਜੇ ਨੂੰ ਜੀਵਨ ਸਾਥੀ ਵਜੋਂ ਅਪਨਾਉਣ ਦਾ ਫੈਸਲਾ ਵੀ ਕਰ ਲੈਂਦੇ ਹਨ ਤਾਂ ਲਹਿਰ ਦੇ ਆਗੂ ਉਨ੍ਹਾਂ ਦੇ ਸੰਬੰਧਾਂ ਨੂੰ ਇਸ ਸ਼ਰਤ ਨਾਲ ਪ੍ਰਵਾਨਗੀ ਦੇ ਦਿੰਦੇ ਹਨ ਕਿ ਉਹ ਵਿਆਹ ਤੋਂ ਪਹਿਲਾਂ ਸਮਾਜ ਵੱਲੋਂ ਬਣਾਈ ਮਰਿਆਦਾ ਦੀ ਸੀਮਾ ਰੇਖਾ ਪਾਰ ਨਹੀਂ ਕਰਨਗੇ। ਜਦੋਂ ਵੀਰਾਂ ਨੂੰ ਲੱਗਦਾ ਹੈ ਕਿ ਸੰਦੀਪ ਦਾ ਮੱਧ ਵਰਗੀ ਖਾਸਾ ਤੇ ਅਮੀਰ ਸ਼੍ਰੇਣੀ ਨਾਲ ਜੁੜਿਆ ਪਰਿਵਾਰਕ ਪਿਛੋਕੜ ਉਸ ਨੂੰ ਲਹਿਰ ਤੋਂ ਮਾਨਸਿਕ ਰੂਪ ਵਿਚ ਦੂਰ ਲਿਜਾ ਰਿਹਾ ਹੈ ਤਾਂ ਉਹ ਬਿਨਾਂ ਕਿਸੇ ਡੂੰਘੇ ਦਵੰਦ ਦਾ ਸ਼ਿਕਾਰ ਹੋਏ ਉਸ ਨਾਲੋਂ ਤੋੜ ਵਿਛੋੜਾ ਕਰ ਕੇ ਆਪਣਾ ਪੂਰਾ ਜੀਵਨ, ਲਹਿਰ ਦੇ ਲੇਖੇ ਲਾਉਣ ਦਾ ਫੈਸਲਾ ਕਰ ਲੈਂਦੀ ਹੈ। ਸੰਦੀਪ ਅੰਦਰਲੀ ਆਪਣੇ ਪਿਤਾ ਦੀ ਜਾਇਦਾਦ ਤੇ ਵੀਰਾਂ ਨੂੰ ਇਕ ਸਮੇਂ ਪਾਉਣ ਵਾਲੀ ਮੱਧ ਵਰਗੀ ਸੋਚ ਤੇ ਵੀਰਾਂ ਅੰਦਰਲੀ ਧਰਤ ਵਿਹੂਣੇ ਲੋਕਾਂ ਨਾਲ ਜੁੜੀ ਵਿਚਾਰਧਾਰਕ ਪ੍ਰਤੀਬੱਧਤਾ ਵਿਚਲੇ ਫਰਕ ਨੂੰ ਦਰਸਾਉਣ ਲਈ ਉਨ੍ਹਾਂ ਦੋਵਾਂ ਵਿਚਕਾਰ ਹੋਇਆ ਅੰਤਲਾ ਸੰਵਾਦ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ-

"ਹੁਣ ਤੈਨੂੰ ਕੀ ਲੱਗਦੈ ਕਿ ਮੈਂ ਤੇਰੇ ਨਾਲ ਬੈਗ ਚੱਕ ਕੇ ਕਸੌਲੀ ਦੇ ਹੋਟਲਾਂ ਵਿਚ ਧੱਕੇ ਖਾਂਦੀ ਫਿਰਾਂਗੀ? ਉਹ ਵੀ ਉਦੋਂ ਜਦੋਂ ਮੋਹਕਮ, ਦੀਪਕ ਤੇ ਪਚਵੰਜਾ ਹੋਰ ਸਾਥੀ ਜੇਲ੍ਹਾਂ ਵਿਚ ਸੜ ਰਹੇ ਨੇ। ਉਹ ਵੀ ਉਸ ਵੇਲੇ ਜਦੋਂ ਚਾਰ-ਪੰਜ ਜ਼ਿਲ੍ਹਿਆਂ ਦੇ ਸੈਂਕੜੇ ਪਿੰਡਾਂ 'ਚ ਜ਼ਮੀਨ ਦਾ ਸਵਾਲ ਉਨ੍ਹਾਂ ਦੇ ਖੂਨ ਦਾ ਨਾਸੂਰ ਬਣ ਕੇ ਸੁਲਘ ਰਿਹੈ। ਉਹ ਵੀ ਉਦੋਂ ਜਦੋਂ ਅਣਗਿਣਤ ਘਰਾਂ ਦੇ ਬੂਹੇ ਸਾਡੀ ਬੇ-ਸਬਰੀ ਨਾਲ ਉਡੀਕ ਕਰ ਰਹੇ ਹਨ ਤੇ ਅਸੀਂ ਕਸੌਲੀ ਦੇ ਹੋਟਲਾਂ ਵਿਚ ਧੱਕੇ ਖਾਂਦੇ ਫਿਰੀਏ .. ਮੈਂ ਤੇਰੇ ਨਾਲ ਕਸੌਲੀ ਜਾਣ ਲਈ ਨਹੀਂ ਆਈ ਸਗੋਂ ਮੈਂ ਦੱਖਣ ਵਿਚ ਹੋ ਰਹੀ ਦਲਿਤ ਆਦਿਵਾਸੀਆਂ ਤੇ ਔਰਤਾਂ ਦੀ ਸਾਂਝੀ ਮੀਟਿੰਗ ਵਿਚ ਸ਼ਾਮਲ ਹੋਣ ਲਈ ਜਾ ਰਹੀ ਹਾਂ।"

ਇਹ ਨਾਵਲ ਇਸ ਸੰਵਾਦਕ ਚਰਚਾ ਨੂੰ ਵੀ ਅੱਗੇ ਤੋਰਦਾ ਹੈ ਕਿ ਲੋਕ ਮੁਕਤੀ ਦੇ ਸਰਵੋਤਮ ਮਾਡਲ ਵਜੋਂ ਮਾਣਤਾ ਰੱਖਣ ਵਾਲੀ ਖੱਬੇ ਪੱਖੀ ਤਹਿਰੀਕ ਆਖਿਰ ਸਫਲਤਾ ਦੇ ਉਸ ਮੁਕਾਮ 'ਤੇ ਕਿਉਂ ਨਾ ਪੁੱਜ ਸਕੀ ਜਿਸ ਨੂੰ ਪੁੱਜਿਆਂ ਵੇਖਣ ਸਬੰਧੀ ਇਸ ਤਹਿਰੀਕ ਚਲਾਉਣ ਵਾਲੇ ਮੁੱਢਲੇ ਆਗੂਆਂ ਨੇ ਬਹੁਤ ਸਾਰੇ ਸੁਪਨੇ ਵੇਖੇ ਸਨ। ਨਾਵਲ ਦਾ ਇਹ ਵਿਸ਼ਲੇਸ਼ਣੀ ਸਿੱਟਾ ਭਵਿੱਖ ਦੇ ਲੋਕ ਘੋਲਾਂ ਲਈ ਬਹੁਤ ਲਾਹੇਵੰਦ ਹੈ ਕਿ ਸਿਰਫ ਆਲੋਚਨਾ ਤੇ ਨਾਹਰੇਬਾਜ਼ੀ 'ਤੇ ਟੇਕ ਰੱਖ ਕੇ ਬੇ-ਹੱਦ ਗੁੰਝਲਦਾਰ ਸਮਾਜ ਨੂੰ ਬਦਲਿਆ ਨਹੀਂ ਜਾ ਸਕਦਾ। ਨਾਵਲਕਾਰ ਦੇ ਵਿਚਾਰਧਾਰਕ ਦ੍ਰਿਸ਼ਟੀਕੋਣ ਦੀ ਵਿਸ਼ਾਲਤਾ ਉਦੋਂ ਮੁਖਰ ਰੂਪ ਵਿਚ ਸਾਹਮਣੇ ਆਉਂਦੀ ਹੈ ਜਦੋਂ ਉਹ ਖੁੱਲ੍ਹੇ ਮਨ ਨਾਲ ਸਵੀਕਾਰਦਾ ਹੈ ਕਿ ਖੱਬੀ ਤਹਿਰੀਕ ਦੇ ਮੁਕਾਬਲੇ ਵਿਚ ਇਸ ਦੀਆਂ ਮੁੱਢ ਤੋਂ ਹੀ ਵਿਰੋਧੀ ਰਹੀਆਂ ਗਾਂਧੀਵਾਦ ਤੇ ਆਰ.ਐਸ. ਐਸ. ਵਿਚਾਰਧਾਰਾਵਾਂ ਨੇ ਸਮਾਜ ਦੀਆਂ ਵੱਖ ਵੱਖ ਖੇਤਰਾਂ ਵਿਚ ਹਕੀਕੀ ਪੱਧਰ 'ਤੇ ਕੰਮ ਕਰਕੇ ਆਪਣੀਆਂ ਜੜ੍ਹਾਂ ਨੂੰ ਮਜ਼ਬੂਤ ਕੀਤਾ ਹੈ। ਨਾਵਲਕਾਰ ਚਾਹੁੰਦਾ ਹੈ ਕਿ ਖੱਬੇ ਪੱਖੀ ਸਿਆਸਤ ਵਿਦੇਸ਼ੀ ਹਵਾਲਿਆਂ ਦੀ ਬਜਾਇ ਆਪਣੇ ਧਰਤ ਨਾਲ ਜੁੜੇ ਇਤਿਹਾਸ ਤੇ ਮਿਥਿਹਾਸ ਤੋਂ ਪ੍ਰੇਰਕ ਊਰਜਾ ਹਾਸਲ ਕਰ ਕੇ ਇਨ੍ਹਾਂ ਵਿਚਾਰਧਾਰਾਵਾਂ ਨੂੰ ਭਰਵੀਂ ਟੱਕਰ ਦੇਵੇ। ਇਸ ਲਈ ਉਹ ਚਾਰਵਾਕ ਵਿਚਾਰਧਾਰਾਂ ਨਾਲ ਜੁੜੇ ਸੰਤ ਸੱਚਦਾਨੰਦ ਦੀ ਨਾਵਲ ਦੀ ਨਾਇਕਾ ਵੀਰਾਂ ਨਾਲ ਉਚੇਚੀ ਮੁਲਾਕਾਤ ਕਰਾਉਣ ਦੀ ਲੋੜ ਨੂੰ ਮਹਿਸੂਸ ਕਰਦਾ ਹੈ।

ਨਾਵਲ ਵਿਚ ਵਾਪਰਦੀਆਂ ਵਧੇਰੇ ਘਟਨਾਵਾਂ ਆਪਣੀ ਯਥਾਰਥਕ ਭਰੋਸੇਯੋਗਤਾ ਨੂੰ ਬਣਾਈ ਰੱਖਣ ਵਾਲੀਆਂ ਹਨ ਪਰ ਨਾਵਲ ਦੇ ਮੁੱਢ ਵਿਚ ਜਦੋਂ ਨਾਵਲ ਦੀ ਨਾਇਕਾ ਵੀਰਾਂ ਲੋਕ ਪ੍ਰਤੀਬੱਧਤ ਰਾਹਾਂ ਤੇ ਮੁੱਢਲੇ ਕਦਮ ਪੁੱਟਦੀ ਹੈ ਤਾਂ ਉਸਦੀ ਮਾਂ ਵੱਲੋਂ ਦਿੱਤੀ ਮਾਮੂਲੀ ਪ੍ਰਤੀਕਿਰਿਆ ਤੋਂ ਇਲਾਵਾ ਉਸਦੇ ਕਈ ਕਈ ਦਿਨ ਘਰ ਤੋਂ ਬਾਹਰ ਰਹਿਣ ਦਾ ਹੋਰ ਪਰਿਵਾਰਕ ਮੈਂਬਰਾਂ ਵੱਲੋਂ ਕੋਈ ਵਿਰੋਧ ਨਹੀਂ ਕੀਤਾ ਜਾਂਦਾ। ਇਹ ਗੱਲ ਸੁਭਾਵਿਕ ਨਹੀਂ ਲੱਗਦੀ ਕਿ ਸਮਾਜਿਕ, ਆਰਥਿਕ ਤੇ ਵਿੱਦਿਅਕ ਤੌਰ 'ਤੇ ਅਤਿ ਪੱਛੜਿਆ ਕੋਈ ਦਲਿਤ ਪੇਂਡੂ ਪਰਿਵਾਰ ਆਪਣੀ ਧੀ ਨੂੰ ਇਸ ਤਰ੍ਹਾਂ ਕਈ ਕਈ ਦਿਨ ਘਰ ਤੋਂ ਬਾਹਰ ਰਹਿਣ ਦੀ ਆਗਿਆ ਦੇਵੇ। ਭਾਵੇਂ ਮਾਸਟਰ ਅਜੈਬ ਰਾਹੀਂ ਉਸਦੇ ਪਰਿਵਾਰ ਦੇ ਮੈਂਬਰ ਹੌਲੀ ਹੌਲੀ ਵੀਰਾਂ ਵੱਲੋਂ ਕੀਤੇ ਕਾਰਜ ਦੀ ਮਹੱਤਤਾ ਨੂੰ ਸਮਝਣ ਲੱਗ ਪੈਂਦੇ ਹਨ ਤੇ ਉਸਦਾ ਬੱਕਰੀਆਂ ਚਾਰਨ ਵਾਲਾ ਚਾਚਾ ਬੀਰੂ ਦਲਿਤਾਂ ਦੇ ਹਿੱਸੇ ਆਉਂਦੀ ਜ਼ਮੀਨ ਵਿਚ ਸਬਜ਼ੀ ਉਗਾਉਣ ਦੇ ਸੁਪਨੇ ਵੀ ਵੇਖਣ ਲੱਗ ਪੈਂਦਾ ਹੈ ਪਰ ਜੇ ਨਾਵਲ ਦੇ ਮੁੱਢ ਵਿਚ ਉਸਦਾ ਜੁਆਨ ਭਰਾ ਜਾਂ ਪਿਓ ਉਸ ਵੱਲੋਂ ਸਮਾਜ ਦੀ ਪ੍ਰਵਾਨਤ ਧਾਰਾ ਤੋਂ ਉਲਟ ਜਾਣ ਦਾ ਸੰਭਾਵਿਤ ਵਿਰੋਧ ਕਰਦੇ ਤਾਂ ਨਾਵਲ ਦੀ ਯਥਾਰਥਕ ਪਿੱਠ ਭੂਮੀ ਹੋਰ ਵੀ ਮਜ਼ਬੂਤ ਬਣ ਸਕਦੀ ਸੀ।

ਨਾਵਲ ਵਿਚ ਦਰਪੇਸ਼ ਘਟਨਾਵਾਂ ਦੀ ਤਰਤੀਬ ਤੇ ਸੰਪਾਦਨ ਏਨਾ ਸੁਚੱਜਾ ਹੈ ਕਿ ਪਾਠਕੀ ਮਨੋਂ-ਬਿਰਤੀਆਂ ਨਾਵਲ ਪਾਠ ਦੇ ਅਰੰਭ ਤੋਂ ਲੈ ਕੇ ਅੰਤ ਤੱਕ ਇਸ ਘਟਨਾਕ੍ਰਮ ਨਾਲ ਜੁੜੀਆਂ ਰਹਿੰਦੀਆਂ ਹਨ। ਨਾਵਲ ਵਿਚ ਵਾਪਰਦੀ ਹਰ ਘਟਨਾ ਆਪਣੀ ਸਹਿਜਤਾ ਤੇ ਸੁਭਾਵਿਕਤਾ ਨੂੰ ਬਰਕਰਾਰ ਰੱਖਦੀ ਹੈ। ਨਾਵਲ ਵਿਚਲਾ ਕਹਾਣੀ ਰਸ ਸ਼ੁਰੂ ਤੋਂ ਲੈ ਕੇ ਅੰਤਲੇ ਪੰਨੇ ਤੱਕ ਪਾਠਕੀ ਦਿਲਚਸਪੀ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ। ਨਾਵਲ ਦੇ ਪਾਤਰਾਂ ਦਾ ਆਪਸੀ ਵਾਰਤਾਲਾਪ, ਬੋਲੀ ਤੇ ਸ਼ੈਲੀ ਪੰਜਾਬ ਦੇ ਮਲਵਈ ਉਪ ਸਭਿਆਚਾਰ ਦੀ ਸਜੀਵ ਪੇਸ਼ਕਾਰੀ ਕਰਨ ਵਿਚ ਸਫਲ ਹੈ। ਕੁਲ ਮਿਲਾ ਕੇ ਇਹ ਨਾਵਲ ਸਮੇਂ ਦੀ ਗਤੀ ਨੂੰ ਠੀਕ ਢੰਗ ਨਾਲ ਮਾਪਣ ਹੈ। ਮੇਰੇ ਵੱਲੋਂ ਇਸ ਨਾਵਲ ਦੇ ਲੇਖਕ ਤੇ ਪ੍ਰਕਾਸ਼ਕ ਦੋਹਾਂ ਨੂੰ ਮੁਬਾਰਕ।

# 'ਅਰਥ ਓਵਰਸ਼ੂਟ' ਦਿਨ

ਲੰਘਿਆ ਦੋ ਅਗਸਤ (2023) ਆਮ ਦਿਨਾਂ ਵਰਗਾ ਇਕ ਦਿਨ ਲਗਦਾ ਸੀ ਹਾਲਾਂਕਿ ਇਹ ਇਸ ਸਾਲ ਦਾ 'ਅਰਥ ਓਵਰ-ਸ਼ੂਟ' ਦਿਨ ਸੀ ਅਤੇ ਸਾਡੀ ਧਰਤੀ ਦੀ ਇਕ ਦਰਦਨਾਕ ਪਰ ਅਣਗੌਲੀ ਚੀਸ ਦਾ ਸੂਚਕ ਸੀ। ਇਸ ਦੀ ਤਾਰੀਖ਼ ਹਰ ਸਾਲ ਬਦਲਦੀ ਰਹਿੰਦੀ ਹੈ, ਜੋ ਹਰ ਚੜ੍ਹਦੇ ਸਾਲ 'ਗਲੋਬਲ ਫੁੱਟਪ੍ਰਿੰਟ ਨੈੱਟਵਰਕ' ਨਾਉਂ ਦੀ ਵਿਸ਼ਵ-ਪ੍ਰਸਿੱਧ ਸਮਾਜ-ਸੇਵੀ ਸੰਸਥਾ ਵਲੋਂ ਐਲਾਨੀ ਜਾਂਦੀ ਹੈ। ਨਿਰ-ਸੰਦੇਹ ਇਹ ਇਕ ਖ਼ਿਆਲੀ ਦਿਨ ਹੈ ਪਰ ਇਸ ਦਾ ਸੁਨੇਹਾ ਬਹੁਤ ਦੂਰ-ਰਸ ਅਤੇ ਸਾਨੂੰ ਝੰਜੋੜਨ ਵਾਲਾ ਹੈ। ਇਸ ਦਿਨ ਦਾ ਕੋਈ ਧਾਰਮਿਕ, ਇਤਿਹਾਸਕ ਜਾਂ ਸਮਾਜਿਕ ਪਿਛੋਕੜ ਨਹੀਂ ਅਤੇ ਇਸ ਦਾ ਰਸਮੀ

ਇੰਜ. ਈਸ਼ਰ ਸਿੰਘ
ਫੋਨ: 647-640-2014

ਅਰੰਭ 2007 ਤੋਂ ਹੀ ਹੋਇਆ ਹੈ। ਇਹ ਸਾਡੀ ਧਰਤੀ ਦੀ ਸਮੁੱਚੀ ਸਿਹਤ ਅਤੇ ਇਸ ਸਿਹਤ ਸਦਕਾ ਮਨੁੱਖਤਾ ਨੂੰ ਪ੍ਰਾਪਤ ਹੋ ਰਹੇ ਕੁਦਰਤੀ ਸਾਧਨਾਂ ਪੱਖੋਂ ਬਹੁਤ ਅਰਥ-ਭਰਪੂਰ ਹੈ। ਕੁਦਰਤੀ ਸਾਧਨ ਉਨ੍ਹਾਂ ਵਸਤੂਆਂ ਨੂੰ ਕਿਹਾ ਜਾਂਦਾ ਹੈ ਜਿਨ੍ਹਾਂ ਦੀ ਉਪਜ 'ਚ ਇਨਸਾਨ ਦੀ ਕੋਈ ਭੂਮਿਕਾ ਨਾ ਹੋਵੇ ਜਿਵੇਂ ਕਿ ਪਾਣੀ, ਹਵਾ, ਧਾਤਾਂ, ਪੈਟ੍ਰੋਲੀਅਮ, ਸਮੁੰਦਰੀ ਵਸਤਾਂ ਆਦਿ। ਕਲਪਨਾ ਕੀਤੀ ਜਾਂਦੀ ਹੈ ਕਿ ਇਸ ਦਿਨ ਤੱਕ ਸੰਸਾਰ, ਧਰਤੀ ਦੇ ਕੁਦਰਤੀ ਸਾਧਨਾਂ ਦੇ ਆਪਣੇ ਸਾਲਾਨਾ ਕੋਟੇ ਨੂੰ ਮੁਕਾ ਲੈਂਦਾ ਹੈ। ਇਸ ਤੋਂ ਬਾਅਦ ਅਸੀਂ ਜੋ ਵੀ ਸਾਧਨ ਵਰਤਦੇ ਹਾਂ, ਉਹ ਆਉਣ ਵਾਲੀਆਂ ਪੀੜ੍ਹੀਆਂ ਦੀ ਵਿਰਾਸਤ 'ਚੋਂ ਖੋਹ ਕੇ ਵਰਤਦੇ ਹਾਂ।

ਇਸ ਦਿਨ ਨੂੰ ਨਿਯਤ ਕਰਨ ਲਈ ਤੱਥ ਅਤੇ ਅੰਕੜੇ ਯੂ.ਐਨ.ਓ. ਅਤੇ ਸੰਸਾਰ ਦੀਆਂ ਹੋਰ ਸਿਰਮੌਰ ਸੰਸਥਾਵਾਂ ਤੋਂ ਪ੍ਰਾਪਤ ਕੀਤੇ ਜਾਂਦੇ ਹਨ ਅਤੇ ਮੁੱਖ ਆਧਾਰ, ਧਰਤੀ ਦੇ ਸਮੁੱਚੇ ਸਾਧਨ ਅਤੇ ਸੰਸਾਰ ਦੀ ਇਨ੍ਹਾਂ ਨੂੰ ਖਪਤ ਕਰਨ ਦੀ ਗਤੀ ਨੂੰ ਬਣਾਇਆ ਜਾਂਦਾ ਹੈ। ਨਾਲ ਹੀ ਧਰਤੀ ਦੀ, ਪੈਦਾ ਹੋ ਰਹੇ ਪਰਿਣਾਮੀ ਕੂੜ-ਕਬਾੜ ਅਤੇ ਹਾਨੀਕਾਰਕ ਗੈਸਾਂ ਆਦਿ ਨੂੰ, ਸਮੋਣ-ਸਮਰੱਥਾ ਨੂੰ ਧਿਆਨ 'ਚ ਰੱਖਿਆ ਜਾਂਦਾ ਹੈ। ਜਿਵੇਂ ਕਿ ਸ਼ੁਰੂ 'ਚ ਦੱਸਿਆ ਗਿਆ ਹੈ, ਇਸ ਸਾਲ ਇਹ ਦਿਨ ਦੋ ਅਗਸਤ ਸੀ। ਸਰਲ ਭਾਸ਼ਾ 'ਚ ਕਹਿ ਸਕਦੇ ਹਾਂ ਕਿ ਅੱਜ ਦੀ ਖਪਤ-ਦਰ ਨਾਲ ਸੰਸਾਰ ਨੂੰ ਆਪਣੀਆਂ ਜਾਇਜ਼-ਨਾਜਾਇਜ਼ ਲੋੜਾਂ ਪੂਰੀਆਂ ਕਰਨ ਲਈ ਪੌਣੇ ਦੋ ਧਰਤੀਆਂ ਦੇ ਕੁਦਰਤੀ ਸਾਧਨਾਂ ਦੀ ਲੋੜ ਹੈ।

'ਗਲੋਬਲ ਫੁੱਟਪ੍ਰਿੰਟ ਨੈੱਟਵਰਕ' ਸੰਸਥਾ ਜਿੱਥੇ ਸੰਸਾਰ ਲਈ ਇਹ ਦਿਨ ਨਿਯਤ ਕਰਦੀ ਹੈ ਓਥੇ ਕੱਲੇ-ਕੱਲੇ ਦੇਸ਼ ਲਈ ਵੀ ਕਰਦੀ ਹੈ। ਕਿਉਂਕਿ ਹਰ ਦੇਸ਼ ਦੇ ਸਾਧਨ, ਖਪਤ ਦੀ ਗਤੀ ਅਤੇ ਹੋਰ ਮਾਪਦੰਡ ਅੱਡ ਹੁੰਦੇ ਹਨ ਇਸ ਲਈ ਇਹ ਦਿਨ ਵੀ ਹਰ ਦੇਸ਼ ਲਈ ਅੱਡ ਹੁੰਦਾ ਹੈ। ਜਿਵੇਂ ਕਿ ਅਮਰੀਕਾ ਅਤੇ ਕੈਨੇਡਾ ਲਈ ਇਹ 13 ਮਾਰਚ ਸੀ। ਭਾਵ ਜੇ ਸਾਰਾ ਸੰਸਾਰ ਇਨ੍ਹਾਂ ਦੋ ਦੇਸ਼ਾਂ ਦੀ ਖਪਤ-ਦਰ ਅਪਣਾ ਲਵੇ ਤਾਂ ਇਹ ਧਰਤੀ ਦੇ ਸਾਧਨਾਂ ਦੇ ਸਾਲ ਦੇ ਕੋਟੇ ਨੂੰ ਇਸ ਤਾਰੀਖ਼ ਨੂੰ ਹੀ ਖ਼ਤਮ ਕਰ ਲੈਂਦਾ। ਭਾਵ ਪੰਜ ਧਰਤੀਆਂ ਰਲ ਕੇ ਵੀ ਸੰਸਾਰ ਦੀਆਂ ਲੋੜਾਂ ਨੂੰ ਮਸਾਂ ਪੂਰਾ ਕਰ ਸਕਦੀਆਂ। ਸਪੱਸ਼ਟ ਹੈ ਕਿ ਇਹ ਸਭ ਖ਼ਿਆਲੀ ਦਿਨ ਹਨ ਪਰ ਇਨ੍ਹਾਂ ਨਾਲ ਅਸੀਂ ਜਾਣ ਸਕਦੇ ਹਾਂ ਕਿ ਕਿਹੜਾ ਦੇਸ਼ ਧਰਤੀ ਦੇ ਸਾਧਨਾਂ ਦੀ ਵੱਧ ਖਪਤ ਅਤੇ ਵੱਧ ਦੁਰ-ਵਰਤੋਂ ਕਰ ਰਿਹਾ ਹੈ।

ਭਾਵੇਂ ਇਸ ਦਿਨ ਦਾ ਰਸਮੀ ਅਰੰਭ 2007 ਤੋਂ ਹੀ ਹੋਇਆ ਹੈ ਪਰ ਸਾਧਨਾਂ ਦੀ ਵਾਧੂ ਖਪਤ ਅੱਜ ਤੋਂ ਕੋਈ 50 ਸਾਲ ਪਹਿਲਾਂ ਸ਼ੁਰੂ ਹੋ ਗਈ ਸੀ। ਉਸ ਸਮੇਂ ਸਾਰੇ ਸੰਸਾਰ ਲਈ ਇਹ ਦਿਨ ਦਸੰਬਰ ਦੇ ਅਖੀਰ 'ਚ ਆਉਂਦਾ ਸੀ। ਜਿਵੇਂ-ਜਿਵੇਂ ਸੰਸਾਰ ਆਪਣੀ ਖਪਤ ਜਾਂ (ਦੁਰ) ਵਰਤੋਂ ਨੂੰ/ਵਧਾ ਰਿਹਾ ਹੈ, ਓਵੇਂ-ਓਵੇਂ/ਇਹ ਦਿਨ ਜਨਵਰੀ ਵੱਲ ਖਿਸਕ ਰਿਹਾ ਹੈ। ਜੇਕਰ ਸੰਸਾਰ ਆਪਣੀ ਸਮੁੱਚੀ ਖਪਤ ਨੂੰ ਘਟਾ ਲਏ ਤਾਂ ਇਹ ਦਿਨ ਫਿਰ ਦਸੰਬਰ ਵਲ ਜਾਣਾ ਸ਼ੁਰੂ ਹੋ ਜਾਵੇਗਾ। ਇਸ ਸਚਾਈ ਦਾ ਪਰਮਾਣ ਇਸ ਗੱਲ ਤੋਂ ਹੋ ਚੁੱਕਿਆ ਹੈ ਕਿ ਕੋਵਿਡ ਮਹਾਂ-ਮਾਰੀ ਦੌਰਾਨ ਘਟੀ ਖਪਤ ਕਾਰਨ 2020 'ਚ ਇਹ ਦਿਨ ਪਿਛਾਂਹ ਨੂੰ ਖਿਸਕ ਕੇ 22 ਅਗਸਤ ਹੋ ਗਿਆ ਸੀ, ਜਦਕਿ 2019 'ਚ ਇਹ 29 ਜੁਲਾਈ ਸੀ। ਸਪੱਸ਼ਟ ਹੈ ਕਿ ਸੰਸਾਰ ਦੇ ਸਾਰੇ ਸਾਇੰਸਦਾਨਾਂ ਵਲੋਂ ਰਲ ਕੇ ਵੀ ਇਸ ਤਰ੍ਹਾਂ ਦਾ ਤਜਰਬਾ ਕਰ ਸਕਣਾ ਸੰਭਵ ਨਹੀਂ ਸੀ। ਇਸ ਤਰ੍ਹਾਂ ਕੋਵਿਡ ਦੀ ਬਿਪਤਾ ਕੁਦਰਤ ਵਲੋਂ ਮਨੁੱਖ ਨੂੰ ਦਿੱਤੀ ਇਕ ਲਾਹੇਵੰਦ ਚਿਤਾਵਨੀ ਹੈ ਬ-ਸ਼ਰਤੇ ਕਿ ਇਸ ਤੋਂ ਸਬਕ ਸਿੱਖਿਆ ਜਾਵੇ। ਇਹ ਦਿਨ ਯਾਦ ਕਰਵਾਉਂਦਾ ਹੈ ਕਿ ਸਾਨੂੰ ਆਪਣੀ ਜੀਵਨ-ਸ਼ੈਲੀ ਅਤੇ ਆਪਣੇ ਸਮਾਜਿਕ, ਰਾਜਨੀਤਕ ਅਤੇ ਆਰਥਿਕ ਸਿਸਟਮਾਂ ਨੂੰ ਬਦਲ ਕੇ, ਕੁਦਰਤੀ ਸਾਧਨਾਂ ਦੀ ਖਪਤ ਨੂੰ ਘਟਾਉਣ ਦੀ ਫ਼ੌਰੀ ਲੋੜ ਹੈ। ਸਾਨੂੰ ਸਾਡੇ ਇਸ ਫਰਜ਼ ਪ੍ਰਤੀ ਸੁਚੇਤ ਕਰਨ ਲਈ 'ਗਲੋਬਲ ਫੁੱਟਪ੍ਰਿੰਟ ਨੈੱਟਵਰਕ' ਸੰਸਥਾ ਦਾ ਇਹ ਨਿਵੇਕਲਾ ਉਪਰਾਲਾ ਬਹੁਤ ਸ਼ਲਾਘਾਯੋਗ ਹੈ।

ਖਪਤ 'ਤੇ ਕਾਬੂ ਪਾਉਣ ਲਈ ਕੁਦਰਤ ਦੇ ਇਸ ਵਿਧਾਨ ਨੂੰ ਸਮਝਣਾ ਜ਼ਰੂਰੀ ਹੈ ਕਿ ਧਰਤੀ ਦਾ ਕੋਈ ਵੀ ਸਾਧਨ (ਸਿਵਾਇ ਸਾਹ ਲਈ ਲੋੜੀਂਦੀ ਹਵਾ ਦੇ) ਇਸ ਦੇ ਮੂਲ ਰੂਪ 'ਚ ਵਰਤੋਂ-ਯੋਗ ਨਹੀਂ। ਇਨ੍ਹਾਂ ਨੂੰ ਵਰਤੋਂ-ਯੋਗ ਬਣਾਉਣ ਲਈ ਇਨ੍ਹਾਂ 'ਤੇ ਅਨੇਕਾਂ ਕਿਸਮ ਦੀਆਂ ਕਾਰਵਾਈਆਂ ਕਰਨੀਆਂ ਜ਼ਰੂਰੀ ਹਨ; ਸਰਲ ਉਦਾਹਰਨ ਵਜੋਂ ਕਣਕ ਤੋਂ ਰੋਟੀ ਬਣਾਉਣ ਲਈ ਜਾਂ ਖਣਿਜ ਪਦਾਰਥਾਂ ਤੋਂ ਕਾਰ ਬਣਾਉਣ ਲਈ। ਸਾਧਨਾਂ, ਇਨ੍ਹਾਂ ਨੂੰ ਵਰਤੋਂ-ਯੋਗ ਬਣਾਉਣ ਲਈ ਲੋੜੀਂਦੀ ਮਸ਼ੀਨਰੀ ਅਤੇ ਇਸ ਮਸ਼ੀਨਰੀ ਨੂੰ ਚਲਾਉਣ ਲਈ ਊਰਜਾ, ਸਭ ਦਾ ਸ੍ਰੋਤ ਧਰਤੀ ਹੈ। ਇਨ੍ਹਾਂ ਸਾਧਨਾਂ ਨੂੰ ਧਰਤੀ ਤੋਂ ਪ੍ਰਾਪਤ ਕਰਨ ਅਤੇ ਫਿਰ ਇਨ੍ਹਾਂ ਨੂੰ ਵਰਤੋਂ-ਯੋਗ ਬਣਾਉਣ ਅਤੇ ਵਰਤਣ ਸਮੇਂ ਅਨੇਕ ਕਿਸਮ ਦਾ ਕੂੜ-ਕਬਾੜ, ਗੰਦ-ਮੰਦ ਅਤੇ ਗੈਸੀ ਪਦਾਰਥ ਪੈਦਾ ਹੁੰਦੇ ਹਨ ਜੋ ਬਹੁਤਾ ਕਰਕੇ ਜ਼ਹਿਰੀਲੇ ਅਤੇ (ਜਾਂ) ਫ਼ਜ਼ੂਲ ਹੁੰਦੇ ਹਨ।

ਕੁਦਰਤ ਦੇ ਇਸ ਵਿਧਾਨ ਕਰਕੇ ਮਨੁੱਖ ਨੂੰ ਆਪਣੀਆਂ/ਮੂਲ ਲੋੜਾਂ ਪੂਰੀਆਂ ਕਰਨ ਲਈ ਧਰਤੀ ਦੇ ਸਾਧਨਾਂ ਦੀ ਵਰਤੋਂ ਤਾਂ ਕਰਨੀ ਹੀ ਪਵੇਗੀ। ਕੁੱਲੀ, ਜੁੱਲੀ ਅਤੇ ਗੁੱਲੀ ਦੀਆਂ ਸਾਡੀਆਂ ਮੂਲ ਪੁਰਾਤਨ ਲੋੜਾਂ ਦਾ ਮਾਡਰਨ ਸਰੂਪ ਖੁਰਾਕ, ਉਦਯੋਗ, ਬਿਜਲੀ, ਬਿਲਡਿੰਗਾਂ ਅਤੇ ਆਵਾਜਾਈ/ਢੋਆ-ਢੁਆਈ (ਕੁੱਲ ਪੰਜ) ਬਣ ਗਿਆ ਹੈ। ਧਰਤੀ ਦੇ ਸੀਮਤ ਕੁਦਰਤੀ ਸਾਧਨਾਂ ਦੇ ਅੰਦਰ ਰਹਿ ਕੇ ਆਪਣੀਆਂ ਇਨ੍ਹਾਂ ਲੋੜਾਂ ਨੂੰ ਪੂਰੀਆਂ ਕਰਨ ਲਈ ਸਾਧਨਾਂ ਨੂੰ ਵਰਤਣਾ ਸਾਡਾ ਹੱਕ ਹੈ। ਪਰ ਅੱਜ ਦੀ ਧਰਤੀ ਤਾਂ ਵਧ ਰਹੀ ਅਬਾਦੀ ਕਰਕੇ ਹੋ ਰਹੇ ਹੱਕੀ ਵਾਧੇ ਨੂੰ ਪੂਰਾ ਕਰਨ ਅਤੇ ਪਾਏ ਪਰਿਣਾਮੀ ਗੰਦ ਨੂੰ ਸਮੋਣ ਜੋਗੀ ਵੀ ਨਹੀਂ। ਇਨ੍ਹਾਂ ਲਈ ਵੀ ਸਾਨੂੰ ਨਵੀਆਂ ਖੋਜਾਂ ਅਤੇ ਨਵੇਂ ਪ੍ਰਭਾਵਕਾਰੀ ਪ੍ਰਬੰਧਾਂ ਦੀ ਲੋੜ ਹੈ। ਉਪਰੋਂ ਅਸੀਂ ਆਪਣੀ ਪ੍ਰਤੀ ਜੀਅ ਖਪਤ 'ਚ ਨਾਜਾਇਜ਼ ਵਾਧਾ ਕਰੀ ਜਾ ਰਹੇ ਹਾਂ। ਇਹ ਵਾਧਾ ਅਸੀਂ ਕੋਈ ਲਾਭਦਾਇਕ ਅਸਾਸੇ ਬਣਾਉਣ ਲਈ ਨਹੀਂ ਕਰ ਰਹੇ ਬਲਕਿ ਆਪਣੀ ਐਸ਼-ਪ੍ਰਸਤੀ ਅਤੇ ਅਯਾਸ਼ੀ ਲਈ ਕਰ ਕੇ ਬਰਬਾਦ ਕਰ ਰਹੇ ਹਾਂ। ਅਸੀਂ ਧਰਤੀ ਦੇ ਸੀਮਤ ਸਾਧਨਾਂ (ਧਾਤਾਂ, ਕੋਲਾ ਆਦਿ) ਅਤੇ ਨਵਿਆਉਣ-ਯੋਗ ਸਾਧਨਾਂ (ਸੂਰਜੀ, ਪਾਣੀ ਆਦਿ) ਦੇ ਫਰਕ ਨੂੰ ਨਹੀਂ ਸਮਝ ਰਹੇ। ਜਿੱਥੇ




ਇਸ ਦੇ ਸੀਮਤ ਸਾਧਨਾਂ ਨੂੰ ਹਮੇਸ਼ਾ ਲਈ ਖਤਮ ਕਰ ਰਹੇ ਹਾਂ ਓਥੇ ਨਾਲ ਹੀ ਧਰਤੀ ਦੀ ਆਪਣੇ ਸਾਧਨਾਂ ਨੂੰ ਨਵਿਆਉਣ ਦੀ ਸਮਰੱਥਾ ਨੂੰ ਨਕਾਰਾ ਕਰੀ ਜਾ ਰਹੇ ਹਾਂ। ਧਰਤੀ ਦੇ ਸਾਧਨਾਂ ਨੂੰ ਇਸ ਦੇ ਹੀ ਵਿਨਾਸ਼ ਲਈ ਵਰਤ ਰਹੇ ਹਾਂ; ਦੂਹਰਾ ਨੁਕਸਾਨ ਕਰ ਰਹੇ ਹਾਂ। ਸਪੱਸ਼ਟ ਹੈ ਕਿ ਜਿੰਨੇ ਵੱਧ ਸਾਧਨ ਅਸੀਂ ਵਰਤਾਂਗੇ, ਓਨੇ ਹੀ ਵੱਧ ਸਾਧਨ ਉਨ੍ਹਾਂ ਨੂੰ ਵਰਤੋਂ-ਯੋਗ ਬਣਾਉਣ ਅਤੇ ਪਰਿਣਾਮੀ ਕੂੜ-ਕਬਾੜ ਨੂੰ ਸਮੇਟਣ 'ਤੇ ਵੀ ਬਰਬਾਦ ਕਰਾਂਗੇ। ਬਿਲਕੁਲ ਓਸੇ ਤਰ੍ਹਾਂ ਜਿਵੇਂ ਕਿ ਨਸ਼ੇੜੀ ਬੰਦਾ ਪਿਤਾ-ਪੁਰਖੀ ਜਾਇਦਾਦ ਨੂੰ ਵੀ ਬਰਬਾਦ ਕਰਦਾ ਹੈ ਅਤੇ ਆਪਣੇ ਸਰੀਰ ਅਤੇ ਆਪਣੀ ਔਲਾਦ ਦੇ ਭਵਿੱਖ ਦਾ ਵੀ ਸੱਤਿਆਨਾਸ ਕਰਦਾ ਹੈ।

'ਅਰਥ ਓਵਰਸ਼ੂਟ' ਦਿਨ ਧਰਤੀ ਦੀ ਹਰ ਸਾਲ ਦੀ ਇਸ ਬਹੁਪੱਖੀ ਤਰਸ-ਯੋਗ ਸਥਿਤੀ ਨੂੰ ਉਜਾਗਰ ਕਰਦਾ ਹੈ ਅਤੇ ਇਨ੍ਹਾਂ ਹਾਲਾਤਾਂ 'ਚ ਸਾਨੂੰ ਆਪਣੇ ਫਰਜ਼ਾਂ ਪ੍ਰਤੀ ਜਾਗਰੂਕ ਕਰਦਾ ਹੈ ਅਤੇ ਵਾਧੂ ਖਪਤ ਦੇ ਹਰ ਬੁਰੇ ਪੱਖ ਵਲ ਸਾਡਾ ਧਿਆਨ ਖਿੱਚਦਾ ਹੈ। ਧਰਤੀ ਦੀ ਦਸ਼ਾ ਸੁਧਾਰਨ ਦੇ ਹੱਲ ਇਕ ਅੱਡ ਲੇਖ ਦਾ ਵਿਸ਼ਾ ਹੈ, ਸੋ ਇਸ ਲੇਖ ਦਾ ਉਦੇਸ਼ ਮੌਜੂਦਾ ਸਥਿਤੀ ਦੀਆਂ ਵੱਧ ਸੰਵੇਦਨਸ਼ੀਲ ਗੱਲਾਂ ਪ੍ਰਤੀ ਜਾਗਰੂਕਤਾ ਤੱਕ ਸੀਮਤ ਹੈ:

ਇਹ ਦਿਨ ਮਨੁੱਖਤਾ ਦੀ ਸਮੂਹਕ ਮੂਰਖਤਾ ਦਾ ਪ੍ਰਤੀਕ ਹੈ। ਅਸੀਂ ਸਭ ਜਾਣਦੇ ਹਾਂ ਕਿ ਅਸੀਂ ਜਿਉਂ-ਜਿਉਂ ਕਿਸੇ ਵਸਤੂ ਦੀ ਵਰਤੋਂ ਵਧਾਉਂਦੇ ਹਾਂ ਤਿਉਂ-ਤਿਉਂ ਉਸ ਤੋਂ ਪ੍ਰਾਪਤ ਲਾਭਾਂ ਅਤੇ ਅਨੰਦ ਦੀ ਮਾਤਰਾ ਘਟਦੀ ਰਹਿੰਦੀ ਹੈ (ਲਾਅ ਔਫ ਡਿਮਿਨਿਸ਼ਿੰਗ ਰਿਟਰਨਜ਼)। ਆਪਣੇ ਠਰਕ ਦੀ ਤੀਬਰਤਾ ਨੂੰ ਬਰਕਰਾਰ ਰੱਖਣ ਲਈ ਸਾਨੂੰ ਵੱਧ ਸਾਧਨਾਂ ਦੀ ਲੋੜ ਕਰਨੀ ਪੈਂਦੀ ਹੈ ਯਾਨੀ ਕਿ ਸੰਸਾਰ ਆਪਣੀ ਭੁੱਖ ਦੀ ਅੱਗ ਨੂੰ ਬਾਲਣ ਪਾ ਕੇ ਬੁਝਾਉਣ ਦੀ ਮੂਰਖਤਾ ਕਰ ਰਿਹਾ ਹੈ।

ਇਸ ਤਰ੍ਹਾਂ ਹੀ ਇਕ ਹੋਰ ਘਿਣਾਉਣਾ ਪੱਖ ਜੋ ਉੱਭਰ ਕੇ ਸਾਹਮਣੇ ਆਉਂਦਾ ਹੈ ਉਹ ਹੈ ਨਾ-ਬਰਾਬਰੀ। ਸੰਸਾਰ ਦਾ ਪੰਜਵਾਂ ਹਿੱਸਾ ਲੋਕ ਹੀ ਇਸ ਵਧੀ ਖਪਤ ਲਈ ਜ਼ਿੰਮੇਵਾਰ ਹਨ।

ਦੁਨਿਆਵੀ ਬੇ-ਇਨਸਾਫ਼ੀ 'ਕਰੇ ਕੋਈ ਭਰੇ ਕੋਈ' ਦਾ ਪ੍ਰਤੱਖ ਰੂਪ 'ਚ ਦੇਖਣ ਨੂੰ ਮਿਲਦਾ ਹੈ। ਸਾਧਨਾਂ ਦੀ ਦੁਰਵਰਤੋਂ ਸ਼ਕਤੀਸ਼ਾਲੀ ਵਿਕਸਿਤ ਦੇਸ਼ ਕਰ ਰਹੇ ਹਨ ਪਰ ਖ਼ਮਿਆਜ਼ੇ ਅਣਵਿਕਸਿਤ ਦੇਸ਼ ਭੁਗਤ ਰਹੇ ਹਨ।

ਸਭ ਤੋਂ ਮੁੱਖ ਪਰ ਸਭ ਤੋਂ ਘੱਟ ਚਰਚਿਤ ਗੱਲ। ਇਸ ਨਾਲ ਸਾਡਾ ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ ਪਰ ਇਹ ਸਿਰਫ ਇਕ ਮੰਦਾ ਅਸਰ ਹੈ, ਭਾਵੇਂ ਕਿ ਇਹ ਮੁੱਖ ਹੈ। ਧਰਤੀ ਦੀ ਸੰਪੂਰਨ ਸਿਹਤ ਲਈ ਇਸ ਮਾਪਦੰਡ ਤੋਂ ਇਲਾਵਾ ਕਈ ਹੋਰ ਮਾਪਦੰਡ ਵੀ ਪੂਰੇ ਹੋਣੇ ਜ਼ਰੂਰੀ ਹਨ। ਉਦਾਹਰਣ ਲਈ ਕੁਦਰਤ ਨੇ ਸਾਡੇ ਸਰੀਰ ਦੇ ਅਨੇਕਾਂ ਸਿਸਟਮ ਬਣਾਏ ਹਨ ਜੋ ਸਾਰੇ ਆਪਸ 'ਚ ਪੂਰੀ ਇਕ-ਸੁਰਤਾ ਨਾਲ ਕੰਮ ਕਰਦੇ ਹਨ, ਜਿਵੇਂ ਕਿ ਸਾਹ ਦਾ ਸਿਸਟਮ, ਹਾਜ਼ਮੇ ਦਾ ਸਿਸਟਮ, ਖ਼ੂਨ ਦੇ ਦੌਰੇ ਦਾ, ਨਾੜੀਆਂ ਦਾ, ਮਲ-ਮੂਤਰ ਬਾਹਰ ਕੱਢਣ ਦਾ ਆਦਿ। ਜਦ ਆਪਾਂ ਸਿਹਤ ਦੇ ਨਿਰੀਖਣ ਲਈ ਡਾਕਟਰ ਕੋਲ ਜਾਂਦੇ ਹਾਂ ਤਾਂ ਉਹ ਸਾਡੇ ਸਾਰੇ ਅੰਗਾਂ ਦਾ ਨਿਰੀਖਣ ਕਰਦਾ ਹੈ ਅਤੇ ਅਨੇਕਾਂ ਪ੍ਰਕਾਰ ਦੇ ਟੈਸਟ ਕਰਵਾਉਂਦਾ ਹੈ। ਫਿਰ ਦੇਖਦਾ ਹੈ ਕਿ ਸਾਰੇ ਟੈਸਟ ਕਿਸੇ ਖਾਸ ਮਾਪਦੰਡਾਂ ਦੀਆਂ ਸੀਮਾਵਾਂ ਦੇ ਅੰਦਰ ਹਨ ਕਿ ਨਹੀਂ। ਕਿਸੇ ਇਕ ਲੱਛਣ ਤੋਂ ਸਾਡੀ ਪੂਰੀ ਸਿਹਤ ਦਾ ਪਤਾ ਨਹੀਂ ਲੱਗ ਸਕਦਾ। ਇਹ ਸਿਧਾਂਤ ਸਾਡੀ ਧਰਤੀ ਦੀ ਸਿਹਤ 'ਤੇ ਵੀ ਲਾਗੂ ਹੈ। ਮਾਹਿਰਾਂ ਨੇ ਧਰਤੀ ਦੇ 9 ਸਿਸਟਮ ਨਿਰਧਾਰਤ ਕੀਤੇ ਹਨ ਅਤੇ ਇਹ ਸਾਰੇ ਇਕ-ਦੂਜੇ ਨਾਲ ਇਕ-ਸੁਰਤਾ 'ਚ ਕੰਮ ਕਰਦੇ ਹਨ ਅਤੇ ਇਕ-ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਸਭ ਦੀਆਂ ਹੱਦਾਂ ਨਿਯਤ ਕੀਤੀਆਂ ਹੋਈਆਂ ਹਨ; ਬਿਲਕੁਲ ਓਸੇ ਤਰ੍ਹਾਂ ਜਿਵੇਂ ਕਿ ਡਾਕਟਰਾਂ ਨੇ ਸਾਡੇ ਸਾਰੇ ਅੱਡ-ਅੱਡ ਅੰਗਾਂ ਦੇ ਟੈਸਟਾਂ ਦੀਆਂ ਕੀਤੀਆਂ ਹੋਈਆਂ ਹਨ। ਇਹ ਸਾਰੇ ਆਪੋ-ਆਪਣੀਆਂ ਹੱਦਾਂ 'ਚ ਰਹਿਣੇ ਜ਼ਰੂਰੀ ਹਨ।

ਧਰਤੀ ਨੂੰ ਦਰਪੇਸ਼ ਇਸ ਭਿਆਨਕ ਤ੍ਰਾਸਦੀ-ਸਮੂਹ ਤੋਂ/ਅਣਜਾਣ ਅਸੀਂ ਖ਼ੁਦ-ਮਸਤੀਆਂ ਕਰ ਰਹੇ ਹਾਂ। ਅੰਗਰੇਜ਼ੀ ਦੀ ਕਹਾਵਤ ਕਿ 'ਡੁੱਬ ਰਹੇ 'ਟਾਈਟੈਨਿਕ' ਦੇ ਡੈੱਕ ਦੀਆਂ ਕੁਰਸੀਆਂ ਨੂੰ ਸੰਵਾਰਨਾ ਅਤੇ ਸਜਾਉਣਾ।' ਸਾਡੇ 'ਤੇ ਪੂਰੀ ਤਰ੍ਹਾਂ ਢੁਕਦੀ ਹੈ। ਮੌਜੂਦਾ ਸਿਸਟਮਾਂ ਰਾਹੀਂ ਦੁਨੀਆਂ ਦਾ ਸ਼ੋਸ਼ਣ ਕਰ ਰਹੇ ਸ਼ਾਤਰ ਇਜ਼ਾਰੇਦਾਰ ਇਨ੍ਹਾਂ ਸਚਾਈਆਂ ਨੂੰ ਨਿਰਾਸ਼ਾਵਾਦੀ ਬੰਦਿਆਂ ਦੀ ਵਿਚਾਰਧਾਰਾ ਕਹਿ ਕੇ ਨਕਾਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਇੱਥੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਦੀ ਉਦਾਹਰਣ ਢੁਕਵੀਂ ਹੈ ਜਿਸ ਨੇ ਕਿਹਾ ਸੀ ਕਿ ਵਾਤਾਵਰਣ ਪ੍ਰਦੂਸ਼ਣ ਦੀ ਗੱਲ ਇਕ ਛਲਾਵਾ (ਹੋਕਸ) ਹੈ। ਇੰਨਾ ਹੀ ਨਹੀਂ ਉਸ ਨੇ ਯੂ.ਐਸ.ਏ. ਨੂੰ ਸੰਸਾਰ-ਪ੍ਰਸਿੱਧ 'ਪੈਰਿਸ ਸਮਝੌਤੇ' ਤੋਂ ਬਾਹਰ ਕਰ ਲਿਆ ਸੀ ਪਰ ਰਾਸ਼ਟਰਪਤੀ ਜੋਅ ਬਾਇਡਨ ਨੇ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਮਿ. ਟਰੰਪ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਸੀ। ਅੱਜ ਦੇ ਰੌਬਰ-ਬੈਰਨ ਮੌਜੂਦਾ ਆਰਥਿਕ ਪ੍ਰਣਾਲੀਆਂ ਰਾਹੀਂ ਖਰਬਾਂਪਤੀ ਬਣੇ ਹੋਏ ਹਨ। ਇਨ੍ਹਾਂ 'ਚੋਂ ਇਕ ਪ੍ਰਣਾਲੀ ਹੈ ਫੌਸਿਲ ਫ਼ਿਊਲਾਂ ਦੀ ਅੰਧਾਧੁੰਦ ਵਰਤੋਂ ਦਾ ਜਾਰੀ ਰੱਖਣਾ। ਅੱਜ ਇਸ ਖੇਤਰ ਨੂੰ ਸਮੁੱਚੇ ਸੰਸਾਰ 'ਚ ਸਾਲਾਨਾ ਇਕ ਕਰੋੜ ਸਵਾ ਲੱਖ ਕਰੋੜ ਰੁਪਏ (1.4 ਟਰਿਲੀਅਨ ਡਾਲਰ) ਦੀ ਸਬਸਿਡੀ ਸਿੱਧੇ ਰੂਪ 'ਚ ਮਿਲ ਰਹੀ ਹੈ।

ਆਪਣੀਆਂ ਕੁ-ਚਾਲਾਂ ਨੂੰ ਇਹ ਲੋਕ ਸਾਇੰਸ ਅਤੇ ਤਕਨਾਲੋਜੀ ਦੇ ਪਰਦੇ ਓਹਲੇ ਲੁਕਾਉਂਦੇ ਹਨ ਕਿਉਂਕਿ ਜਨ-ਸਧਾਰਨ ਨੂੰ ਇਨ੍ਹਾਂ 'ਤੇ ਅੰਧ-ਵਿਸ਼ਵਾਸ ਦੀ ਹੱਦ ਤੱਕ ਭਰੋਸਾ ਹੈ, ਕਿ ਇਨ੍ਹਾਂ ਨੇ ਖੋਜਾਂ ਕਰ ਕੇ ਹਰ ਸਮੱਸਿਆ ਦਾ ਹੱਲ ਲੱਭ ਲੈਣਾ ਹੈ। ਅੱਜ ਦੇ ਸੰਸਾਰ 'ਚ ਹਰ ਸਮੱਸਿਆ ਨੂੰ ਨਜਿੱਠਣ ਲਈ ਲੋੜੀਂਦੀਆਂ ਤਕਨਾਲੋਜੀਆਂ ਪਹਿਲਾਂ ਹੀ ਉਪਲੱਬਧ ਹਨ। ਪਰ ਇਹ ਰੌਬਰ-ਬੈਰਨ ਪੁਰਾਣੀਆਂ ਭਰੋਸੇਮੰਦ ਤਕਨਾਲੋਜੀਆਂ ਨੂੰ ਵਰਤਣ ਹੀ ਨਹੀਂ ਦਿੰਦੇ। ਨਵੀਆਂ ਲੱਭਣ ਦੀ ਵਕਾਲਤ ਕਰਦੇ ਹਨ ਇਹ ਜਾਣਦੇ ਹੋਏ ਕਿ ਇਕੱਲੀਆਂ ਤਕਨਾਲੋਜੀਆਂ ਅੱਜ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ ਕਰ ਸਕਦੀਆਂ। ਨਵੀਆਂ ਤਕਨਾਲੋਜੀਆਂ ਦਾ ਲਾਭ ਹਮੇਸ਼ਾ ਵੱਡਿਆਂ ਨੂੰ ਹੀ ਹੁੰਦਾ ਹੈ। ਜੇ ਇਹ ਸੰਸਾਰ ਦੀਆਂ ਸਮੱਸਿਆਵਾਂ ਨੂੰ/ਹੱਲ ਕਰ ਸਕਦੀਆਂ ਹੁੰਦੀਆਂ ਤਾਂ ਹੁਣ ਤੱਕ ਸਭ ਦਾ ਹੱਲ ਹੋ ਚੁੱਕਿਆ ਹੋਣਾ ਸੀ। ਨਿਰਸੰਦੇਹ ਨਵੀਆਂ ਖੋਜਾਂ ਦੀ ਲੋੜ ਹੈ ਪਰ ਹਾਸਲ ਤਕਨਾਲੋਜੀਆਂ ਦੀ ਪੂਰੀ ਵਰਤੋਂ ਪਹਿਲ ਦੇ ਆਧਾਰ 'ਤੇ ਹੋਣੀ ਜ਼ਰੂਰੀ ਹੈ। ਸਬਸਿਡੀਆਂ ਬੰਦ ਕਰਨ ਜਾਂ ਖੁਰਾਕ ਦੀ ਬਰਬਾਦੀ ਰੋਕਣ ਲਈ ਕਿਸੇ ਨਵੀਂ ਤਕਨਾਲੋਜੀ ਦੀ ਲੋੜ ਨਹੀਂ।


ਸਾਧਨਾਂ ਦੀ ਖਪਤ ਨੂੰ ਘਟਾਉਣ ਦਾ ਮੁੱਦਾ ਤਕਨਾਲੋਜੀ ਦਾ ਮੁੱਦਾ ਘੱਟ ਅਤੇ ਸਮਾਜਿਕ ਮੁੱਦਾ ਵੱਧ ਹੈ। ਇਹ ਮਨੁੱਖੀ-ਬਰਾਬਰੀ ਅਤੇ ਹੱਕੀ-ਵੰਡਾਂ ਦਾ ਮੁੱਦਾ ਹੈ। ਇਹ ਮਨੁੱਖੀ ਸੁਭਾਅ ਅਤੇ ਜੀਵਨ-ਸ਼ੈਲੀ ਨਾਲ ਜੁੜੀ ਸਮੱਸਿਆ ਹੈ ਜਿਸ ਦਾ ਹੱਲ ਵਿਸ਼ਵ ਪੱਧਰ 'ਤੇ ਨਿੱਜੀ ਕਾਇਆ-ਕਲਪ ਅਤੇ ਸਮੂਹਿਕ ਆਰਥਿਕ, ਸਮਾਜਿਕ ਅਤੇ ਰਾਜਨੀਤਕ ਸਿਸਟਮਾਂ ਨੂੰ ਲੋਕ-ਹਿੱਤਾਂ ਦੇ ਅਨੁਸਾਰੀ ਬਣਾਉਣਾ ਹੈ। ਹਰ ਖੇਤਰ 'ਚ ਸੰਜਮ ਅਤੇ ਡਸਿਪਲਨ ਜ਼ਰੂਰੀ ਹੈ। ਚੇਤੰਨ ਹੋ ਰਹੀ ਜਨਤਾ ਦੇ ਦਬਾਓ ਹੇਠ ਸੰਸਾਰ ਭਰ ਦੀਆਂ ਲੋਕ-ਤੰਤਰੀ ਸਰਕਾਰਾਂ ਇਸ ਤਰ੍ਹਾਂ ਦੇ ਸਿਸਟਮਾਂ ਨੂੰ ਬਦਲਣ ਲਈ ਦ੍ਰਿੜ-ਸੰਕਲਪ ਹੋ ਰਹੀਆਂ ਹਨ। ਆਪੋ-ਆਪਣੇ ਦੇਸ਼ਾਂ ਦੇ ਸਬੰਧਿਤ ਕਾਨੂੰਨਾਂ ਨੂੰ ਸਖ਼ਤ ਅਤੇ ਸਮੇਂ ਦੇ ਹਾਣੀ ਬਣਾਉਣ ਦੇ ਨਾਲ''ਨਾਲ ਸੰਸਾਰ-ਪੱਧਰ 'ਤੇ ਵੱਧ ਇਕ-ਸੁਰਤਾ ਬਣਾ ਰਹੀਆਂ ਹਨ। ਇਸ ਸਭ ਲਈ ਸਰਕਾਰਾਂ ਨੂੰ ਜਨ-ਸਧਾਰਨ ਦੀ ਹਮਾਇਤ ਦੀ ਲੋੜ ਹੈ ਜੋ ਇਹ ਕੰਮ ਜਾਗਰੂਕ ਹੋ ਕੇ ਹੀ ਕਰ ਸਕਦੀ ਹੈ।

ਕੁਦਰਤੀ ਸਾਧਨਾਂ ਦੀ ਖਪਤ ਨੂੰ ਪੂਰੀ ਤਰ੍ਹਾਂ ਕਾਬੂ ਕਰਨ ਦਾ ਹੱਲ 'ਸਰ ਡੇਵਿਡ ਐਟਨਬਰਾ' ਦੀ ਨਸੀਹਤ ਨੂੰ ਮੰਨਣ 'ਚ ਹੈ ਕਿ: "ਸਾਡੇ ਵਾਸਤੇ ਅਤੀ ਜ਼ਰੂਰੀ ਹੈ ਕਿ ਅਸੀਂ ਨਾ-ਸਿਰਫ ਧਰਤੀ ਦੇ ਸੀਮਤ ਕੁਦਰਤੀ ਸਾਧਨਾਂ ਦੇ ਅੰਦਰ-ਅੰਦਰ ਰਹੀਏ ਬਲਕਿ ਇਨ੍ਹਾਂ ਨੂੰ ਸਹੀ ਢੰਗ ਨਾਲ ਵੰਡਣਾ ਵੀ ਸਿੱਖੀਏ।"

# 'ਗੰਗਾਜਲ' ਵਾਲਾ ਚਰਚਿਤ ਗਾਇਕ 'ਗੁਰਮਨ ਮਾਨ'

ਅਜੋਕੀ ਪੰਜਾਬੀ ਗਾਇਕੀ ਵਿਚ ਗੁਰਮਨ ਮਾਨ ਤੇਜ਼ੀ ਨਾਲ ਆਪਣੀ ਪਹਿਚਾਣ ਬਣਾਉਣ ਵਾਲਾ ਗਾਇਕ ਹੈ। ਬੁਲੰਦ ਆਵਾਜ਼ ਦਾ ਮਾਲਕ ਗੁਰਮਨ ਜਦੋਂ ਖੁੱਲ੍ਹੇ ਅਖਾੜਿਆਂ 'ਚ ਹਿੱਕ ਦੇ ਜ਼ੋਰ ਨਾਲ ਗਾਉਂਦਾ ਹੈ ਤਾਂ ਸਰੋਤੇ ਸਾਹ ਰੋਕ ਉਸ ਦੀ ਗਾਇਕੀ ਦਾ ਆਨੰਦ ਮਾਣਦੇ ਹਨ। ਉਸ ਦੀ ਆਵਾਜ਼ ਵਿਚ ਜਾਦੂ ਹੈ। ਉਸ ਨੂੰ ਮਾਣ ਹੈ ਕਿ ਉਹ ਮਸ਼ਹੂਰ ਸੰਗੀਤਕਾਰ ਤੇਜਵੰਤ ਕਿੱਟੂ ਦਾ ਚੰਡਿਆ ਹੋਇਆ ਚੇਲਾ ਹੈ। ਆਪਣੇ ਦਰਜਨਾਂ ਗੀਤਾਂ ਨਾਲ ਸਰੋਤਿਆਂ ਨੂੰ ਕੀਲ ਚੁੱਕਿਆ ਗੁਰਮਨ ਸੋਸ਼ਲ ਮੀਡੀਆ 'ਤੇ ਵੀ ਪੂਰਾ ਸਰਗਰਮ ਹੈ। ਆਪਣੇ ਗੀਤ 'ਗੰਗਾਜਲ' ਜ਼ਰੀਏ ਗਾਇਕਾਂ ਦੀ ਮੂਹਰਲੀ ਕਤਾਰ ਵਿਚ ਸ਼ਾਮਲ ਹੋਇਆ ਗੁਰਮਨ ਹੁਣ 'ਗੰਗਾਜਲ 2' ਗੀਤ ਦੇ ਨਾਲ ਮੁੜ ਚਰਚਾ ਵਿਚ ਹੈ।

ਧਰਮਿੰਦਰ ਦੇ ਪਿੰਡ ਸਾਹਨੇਵਾਲ (ਲੁਧਿਆਣਾ) ਦੇ ਜੰਮਪਲ ਗੁਰਮਨ ਦੀ ਗਾਇਕੀ ਨਾਲ ਕਿਵੇਂ ਸਾਂਝ ਪੈ ਗਈ ਇਹ ਉਸ ਨੂੰ ਵੀ ਨਹੀਂ ਪਤਾ। ਸਕੂਲ ਪੜ੍ਹਦਿਆਂ ਸਕੂਲ ਦੀਆਂ ਸਟੇਜਾਂ 'ਤੇ ਗਾਉਂਦਾ-ਗਾਉਂਦਾ ਉਹ ਇਕ ਦਿਨ ਹਜ਼ਾਰਾਂ, ਲੱਖਾਂ ਦੇ ਇਕੱਠ ਮੂਹਰੇ ਗਾਵੇਗਾ, ਇਹ ਸ਼ਾਇਦ ਕਿਸੇ ਨੇ ਵੀ ਨਹੀਂ ਸੋਚਿਆ ਸੀ। ਗਾਇਕੀ ਪ੍ਰਤੀ ਉਸਦਾ ਰੁਝਾਨ ਦੇਖਦਿਆਂ ਯਾਰਾਂ-ਮਿੱਤਰਾਂ ਨੇ ਉਸਨੂੰ ਇਸ ਹੁਨਰ ਨੂੰ ਪੇਸ਼ਾ ਬਣਾਉਣ ਦੀ ਸਲਾਹ ਦਿੱਤੀ। ਉਸਨੇ ਇਸ ਖੇਤਰ ਵੱਲ ਕੱਚੇ ਪੈਰੀਂ ਆਉਣ ਦੀ ਥਾਂ ਸਿੱਖ ਕੇ, ਪੱਕੇ ਪੈਰੀਂ ਆਉਣ ਬਾਰੇ ਸੋਚਿਆ। ਸੰਗੀਤਕਾਰ ਤੇਜਵੰਤ ਕਿੱਟੂ ਤੋਂ ਲਗਾਤਾਰ ਤਿੰਨ ਸਾਲ ਗਾਇਕੀ ਸਿੱਖਣ ਤੋਂ ਬਾਅਦ ਉਸ ਨੇ ਇਸ ਖੇਤਰ ਵਿਚ ਕਦਮ ਰੱਖਿਆ। ਉਸ ਦੇ ਪਹਿਲੇ ਤਿੰਨ ਗੀਤਾਂ ਨੇ ਉਸਨੂੰ ਇਸ ਖੇਤਰ ਬਾਰੇ ਬਹੁਤ ਕੁਝ ਸਿਖਾਇਆ। ਉਸ ਤੋਂ ਬਾਅਦ ਆਏ ਗੀਤ 'ਗੰਗਾਜਲ' ਨੇ ਉਸਨੂੰ ਗੂੜ੍ਹੀ ਪਹਿਚਾਣ ਦਿੱਤੀ।



ਨਾਮਵਰ ਮਿਊਜ਼ਿਕ ਪ੍ਰੋਡਿਊਸਰ ਹਰਦੀਪ ਮੀਨ ਅਤੇ ਹਾਕੀ ਉਲੰਪੀਅਨ ਦੀਪਕ ਠਾਕੁਰ ਨਾਲ ਮੁਲਾਕਾਤ ਤੋਂ ਬਾਅਦ ਉਸਦੀ ਜ਼ਿੰਦਗੀ ਵਿਚ ਵੱਡਾ ਬਦਲਾਅ ਆਇਆ। ਦੋਵਾਂ ਨੇ ਉਸਨੂੰ ਆਪਣੀ ਕੰਪਨੀ "ਮਿਊਜ਼ਿਕ ਟਾਈਮਸ ਪ੍ਰੋਡਕਸ਼ਨ" ਦੇ ਬੈਨਰ ਹੇਠ ਵੱਖਰੇ ਅੰਦਾਜ਼ ਵਿਚ ਦਰਸ਼ਕਾਂ ਦੀ ਕਚਹਿਰੀ ਵਿਚ ਪੇਸ਼ ਕੀਤਾ। ਉਸਦਾ ਗੀਤ 'ਨੌ ਸਟੇਪ ਗਾਇਕ' ਆਇਆ ਤਾਂ ਉਸਦੀ ਹਰ ਪਾਸੇ ਸ਼ਲਾਘਾ ਦੇ ਨਾਲ ਨਾਲ ਨਵੇਂ ਅੰਦਾਜ਼ ਦੀ ਵੀ ਪ੍ਰਸ਼ੰਸਾ ਹੋਈ। ਹੁਣ ਉਹ ਇਕ ਤੋਂ ਬਾਅਦ ਇਕ ਨਵੇਂ ਗੀਤਾਂ ਨਾਲ ਹਾਜ਼ਰ ਹੋਵੇਗਾ। ਪਿਛਲੇ ਹਫਤੇ ਉਸਦਾ ਗੀਤ 'ਗੰਗਾਜਲ 2' ਰਿਲੀਜ਼ ਹੋਇਆ ਹੈ। ਇਸ ਗੀਤ ਦੇ ਵੀਡੀਓ ਵਿਚ ਨਾਮਵਾਰ ਮਾਡਲ ਅੰਜਲੀ ਅਰੋੜਾ ਨਜ਼ਰ ਆਈ ਹੈ, ਜਿਸ ਨੂੰ ਕਮਲਪ੍ਰੀਤ ਜੋਨੀ ਨੇ ਡਾਇਰੈਕਟ ਕੀਤਾ ਹੈ। ਇਸ ਗੀਤ ਤੋਂ ਬਾਅਦ ਉਸਦੀ ਪੂਰੀ ਐਲਬਮ "ਚੱਕਲੋ ਧਰਲੋ" ਆਵੇਗੀ। "ਮਿਊਜ਼ਿਕ ਟਾਈਮਸ" ਦੀ ਪੇਸ਼ਕਸ਼ ਇਸ ਐਲਬਮ ਦੇ ਗੀਤ ਪ੍ਰੀਤਾਂ, ਗੁਰੀ ਡਿਪਟੀ, ਰੌਣੀ ਅਜਨਾਲੀ ਤੇ ਗਿੱਲ ਮਸ਼ਰਾਏ ਨੇ ਲਿਖੇ ਹਨ। ਇਸ ਦਾ ਸੰਗੀਤ ਡਾਇਮੰਡ ਨੇ ਤਿਆਰ ਕੀਤਾ ਹੈ। ਇਸ ਐਲਬਮ ਵਿਚ ਹਰ ਤਰ੍ਹਾਂ ਦੇ ਗੀਤ ਹੋਣਗੇ ਜੋ ਹਰ ਉਮਰ ਵਰਗ ਦੇ ਸਰੋਤਿਆਂ ਦੀ ਪਸੰਦ ਬਣਨਗੇ। ਗੁਰਮਨ ਮੁਤਾਬਕ ਉਹ ਆਪਣੀ ਅਸਲ ਸ਼ੁਰੂਆਤ ਇਸ ਐਲਬਮ ਜ਼ਰੀਏ ਕਰੇਗਾ। ਗਾਉਣਾ ਉਸਦਾ ਪੇਸ਼ਾ ਹੀ ਨਹੀਂ ਬਲਕਿ ਜਨੂੰਨ ਵੀ ਹੈ। ਇਸ ਲਈ ਉਹ ਗਾਇਕੀ ਦੇ ਅੰਬਰ 'ਤੇ ਚਮਕਣ ਲਈ ਦਿਨ ਰਾਤ ਮਿਹਨਤ ਕਰ ਰਿਹਾ ਹੈ।

-ਸੁਰਜੀਤ ਜੱਸਲ
ਫੋਨ: 98146-07737

# ਮੈਂ ਕਿਉਂ ਪੜ੍ਹਦਾ ਹਾਂ?

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਮੈਂ ਬਹੁਤ ਪੜ੍ਹਦਾ ਹਾਂ। ਜਦ ਵੀ ਸਮਾਂ ਮਿਲਦਾ ਮੈਂ ਕੋਈ ਕਿਤਾਬ, ਰਸਾਲਾ ਜਾਂ ਅਖ਼ਬਾਰ ਜ਼ਰੂਰ ਪੜ੍ਹਦਾ ਹਾਂ। ਪਰ ਮੈਂ ਕਈ ਵਾਰ ਖ਼ੁਦ ਨੂੰ ਹੀ ਪੁੱਛਦਾ ਹਾਂ ਕਿ ਮੈਂ ਕਿਉਂ ਪੜ੍ਹਦਾ ਹਾਂ? ਕੀ ਪੜ੍ਹਦਾ ਹਾਂ? ਕਿਸ ਮਕਸਦ ਲਈ ਪੜ੍ਹਦਾ ਹਾਂ? ਪੜ੍ਹਨ ਨਾਲ ਮੇਰੇ ਵਿਚ ਕਿਹੜੀ ਤਬਦੀਲੀ ਆਈ ਅਤੇ ਕਿਉਂ ਆਈ? ਬਹੁਤ ਸਾਰੇ ਪ੍ਰਸ਼ਨ ਮਨ-ਜੂਹੇ ਖ਼ਰੂਦ ਪਾਉਂਦੇ।

ਮੈਂ ਪੜ੍ਹਦਾ ਹਾਂ ਤਾਂ ਕਿ ਮੈਂ ਆਪਣੇ ਆਪ ਨੂੰ ਮਿਲ ਸਕਾਂ। ਖ਼ੁਦ ਨੂੰ ਸਮਝ ਸਕਾਂ। ਆਪਣੇ ਆਪ ਦੀ ਲਿਖਤ ਵਿਚਲੇ ਪਾਤਰਾਂ ਨਾਲ ਤੁਲਨਾ ਕਰ ਸਕਾਂ ਕਿ ਮੈਂ ਕਿੱਥੇ ਖੜ੍ਹਾ ਹਾਂ? ਕੀ ਇਹ ਪਾਤਰ ਮੇਰੇ ਨਾਲੋਂ ਚੰਗੇ ਨੇ ਜਾਂ ਮਾੜੇ? ਕੀ ਪਾਤਰ ਨਰੋਏ ਸਮਾਜ ਦੀ ਸਿਰਜਣਾ ਕਰਦੇ ਜਾਂ ਆਪਣੇ ਕਿਹੜੇ ਕੰਮਾਂ ਕਰਕੇ ਸਮਾਜ ਲਈ ਨਮੋਸ਼ੀ?

ਪੜ੍ਹਦਿਆਂ ਪੜ੍ਹਦਿਆਂ ਮੈਂ ਆਪਣੇ ਪੁਰਖ਼ਿਆਂ ਨੂੰ ਮਿਲਦਾ ਹਾਂ। ਉਨ੍ਹਾਂ ਦੀਆਂ ਕਥਾ-ਕਹਾਣੀਆਂ ਰਾਹੀਂ, ਉਨ੍ਹਾਂ ਦੇ ਕਾਰਨਾਮਿਆਂ ਅਤੇ ਕਰਾਮਾਤੀ ਵਰਤਾਰਿਆਂ ਦੇ ਰੂਬਰੂ ਹੁੰਦਾ ਹਾਂ। ਮੈਂ ਬਾਬਰ-ਬਾਣੀ ਰਾਹੀਂ ਬਾਬਾ ਨਾਨਕ ਦਾ ਬਾਬਰ ਨਾਲ ਹੋਇਆ ਸੰਵਾਦ ਥੀਂ ਗੁਜ਼ਰਦਾ ਹਾਂ। ਮੈਂ ਗੁਰਬਾਣੀ ਰਾਹੀਂ ਭਗਤਾਂ, ਭੱਟਾਂ ਅਤੇ ਸੂਫ਼ੀ ਫਕੀਰਾਂ ਨਾਲ ਰੂਹ ਦਾ ਰਿਸ਼ਤਾ ਗੰਢਦਾ ਹਾਂ ਅਤੇ ਗੁਰੂਆਂ ਦੀ ਦੂਰ-ਅੰਦੇਸ਼ੀ ਸੋਚ ਨੂੰ ਸਲਾਮ ਕਰਦਾ ਹਾਂ। ਫਿਰ ਮੈਂ ਆਪਣੇ ਆਪ ਦਾ ਵਿਸ਼ਲੇਸ਼ਣ ਵੀ ਕਰਦਾ ਹਾਂ ਕਿ ਗੁਰਬਾਣੀ ਕੀ ਕਹਿੰਦੀ ਹੈ ਅਤੇ ਮੈਂ ਕੀ ਕਰ ਰਿਹਾ ਹਾਂ? ਕੀ ਕਰਮ-ਕਾਂਡਾਂ ਵਿਚ ਤਾਂ ਨਹੀਂ ਉਲਝਿਆ ਜਿਸਦੀ ਗੁਰਬਾਣੀ ਵਿਚ ਮਨਾਹੀ ਹੈ? ਮੈਂ ਗੁਰਬਾਣੀ ਦੀ ਜੀਵਨ-ਜਾਚ ਨੂੰ ਕਿੰਨਾ ਕੁ ਅਪਣਾਇਆ ਅਤੇ ਅਜੇ ਕਿੰਨਾ ਕੁ ਊਣਾ ਹਾਂ?

ਪੜ੍ਹਨ ਲੱਗਿਆ ਮੈਂ ਵਰਣ-ਵੰਡ ਨਹੀਂ ਕਰਦਾ ਅਤੇ ਨਾ ਹੀ ਬੋਲੀਆਂ ਤੇ ਖਿੱਤਿਆਂ ਦੀ ਵੰਡ ਵੰਡਾਈ ਵਿਚ ਪੈਂਦਾ ਹਾਂ। ਮੈਨੂੰ ਤਾਂ ਜਿਹੜੀ ਕਿਤਾਬ ਚੰਗੀ ਲੱਗਦੀ ਹੈ ਅਤੇ ਜੋ ਮਾਨਵੀ ਸੁਨੇਹਿਆਂ ਨਾਲ ਓਤਪੋਤ ਹੋਵੇ, ਉਸਨੂੰ ਪੜ੍ਹਨ ਵਿਚ ਇਕ ਸੁਖਨ ਮਿਲਦਾ ਅਤੇ ਫਿਰ ਇਹ ਕਿਤਾਬ ਮਿੱਤਰ-ਪਿਆਰਿਆਂ ਨੂੰ ਪੜ੍ਹਨ ਲਈ ਕਹਿੰਦਾ ਹਾਂ।

ਮੈਂ ਇਤਿਹਾਸ, ਮਿਥਿਹਾਸ, ਗਿਆਨ-ਵਿਗਿਆਨ ਸਮੇਤ ਹਰ ਵਿਸ਼ਾ ਪੜ੍ਹਨ ਦੀ ਰੁਚੀ ਰੱਖਦਾ ਹਾਂ ਕਿਉਂਕਿ ਸੰਤੁਲਤ ਵਿਕਾਸ ਲਈ ਇਹ ਵੀ ਜਾਨਣਾ ਜ਼ਰੂਰੀ ਹੈ ਕਿ ਬੰਦਾ ਆਪਣੇ ਆਪ ਦੇ ਕਿੰਨਾ ਕੁ ਨੇੜੇ ਹੈ? ਆਪਣਿਆਂ ਤੋਂ ਕਿੰਨੀ ਕੁ ਵਿੱਥ 'ਤੇ ਹੈ? ਕੁਦਰਤ ਨਾਲ ਭਾਈਵਾਲੀ ਕਿੰਨੀ ਕੁ ਪ੍ਰਪੱਕ ਹੈ? ਇਸਦਾ ਇਲਮ ਮੈਨੂੰ ਪੜ੍ਹਦਿਆਂ ਹੀ ਹੁੰਦਾ?

ਪੜ੍ਹਦਿਆਂ ਪੜ੍ਹਦਿਆਂ ਮੈਂ ਕੁਝ ਅਜੇਹੇ ਸ਼ਬਦਾਂ ਨੂੰ ਮਿਲਦਾ ਹਾਂ ਜਿਨ੍ਹਾਂ ਨੂੰ ਮੈਂ ਕਈ ਚਿਰ ਤੋਂ ਲੱਭ ਰਿਹਾ ਸਾਂ। ਇਹ ਸ਼ਬਦ ਹੀ ਹੁੰਦੇ ਜੋ ਮੈਨੂੰ ਉਲਥਾਉਣ ਅਤੇ ਪਰਿਭਾਸ਼ਤ ਕਰਨ ਲਈ ਸਹਿਯੋਗੀ ਹੁੰਦੇ। ਸ਼ਬਦਾਂ ਦੀ ਵਿਭਿੰਨਤਾ ਮੈਨੂੰ ਬਹੁਤ ਹੀ ਅਚੰਭਤ ਕਰਦੀ। ਇਸਦੀ ਵੰਨ-ਸੁਵੰਨਤਾ ਲਈ ਕਦੇ ਕੋਈ ਪੋਠੋਹਾਰੀ ਲਿਖਤ, ਕਦੇ ਪੁਆਧੀ, ਕਦੇ ਮਲਵਈ, ਕਦੇ ਡੋਗਰੀ ਅਤੇ ਕਦੇ ਮਾਝੈਲੀ ਲਿਖਤ ਨੂੰ ਪੜ੍ਹਨ ਦਾ ਚਾਅ ਹੁੰਦਾ। ਤਾਂ ਹੀ ਮੇਰੀ ਲਿਖਤ ਵਿਚ ਅਕਸਰ ਹੀ ਅਜੇਹੇ ਸ਼ਬਦ ਚੁੱਪ-ਚੁਪੀਤੇ ਆ ਜਾਂਦੇ ਜਿਨ੍ਹਾਂ ਦੀ ਮਹਿਕ ਮੈਨੂੰ ਸ਼ਰਸ਼ਾਰ ਕਰਦੀ। ਉਰਦੂ ਦੀਆਂ ਲਿਖਤਾਂ ਜਦ ਮੈਂ ਪੰਜਾਬੀ ਰੂਪਾਂਤਰਨ ਵਿਚ ਪੜ੍ਹਦਾ ਤਾਂ ਇਨ੍ਹਾਂ ਦੀ ਖੁਸ਼ਬੂ ਮੇਰੀ ਲਿਖਤ ਨੂੰ ਸੁਗੰਧਤ ਕਰਦੀ। ਇਨ੍ਹਾਂ ਸ਼ਬਦਾਂ ਵਿਚੋਂ ਹੀ ਮੈਂ ਸਹੀ ਸ਼ਬਦ ਜੋੜ ਨੂੰ ਪਹਿਚਾਣਦਾ ਅਤੇ ਜਿਨ੍ਹਾਂ ਦੇ ਕਈ ਰੂਪ ਮੇਰੀ ਲਿਖਤ ਵਿਚ ਸੁੱਤੇ ਸਿੱਧ ਆ ਜਾਂਦੇ।

ਮੈਂ ਪੜ੍ਹਦਾ ਹਾਂ ਤਾਂ ਕਿ ਮੈਨੂੰ ਆਪਣੇ ਬਜ਼ੁਰਗਾਂ ਦੀਆਂ ਕੀਰਤੀਆਂ ਦਾ ਅਹਿਸਾਸ ਹੋਵੇ। ਉਨ੍ਹਾਂ ਦੀਆਂ ਘਾਲਨਾਵਾਂ ਦੀ ਸੋਝੀ ਹੋਵੇ। ਕਿਵੇਂ ਉਨ੍ਹਾਂ ਨੇ ਰੱਕੜ ਅਤੇ ਮੰਡ ਨੂੰ ਵਾਹੀਯੋਗ ਬਣਾਇਆ? ਕਿਵੇਂ ਤਰਾਈ ਦੇ ਖੇਤਰ ਨੂੰ ਆਬਾਦ ਕਰ ਕੇ ਪੰਜਾਬੀਆਂ ਨੇ ਝੰਡੇ ਗੱਡੇ? ਕਿਵੇਂ ਉਨ੍ਹਾਂ ਨੇ ਬਾਰਾਂ ਨੂੰ ਆਬਾਦ ਕਰ ਕੇ ਬੰਦੇ ਜੰਮਣ ਵਾਲੀ ਜ਼ਮੀਨ ਬਣਾਇਆ?

ਪਰ ਪੜ੍ਹਦਿਆਂ ਪੜ੍ਹਦਿਆਂ ਮੇਰੇ ਦੀਦਿਆਂ ਵਿਚ ਹੰਝੂਆਂ ਦੀ ਨੈਂਅ ਵੀ ਵਗ ਤੁਰਦੀ ਜਦ ਵੰਡ ਦੌਰਾਨ ਪੰਜਾਬੀਆਂ ਦੀ ਕਤਲੋਗਾਰਤ ਦਾ ਖ਼ੂਨੀ ਬਿਰਤਾਂਤ ਸਫ਼ਿਆਂ 'ਤੇ ਫੈਲਦਾ। ਆਪਣਿਆਂ ਤੋਂ ਆਪਣਿਆਂ ਦਾ ਵਿਛੋੜਾ, ਸਾਹਾਂ ਵਰਗੀਆਂ ਸਾਂਝਾਂ ਦਾ ਸਿਵਾ ਸੇਕਣਾ ਅਤੇ ਅਕੀਦਤਯੋਗ ਅਸਥਾਨਾਂ ਨੂੰ ਖ਼ੁਦ ਤੋਂ ਵੱਖਰਾ ਕਰਨ ਦਾ ਸੰਤਾਪ ਅਤੇ ਆਪਣੇ ਇਤਿਹਾਸ ਤੋਂ ਵਿਰਵੇ ਹੋਣ ਦਾ ਦਰਦ ਵਰਕਿਆਂ 'ਤੇ ਫੈਲ, ਅਣਆਈ ਮੌਤ ਲਈ ਕੀਰਨੇ ਬਣ ਜਾਂਦਾ। ਮੈਂ ਗੁੰਮਸੁੰਮ ਹੋਇਆ, ਬੀਤੇ ਦੀ ਤਰਾਸਦੀ ਨੂੰ ਕਈ ਦਿਨਾਂ ਤੀਕ ਭੋਗਦਾ ਅਤੇ ਪੀੜ ਵਿਚ ਕਰਾਹੁੰਦਾ।

ਮੈਂ ਬਹੁਤ ਭਾਵੁਕ ਹਾਂ ਤਾਂ ਹੀ ਦਰਦ-ਗਾਥਾ ਨੂੰ ਪੜ੍ਹਦਿਆਂ ਜਾਂ ਕਿਸੇ ਦੀ ਵੇਦਨਾ ਦੇ ਵਿਖਿਆਨ ਵਿਚ ਮੈਂ ਘਰਾਲਾਂ ਵਿਚ ਭਿੱਜ ਜਾਂਦਾ ਅਤੇ ਇਹ ਘਰਾਲਾਂ ਪਾਕੀਜ਼ਗੀ ਦਾ ਪ੍ਰਮਾਣ ਬਣ, ਮੈਨੂੰ ਅੰਦਰ ਡੂੰਘਾ ਉਤਰਨ ਦੀ ਗੁੜ੍ਹਤੀ ਦੇ ਜਾਂਦੀਆਂ। ਪੜ੍ਹਨ 'ਤੇ ਹੀ ਪਤਾ ਲੱਗਦਾ ਕਿ ਦੁਨੀਆਂ ਕੀ ਹੈ? ਇਹ ਕਿਹੜੀਆਂ ਚਾਲਾਂ ਨਾਲ ਤੁਹਾਨੂੰ ਧੋਖਾ ਦਿੰਦੀ? ਕਿਹੜੀਆਂ ਕਰਤੂਤਾਂ ਸਦਕਾ ਸਮਾਜ ਵਿਚ ਅੱਖੀਆਂ ਨੀਵੀਆਂ ਕਰਵਾਉਂਦੀ? ਕਿਹੜੀਆਂ ਸਾਜ਼ਿਸ਼ਾਂ ਘੜਦਿਆਂ ਆਪਣੇ ਕਤਲਾਂ ਦਾ ਇਲਜ਼ਾਮ ਨਿਰਦੋਸ਼ਿਆਂ ਸਿਰ ਮੜ੍ਹ ਕੇ ਆਪ ਦੁੱਧ ਧੋਤੀ ਹੋਣ ਦਾ ਪਾਖੰਡ ਕਰਦੀ?

ਯਾਦ ਰਹੇ ਕਿ ਮੈਂ ਹੱਡ-ਮਾਸ ਦਾ ਪੁਤਲਾ ਅਤੇ ਅਹਿਸਾਸਾਂ ਤੇ ਭਾਵਨਾਵਾਂ ਨਾਲ ਭਰਪੂਰ ਹਾਂ। ਹਰ ਲਿਖਤ ਨੂੰ ਪੜ੍ਹਦਿਆਂ, ਮੈਂ ਅਸਰ-ਅੰਦਾਜ਼ ਹੁੰਦਾ। ਕਦੇ ਇਹ ਮੈਨੂੰ ਹਸਾਉਂਦੀ ਤੇ ਕਦੇ ਰੁਆਉਂਦੀ, ਕਦੇ ਜ਼ਖ਼ਮ ਦਿੰਦੀ ਤੇ ਕਦੇ ਮਰਹਮ ਲਗਾਉਂਦੀ, ਕਦੇ ਲਾਸਾਂ ਪਾਉਂਦੀ ਤੇ ਕਦੇ ਸਹਿਲਾਉਂਦੀ ਹੈ, ਕਦੇ ਮੋਹ ਕਰਦੀ ਤੇ ਕਦੇ ਅੱਖਾਂ ਦਿਖਾਉਂਦੀ, ਅਤੇ ਕਦੇ ਨਫ਼ਰਤ ਕਰਦੀ ਤੇ ਕਦੇ ਮੋਹ ਜਤਾਉਂਦੀ। ਇਹ ਸਾਰੇ ਰੰਗ ਪੜ੍ਹਦਿਆਂ-ਪੜ੍ਹਦਿਆਂ ਮੇਰੇ ਅੰਗ-ਸੰਗ ਰਹਿੰਦੇ।

ਮੈਂ ਪੜ੍ਹਦਾ ਹਾਂ ਤਾਂ ਕਿ ਮੈਂ ਸਿਆਣਾ ਹੋ ਸਕਾਂ। ਆਪਣੀਆਂ, ਕਮੀਆਂ ਅਤੇ ਕੁਤਾਹੀਆਂ ਨੂੰ ਘਟਾ ਸਕਾਂ ਅਤੇ ਇਨਸਾਨੀਅਤ ਦਾ ਮਾਰਗੀ ਬਣ ਸਕਾਂ। ਮੈਂ ਆਪਣੇ ਆਪ 'ਤੇ ਹੱਸਣ ਲਈ ਵੀ ਪੜ੍ਹਦਾ ਹਾਂ ਤੇ ਰੋਣ ਲਈ ਵੀ। ਖ਼ੁਦ ਨੂੰ ਉਤਸ਼ਾਹਿਤ ਕਰਨ ਲਈ ਵੀ ਪੜ੍ਹਨ ਦਾ ਸਹਾਰਾ ਲੈਂਦਾਂ ਜਦ ਕਦੇ ਵੀ ਮੈਂ ਢਹਿੰਦੀਆਂ ਕਲਾਂ ਵਿਚ ਹੋਵਾਂ ਕਿਤਾਬ ਪੜ੍ਹਨਾ ਮੇਰੇ ਲਈ ਆਪਣੇ ਆਪ ਨਾਲ ਇਕਸੁਰ ਹੋਣ ਦਾ ਸਭ ਤੋਂ ਵੱਡਾ ਸਬੱਬ। ਪੜ੍ਹਦਿਆਂ ਮੈਂ ਗਵਾਚ ਜਾਂਦਾ ਹਾਂ ਅਤੇ ਇਹ ਗਵਾਚਣਾ ਹੀ ਦਰਅਸਲ ਖ਼ੁਦ ਨਾਲ ਇਕਮਿਕ ਹੋਣ ਦਾ ਨਾਮ ਹੈ। ਪਰਤਵੀਂ ਨਜ਼ਰ ਨਾਲ ਪੜ੍ਹਦਿਆਂ ਤੁਸੀਂ ਕਿਸੇ ਲਿਖਤ ਵਿਚ ਕਿਵੇਂ ਉਤਰੋਗੇ? ਇਸਦੇ ਸੂਖਮ ਸੰਦੇਸ਼ ਅਤੇ ਵਿਭਿੰਨ ਪਰਤਾਂ ਦੀ ਕਿਵੇਂ ਥਾਹ ਪਾ ਸਕੋਗੇ? ਮੇਰੀ ਇਨਾਇਤ, ਬੰਦਗੀ ਅਤੇ ਬਰਕਤ ਦੀ ਬੰਦਿਆਈ ਵਿਚੋਂ ਹੀ ਮੈਨੂੰ ਜੀਵਨ ਦੇ ਮਜੀਠੀ ਰੰਗਾਂ ਦਾ ਅਹਿਸਾਸ ਹੁੰਦਾ ਜਿਹੜੇ ਜ਼ਿੰਦਗੀ ਦਾ ਸੁੱਚਾ ਹਾਸਲ ਹੁੰਦੇ।

ਪੜ੍ਹਦਿਆਂ ਮੈਨੂੰ ਉਨ੍ਹਾਂ ਚੀਜ਼ਾਂ, ਲੋਕਾਂ, ਵਰਤਾਰਿਆਂ ਜਾਂ ਕਮੀਨਗੀਆਂ ਦੀ ਜਾਣਕਾਰੀ ਮਿਲਦੀ ਜਿਸ ਤੋਂ ਮੈਂ ਅਣਜਾਣ ਹਾਂ ਅਤੇ ਜਿਨ੍ਹਾਂ ਦਾ ਸਾਹਮਣਾ ਹਰੇਕ ਨੂੰ ਜ਼ਿੰਦਗੀ ਦੇ ਕਿਸੇ ਮੋੜ 'ਤੇ ਜ਼ਰੂਰ ਹੀ ਕਰਨਾ ਪੈਂਦਾ। ਮੈਂ ਇਸ ਲਈ ਵੀ ਪੜ੍ਹਦਾ ਹਾਂ ਤਾਂ ਕਿ ਮੈਂ ਜਿਨ੍ਹਾਂ ਨੂੰ ਆਪਣੇ ਕਰੀਬੀ ਸਮਝਦਾ ਸਾਂ ਅਤੇ ਜਿਹੜੇ ਮੇਰੇ ਲਈ ਅੱਤ ਪਿਆਰੇ ਸਨ, ਉਨ੍ਹਾਂ ਨੇ ਮੇਰੇ ਨਾਲ ਇੰਝ ਕਿਉਂ ਕੀਤਾ? ਉਨ੍ਹਾਂ ਦੇ ਮਨ ਵਿਚ ਮਾੜਾ ਖ਼ਿਆਲ ਕਿਉਂ ਆਇਆ? ਅਜੇਹੀ ਮਾਨਸਿਕਤਾ ਲਈ ਕੌਣ ਏ ਕਸੂਰਵਾਰ? ਮੇਰੇ ਆਪਣੇ ਹੀ ਮੇਰੇ ਲਈ ਕਬਰਾਂ ਕਿਉਂ ਪੁੱਟਣ ਲੱਗ ਪਏ?


ਪੜ੍ਹਦਿਆਂ ਪੜ੍ਹਦਿਆਂ ਮੈਨੂੰ ਇਹ ਵੀ ਪਤਾ ਲੱਗਦਾ ਕਿ ਅੱਜ-ਕੱਲ੍ਹ ਖੇਤਾਂ ਵਿਚ ਖ਼ੁਦਕੁਸ਼ੀਆਂ ਕਿਉਂ ਉਗਦੀਆਂ ਨੇ? ਆੜਾਂ ਦਾ ਪਾਣੀ ਨਾੜਾਂ ਵਿਚ ਜ਼ਹਿਰ ਕਿਉਂ ਘੋਲਦਾ? ਕਿਉਂ ਕਿਸਾਨ ਖੇਤਾਂ ਦੀ ਬਜਾਏ ਦਿੱਲੀ ਦੇ ਬਾਰਡਰ 'ਤੇ ਧਰਨੇ ਲਾਉਣ ਲਈ ਮਜਬੂਰ ਹੁੰਦਾ? ਗਰੀਬ ਦੀ ਝੁੱਗੀ ਮਹਿਲਾਂ ਲਈ ਖ਼ਤਰਾ ਕਿਉਂ ਏ? ਸਿਆਸਤ ਕਦੋਂ ਦੀ ਵਪਾਰ ਬਣ ਗਈ? ਲਹੂ ਪੀਣੀਆਂ ਜੋਕਾਂ ਕਦੋਂ ਤੀਕ ਆਮ ਲੋਕਾਂ ਦੇ ਸਬਰ ਦੀ ਪਰਖ ਕਰਨਗੀਆਂ? ਕਦੋਂ ਤੀਕ ਜਵਾਨ ਪੁੱਤਾਂ ਦੀਆਂ ਅਰਥੀਆਂ ਨਾਲ ਨਸ਼ੇ ਦੇ ਸੁਦਾਗਰਾਂ ਦੇ ਮਹਿਲਾਂ ਦੀ ਤਾਮੀਰਦਾਰੀ ਹੋਣੀ ਏ? ਕਦੋਂ ਤੀਕ ਅਣਮਨੁੱਖੀ ਵਰਤਾਰਾ ਜਾਰੀ ਰਹਿਣਾ?

ਪੜ੍ਹ ਕੇ ਹੀ ਪਤਾ ਲਗਾ ਕਿ ਕਿਵੇਂ ਪੰਜ ਦਰਿਆਵਾਂ ਨੂੰ ਢਾਈ ਆਬ ਬਣਾ ਕੇ ਬਰੇਤਿਆਂ ਵਿਚ ਤਬਦੀਲ ਕਰਨ ਦੀ ਸਾਜ਼ਿਸ਼ ਰਚੀ ਗਈ? ਪੰਜਾਬੀਆਂ ਤੋਂ ਪੰਜਾਬ ਕਿਵੇਂ ਖੋਹਿਆ ਜਾ ਰਿਹਾ? ਕਿਉਂ ਪੰਜਾਬੀ, ਪੰਜਾਬ ਨੂੰ ਸਦਾ ਲਈ ਅਲਵਿਦਾ ਕਹਿ ਰਹੇ? ਕੁਝ ਕੁ ਸਾਲਾਂ ਦੀ ਹੀ ਗੱਲ ਰਹਿ ਗਈ ਆ ਜਦ ਪੰਜਾਬ, ਇਤਿਹਾਸ ਦਾ ਹਿੱਸਾ ਬਣ ਕੇ ਰਹਿ ਜਾਵੇਗਾ।

ਪੜ੍ਹ ਕੇ ਮੈਨੂੰ ਆਸ, ਧਰਵਾਸ ਅਤੇ ਵਿਸ਼ਵਾਸ ਮਿਲਦਾ ਜਦ ਮੈਂ ਖਿੜਕਿਆ ਹੋਵਾਂ, ਸਤਾਇਆ ਹੋਵਾਂ, ਹਾਰਿਆ ਹੋਵਾਂ ਜਾਂ ਅਣਗੌਲਿਆ ਹੋਵਾਂ। ਪੜ੍ਹਨ ਨਾਲ ਮੈਨੂੰ ਹੌਂਸਲਾ ਤੇ ਤਾਕਤ ਮਿਲਦੀ। ਮੈਂ ਫਿਰ ਨਵੇਂ ਜੋਸ਼ ਓ ਜਨੂੰਨ ਨਾਲ ਆਪਣੇ ਪੈਰਾਂ ਵਿਚ ਸਫ਼ਰ ਅਤੇ ਮੱਥੇ ਵਿਚ ਮੰਜ਼ਲ ਦਾ ਸਿਰਨਾਵਾਂ ਟਿਕਾਉਂਦਾ ਹਾਂ ਅਤੇ ਰਾਹਾਂ ਨੂੰ ਆੜੀ ਬਣਾਉਂਦਾ ਹਾਂ।

ਮਹਾਨ ਸ਼ਖ਼ਸੀਅਤਾਂ ਦੀਆਂ ਜੀਵਨ-ਗਾਥਾਵਾਂ ਪੜ੍ਹਦਿਆਂ ਉਨ੍ਹਾਂ ਨੂੰ ਰੋਲ ਮਾਡਲ ਬਣਾਉਂਦਾ ਹਾਂ ਅਤੇ ਉਨ੍ਹਾਂ ਦੀਆਂ ਦੱਸੀਆਂ ਤਰਕੀਬਾਂ ਅਤੇ ਅਪਣਾਈਆਂ ਤਰਜੀਹਾਂ ਨੂੰ ਆਪਣਾ ਮਕਸਦ ਬਣਾਉਂਦਾ ਹਾਂ।

ਪੜ੍ਹਦਿਆਂ ਪੜ੍ਹਦਿਆਂ ਮੈਨੂੰ ਇਹ ਜਾਣਕਾਰੀ ਮਿਲਦੀ ਕਿ ਅਕਾਸ਼ ਮੰਡਲ ਕੀ ਹੈ? ਇਹ ਚੰਨ ਤੇ ਤਾਰੇ ਕੀ ਹਨ? ਰੌਸ਼ਨੀ ਤੇ ਗਰਮੀ ਕਿਵੇਂ ਪੈਦਾ ਹੁੰਦੀ? ਕਿਵੇਂ ਇਹ ਲੰਬਾ ਪੰਧ ਤੈਅ ਕਰ ਧਰਤ ਦੇ ਜੀਵ ਲਈ ਸਹਾਈ ਹੁੰਦੀ? ਧਰਤੀ, ਸੂਰਜ ਦੁਆਲੇ ਕਿਵੇਂ ਘੁੰਮਦੀ ਹੈ? ਸਾਡੇ ਬ੍ਰਹਿਮੰਡ ਦੀ ਰਫ਼ਤਾਰ, ਬਣਤਰ ਅਤੇ ਵਰਤਾਰੇ 'ਤੇ ਕਿਹੜੇ ਸਿਧਾਂਤ ਲਾਗੂ ਹੁੰਦੇ? ਇਨ੍ਹਾਂ ਸਾਹਵੇਂ ਮੈਂ ਕਿੰਨਾ ਛੋਟਾ ਹਾਂ? ਮੈਨੂੰ ਪਤਾ ਲੱਗਦਾ ਕਿ ਮੈਂ ਤਾਂ ਕੁਝ ਵੀ ਜਾਣਦਾ ਅਤੇ ਅਥਾਹ ਗਿਆਨ ਬਾਰੇ ਤਾਂ ਮੈਂ ਪੂਣੀ ਵੀ ਨਹੀਂ ਛੋਹੀ।



**ਪੜ੍ਹਨਾ ਪਿਆਰ ਕਰਨਾ ਵੀ ਸਿਖਾਉਂਦਾ ਅਤੇ ਨਫ਼ਰਤ ਕਰਨ ਦਾ ਸਲੀਕਾ ਵੀ। ਆਪਣੇ ਆਪ ਨੂੰ ਮਿਲਣ ਦਾ ਹੁਨਰ ਵੀ ਅਤੇ ਆਪਣੇ ਤੋਂ ਦੂਰੀ ਸਿਰਜਣ ਦਾ ਵਲ ਵੀ। ਆਪਣਿਆਂ ਪ੍ਰਤੀ ਬੇਗਾਨਗੀ ਦੀ ਭਾਵਨਾ ਦਾ ਵੀ ਪਤਾ ਲੱਗਦਾ ਅਤੇ ਆਪਣਿਆਂ ਪ੍ਰਤੀ ਲਗਾਅ ਦਾ ਗਿਆਨ ਵੀ ਹੁੰਦਾ।**

ਪੜ੍ਹਨ 'ਤੇ ਮੈਨੂੰ ਇਹ ਵੀ ਸਮਝ ਆਉਂਦੀ ਕਿ ਜ਼ਿੰਦਗੀ ਦਾ ਸਫ਼ਰ ਜਾਰੀ ਰਹਿਣਾ ਹੀ ਦਰਅਸਲ ਜੀਵਨ ਦਾ ਸਭ ਤੋਂ ਵੱਡਾ ਸੱਚ। ਕਿਉਂਕਿ ਖੜੋਤ ਬੰਦੇ ਨੂੰ ਜੰਗਾਲ ਦਿੰਦੀ ਅਤੇ ਜੰਗਾਲੀ ਸੋਚ ਅਤੇ ਵਰਤਾਰੇ ਸਮਾਜ ਲਈ ਜਾਨਲੇਵਾ ਸਾਬਤ ਹੁੰਦੇ। ਇਸ ਲਈ ਸਫ਼ਰ ਵਿਚ ਰਹੀਏ ਤਾਂ ਜਿਊਣਾ ਸਫ਼ਲ ਵਰਨਾ ਇਹ ਸਾਹਾਂ ਦੀ ਪੂਰਤੀ ਹੀ ਹੁੰਦੀ।

ਪੜ੍ਹਨਾ ਇਸ ਲਈ ਚੰਗਾ ਲੱਗਦਾ ਜਦ ਮੈਂ ਕੁਝ ਬਹੁਤ ਹੀ ਅਚੰਭਤ ਅਤੇ ਅਜ਼ੀਮ ਖ਼ਿਆਲ ਪੜ੍ਹਦਾ ਅਤੇ ਇਸਨੂੰ ਕਮਰੇ ਦੀ ਕੰਧ ਦਾ ਸ਼ਿੰਗਾਰ ਬਣਾਉਂਦਾ ਤਾਂ ਕਿ ਮੈਂ ਇਸ ਖ਼ਿਆਲ ਤੋਂ ਪ੍ਰੇਰਨਾ ਲੈ ਕੇ ਕੁਝ ਚੰਗੇਰਾ ਕਰ ਸਕਾਂ। ਇਹ ਭਾਵੇਂ ਕਵਿਤਾ ਦੀਆਂ ਲਾਈਨਾਂ ਹੋਣ, ਸ਼ੇਅਰ ਹੋਵੇ ਜਾਂ ਕੋਈ ਵਾਕ ਹੋਵੇ।

ਪੜ੍ਹਦਿਆਂ ਹੀ ਮੈਨੂੰ ਕੁਝ ਅਜੇਹੇ ਖ਼ਿਆਲ ਮਿਲਦੇ ਜਿਨ੍ਹਾਂ ਨਾਲ ਆਪਣੇ ਵਿਚਾਰਾਂ ਨੂੰ ਬਿਹਤਰ ਤਰੀਕੇ ਨਾਲ ਪ੍ਰਗਟਾਅ ਸਕਾਂ। ਦਰਅਸਲ ਪੜ੍ਹਨਾ ਤੁਹਾਨੂੰ ਉਹ ਕੁਝ ਦਿੰਦਾ ਜਿਹੜਾ ਬਹੁਤੀ ਵਾਰ ਤੁਹਾਨੂੰ ਸਮਾਜ ਵਿਚੋਂ ਨਹੀਂ ਮਿਲਦਾ।

ਯਾਦ ਰਹੇ ਕਿ ਪੜ੍ਹਨਾ ਸਿਰਫ਼ ਕਿਤਾਬਾਂ ਹੀ ਨਹੀਂ ਹੁੰਦੀਆਂ, ਸਗੋਂ ਪੜ੍ਹਨਾ ਤਾਂ ਬੰਦਿਆਂ ਨੂੰ ਵੀ ਹੁੰਦਾ, ਵਰਤਾਰਿਆਂ ਤੇ ਘਟਨਾਵਾਂ ਨੂੰ ਵੀ ਅਤੇ ਰਿਸ਼ਤਿਆਂ ਨੂੰ ਜਿਨ੍ਹਾਂ ਨੇ ਤੁਹਾਡੇ ਜੀਵਨ ਨੂੰ ਕਈ ਰੂਪਾਂ ਨਾਲ ਪ੍ਰਭਾਵਿਤ ਕਰਨਾ ਹੁੰਦਾ।

ਪੜ੍ਹਨ ਨਾਲ ਬੰਦੇ ਨੂੰ ਆਪਣੇ ਉਸ ਰੂਪ, ਗੁਣਾਂ ਅਤੇ ਪ੍ਰਤਿਭਾ ਦਾ ਪਤਾ ਲੱਗਦਾ ਜਿਨ੍ਹਾਂ ਤੋਂ ਕਈ ਵਾਰ ਬੰਦਾ ਖੁਦ ਵੀ ਅਣਜਾਣ ਹੁੰਦਾ। ਖ਼ੁਦ ਨੂੰ ਜਾਨਣ ਦੀ ਜਗਿਆਸਾ ਹੀ ਦਰਅਸਲ ਪੜ੍ਹਨ ਦਾ ਸਭ ਤੋਂ ਵੱਡਾ ਹਾਸਲ।

ਕਈ ਵਾਰ ਜਦ ਤੁਸੀਂ ਕਿਸੇ ਲਿਖਤ ਨੂੰ ਪੜ੍ਹਦੇ ਹੋ ਤਾਂ ਤੁਸੀਂ ਲਿਖਤ ਵਿਚਲੇ ਪਾਤਰਾਂ ਅਤੇ ਵਰਤਾਰਿਆਂ ਵਿਚ ਖੁੱਭ ਕੇ ਇਸਦਾ ਹਿੱਸਾ ਬਣਦੇ ਹੋ ਤਾਂ ਤੁਹਾਨੂੰ ਬੰਦੇ ਦੇ ਬਹੁਤ ਸਾਰੇ ਰੂਪਾਂ ਦਾ ਗਿਆਨ ਹੁੰਦਾ ਕਿ ਇਹ ਪਾਤਰ ਕਿਵੇਂ ਗਿਰਗਿਟ ਵਾਂਗ ਰੰਗ ਬਦਲ, ਆਪਣਿਆਂ ਲਈ ਸਾੜਸੱਤੀ ਬਣਦੇ।

ਪੜ੍ਹਨਾ ਪਿਆਰ ਕਰਨਾ ਵੀ ਸਿਖਾਉਂਦਾ ਅਤੇ ਨਫ਼ਰਤ ਕਰਨ ਦਾ ਸਲੀਕਾ ਵੀ। ਆਪਣੇ ਆਪ ਨੂੰ ਮਿਲਣ ਦਾ ਹੁਨਰ ਵੀ ਅਤੇ ਆਪਣੇ ਤੋਂ ਦੂਰੀ ਸਿਰਜਣ ਦਾ ਵਲ ਵੀ। ਆਪਣਿਆਂ ਪ੍ਰਤੀ ਬੇਗਾਨਗੀ ਦੀ ਭਾਵਨਾ ਦਾ ਵੀ ਪਤਾ ਲੱਗਦਾ ਅਤੇ ਆਪਣਿਆਂ ਪ੍ਰਤੀ ਲਗਾਅ ਦਾ ਗਿਆਨ ਵੀ ਹੁੰਦਾ।

ਪੜ੍ਹਨਾ ਸਿਰਫ਼ ਪੜ੍ਹਨਾ ਹੀ ਨਹੀਂ ਹੁੰਦਾ ਸਗੋਂ ਲਿਖਤ ਦਾ ਅਨਿੱਖੜਵਾਂ ਅੰਗ ਵੀ ਬਣਨਾ ਹੁੰਦਾ। ਕਵਿਤਾ ਪੜ੍ਹਦਿਆਂ ਕਵਿਤਾ-ਕਵਿਤਾ ਹੋਣਾ ਜ਼ਰੂਰੀ ਹੁੰਦਾ। ਪੜ੍ਹਦਿਆਂ ਤੁਹਾਨੂੰ ਸ਼ਬਦ ਜਿਉਂਦੇ, ਜਾਗਦੇ, ਹੱਸਦੇ, ਰੋਂਦੇ, ਮੰਨਦੇ, ਮਨਾਉਂਦੇ, ਕੁਤਕੁਤਾਰੀਆਂ ਕੱਢਦੇ, ਪਿਆਰ ਜਤਾਉਂਦੇ ਅਤੇ ਆਪਣਾ ਬਣਾਉਣਾ ਲੋਚਦੇ। ਸ਼ਬਦ ਤੁਹਾਨੂੰ ਪਿਆਰ ਕਰਦੇ ਜਿਸ ਵਿਚ ਤੁਸੀਂ ਪਿਘਲ ਜਾਂਦੇ। ਇਹ ਪਿਘਲਣਾ ਹੀ ਕਿਸੇ ਪੜ੍ਹਤ ਦੀ ਸਭ ਤੋਂ ਵੱਡੀ ਪ੍ਰਾਪਤੀ। ਜਿਹੜੀ ਕਹਾਣੀ, ਲੇਖ ਜਾਂ ਕਵਿਤਾ ਚੰਗੀ ਲੱਗਦੀ, ਮੈਂ ਵਾਰ ਵਾਰ ਪੜ੍ਹਦਾ ਅਤੇ ਹਰ ਪੜ੍ਹਤ ਵਿਚੋਂ ਨਵੀਂ ਪਰਤ ਉਜਾਗਰ ਹੁੰਦੀ।

ਪੜ੍ਹਦਿਆਂ ਮੈਨੂੰ ਇਉਂ ਲੱਗਦਾ ਜਿਵੇਂ ਮੈਂ ਇਨ੍ਹਾਂ ਸ਼ਬਦਾਂ ਦੇ ਮੌਢੇ 'ਤੇ ਸਿਰ ਰੱਖ ਕੇ ਰੋ ਵੀ ਸਕਦਾਂ, ਆਪਣਾ ਦੁੱਖੜਾ ਫਰੋਲ ਵੀ ਸਕਦਾਂ ਅਤੇ ਪਿਆਰ ਵੀ ਕਰਦਾ ਹਾਂ। ਕਈ ਵਾਰ ਸ਼ਬਦ ਤੁਹਾਡੇ ਦਿਲ ਦੇ ਇੰਨੇ ਕਰੀਬ ਹੋ ਜਾਂਦੇ ਕਿ ਤੁਸੀਂ ਇਨ੍ਹਾਂ ਦੀ ਰਹਿਬਰੀ ਵਿਚੋਂ ਅਜੇਹੀ ਸਿਰਜਣਾ ਕਰਦੇ ਜਿਸਦਾ ਕਦੇ ਕਿਆਸ ਵੀ ਨਹੀਂ ਕੀਤਾ ਹੁੰਦਾ।

ਪੜ੍ਹਦਿਆਂ ਪੜ੍ਹਦਿਆਂ ਮੈਂ ਉਨ੍ਹਾਂ ਲੋਕਾਂ, ਥਾਵਾਂ ਅਤੇ ਰਹੁਰੀਤਾਂ ਨੂੰ ਸ਼ਬਦਾਂ ਰਾਹੀਂ ਦੇਖਦਾ ਹਾਂ ਜਿਨ੍ਹਾਂ ਤੋਂ ਮੈਂ ਅਜੇ ਤੀਕ ਅਣਜਾਣ ਸਾਂ। ਵੱਖ-ਵੱਖ ਧਰਤੀਆਂ, ਖ਼ਿੱਤਿਆਂ, ਸ਼ਹਿਰਾਂ ਅਤੇ ਕਬੀਲਿਆਂ ਨੂੰ ਪੜ੍ਹ ਕੇ ਜਾਣ ਸਕਦੇ ਹਾਂ ਅਤੇ ਫਿਰ ਸਾਡੇ ਮਨ ਵਿਚ ਉਨ੍ਹਾਂ ਨੂੰ ਦੇਖਣ ਅਤੇ ਮਿਲਣ ਦੀ ਤਾਂਘ ਪੈਦਾ ਹੁੰਦੀ।

ਪੜ੍ਹਨਾ ਮੇਰੇ ਲਈ ਤਾਜ਼ਾ ਹਵਾ ਦਾ ਬੁੱਲ੍ਹਾ, ਸੁਗੰਧਤ ਫ਼ਿਜ਼ਾ, ਪਿਆਸੇ ਲਈ ਭੁੱਕ ਭਰ ਪਾਣੀ, ਰੱਕੜ ਦੇ ਪਿੰਡੇ 'ਤੇ ਬਾਰਸ਼-ਬੂੰਦਾਂ ਅਤੇ ਬਰੇਤਿਆਂ ਦਾ ਪਾਣੀ ਨਾਲ ਮਿਲਾਪ ਵਰਗਾ।

ਕਈ ਵਾਰ ਪੜ੍ਹਦਿਆਂ ਇਹ ਵੀ ਪਤਾ ਲੱਗਦਾ ਕਿ ਨੇੜੇ ਰਹਿੰਦਿਆਂ ਵੀ ਸੱਤ ਸਮੁੰਦਰਾਂ ਦੀ ਦੂਰੀ ਕਿਵੇਂ ਪੈਦਾ ਹੁੰਦੀ ਅਤੇ ਸੱਤ-ਸਮੁੰਦਰ ਦੂਰ ਹੁੰਦਿਆਂ ਵੀ ਨੇੜਤਾ ਦਾ ਅਹਿਸਾਸ ਮਨ ਨੂੰ ਕਿਵੇਂ ਭਰਦਾ? ਕਿਵੇਂ ਸੱਜਣਾਂ ਦੀ ਮਹਿਕ, ਚੌਗਿਰਦੇ 'ਚ ਫੈਲਦੀ ਅਤੇ ਸਾਹਾਂ ਦੀ ਸੁਗੰਧ ਵਿਚੋਂ ਜੀਵਨ ਦੀ ਸੁਗਾਤ ਮਿਲਦੀ?

ਪੜ੍ਹਦਿਆਂ ਮੈਂ ਸਿਰਫ਼ ਸ਼ਬਦੀ ਅਰਥਾਂ ਤੀਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਇਸ ਦੀਆਂ ਅਦਿੱਖ ਪਰਤਾਂ ਨੂੰ ਫਰੋਲਦਾ ਹਾਂ। ਵੱਖਰੇ ਦ੍ਰਿਸ਼ਟੀਕੋਣ ਤੋਂ ਸ਼ਬਦੀ ਵਰਤਾਰੇ ਨੂੰ ਕਿਆਸਦਾ ਅਤੇ ਇਸ ਦੀਆਂ ਪਰਤਾਂ ਵਿਚੋਂ ਸੂਹੀ ਪਰਤ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਦਾ। ਪੜ੍ਹਦਿਆਂ ਇੰਝ ਜਾਪਦਾ ਜਿਵੇਂ ਇਹ ਸ਼ਬਦ ਮੇਰੀ ਰੂਹ ਦੇ ਹਾਣੀ ਵਰਗੇ

ਜਿਨ੍ਹਾਂ ਨਾਲ ਪਿਆਰ ਕਰ ਸਕਦਾਂ, ਮੇਰੇ ਬੱਚਿਆਂ ਵਰਗੇ ਜਿਨ੍ਹਾਂ ਨਾਲ ਲਾਡ ਲਡਾ ਸਕਦਾਂ, ਮੇਰੇ ਦੋਹਤਰੇ ਦੋਹਤਰੀਆਂ ਵਰਗੇ ਜਿਨ੍ਹਾਂ ਨਾਲ ਤੋਤਲੇ ਬੋਲ ਸਾਂਝੇ ਕਰ ਸਕਦਾਂ, ਮੇਰੇ ਮਿੱਤਰ ਵਰਗੇ ਜਿਨ੍ਹਾਂ ਨਾਲ ਗੁੱਝੇ ਭੇਤ ਸਾਂਝੇ ਕਰ ਸਕਦਾਂ ਜਾਂ ਰਹਿਬਰ ਵਰਗੇ ਜੋ ਮੇਰੀਆਂ ਰਮਜ਼ਾਂ ਨੂੰ ਜਾਣਦੇ।

ਕਈ ਵਾਰ ਤਾਂ ਪੜ੍ਹਦਿਆਂ ਲੱਗਦਾ ਹੈ ਜਿਵੇਂ ਇਹ ਸ਼ਬਦ ਕਿਸੇ ਖਾਸ ਰਿਦਮ ਵਿਚ ਗਾ ਰਹੇ ਹੋਣ। ਇਨ੍ਹਾਂ ਦੀ ਸੰਗੀਤਕ ਸੁਰ ਵਿਚ ਮੈਂ ਆਪਣੀ ਸੁੱਧ-ਬੁੱਧ ਗਵਾ ਬਹਿੰਦਾ ਹਾਂ। ਆਵੇਸ਼ੀ ਅਲਹਾਮ ਵਿਚ ਆਪਣੇ ਆਪ ਦੇ ਸਭ ਤੋਂ ਕਰੀਬ ਹੁੰਦਾ, ਆਪਣਾ ਹੀ ਹਬੀਬ ਹੁੰਦਾ, ਖ਼ੁਦ ਦਾ ਅਦੀਬ ਹੁੰਦਾ ਅਤੇ ਪਰ ਸਭ ਕੁਝ ਹੁੰਦਿਆਂ ਵੀ ਮੈਂ ਬਹੁਤ ਗ਼ਰੀਬ ਹੁੰਦਾ।

ਮੈਂ ਸਿਰਫ਼ ਪੜ੍ਹਦਾ ਨਹੀਂ ਸਗੋਂ ਲਿਖਤ ਵਿਚਲੇ ਹਉਕਿਆਂ ਵਿਚ ਹਉਕੇ ਬਣਦਾ, ਹਾਸਿਆਂ ਵਿਚ ਹੱਸਦਾ, ਸ਼ਬਦ ਰੋਣ ਲੱਗਦੇ ਤਾਂ ਰੋਣ ਲੱਗਦਾ, ਉਦਾਸ ਹੁੰਦੇ ਤਾਂ ਉਦਾਸ ਹੋ ਜਾਂਦਾ, ਖਾਮੋਸ਼ ਹੁੰਦੇ ਤਾਂ ਖਾਮੋਸ਼ ਅਤੇ ਪਰ ਹੱਲਾ-ਗੁੱਲਾ ਕਰਦੇ ਤਾਂ ਸ਼ੋਰ ਮਚਾਉਂਦਾ। ਦਰਅਸਲ ਮੈਂ ਵੀ ਸ਼ਬਦਾਂ ਦੀ ਸੰਗਤ ਵਿਚ ਸ਼ਬਦ-ਸੰਵਾਦ ਬਣ ਜਾਂਦਾ ਹਾਂ।

ਮੇਰੇ ਲਈ ਪੜ੍ਹਨਾ, ਆਪਣੇ ਕਰੀਬੀ ਨੂੰ ਮਿਲਣਾ ਹੈ। ਨਿੱਘੀ ਸੰਗਤ ਮਾਨਣਾ ਹੈ ਜਿਹੜੀ ਸੁਮੱਤਾਂ ਨਾਲ ਲਬਰੇਜ਼ ਹੁੰਦੀ। ਦਿਲਲੱਗੀਆਂ ਕਰਨ ਵਾਂਗ ਹੈ ਜਿਹੜੀ ਆਪਣੇ ਪਿਆਰੇ ਨਾਲ ਕੀਤੀਆਂ ਜਾ ਸਕਦੀਆਂ। ਸੱਚੀ ਗੱਲ ਤਾਂ ਇਹ ਹੈ ਕਿ ਪੜ੍ਹਦਿਆਂ ਮੈਂ ਖ਼ੁਦ ਨੂੰ ਮਿਲਦਾਂ, ਖ਼ੁਦ ਨਾਲ ਸੰਵਾਦ ਰਚਾਉਂਦਾ ਹਾਂ। ਆਪਣੇ ਅੰਤਰੀਵ ਨੂੰ ਪਛਾਣਦਾ ਹਾਂ ਅਤੇ ਆਪਣੀ ਅੰਦਰਲੀ ਮੈਲ ਨੂੰ ਧੋ, ਆਪਣੀ ਦਿੱਖ ਨੂੰ ਨਿਖਾਰਨ ਲਈ ਉਦਮ ਕਰਦਾ ਹਾਂ।

# ਸ਼ਾਹਰੁਖ ਖਾਨ ਦਾ 'ਜਵਾਨ' ਇਤਿਹਾਸ



ਅਦਾਕਾਰ ਸ਼ਾਹਰੁਖ ਖਾਨ ਦੀ ਫਿਲਮ 'ਜਵਾਨ' ਨੇ ਦੁਨੀਆ ਭਰ ਵਿਚ ਬਾਕਸ ਆਫਿਸ 'ਤੇ 1100 ਕਰੋੜ ਰੁਪਏ ਤੋਂ ਵੀ ਉਪਰ ਕਮਾਈ ਕੀਤੀ ਹੈ। ਪ੍ਰੋਡਕਸ਼ਨ ਹਾਊਸ ਰੈੱਡ ਚਿੱਲੀਜ਼ ਐਂਟਰਟੇਨਮੈਂਟ ਨੇ ਫਿਲਮ ਦੀ ਕਮਾਈ ਬਾਰੇ ਸੋਸ਼ਲ ਮੀਡੀਆ ਪਲੈਟਫਾਰਮ 'ਐਕਸ' ਉੱਤੇ ਇਹ ਜਾਣਕਾਰੀ ਸਾਂਝੀ ਕੀਤੀ ਸੀ।

ਫਿਲਮ ਦੀ ਕਮਾਈ ਬਾਰੇ ਦੱਸਿਆ ਗਿਆ ਹੈ ਕਿ 'ਜਵਾਨ' ਹਰ ਰੋਜ਼ ਬਾਕਸ ਆਫਿਸ 'ਤੇ ਨਵਾਂ ਰਿਕਾਰਡ ਬਣਾ ਰਹੀ ਹੈ। ਜ਼ਿਕਰਯੋਗ ਹੈ ਕਿ ਫਿਲਮਸਾਜ਼ ਐਟਲੀ ਵੱਲੋਂ ਨਿਰਦੇਸ਼ਤ ਇਹ ਫਿਲਮ ਦੁਨੀਆ ਭਰ 'ਚ 7 ਸਤੰਬਰ ਨੂੰ ਹਿੰਦੀ, ਤਾਮਿਲ ਅਤੇ ਤੇਲਗੂ ਭਾਸ਼ਾਵਾਂ ਵਿਚ ਰਿਲੀਜ਼ ਹੋਈ ਸੀ। ਹੁਣ ਫਿਲਮ ਨਿਰਮਾਤਾਵਾਂ ਨੇ ਇਕ ਬਿਆਨ ਰਾਹੀਂ ਆਖਿਆ ਕਿ 'ਜਵਾਨ' ਭਾਰਤੀ ਸਿਨੇਮਾ ਦੇ ਇਤਿਹਾਸ ਦੀ ਪਹਿਲੀ ਫਿਲਮ ਹੈ ਜਿਸ ਨੇ ਵਿਸ਼ਵ ਭਰ 'ਚ ਬਾਕਸ ਆਫ਼ਿਸ 'ਤੇ 1100 ਕਰੋੜ ਦੇ ਅੰਕੜੇ ਨੂੰ ਪਾਰ ਕੀਤਾ ਹੈ।

ਦੱਸਿਆ ਜਾ ਰਿਹਾ ਹੈ ਕਿ ਇਸ ਫਿਲਮ ਦਾ ਕੁੱਲ ਬਜਟ 300 ਕਰੋੜ ਰੁਪਏ ਦਾ ਹੈ। ਫਿਲਮ ਵਿਚ ਸ਼ਾਹਰੁਖ ਖਾਨ ਤੋਂ ਇਲਾਵਾ ਨਯਨਤਾਰਾ ਅਤੇ ਵਿਜੈ ਸੇਤੂਪਤੀ ਦੀਆਂ ਮੁੱਖ ਭੂਮਿਕਾਵਾਂ ਹਨ। ਫਿਲਮ ਵਿਚ ਉਘੀ ਅਦਾਕਾਰਾ ਦੀਪਿਕਾ ਪਾਦੂਕੋਣ ਦਾ ਵਿਸ਼ੇਸ਼ ਰੋਲ ਹੈ। ਇਹ ਫਿਲਮ ਪਹਿਲਾਂ 2 ਜੂਨ ਨੂੰ ਰਿਲੀਜ਼ ਕਰਨ ਬਾਰੇ ਐਲਾਨ ਹੋਇਆ ਸੀ ਪਰ ਪ੍ਰੋਡਕਸ਼ਨ ਕਾਰਜ ਵਿਚ ਕੁਝ ਦੇਰੀ ਹੋਣ ਕਾਰਨ ਫਿਲਮ ਰਿਲੀਜ਼ ਕਰਨ ਦੀ ਤਾਰੀਕ 7 ਸਤੰਬਰ ਮਿਥੀ ਗਈ। ਬੱਸ, ਉਸ ਦਿਨ ਤੋਂ ਹੀ ਇਹ ਫਿਲਮ ਬਾਕਸ ਆਫਿਸ 'ਤੇ ਧੁੰਮਾਂ ਪਾ ਰਹੀ ਹੈ।

# ਦੀਆ ਦੀ ਦਰਿਆ ਦਿਲੀ

ਅਦਾਕਾਰਾ ਅਤੇ ਬਿਊਟੀ ਕੁਈਨ ਦੀਆ ਮਿਰਜ਼ਾ ਨੇ ਖੁਲਾਸਾ ਕੀਤਾ ਕਿ ਕਿਵੇਂ ਚਾਲੀ ਸਾਲ ਦੀ ਉਮਰ ਵਿਚ ਉਸ ਦੇ ਆਉਣ ਵਾਲੇ ਪ੍ਰੋਜੈਕਟ ਨੇ ਉਸ ਨੂੰ ਮੋਟਰਸਾਈਕਲ ਚਲਾਉਣ ਅਤੇ ਇਸ ਨੂੰ ਸਿੱਖਣ ਦੇ ਡਰ ਨੂੰ ਭੁੱਲਣ ਲਈ ਪ੍ਰੇਰਿਆ। ਆਪਣੇ ਬਚਪਨ ਨੂੰ ਯਾਦ ਕਰਦਿਆਂ ਦੀਆ ਮਿਰਜ਼ਾ ਨੇ ਦੱਸਿਆ ਕਿ ਛੋਟੇ ਹੁੰਦਿਆਂ ਜਦੋਂ ਉਸ ਦੇ ਪਿਤਾ ਮੋਟਰਸਾਈਕਲ ਨੂੰ ਘੁੱਟ ਕੇ ਫੜ ਕੇ ਚਲਾਉਂਦੇ ਹੁੰਦੇ ਸਨ ਤਾਂ ਉਸ ਨੂੰ ਅਜਿਹਾ ਕਰਨਾ ਸੁਫ਼ਨਾ ਜਾਪਦਾ ਸੀ। ਨਤੀਜੇ ਵਜੋਂ ਡਰ ਕਾਰਨ ਉਹ ਮੋਟਰਸਾਈਕਲ ਚਲਾਉਣਾ ਨਾ ਸਿੱਖ ਸਕੀ। ਹੁਣ ਜਦੋਂ ਉਸ ਨੂੰ ਫਿਲਮ 'ਧਕ ਧਕ' ਦਾ ਹਿੱਸਾ ਬਣਨ ਦੀ ਪੇਸ਼ਕਸ਼ ਆਈ ਤਾਂ ਇਹ ਕੰਮ ਕਰਨਾ ਪੈਣਾ ਸੀ। ਹੁਣ ਉਸ ਕੋਲ ਕੋਈ ਬਹਾਨਾ ਨਹੀਂ ਸੀ।

ਉਸ ਨੇ ਕਿਹਾ ਕਿ ਮੈਂ 40 ਸਾਲ ਦੀ ਉਮਰ ਵਿਚ ਮੋਟਰਸਾਈਕਲ ਚਲਾਉਣਾ ਸਿੱਖ ਲਿਆ ਅਤੇ ਦਿੱਲੀ ਤੋਂ 'ਖਰਦੂੰਗ ਲਾ' ਤੱਕ ਦਾ ਸਫ਼ਰ ਕੀਤਾ। ਜ਼ਿਕਰਯੋਗ ਹੈ ਕਿ ਦੀਆ ਨੇ ਸੰਨ 2000 'ਚ 'ਫੈਮਿਨਾ ਮਿਸ ਇੰਡੀਆ ਏਸ਼ੀਆ ਪੈਸਿਫਿਕ 2000' ਦਾ ਤਾਜ ਜਿੱਤਣ ਮਗਰੋਂ 'ਮਿਸ ਏਸ਼ੀਆ ਪੈਸਿਫਿਕ ਇੰਟਰਨੈਸ਼ਨਲ' ਦਾ ਖਿਤਾਬ ਜਿੱਤਿਆ। ਉਸ ਨੇ ਫਿਲਮ 'ਰਹਿਨਾ ਹੈ ਤੇਰੇ ਦਿਲ ਮੇਂ" ਨਾਲ ਅਦਾਕਾਰੀ ਦੀ ਸ਼ੁਰੂਆਤ ਕੀਤੀ। ਅਦਾਕਾਰਾ ਨੂੰ ਬਾਅਦ ਵਿਚ 'ਦਸ', 'ਲਗੇ ਰਹੋ ਮੁੰਨਾ ਭਾਈ', 'ਹਨੀਮੂਨ ਟਰੈਵਲਜ਼ ਪ੍ਰਾਈਵੇਟ ਲਿਮਿਟਡ' ਅਤੇ 'ਸੰਜੂ' ਵਰਗੀਆਂ ਫਿਲਮਾਂ 'ਚ ਦੇਖਿਆ ਗਿਆ ਸੀ। ਉਸ ਨੇ 2019 ਵਿਚ ਵੈੱਬ ਸੀਰੀਜ਼ 'ਕਾਫਿਰ' ਵਿਚ ਵੀ ਅਦਾਕਾਰੀ ਕੀਤੀ।



ਫਿਲਮ 'ਧਕ ਧਕ' ਵਿਚ ਦੀਆ ਮਿਰਜ਼ਾ ਤੋਂ ਇਲਾਵਾ ਰਤਨਾ ਪਾਠਕ ਸ਼ਾਹ, ਫਾਤਿਮਾ ਸਨਾ ਸ਼ੇਖ ਅਤੇ ਸੰਜਨਾ ਸਾਂਘੀ ਵੀ ਅਹਿਮ ਕਿਰਦਾਰ ਨਿਭਾਅ ਰਹੀਆਂ ਹਨ। ਇਸ ਫਿਲਮ ਦਾ ਟ੍ਰੇਲਰ 9 ਅਕਤੂਬਰ ਨੂੰ ਰਿਲੀਜ਼ ਕੀਤਾ ਗਿਆ ਅਤੇ ਫਿਲਮ 13 ਅਕਤੂਬਰ ਨੂੰ ਰਿਲੀਜ਼ ਹੋ ਗਈ ਹੈ। ਇਹ ਫਿਲਮ ਉਘੀ ਅਦਾਕਾਰਾ ਤਾਪਸੀ ਪੰਨੂ ਨੇ ਬਣਾਈ ਹੈ। ਇਸ ਫਿਲਮ ਵਿਚ ਔਰਤ ਸ਼ਕਤੀ ਦੀ ਜੈ-ਜੈਕਾਰ ਹੈ। ਦੀਆ ਮਿਰਜ਼ਾ ਦਾ ਕਹਿਣਾ ਹੈ ਕਿ 21ਵੀਂ ਸਦੀ ਦੀ ਦੁਨੀਆ ਵਿਚ ਔਰਤ ਦਾ ਮੁਕਾਮ ਬਹੁਤ ਉਚਾ ਹੋ ਗਿਆ ਹੈ। ਇਹ ਹਰ ਖੇਤਰ ਵਿਚ ਮੱਲਾਂ ਮਾਰ ਰਹੀ ਹੈ ਅਤੇ ਇਸ ਨੂੰ ਬਣਦਾ ਮਾਣ-ਤਾਣ ਵੀ ਮਿਲ ਰਿਹਾ ਹੈ। ਇਹ ਫਿਲਮ ਤਰੁਣ ਡਡੇਜਾ ਨੇ ਨਿਰਦੇਸ਼ਤ ਕੀਤੀ ਹੈ। ਤਾਪਸੀ ਪੰਨੂ ਅਨੁਸਾਰ, ਉਸ ਨੇ ਇਹ ਫਿਲਮ ਇਸ ਕਰ ਕੇ ਬਣਾਈ ਤਾਂ ਕਿ ਔਰਤਾਂ ਅਤੇ ਕੁੜੀਆਂ ਨੂੰ ਇਕ ਵੱਖਰੀ ਤਰ੍ਹਾਂ ਦੀ ਪ੍ਰੇਰਨਾ ਦਿੱਤੀ ਜਾ ਸਕੇ। ਇਸ ਪ੍ਰੇਰਨਾ ਵਿਚ ਮੁਹੱਬਤ ਅਤੇ ਜੋਸ਼ ਦੀ ਜੁਗਲਬੰਦੀ ਹੋਵੇ।

# ਸਿਨੇਮੇ ਦਾ ਜਾਨੀ ਰਾਜ ਕੁਮਾਰ

**ਸੁਖਮਿੰਦਰ ਸਿੰਘ ਸੇਖੋਂ**

ਫਿਲਮ ਸਟਾਰ ਰਾਜ ਕੁਮਾਰ ਦਾ ਚਿਹਰਾ ਸਾਹਮਣੇ ਆਉਂਦਿਆਂ ਹੀ ਉਸ ਦੀ ਆਵਾਜ਼, ਅਦਾਕਾਰੀ, ਸ਼ੈਲੀ ਤੇ ਰਾਜ ਕੁਮਾਰਾਨਾ ਸਟਾਈਲ ਅੱਖਾਂ ਅੱਗੇ ਘੁੰਮਣ ਲੱਗਦਾ ਹੈ। ਉਸ ਦਾ ਜਨਮ 8 ਅਕਤੂਬਰ 1926 ਨੂੰ ਕਸ਼ਮੀਰੀ ਪੰਡਿਤ ਪਰਿਵਾਰ ਵਿਚ ਬਲੋਚਿਸਤਾਨ ਵਿਚ ਹੋਇਆ। ਪੜ੍ਹ ਲਿਖ ਕੇ ਉਹ ਵੱਡਾ ਹੋਇਆ ਤਾਂ ਉਸ ਨੂੰ ਪੁਲਿਸ ਮਹਿਕਮੇ ਵਿਚ ਸਬ ਇੰਸਪੈਕਟਰ ਦੀ ਨੌਕਰੀ ਮਿਲ ਗਈ ਅਤੇ ਫਿਰ ਉਸ ਦੀ ਪੋਸਟਿੰਗ ਬੰਬਈ ਦੀ ਹੋ ਗਈ। ਇੱਥੇ ਉਸ ਦੇ ਇੱਕ ਨੇੜਲੇ ਫਿਲਮੀ ਮਿੱਤਰ ਨੇ ਉਸ ਨੂੰ ਫਿਲਮਾਂ ਵਿਚ ਕੰਮ ਕਰਨ ਦੀ ਪੇਸ਼ਕਸ਼ ਕੀਤੀ ਪਰ ਉਸ ਨੇ ਸਾਫ਼ ਨਾਂਹ ਕਰ ਦਿੱਤੀ ਕਿ ਉਹ ਫਿਲਮਾਂ ਨਹੀਂ ਦੇਖਦਾ, ਫਿਲਮਾਂ ਵਿਚ ਅਦਾਕਾਰੀ ਤਾਂ ਦੂਰ ਦੀ ਗੱਲ ਹੈ। ਫਿਰ ਦੋਸਤ ਅਤੇ ਕੁਝ ਹੋਰਨਾਂ ਨੇੜਲਿਆਂ ਦੇ ਦਬਾਅ ਹੇਠ ਉਸ ਨੇ ਆਪਣੀ ਫੋਟੋ ਭੇਜ ਦਿੱਤੀ। ਨਿਰਮਾਤਾ ਨੂੰ ਉਸ ਦੀ ਤਸਵੀਰ ਪਸੰਦ ਆ ਗਈ ਤੇ ਉਸ ਨੇ ਰਾਜ ਕੁਮਾਰ ਨੂੰ ਫਿਲਮ 'ਰੰਗੀਲੀ' (1952) ਦਾ ਹੀਰੋ ਬਣਾ ਦਿੱਤਾ।

ਇਸ ਤਰ੍ਹਾਂ ਕੁਲਭੂਸ਼ਨ ਪੰਡਿਤ ਫਿਲਮਾਂ ਦਾ ਰਾਜ ਕੁਮਾਰ ਹੋ ਗਿਆ। ਉਸ ਦੇ ਫਿਲਮੀ ਸਫ਼ਰ ਦਾ ਆਗਾਜ਼ ਚੰਗਾ ਰਿਹਾ ਅਤੇ ਹੋਰ ਫਿਲਮਸਾਜ਼ਾਂ ਨੇ ਵੀ ਉਸ ਨੂੰ ਆਪਣੀਆਂ ਫਿਲਮਾਂ ਵਿਚ ਨਾਇਕ ਜਾਂ ਸਹਿ ਨਾਇਕ ਦੀਆਂ ਭੂਮਿਕਾਵਾਂ ਦੇਣੀਆਂ ਆਰੰਭ ਕਰ ਦਿੱਤੀਆਂ। ਬਲੈਕ ਐਂਡ ਵ੍ਹਾਈਟ ਫਿਲਮ 'ਉਜਾਲਾ' ਵਿਚ ਬੇਸ਼ੱਕ ਸ਼ੰਮੀ ਕਪੂਰ ਹੀਰੋ ਸੀ ਪਰ ਆਵਾਰਾ ਕਿਸਮ ਦੇ ਕਿਰਦਾਰ ਵਿਚ ਰਾਜ ਕੁਮਾਰ ਵੀ ਹਾਜ਼ਰ ਸੀ। ਗੀਤ ਬੇਸ਼ੱਕ ਸ਼ੰਮੀ ਦੇ ਹਿੱਸੇ ਆਏ ਪਰ ਤਾੜੀਆਂ ਰਾਜ ਕੁਮਾਰ ਦੇ ਡਾਇਲਾਗ ਅਤੇ ਅੰਦਾਜ਼ ਦੇ ਹਿੱਸੇ ਆਈਆਂ। ਫਿਲਮ 'ਮਦਰ ਇੰਡੀਆ' ਉਸ ਦੀ ਯਾਦਗਾਰੀ ਫਿਲਮ ਹੈ। ਇਸ ਫਿਲਮ ਵਿਚ ਉਹ ਨਰਗਿਸ ਦਾ ਪਤੀ ਬਣਿਆ। ਇੱਕ ਕਿਸਾਨ ਦੀ ਬੇਵਸੀ ਅਤੇ ਲਾਚਾਰੀ ਨੂੰ ਦਰਸਾਉਂਦੇ ਇਸ ਕਿਰਦਾਰ ਵਿਚ ਰਾਜ ਕੁਮਾਰ ਐਕਟਰ ਵਜੋਂ ਦਰਸ਼ਕਾਂ ਨੇ ਪ੍ਰਵਾਨ ਕੀਤਾ। 'ਨਵੀਂ ਰੌਸ਼ਨੀ' ਵਿਚ ਵੀ ਉਸ ਨੇ ਆਪਣੇ ਕਿਰਦਾਰ ਨੂੰ ਆਪਣੀ ਅਦਾਕਾਰੀ ਨਾਲ ਰੁਸ਼ਨਾ ਦਿੱਤਾ ਪਰ ਰਾਮ ਮਹੇਸ਼ਵਰੀ ਦੀ ਫਿਲਮ 'ਕਾਜਲ' ਵਿਚ ਬੇਸ਼ੱਕ ਧਰਮਿੰਦਰ ਹੀਰੋਇਨ ਪਦਮਨੀ ਨਾਲ ਰੁਮਾਂਟਿਕ ਹੀਰੋ ਸੀ ਪਰ ਰਾਜ ਕੁਮਾਰ ਨੇ ਮੀਨਾ ਕੁਮਾਰੀ ਦੇ ਪਤੀ ਦੀ ਭੂਮਿਕਾ ਨੂੰ ਬਾਖ਼ੂਬੀ ਨਿਭਾਇਆ। ਸਾਹਿਰ ਦੇ ਗੀਤਾਂ ਅਤੇ ਰਵੀ ਦੇ ਸੰਗੀਤ ਨਾਲ ਸਜੀ ਇਸ ਫਿਲਮ ਵਿਚ ਜਿੱਥੇ ਰਾਜ ਕੁਮਾਰ ਆਪਣੇ 'ਤੇ ਫਿਲਮਾਏ ਗੀਤਾਂ ਵਿਚ ਜਾਨ ਪਾਉਣ ਦਾ ਜ਼ਰੀਆ ਬਣਿਆ, ਉੱਥੇ ਆਪਣੀ ਨਿਰਾਲੀ ਅਦਾਕਾਰੀ ਦਾ ਲੋਹਾ ਵੀ ਸਹਿਜੇ ਹੀ ਮਨਵਾ ਗਿਆ। ਉਸ 'ਤੇ ਫਿਲਮਾਏ ਮੁਹੰਮਦ ਰਫੀ ਦੇ ਦੋ ਗੀਤ ਧਿਆਨ ਦੀ ਮੰਗ ਕਰਦੇ ਹਨ ਜਿਨ੍ਹਾਂ ਵਿਚ ਰਾਜ ਦੀਆਂ ਅਦਾਵਾਂ ਨੇ ਦਰਸ਼ਕ ਕੀਲ ਛੱਡੇ ਸਨ: 'ਯੇ ਜ਼ੁਲਫ ਅਗਰ ਬਿਖਰ ਜਾਏ ਤੋ ਅੱਛਾ' ਜਾਂ ਫਿਰ 'ਛੂ ਲੇਨੇ ਦੋ ਨਾਜ਼ੁਕ ਹੋਂਠੋ ਕੋ-ਕੁਛ ਔਰ ਨਹੀਂ ਜਾਮ ਹੈ ਯੇ'।



***ਰਾਜ ਕੁਮਾਰ ਦਾ ਆਗਾਜ਼ ਚੰਗਾ ਰਿਹਾ। ਬਲੈਕ ਐਂਡ ਵ੍ਹਾਈਟ ਫਿਲਮ 'ਉਜਾਲਾ' ਵਿਚ ਬੇਸ਼ੱਕ ਸ਼ੰਮੀ ਕਪੂਰ ਹੀਰੋ ਸੀ ਪਰ ਆਵਾਰਾ ਕਿਸਮ ਦੇ ਕਿਰਦਾਰ ਵਿਚ ਰਾਜ ਕੁਮਾਰ ਵੀ ਹਾਜ਼ਰ ਸੀ। ਗੀਤ ਬੇਸ਼ੱਕ ਸ਼ੰਮੀ ਦੇ ਹਿੱਸੇ ਆਏ ਪਰ ਤਾੜੀਆਂ ਰਾਜ ਕੁਮਾਰ ਦੇ ਡਾਇਲਾਗ ਅਤੇ ਅੰਦਾਜ਼ ਦੇ ਹਿੱਸੇ ਆਈਆਂ। ਫਿਲਮ 'ਮਦਰ ਇੰਡੀਆ' ਉਸ ਦੀ ਯਾਦਗਾਰੀ ਫਿਲਮ ਹੈ।***

ਇੱਕ ਹੋਰ ਫਿਲਮ 'ਮੇਰੇ ਹਜ਼ੂਰ' ਵਿਚ ਉਸ ਨਾਲ ਜਤਿੰਦਰ ਵੀ ਸੀ ਪਰ ਉਸ ਦਾ ਕਿਰਦਾਰ ਨਵਾਬੀ ਸ਼ਾਨ ਦਾ ਪ੍ਰਤੀਕ ਸੀ। ਫਿਲਮ ਦੀ ਨਾਇਕਾ ਜਦੋਂ ਆਪਣੇ ਪਤੀ (ਜਤਿੰਦਰ) ਦਾ ਵਾਸਤਾ ਪਾਉਂਦੀ ਹੈ ਤਾਂ ਰਾਜ ਕੁਮਾਰ ਗਰਦਨ 'ਤੇ ਹੱਥ ਫੇਰ ਕੇ ਨਵਾਬੀ ਅੰਦਾਜ਼ ਵਿਚ ਕਹਿੰਦਾ ਹੈ, "ਲਖਨਊ ਸ਼ਹਿਰ ਮੇਂ ਐਸੀ ਕੌਨ ਸੀ ਫਿਰਦੌਸ ਹੈ ਜਿਸੇ ਹਮ ਨਹੀਂ ਜਾਨਤੇ?" ਦਿਲੀਪ ਕੁਮਾਰ ਨਾਲ ਉਸ ਨੇ ਫਿਲਮ 'ਪੁਕਾਰ' ਕੀਤੀ ਜਿਸ ਵਿਚ ਰਾਜ ਕੁਮਾਰ ਨੂੰ ਦਿਲੀਪ ਕੁਮਾਰ 'ਤੇ ਭਾਰੂ ਹੋਣ ਦੀ ਚਰਚਾ ਰਹੀ। 'ਦਿਲ ਅਪਨਾ ਔਰ ਪ੍ਰੀਤ ਪਰਾਈ' ਵਿਚ ਉਸ ਨਾਲ ਮੀਨਾ ਕੁਮਾਰੀ ਅਤੇ ਰਾਜ ਕਪੂਰ ਸਨ। ਉਸ ਦੀਆਂ ਹੋਰ ਫਿਲਮਾਂ ਵਿਚ 'ਨੀਲ ਕਮਲ', 'ਮਰਯਾਦਾ', 'ਚੰਬਲ ਕੀ ਕਸਮ', 'ਜ਼ਿੰਦਗੀ', 'ਗੋਦਾਨ', 'ਵਾਸਨਾ', 'ਰਾਜ ਤਿਲਕ', 'ਕੁਦਰਤ', 'ਬੇਤਾਜ਼ ਬਾਦਸ਼ਾਹ', 'ਮਰਤੇ ਦਮ ਤਕ' ਵੀ ਆਪੋ-ਆਪਣੀ ਥਾਂ ਮਹੱਤਵ ਰੱਖਦੀਆਂ ਹਨ ਪਰ ਫਿਲਮ 'ਲਾਲ ਪੱਥਰ' ਵਿਚ ਉਸ ਦੀ ਅਦਾਕਾਰੀ ਦੇਖਣਯੋਗ ਸੀ। ਫਿਲਮ 'ਕਰਮਯੋਗੀ' ਅਤੇ 'ਦਿਲ ਕਾ ਰਾਜਾ' ਵਿਚ ਉਸ ਨੇ ਦੋਹਰੇ ਕਿਰਦਾਰ ਨਿਭਾ ਕੇ ਦਰਸ਼ਕਾਂ ਨੂੰ ਨਿਹਾਲ ਕਰ ਦਿੱਤਾ। ਮੁਨਸ਼ੀ ਪ੍ਰੇਮ ਚੰਦ ਦੇ ਨਾਵਲ 'ਤੇ ਆਧਾਰਿਤ 'ਗੋਦਾਨ' ਵਿਚ ਕਿਸਾਨ ਹੋਰੀ ਦੀ ਭੂਮਿਕਾ ਹਰ ਵਰਗ ਦੇ ਦਰਸ਼ਕ ਵੱਲੋਂ ਸਲਾਹੀ ਗਈ। ਉਸ ਦੀ ਫਿਲਮ 'ਵਾਸਨਾ' ਵੀ ਜ਼ਿਕਰਯੋਗ ਹੈ।

ਫਿਲਮ 'ਤਿਰੰਗਾ' ਵਿਚ ਬੇਸ਼ੱਕ ਉਸ ਨਾਲ ਉੱਘਾ ਅਦਾਕਾਰ ਨਾਨਾ ਪਾਟੇਕਟਰ ਵੀ ਕੋਈ ਘੱਟ ਨਹੀਂ ਰਿਹਾ ਪਰ ਦਰਸ਼ਕਾਂ ਨੇ ਉਸ ਦਾ ਵਧੇਰੇ ਤਾੜੀਆਂ ਨਾਲ ਸਵਾਗਤ ਕੀਤਾ। ਕਮਾਲ ਅਮਰੋਹੀ ਦੀ 'ਪਾਕੀਜ਼ਾ' (ਨਾਇਕਾ ਮੀਨਾ ਕੁਮਾਰੀ) ਨੂੰ ਭਲਾ ਕੋਈ ਕਿਵੇਂ ਭੁੱਲ ਸਕਦਾ ਹੈ। ਉਨ੍ਹਾਂ ਵੇਲਿਆਂ ਵਿਚ ਵੀ ਪੁਰਾਤਨ ਜਾਪਦੇ ਗੀਤਾਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ ਸੀ। ਰੇਲ ਗੱਡੀ ਦੇ ਸਫ਼ਰ ਵਿਚ ਰਾਜ ਕੁਮਾਰ ਜਦੋਂ ਮੀਨਾ ਕੁਮਾਰੀ ਦੇ ਸੁੱਤੀ ਪਈ ਦੇ ਗੋਰੇ ਪੈਰਾਂ ਨੂੰ ਨਿਹਾਰਦਾ ਹੈ ਤਾਂ ਇਸ ਹੱਦ ਤੱਕ ਕਾਇਲ ਹੋ ਜਾਂਦਾ ਹੈ ਕਿ ਦੋ ਸ਼ਬਦ ਲਿਖ ਕੇ ਹੀ ਉੱਥੋਂ ਰੁਖ਼ਸਤ ਹੁੰਦਾ ਹੈ, 'ਆਪਕੇ ਪਾਉਂ ਬਹੁਤ ਸੁੰਦਰ ਹੈਂ, ਇਨਹੇਂ ਜ਼ਮੀਨ ਪਰ ਮੱਤ ਉਤਾਰੀਏਗਾ- ਮੈਲੇ ਹੋ ਜਾਏਂਗੇ।' ਫਿਲਮਸਾਜ਼ ਬੀ.ਆਰ. ਚੋਪੜਾ ਦੀਆਂ ਫਿਲਮਾਂ 'ਹਮਰਾਜ਼' ਤੇ 'ਵਕਤ' ਵੀ ਯਾਦ ਆਉਂਦੀਆਂ ਹਨ ਜਿਨ੍ਹਾਂ ਵਿਚ ਬੇਸ਼ੱਕ ਹੋਰ ਵੀ ਕੁਸ਼ਲ ਐਕਟਰ ਮੌਜੂਦ ਸਨ ਪਰ ਰਾਜ ਕੁਮਾਰ ਦਾ ਅੰਦਾਜ਼ ਹੀ ਨਿਰਾਲਾ ਸੀ।

ਫਿਲਮ 'ਵਕਤ' ਦਾ ਇੱਕ ਡਾਇਲਾਗ ਤਾਂ ਬਹੁਤ ਹੀ ਮਸ਼ਹੂਰ ਹੋਇਆ: 'ਜਿਨ ਕੇ ਘਰ ਸ਼ੀਸ਼ੇ ਕੇ ਹੋਤੇ ਹੈਂ, ਵੋ ਦੂਸਰੋਂ ਪਰ ਪੱਥਰ ਨਹੀਂ ਫੇਂਕਾ ਕਰਤੇ'। ਪੁਰਾਣੀ ਕਾਲੀ ਚਿੱਟੀ ਫਿਲਮ 'ਪੁਕਾਰ' ਤੋਂ ਬਾਅਦ ਸ਼ੋਅ ਮੈਨ ਸੁਭਾਸ਼ ਘਈ ਨੇ ਫਿਲਮ 'ਸੌਦਾਗਰ' ਵਿਚ ਦਿਲੀਪ ਕੁਮਾਰ ਨਾਲ ਫੇਰ ਟੱਕਰ ਦਾ ਕਿਰਦਾਰ ਨਿਭਾਉਣ ਨੂੰ ਦਿੱਤਾ। ਦਿਲੀਪ ਦੇ ਬਰਾਬਰ ਹੀ ਰਾਜ ਕੁਮਾਰ ਆਪਣੇ ਪੂਰੇ ਦਮ-ਖ਼ਮ ਨਾਲ ਹਾਜ਼ਰ ਸੀ। ਦਰਸ਼ਕਾਂ ਨੇ ਦੋਹਾਂ ਦੀਆਂ ਭੂਮਿਕਾਵਾਂ ਅਤੇ ਅਦਾਕਾਰੀ ਨੂੰ ਆਪੋ-ਆਪਣੇ ਹਿਸਾਬ ਨਾਲ ਨੰਬਰ ਦਿੱਤੇ ਪਰ ਨਿਰਪੱਖਤਾ ਦੇ ਮੱਦੇਨਜ਼ਰ ਦੋਹਾਂ ਦੀ ਅਦਾਕਾਰੀ ਬਰਾਬਰ ਹੀ ਰਹੀ। ਬੇਸ਼ੱਕ ਸਾਡਾ ਇਹ ਰਾਜ ਕੁਮਾਰ ਕਿਸੇ ਫਿਲਮ ਵਿਚ ਹੀਰੋ ਰਿਹਾ ਜਾਂ ਸਾਈਡ ਹੀਰੋ ਜਾਂ ਖ਼ਲਨਾਇਕ, ਉਸ ਨੇ ਆਪਣੇ ਹਰ ਇੱਕ ਕਿਰਦਾਰ ਨੂੰ ਰਾਜ ਕੁਮਾਰ ਵਾਲੀ ਆਨ ਸ਼ਾਨ ਨਾਲ ਜੀਵਿਆ।

ਉਸ ਦੀ ਪਤਨੀ ਦਾ ਨਾਂ ਜੈਨਿਫਰ (ਗਾਇਤਰੀ) ਸੀ ਅਤੇ ਪੁਰੂ ਰਾਜ ਕੁਮਾਰ ਉਸ ਦਾ ਪੁੱਤਰ ਹੈ। ਉਸ ਦੀ ਧੀ ਨੇ ਵੀ ਫਿਲਮਾਂ ਵਿਚ ਕਿਸਮਤ ਅਜ਼ਮਾਈ ਪਰ ਕਾਮਯਾਬ ਨਾ ਹੋਈ। ਉਸ ਦੇ ਪੁੱਤਰ ਪੁਰੂ ਨੇ ਵੀ ਬਤੌਰ ਹੀਰੋ 'ਬਾਲ ਬ੍ਰਹਮਚਾਰੀ' ਤੇ ਦੋ-ਤਿੰਨ ਹੋਰ ਫਿਲਮਾਂ ਵਿਚ ਕੰਮ ਕੀਤਾ ਪਰ ਉਹ ਆਪਣੇ ਪਿਤਾ ਵਾਂਗ ਰਾਜ ਕੁਮਾਰ ਨਹੀਂ ਸੀ, ਕੇਵਲ ਪੁਰੂ ਹੀ ਸੀ। ਆਪਣੇ ਵੱਖਰੇ ਸਟਾਈਲ ਤੇ ਦਮਦਾਰ ਆਵਾਜ਼ ਵਿਚ ਡਾਇਲਾਗ ਉਚਾਰਨ ਵਾਲਾ ਇਹ ਸਟਾਰ ਐਕਟਰ ਅੰਤ ਡਾਇਲਾਗ ਕਹਿਣਾ ਤਾਂ ਦੂਰ ਬੋਲਣ ਲਈ ਵੀ ਲਾਚਾਰ ਸੀ ਕਿਉਂਕਿ ਉਸ ਨੂੰ ਗਲੇ ਦਾ ਕੈਂਸਰ ਹੋ ਗਿਆ ਤੇ ਉਹ ਇਸ ਨਾਮੁਰਾਦ ਬਿਮਾਰੀ ਨਾਲ ਜੂਝਦਾ ਅਖੀਰ 3 ਜੁਲਾਈ 1996 ਨੂੰ ਰੁਖ਼ਸਤ ਹੋ ਗਿਆ। ਬੇਸ਼ੱਕ ਉਸ ਦਾ ਵਿਛੋੜਾ ਦੁਖਦਾਈ ਰਿਹਾ ਪਰ ਆਪਣੇ ਫਿਲਮਾਂ ਵਿਚ ਨਿਭਾਏ ਕਿਰਦਾਰਾਂ ਤੇ ਸ਼ਾਨਦਾਰ ਤੇ ਜਾਨਦਾਰ ਅਦਾਕਾਰੀ ਕਰਕੇ ਇਉਂ ਜਾਪਦਾ ਹੈ ਜਿਵੇਂ ਉਹ ਅੱਜ ਵੀ ਜ਼ਿੰਦਾ ਹੋਵੇ ਅਤੇ ਦਰਸ਼ਕਾਂ ਨੂੰ ਮੁਖਾਤਿਬ ਹੋ ਰਿਹਾ ਹੋਵੇ, 'ਹਮਾਰੇ ਤੋ ਜੂਤੋਂ ਪਰ ਵੀ ਤਾਲੀਆਂ ਵਜਤੀ ਹੈਂ ਜਾਨੀ।'

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 36 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2023*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
REALTOR
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 728 City walk pl
   Unit 6 Hayward CA, 94544
2. 4294 Comet Cir
   Union city, CA , 94587
3. 7383 Sedgefield ave
   San Ramon, CA, 94583
4. 2793 San Minete Dr
   Livermore, CA, 94550
5. 4153 Settlers Ridge Way
   Roseville, CA, 95747
6. 2373 Tallahassee St
   Hayward, CA, 94545
7. 7045 Inclined Pl
   Dublin, CA, 94568
8. 48 Terra Vista Ave Apt D
   San Francisco CA, 94115
9. 2411 Bentley Lane
   Tracy CA 95376
10. 150 Yolo Ct
    San Bruno CA 94066
11. 5079 Brett Court
    CA, 94538
12. 1379 Michael Dr
    Tracy, CA, 95337
13. 3055 Bernard Ave
    San Ramon, CA, 94583
14. 380 cardona Cir
    Pleasanton CA 94583
15. 5788 Arlene way
    Livermore CA 94550
16. 2569 Bennett ct
    Tracy CA 95377

## Purchase Loan and Refinance

Call Sukhveer (Sukhi) Gill Ph: 510-207-9067
DHMS, Loan Broker

CA BRE Lic.#01180969
NMLS# 352095